*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group
# ਸਰੋਕਾਰਾਂ ਦੀ ਆਵਾਜ਼
Email: ppapmg@gmail.com | ਸਾਲ- 13, ਅੰਕ-11, ਨਵੰਬਰ 2023 | Website: www.ppapmg.com
HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਧਰਤੀ ਦਾ ਸਭ ਤੋਂ ਵੱਡਾ ਕਹਿਰ : ਮਨੁੱਖਤਾ ਦਾ ਘਾਣ

ਇਤਿਹਾਸ ਦੇ ਬਦਕਿਸਮ ਫਲਸਤੀਨੀ ਲੋਕ ਦਹਾਕਿਆਂ ਤੋਂ ਬੇਘਰਾਂ ਵਰਗੀ ਜ਼ਿੰਦਗੀ ਜਿਉਂ ਰਹੇ ਹਨ। ਜਿਨ੍ਹਾਂ ਨੂੰ ਆਪਣੀ ਧਰਤੀ ਉਪਰ ਹੀ ਵਾਰ ਵਾਰ ਹਮਲਿਆਂ ਨਾਲ ਸੰਘੇੜ ਦਿੱਤਾ ਗਿਆ ਹੈ। ਹੁਣ ਉਨ੍ਹਾਂ ਦੀ ਗਾਜ਼ਾ ਪੱਟੀ ਨੂੰ ਵੀ ਤਬਾਹ ਕਰਨ ਵੱਲ ਨੂੰ ਇਜ਼ਰਾਇਲੀ ਫੌਜਾਂ ਵਧ ਗਈਆਂ ਹਨ। ਬੇਸ਼ਰਮੀ ਨਾਲ ਇਜ਼ਰਾਇਲ ਦਾ ਰਾਸ਼ਟਰਪਤੀ ਕਹਿ ਰਿਹਾ ਹੈ ਕਿ ਅਸੀਂ ਇਸ ਧਰਤੀ ਦਾ ਖੁਰਾਖੋਜ਼ ਮਿਟਾ ਦਿਆਂਗੇ। ਇਹ ਤਰਾਸਦੀ ਸ਼ਾਇਦ 21ਵੀਂ ਸਦੀ ਸਭ ਤੋਂ ਵੱਡੀ ਹੋ ਨਿਬੜੇ ਜਦੋਂ ਕਿਸੇ ਸਮੁੱਚੇ ਮੁਲਕ ਨੂੰ ਤਬਾਹ ਕਰਨ ਦਾ ਬੀੜਾ ਉਹ ਚੁੱਕ ਲੈਣ ਜਿਨ੍ਹਾਂ ਦੀ ਧਰਤੀ ਉਹ ਆਪਣੀ ਨਹੀਂ ਸੀ। ਐਨਾ ਵੱਡਾ ਇਤਿਹਾਸਕ ਉਜਾੜੇ ਦਾ ਸਮਾਂ ਸ਼ਾਇਦ ਫਲਸਤੀਨੀਆਂ ’ਤੇ ਹੀ ਆਉਣਾ ਸੀ ਜਿਹੜੇ ਦੁਨੀਆ ਦੇ ਵੱਡੇ ਵੱਡੇ ਅਦਾਰਿਆਂ ’ਚ ਆਪਣੀ ਮਾਤ ਭੂਮੀ ਦੀ ਰੱਖਿਆ ਅਤੇ ਸਾਨੂੰ ਵੀ ਜਿਉਣ ਦਾ ਹੱਕ ਵੀ ਚਾਹੀਦਾ ਹੈ ਇਹ ਸਾਡੀ ਧਰਤੀ ਮਾਂ ਹੈ। ਅਵਾਜ਼ਾਂ ਉਠਾਉਣ ਦੀ ਸਮਰੱਥਾ ਵੀ ਗੁਆ ਰਹੇ ਹਾਂ। ਸੰਘਰਸ਼ ਕਰਦਿਆਂ ਅਤੇ ਵੱਖ ਵੱਖ ਪਲੇਟਫਾਰਮ ’ਤੇ ਆਪਣਾ ਪੱਖ ਰੱਖਦਿਆਂ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਲੜਦੀਆਂ, ਜਬਰ ਝੱਲਦੀਆਂ, ਤਬਾਹੀ ਨੂੰ ਹੰਢਾਉਂਦੀਆਂ ਬਰਬਾਦ ਹੋ ਗਈਆਂ। ਹੁਣ ਤਾਂ ਇੰਝ ਲੱਗਦਾ ਹੈ ਕਿ ਉਨ੍ਹਾਂ ’ਤੇ ਪਰਲੋ ਆ ਗਈ ਹੈ। ਐਨੀ ਵੱਡੀ ਜੰਗ ਸਾਨੂੰ ਬੇਚੈਨ ਅਤੇ ਪ੍ਰੇਸ਼ਾਨ ਕਿਉਂ ਨਹੀਂ ਕਰਦੇ ਜਦੋਂ ਸਾਡੀਆਂ ਅੱਖਾਂ ਦੇ ਸਾਹਮਣੇ ਐਨੀ ਵੱਡੀ ਤਬਾਹੀ ਵਾਪਰ ਰਹੀ ਹੋਵੇ। ਦਿਲ ਕੰਬਾਊ ਤਰਾਸਦੀਆਂ, ਬੇਇੰਤਹਾ ਉਜਾੜਾ ਅਤੇ ਬੱਚਿਆਂ ਦੇ ਚੀਕ ਚਿੰਗਾੜੇ ਸਾਡੀਆਂ ਅੱਖਾਂ ਵਿਚ ਗੁੱਸਾ ਕਿਉਂ ਨਹੀਂ ਲੈ ਕੇ ਆਉਂਦੇ। ਅਸੀਂ ਕਦੇ ਕਿਹਾ ਕਰਦੇ ਸੀ ਕਿ ਮੇਰਾ ਨਾਂ ਤੇਰਾ ਨਾਂ ਵੀਅਤਨਾਮ। ਹੁਣ ਅਸੀਂ ਮੇਰਾ ਨਾਂ ਤੇਰਾ ਨਾਂ ਫਲਸਤੀਨ ਕਿਉਂ ਨਹੀਂ ਕਹਿੰਦੇ। ਹਮਲਾਵਰਾਂ ਨੇ ਅਤੇ ਉਨ੍ਹਾਂ ਦੇ ਪਿਛੇ ਬੈਠੇ ਜੰਗਬਾਜ਼ਾਂ ਨੇ ਸਮੁੱਚੀ ਦੁਨੀਆ ਦੇ ਮੀਡੀਆ ਵਿਚ ਇਸ ਨੂੰ ਇਜ਼ਰਾਇਲ ਅਤੇ ਹਮਾਸ ਦੀ ਲੜਾਈ ਬਣਾ ਕੇ ਪੇਸ਼ ਕਰਨਾ ਸ਼ੁਰੂ ਕੀਤਾ ਹੈ। ਫਲਸਤੀਨ ਦਾ ਨਾਂ ਹੀ ਇਸ ਜੰਗ ਵਿਚੋਂ ਬਾਹਰ ਕੀਤਾ ਜਾ ਰਿਹਾ ਹੈ ਕਿਉਂਕਿ ਲੋਕਾਂ ਦੇ ਚੇਤਿਆਂ ਵਿਚੋਂ ਫਲਸਤੀਨ ਸ਼ਬਦ ਹੀ ਨਿਕਲ ਜਾਵੇ। ਕਿਸੇ ਕੌਮ, ਨਸਲ ਅਤੇ ਖਿੱਤੇ ਦੇ ਬਾਸ਼ਿੰਦਿਆਂ ਨਾਲ ਇੰਝ ਵਾਪਰਨਾ ਕਿ ਉਨ੍ਹਾਂ ਦੀ ਹੋਂਦ ਹੀ ਖਤਰੇ ਵਿਚ ਹੋ ਜਾਵੇ। ਇਹ ਸਾਨੂੰ ਬੇਚੈਨ ਅਤੇ ਸੋਚਣ ਅਤੇ ਸਾਡੀ ਰਾਤਾਂ ਦੀ ਨੀਂਦ ਉਡਾਉਣ ਦਾ ਕਾਰਨ ਕਿਉਂ ਨਹੀਂ ਬਣ ਰਿਹਾ ਕਿ ਅਸੀਂ ਇਹ ਫਲਸਤੀਨੀ ਬੱਚਿਆਂ ਦੀਆਂ ਆਵਾਜ਼ਾਂ, ਹੂਕਾਂ ਅਤੇ ਉਨ੍ਹਾਂ ਦੇ ਤੜਫ ਸਾਡੀ ਆਪਣੀ ਤੜਫ ਕਿਉਂ ਨਹੀਂ ਬਣਦੇ। ਇਹ ਸਵਾਲ ਜਵਾਬ ਮੰਗਦੇ ਨੇ। ਕਦੀ ਕੋਈ ਪੜ੍ਹੀ ਲਿਖੀ ਅੱਖ ਅਤੇ ਵਿਦਿਅਕ ਅਦਾਰੇ ਅਤੇ ਕਲਮਾਂ ਇਥੋਂ ਤੱਕ ਕਾਫ਼ਲੇ ਸੜਕਾਂ ਉਪਰ ਆਉਂਦੇ ਸੀ ਕਿ ਐਨਾ ਵੱਡਾ ਕਹਿਰ ਅਸੀਂ ਉਸ ਜੰਗ ਦੇ ਮੈਦਾਨ ਵਿਚ ਭਲਾ ਨਾ ਸਜਾ ਸਕੀ ਪਰ ਆਪੋ ਆਪਣੇ ਦੇਸ਼ ਦੀਆਂ ਹਕੂਮਤਾਂ ਸਾਹਮਣੇ ਇਹ ਆਵਾਜ਼ ਤਾਂ ਉਠਾ ਸਕਦੇ ਹਾਂ ਕਿ ਅਸੀਂ ਫਲਸਤੀਨੀ ਲੋਕਾਂ ਨਾਲ ਹਾਂ। ਇਜ਼ਰਾਇਲੀ ਫੌਜਾਂ ਫਲਸਤੀਨ ’ਚੋਂ ਬਾਹਰ ਕੱਢੋ ਅਤੇ ਜੰਗਬਾਜ਼ੋ ਇਤਿਹਾਸ ਨੂੰ ਮਲੀਆਮੇਟ ਕਰਨ ਤੋਂ ਰੁਕੋ। ਪਤਾ ਨਹੀਂ ਕਦੋਂ ਲੱਖਾਂ ਇਨ੍ਹਾਂ ਬੇਦੋਸ਼ੀਆਂ ਜਾਨਾਂ ਵਿਚਲੀਆਂ ਆਵਾਜ਼ਾਂ ਤੁਹਾਡੀਆਂ ਹਕੂਮਤਾਂ ਲਈ ਵੰਗਾਰ ਬਣਕੇ ਉਠਣਗੀਆਂ। ਇਸ ਵੇਲੇ ਦੁਨੀਆ ਦੀਆਂ ਵੱਡੀਆਂ ਤਾਕਤਾਂ ਭਲਾ ਸਿੱਧੀ ਜੰਗ ਨਹੀਂ ਕਰ ਰਹੀਆਂ ਪਰ ਵੱਖ ਵੱਖ ਕੋਨਿਆਂ ’ਤੇ ਕਦੇ ਯੂਕਰੇਨ ਵਿਚ, ਕਦੇ ਸੀਰੀਆ ਵਿਚ ਅਤੇ ਹੁਣ ਫਲਸਤੀਨ ਵਿਚ ਅਸਿੱਧੇ ਰੂਪ ਵਿਚ ਲੜ ਰਹੀਆਂ ਹਨ। ਪਹਿਲੇ ਸਮਿਆਂ ਨਾਲੋਂ ਇਸ ਵੇਲੇ ਹਥਿਆਰ ਅਤੇ ਜੰਗਬਾਜ਼ ਤਾਕਤਵਰ ਹਨ ਤਾਂ ਇਸ ਧਰਤੀ ਨੂੰ ਕਈ ਵਾਰੀ ਤਬਾਹ ਕਰਨ ਦੀ ਸਮਰੱਥਾ ਰੱਖਣ ਵਾਲੇ ਨਿਊਕਲੀਅਰ ਹਥਿਆਰ ਦੁਨੀਆ ਦੇ ਹਰੇਕ ਕੋਨੇ ਵਿਚ ਪਏ ਹਨ। ਇਸ ਕਰਕੇ ਜਮਹੂਰੀ ਅਤੇ ਚੇਤੰਨ ਲੋਕਾਂ ਦੀ ਡਿਊਟੀ ਬਣਦੀ ਹੈ ਕਿ ਉਹ ਇਸ ਜੰਗ ਦਾ ਵਿਰੋਧ ਕਰਨ ਦੇ ਨਾਲ ਨਾਲ ਹਥਿਆਰਾਂ ਦੇ ਖਿਲਾਫ਼ ਵੀ ਆਪੋ ਆਪਣੇ ਦੇਸ਼ਾਂ ਵਿਚ ਆਪਣੀਆਂ ਹਕੂਮਤਾਂ ਖਿਲਾਫ਼ ਆਵਾਜ਼ ਅਤੇ ਸੰਘਰਸ਼ ਕਰਨ ਦੇ ਰਾਹ ’ਤੇ ਪੈਣ।

– ਸੰਪਾਦਕੀ ਬੋਰਡ





“ਫ਼ਲਸਤੀਨ ਉੱਪਰ ਇਜ਼ਰਾਇਲ ਦਾ ਕਬਜ਼ਾ ਅਤੇ ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਇਕ ਜੁਰਮ ਹੈ। ਅਮਰੀਕਾ ਅਤੇ ਹੋਰ ਮੁਲਕ ਜੋ ਧਨ ਅਤੇ ਹਥਿਆਰਾਂ ਨਾਲ ਇਸ ਕਬਜ਼ੇ ਦੀ ਹਮਾਇਤ ਕਰਦੇ ਹਨ, ਉਸ ਜੁਰਮ ’ਚ ਭਾਈਵਾਲ ਹਨ। ਹੁਣ ਅਸੀਂ ਜੋ ਭਿਆਨਕਤਾ ਦੇਖ ਰਹੇ ਹਾਂ, ਉਹ ਉਸ ਜੁਰਮ ਦਾ ਨਤੀਜਾ ਹੈ। ਇਸ “ਯੁੱਧ” ਦੀ ਕਰੂਰਤਾ ਬਾਰੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ, ਕਿਸੇ ਵੀ ਧਿਰ ਵੱਲੋਂ ਕੀਤੀਆਂ ਗਈਆਂ ਜ਼ਿਆਦਤੀਆਂ ਦੀ ਕਿਸੇ ਵੀ ਮਾਤਰਾ ’ਚ ਨਿੰਦਾ, ਉਨ੍ਹਾਂ ਜ਼ੁਲਮਾਂ ਦੇ ਪੈਮਾਨੇ ਬਾਰੇ ਕਿਸੇ ਵੀ ਮਾਤਰਾ ’ਚ ਝੂਠੀ ਸਮਾਨਤਾ ਦਿਖਾਉਣ ਨਾਲ ਕੋਈ ਹੱਲ ਨਹੀਂ ਨਿੱਕਲੇਗਾ। ਇੱਕੋਇਕ ਹੱਲ ਸਿਰਫ਼ ਇਕ ਅੰਤਰਰਾਸ਼ਟਰੀ ਦਖ਼ਲ ਹੀ ਹੋ ਸਕਦਾ ਹੈ ਜੋ ਕਬਜ਼ੇ ਨੂੰ ਖ਼ਤਮ ਕਰਨ ਲਈ, ਰੰਗਭੇਦ ਦੀ ਇਸ ਵਿਵਸਥਾ ਨੂੰ ਖ਼ਤਮ ਕਰਨ ਲਈ ਗੱਲਬਾਤ ਦਾ ਸੱਦਾ ਦੇਵੇ। ਸਿਰਫ਼ ਇਹੀ ਇਜ਼ਰਾਇਲੀ ਨਾਗਰਿਕਾਂ ਦੇ ਭਿਆਨਕ ਕਤਲਾਂ ਅਤੇ ਫ਼ਲਸਤੀਨੀਆਂ ਦੇ ਕਤਲੇਆਮ ਦੇ ਗੇੜ ਨੂੰ ਠੱਲ ਪਾ ਸਕੇਗਾ।” - ਅਰੁੰਧਤੀ ਰਾਏ



















ALPHAONE
PHYSIOTHERAPY
CHIRO & MASSAGE
ਐਕਸੀਡੈਂਟ 'ਚ ਲੱਗੀਆਂ ਸੱਟਾਂ ਜਾਂ ਕਿਸੇ ਵੀ ਤਰ੍ਹਾਂ ਦੀਆਂ ਜੋੜਾਂ ਦੀਆਂ ਦਰਦਾਂ ਦਾ ਪੱਕਾ ਇਲਾਜ ਕਰਾਉਣ ਲਈ ਮਿਲੋ
ਦਰਦ ਦਾ ਪੱਕਾ ਦੁਸ਼ਮਣ
to book Call
403-768-3000
ਸਾਹਮਣੇ ਗੋਬਿੰਦ ਸਰਵਰ ਸਕੂਲ
108, 78 Saddlepeace Manor NE , Calgary | info@alphaphysio.ca


13 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।




| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|---|
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2023 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360


urban Real Estate Services Ltd.
Hardeep Dhaliwal
REALTOR
DIRECT : 403-629-6257
403-827-6257

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca


SECURELIFE INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।


Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary
Ph. : 403-701-4947

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194





SAVANNA Market Dental
Dr. Amerjot Kler | Dr. Kam Sahota | Dr. Aman Cheema
202/204 9036 St NE Calgary, Alberta T3J 2E3 403-590-4888
www.savannamarketdental.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed



Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਇਜ਼ਰਾਇਲੀ ਸਟੇਟ ਦਾ ਦਹਿਸ਼ਤਵਾਦ ਅਤੇ ਫ਼ਲਸਤੀਨ ਦਾ ਸਵਾਲ



ਬੂਟਾ ਸਿੰਘ
ਮਹਿਮੂਦਪੁਰ
94634-74342

*''ਫ਼ਲਸਤੀਨ ਉੱਪਰ ਇਜ਼ਰਾਇਲ ਦਾ ਕਬਜ਼ਾ ਅਤੇ ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਇਕ ਜੁਰਮ ਹੈ। ਅਮਰੀਕਾ ਅਤੇ ਹੋਰ ਮੁਲਕ ਜੋ ਧਨ ਅਤੇ ਹਥਿਆਰਾਂ ਨਾਲ ਇਸ ਕਬਜ਼ੇ ਦੀ ਹਮਾਇਤ ਕਰਦੇ ਹਨ, ਉਸ ਜੁਰਮ 'ਚ ਭਾਈਵਾਲ ਹਨ। ਹੁਣ ਅਸੀਂ ਜੋ ਭਿਆਨਕਤਾ ਦੇਖ ਰਹੇ ਹਾਂ, ਉਹ ਉਸ ਜੁਰਮ ਦਾ ਨਤੀਜਾ ਹੈ। ਇਸ ''ਯੁੱਧ'' ਦੀ ਕਰੂਰਤਾ ਬਾਰੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ, ਕਿਸੇ ਵੀ ਧਿਰ ਵੱਲੋਂ ਕੀਤੀਆਂ ਗਈਆਂ ਜ਼ਿਆਦਤੀਆਂ ਦੀ ਕਿਸੇ ਵੀ ਮਾਤਰਾ 'ਚ ਨਿੰਦਾ, ਉਨ੍ਹਾਂ ਜ਼ੁਲਮਾਂ ਦੇ ਪੈਮਾਨੇ ਬਾਰੇ ਕਿਸੇ ਵੀ ਮਾਤਰਾ 'ਚ ਝੂਠੀ ਸਮਾਨਤਾ ਦਿਖਾਉਣ ਨਾਲ ਕੋਈ ਹੱਲ ਨਹੀਂ ਨਿੱਕਲੇਗਾ। ਇੱਕੋਇਕ ਹੱਲ ਸਿਰਫ਼ ਇਕ ਅੰਤਰਰਾਸ਼ਟਰੀ ਦਖ਼ਲ ਹੀ ਹੋ ਸਕਦਾ ਹੈ ਜੋ ਕਬਜ਼ੇ ਨੂੰ ਖ਼ਤਮ ਕਰਨ ਲਈ, ਰੰਗਭੇਦ ਦੀ ਇਸ ਵਿਵਸਥਾ ਨੂੰ ਖ਼ਤਮ ਕਰਨ ਲਈ ਗੱਲਬਾਤ ਦਾ ਸੱਦਾ ਦੇਵੇ। ਸਿਰਫ਼ ਇਹੀ ਇਜ਼ਰਾਇਲੀ ਨਾਗਰਿਕਾਂ ਦੇ ਭਿਆਨਕ ਕਤਲਾਂ ਅਤੇ ਫ਼ਲਸਤੀਨੀਆਂ ਦੇ ਕਤਲੇਆਮ ਦੇ ਗੇੜ ਨੂੰ ਠੱਲ ਪਾ ਸਕੇਗਾ।'' - ਅਰੁੰਧਤੀ ਰਾਏ*



ਹਮਾਸ ਦੇ 7 ਅਕਤੂਬਰ ਦੇ ਹਮਲੇ ਨੂੰ ਬਹਾਨਾ ਬਣਾ ਕੇ ਇਜ਼ਰਾਇਲ ਦਾ ਫ਼ਲਸਤੀਨੀ ਲੋਕਾਂ ਵਿਰੁੱਧ ਧਾੜਵੀ ਯੁੱਧ ਪਹਿਲਾਂ ਨਾਲੋਂ ਵੀ ਜ਼ਿਆਦਾ ਕਰੂਰ ਅਤੇ ਵਹਿਸ਼ੀਆਨਾ ਹੋ ਗਿਆ ਹੈ। 'ਸਾਰੇ ਫ਼ਲਸਤੀਨੀ ਗਾਜ਼ਾ ਖਾਲੀ ਕਰ ਦਿਓ, ਨਹੀਂ ਮਰਨ ਲਈ ਤਿਆਰ ਰਹੋ' ਦੇ ਅਲਟੀਮੇਟਮ ਨੂੰ ਅੰਜਾਮ ਦੇਣ ਲਈ ਬੇਤਹਾਸ਼ਾ ਹਵਾਈ ਅਤੇ ਜ਼ਮੀਨੀਂ ਹਮਲੇ ਕੀਤੇ ਜਾ ਰਹੇ ਹਨ। ਇਜ਼ਰਾਇਲ ਨੂੰ ਜੰਗੀ ਸਾਜ਼ੋ-ਸਮਾਨ ਸਮੇਤ ਹਰ ਤਰ੍ਹਾਂ ਦੀ ਮੱਦਦ ਦੇਣ ਅਤੇ ਸੰਯੁਕਤ ਰਾਸ਼ਟਰ ਵਿਚ ਯੁੱਧਬੰਦੀ ਦੇ ਮਤਿਆਂ ਨੂੰ ਰੋਕਣ ਲਈ ਹਰ ਹਰਬਾ ਵਰਤਣ ਤੋਂ ਅੱਗੇ ਵਧਕੇ ਅਮਰੀਕਨ ਸਾਮਰਾਜੀ ਹਕੂਮਤ ਨੇ ਵੀ ਸੀਰੀਆ ਵਿਚ ਇਰਾਨ ਹਮਾਇਤੀ ਇਲਾਕਿਆਂ ਉੱਪਰ ਹਮਲੇ ਸ਼ੁਰੂ ਕਰ ਦਿੱਤੇ ਹਨ।

ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਅਗਵਾਈ ਹੇਠ ਇਜ਼ਰਾਇਲੀ ਸਟੇਟ ਫ਼ਲਸਤੀਨ ਦੀ ਧਰਤੀ ਉੱਪਰੋਂ ਫ਼ਲਸਤੀਨੀ ਵਸੋਂ ਦਾ ਸਫ਼ਾਇਆ ਕਰਨ 'ਤੇ ਤੁਲਿਆ ਹੋਇਆ ਹੈ। ਫ਼ਲਸਤੀਨੀਆਂ ਨੂੰ ਜਾਨੀ ਅਤੇ ਮਾਲੀ ਤੌਰ 'ਤੇ ਵੱਧ ਤੋਂ ਵੱਧ ਤਬਾਹ ਕਰਨ ਲਈ ਰਿਹਾਇਸ਼ੀ ਇਲਾਕਿਆਂ ਉੱਪਰ ਪੂਰੀ ਤਰ੍ਹਾਂ ਗਿਣ-ਮਿਥ ਕੇ ਹਮਲੇ ਕੀਤੇ ਜਾ ਰਹੇ ਹਨ। ਮਿਜ਼ਾਇਲਾਂ ਅਤੇ ਹੋਰ ਅਤਿਅੰਤ ਘਾਤਕ ਹਥਿਆਰਾਂ ਨਾਲ ਕੀਤੇ ਜਾਣ ਵਾਲੇ ਇਨ੍ਹਾਂ ਹਮਲਿਆਂ ਦੁਆਰਾ ਫ਼ਲਸਤੀਨੀਆਂ ਦੀ ਵੱਡੇ ਪੈਮਾਨੇ 'ਤੇ ਨਸਲਕੁਸ਼ੀ ਕੀਤੀ ਜਾ ਰਹੀ ਹੈ। ਪੂਰੇ ਦੇ ਪੂਰੇ ਰਿਹਾਇਸ਼ੀ ਇਲਾਕੇ ਤਬਾਹ ਕੀਤੇ ਜਾ ਰਹੇ ਹਨ। ਰਿਪੋਰਟਾਂ ਅਨੁਸਾਰ ਰੋਜ਼ਾਨਾ 1000 ਬੰਬ ਸੁੱਟੇ ਜਾ ਰਹੇ ਹਨ। 7 ਅਕਤੂਬਰ ਤੋਂ ਲੈ ਕੇ ਗਾਜ਼ਾ ਵਿਚ 8300 ਅਤੇ ਪੱਛਮੀ ਕੰਢੇ 'ਚ 100 ਤੋਂ ਉੱਪਰ ਫ਼ਲਸਤੀਨੀ ਮਾਰੇ ਜਾ ਚੁੱਕੇ ਹਨ। ਮਾਰੇ ਗਏ ਫ਼ਲਸਤੀਨੀਆਂ ਵਿਚ ਜ਼ਿਆਦਾਤਰ ਬੱਚੇ, ਔਰਤਾਂ ਅਤੇ ਬਜ਼ੁਰਗ ਹਨ। (1400 ਇਜ਼ਰਾਇਲੀਆਂ ਦੇ ਮਾਰੇ ਜਾਣ ਦਾ ਵੀ ਦਾਅਵਾ ਕੀਤਾ ਜਾ ਰਿਹਾ ਹੈ।) 24 ਅਕਤੂਬਰ ਨੂੰ ਇਕ ਦਿਨ 'ਚ ਹੀ 700 ਤੋਂ ਉੱਪਰ ਆਮ ਨਾਗਰਿਕ ਮਾਰ ਦਿੱਤੇ ਗਏ। ਪਿਛਲੇ ਦਿਨੀਂ ਸਮੂਹਿਕ ਕਬਰ ਵਿਚ ਦਫ਼ਨਾਈਆਂ 43 ਲਾਸ਼ਾਂ ਵਿਚ ਵੱਡੀ ਗਿਣਤੀ 'ਚ ਔਰਤਾਂ ਸਨ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਹਿੱਕ ਨਾਲ ਘੁੱਟਿਆ ਹੋਇਆ ਸੀ। ਹਮਾਸ ਦਾ ਲੱਕ ਤੋੜਨ ਦੇ ਬਹਾਨੇ ਆਮ ਨਾਗਰਿਕਾਂ ਦਾ ਕਤਲੇਆਮ ਐਨਾ ਵਿਆਪਕ ਅਤੇ ਬੇਤਹਾਸ਼ਾ ਹੈ ਕਿ ਫ਼ਲਸਤੀਨੀ ਬੱਚੇ ਆਪਣੀਆਂ ਲੱਤਾਂ-ਬਾਹਵਾਂ ਉੱਪਰ ਆਪਣੇ ਨਾਂ ਖੁਣਵਾ ਰਹੇ ਹਨ ਤਾਂ ਜੁ ਮਾਰੇ ਜਾਣ ਦੀ ਸੂਰਤ 'ਚ ਮਲਬੇ ਵਿਚ ਮਿਲਣ ਵਾਲੇ ਮਾਸ ਦੇ ਲੋਥੜਿਆਂ ਤੋਂ ਉਨ੍ਹਾਂ ਦੀ ਸ਼ਨਾਖ਼ਤ ਹੋ ਸਕੇ।

ਸ਼ਨਾਖ਼ਤ ਪਤਾ ਹੋਣ ਦੇ ਬਾਵਜੂਦ ਐਂਬੂਲੈਂਸਾਂ, ਪੱਤਰਕਾਰਾਂ, ਇੰਟਰਨੈੱਟ ਅਤੇ ਸੈਲੂਲਰ ਨੈੱਟਵਰਕ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਜੋ ਵਿਆਪਕ ਕਤਲੇਆਮ ਤੇ ਤਬਾਹੀ ਦੀ ਜਾਣਕਾਰੀ ਦੁਨੀਆ ਤੱਕ ਨਾ ਪਹੁੰਚੇ। 23 ਪੱਤਰਕਾਰ (19 ਫ਼ਲਸਤੀਨੀ, 3 ਇਜ਼ਰਾਇਲੀ ਅਤੇ 1 ਲਿਬਨਾਨੀ) ਵੀ ਆਪਣਾ ਫਰਜ਼ ਨਿਭਾਉਂਦਿਆਂ ਮਾਰੇ ਗਏ ਹਨ। ਸਕੂਲਾਂ, ਧਾਰਮਿਕ ਸਥਾਨਾਂ ਅਤੇ ਜ਼ਖ਼ਮੀਆਂ ਦਾ ਇਲਾਜ ਕਰ ਰਹੇ ਹਸਪਤਾਲਾਂ ਉੱਪਰ ਵੀ ਬੰਬਾਰੀ ਕੀਤੀ ਜਾ ਰਹੀ ਹੈ ਜਿੱਥੇ ਫ਼ਲਸਤੀਨੀ ਔਰਤਾਂ ਤੇ ਬੱਚੇ ਪਨਾਹ ਲੈਣ ਲਈ ਮਜਬੂਰ ਹਨ। ਹਸਪਤਾਲਾਂ ਨੂੰ ਯੁੱਧ ਦੇ ਨੇਮਾਂ ਅਨੁਸਾਰ ਅੰਧਾਧੁੰਦ ਜੰਗੀ ਹਮਲਿਆਂ ਤੋਂ ਮਹਿਫ਼ੂਜ਼ ਜਗ੍ਹਾ ਮੰਨਿਆ ਜਾਂਦਾ ਹੈ। ਥੋੜ੍ਹੇ ਦਿਨ ਪਹਿਲਾਂ ਇਜ਼ਰਾਇਲ ਨੇ ਅਲ-ਅਹਲੀ ਹਸਪਤਾਲ ਉੱਪਰ ਬੰਬਾਰੀ ਕਰਕੇ 500 ਤੋਂ ਵਧੇਰੇ ਫ਼ਲਸਤੀਨੀ ਕਤਲ ਕਰ ਦਿੱਤੇ ਅਤੇ ਪ੍ਰਚਾਰ ਇਹ ਵਿੱਢ ਦਿੱਤਾ ਕਿ ਇਹ ਮੌਤਾਂ ਤਾਂ ਹਮਾਸ ਦੇ ਫੇਲ੍ਹ ਰਾਕਟ ਨਾਲ ਹੋਈਆਂ ਹਨ। ਇਸ ਹਮਲੇ ਨੇ ਦੱਸ ਦਿੱਤਾ ਕਿ ਹਸਪਤਾਲ ਵੀ ਮਹਿਫ਼ੂਜ਼ ਨਹੀਂ ਕਿਉਂਕਿ ਅਮਰੀਕਾ, ਹੋਰ ਸਾਮਰਾਜੀ ਤਾਕਤਾਂ ਅਤੇ ਇਜ਼ਰਾਇਲ ਵਰਗੇ ਸਾਮਰਾਜ ਦੇ ਪਾਲਤੂ ਰਾਜਾਂ ਦੀ ਮੂਲ ਖ਼ਸਲਤ ਹੀ ਜੰਗਬਾਜ਼, ਧਾੜਵੀ ਅਤੇ ਦਹਿਸ਼ਤਵਾਦੀ ਹੈ।







ਹਿਊਮੈਨ ਰਾਈਟਸ ਵਾਚ ਨੇ ਖ਼ੁਲਾਸਾ ਕੀਤਾ ਹੈ ਕਿ ਇਜ਼ਰਾਇਲ ਵੱਲੋਂ ਗਾਜ਼ਾ ਅਤੇ ਲਿਬਨਾਨ ਉੱਪਰ ਕੀਤੇ ਗਏ ਹਮਲਿਆਂ 'ਚ ਅਤਿਅੰਤ ਜਲਣਸ਼ੀਲ ਪਦਾਰਥ ਚਿੱਟੇ ਫਾਸਫੋਰਸ ਦੇ ਗੋਲੇ ਵਰਤੇ ਗਏ ਹਨ। ਇਹ ਯੁੱਧ ਵਿਚ ਕੈਮੀਕਲ ਹਥਿਆਰਾਂ ਬਾਰੇ ਕਨਵੈਨਸ਼ਨ ਦੀ ਉਲੰਘਣਾ ਤਾਂ ਹੈ ਹੀ, ਇਸ ਤੋਂ ਅਮਰੀਕਾ-ਇਜ਼ਰਾਇਲ ਦੇ ਇਰਾਦੇ ਵੀ ਜ਼ਾਹਿਰ ਹੁੰਦੇ ਹਨ। ਇਹ ਸਪਸ਼ਟ ਤੌਰ 'ਤੇ ਜੰਗੀ ਜੁਰਮ ਹਨ ਜਿਨ੍ਹਾਂ ਉੱਪਰ ਸਾਮਰਾਜੀ ਜੰਗਬਾਜ਼ ਪੜਦਾ ਪਾ ਰਹੇ ਹਨ। ਇਜ਼ਰਾਇਲ ਆਪਣੇ ਸਾਮਰਾਜੀ ਬੌਸ ਅਮਰੀਕਾ ਦੇ ਨਕਸ਼ੇ-ਕਦਮਾਂ 'ਤੇ ਹੀ ਚੱਲ ਰਿਹਾ ਹੈ ਜਿਸ ਦੀ ਫ਼ੌਜ ਨੇ ਇਰਾਕ ਉੱਪਰ ਥੋਪੇ ਯੁੱਧ ਸਮੇਂ ਫਾਲੂਜਾ ਸ਼ਹਿਰ ਉੱਪਰ ਹਮਲੇ 'ਚ ਚਿੱਟੇ ਫਾਸਫੋਰਸ ਨੂੰ ਇਰਾਕੀਆਂ ਦੀ ਨਸਲਕੁਸ਼ੀ ਲਈ ਵਰਤਿਆ ਸੀ ਜਿੱਥੇ 50000 ਲੋਕਾਂ ਨੇ ਪਨਾਹ ਲਈ ਹੋਈ ਸੀ। ਮਨੁੱਖਤਾ ਵਿਰੁੱਧ ਉਸ ਬੱਜਰ ਜੁਰਮ ਦੀ ਦੋਸ਼ੀ ਅਮਰੀਕਨ ਫ਼ੌਜ ਨੂੰ ਸਜ਼ਾ ਦਾ ਸਾਹਮਣਾ ਨਹੀਂ ਕਰਨਾ ਪਿਆ, ਹੁਣ ਅਮਰੀਕਨ ਥਾਪੜੇ ਨਾਲ ਇਜ਼ਰਾਇਲ ਉਹੀ ਜੁਰਮ ਗਾਜ਼ਾ ਵਿਚ ਦੁਹਰਾ ਰਿਹਾ ਹੈ। ਅਮਰੀਕਾ ਅਤੇ ਪੱਛਮ ਦੀ ਸ਼ਹਿ ਨਾਲ ਹੰਕਾਰੀ ਇਜ਼ਰਾਇਲ ਹਕੂਮਤ ਨੇ ਤਾਂ ਸੰਯੁਕਤ ਰਾਸ਼ਟਰ ਦੇ ਕਿਸੇ ਵੀ ਨੁਮਾਇੰਦੇ ਨੂੰ ਵੀਜ਼ਾ ਨਾ ਦੇਣ ਅਤੇ ਸੰਯੁਕਤ ਰਾਸ਼ਟਰ ਨੂੰ ਸਬਕ ਸਿਖਾਉਣ ਦਾ ਐਲਾਨ ਕਰ ਦਿੱਤਾ ਹੈ ਕਿਉਂਕਿ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਬਿਆਨ ਦਿੱਤਾ ਸੀ ਕਿ ਨਿਰਦੋਸ਼ ਨਾਗਰਿਕਾਂ ਦੇ ਕਤਲਾਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਹਮਾਸ ਦੇ ਹਮਲੇ ਨੂੰ ਪਿਛਲੇ 56 ਸਾਲ ਤੋਂ ਫ਼ਲਸਤੀਨੀਆਂ ਦੀ ਆਵਾਜ਼ ਨੂੰ ਅਣਗੌਲਿਆ ਕਰਨ ਦੇ ਪ੍ਰਸੰਗ 'ਚ ਦੇਖਣਾ ਚਾਹੀਦਾ ਹੈ।

ਫ਼ਲਸਤੀਨੀਆਂ ਉੱਪਰ ਇਜ਼ਰਾਇਲੀ ਹਮਲੇ ਨਵੀਂ ਗੱਲ ਨਹੀਂ ਹਨ। ਇਜ਼ਰਾਇਲੀ ਹਕੂਮਤ ਹਮੇਸ਼ਾ ਐਸੇ ਬਹਾਨੇ ਦੀ ਭਾਲ 'ਚ ਰਹਿੰਦੀ ਹੈ ਜਿਸ ਨਾਲ ਫ਼ਲਸਤੀਨੀਆਂ ਦੇ ਕਤਲੇਆਮ ਨੂੰ ਹੋਰ ਜ਼ਿਆਦਾ ਖ਼ੂੰਖ਼ਾਰ ਅਤੇ ਵਹਿਸ਼ੀ ਬਣਾ ਕੇ ਹੋਰ ਨਵੇਂ ਫ਼ਲਸਤੀਨੀਂ ਇਲਾਕੇ ਹਥਿਆਏ ਜਾ ਸਕਣ। ਅਮਰੀਕਾ ਅਤੇ ਇਸ ਦੇ ਜੋਟੀਦਾਰਾਂ ਨੇ ਫ਼ਲਸਤੀਨੀਆਂ ਦੇ ਹੱਕੀ ਟਾਕਰੇ ਨੂੰ ਹਮੇਸ਼ਾ ਦਹਿਸ਼ਤਵਾਦ ਕਹਿ ਕੇ ਭੰਡਿਆ ਹੈ ਅਤੇ ਇਜ਼ਰਾਇਲੀ ਸਟੇਟ ਦੇ ਦਹਿਸ਼ਤਵਾਦ ਨੂੰ ਹਮੇਸ਼ਾ "ਇਜ਼ਰਾਇਲ ਨੂੰ ਆਪਣੀ ਰਾਖੀ ਕਰਨ ਦਾ ਹੱਕ ਹੈ" ਦੱਸ ਕੇ ਹਮਾਇਤ ਅਤੇ ਮੱਦਦ ਕੀਤੀ ਹੈ। ਅਮਰੀਕਾ ਅਤੇ ਪੱਛਮੀ ਸਾਮਰਾਜੀਆਂ ਅਨੁਸਾਰ ਰੂਸ ਵਿਰੁੱਧ ਲੜ ਰਹੇ ਯੂਕਰੇਨੀ ਤਾਂ "ਨਾਇਕ" ਹਨ ਪਰ ਇਜ਼ਰਾਇਲ ਤੋਂ ਆਪਣਾ ਵਤਨ ਵਾਪਸ ਲੈਣ ਲਈ ਲੜ ਰਹੇ ਫ਼ਲਸਤੀਨੀਂ ਗਰੁੱਪ ''ਦਹਿਸ਼ਤਵਾਦੀ'' ਹਨ। ਇਹੀ ਘਿਣਾਉਣਾ ਬਿਰਤਾਂਤ ਫ਼ਲਸਤੀਨੀਆਂ ਦੀ ਹਾਲੀਆ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਲਈ ਅਮਰੀਕਾ ਅਤੇ ਇਸ ਦੇ ਜੋਟੀਦਾਰ ਪਿਛਾਖੜੀਆਂ ਵੱਲੋਂ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਸਾਰਾ ਦੋਸ਼ ਹਮਾਸ ਸਿਰ ਮੜ੍ਹ ਕੇ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਇਜ਼ਰਾਇਲ ਤਾਂ ਲੋਕਤੰਤਰ ਦਾ ਰਖਵਾਲਾ ਹੈ ਜੋ ਹਮਾਸ ਦੇ ਦਹਿਸ਼ਤਵਾਦੀ ਹਮਲਿਆਂ ਤੋਂ ਸਵੈ-ਰਾਖੀ ਕਰ ਰਿਹਾ ਹੈ। ਇਜ਼ਰਾਇਲੀ ਸਟੇਟ ਦੀ ਫਾਸ਼ੀਵਾਦੀ ਖ਼ਸਲਤ ਨੂੰ ਲੁਕੋਣ ਅਤੇ ਆਪਣੇ ਵਤਨ ਦੀ ਰਾਖੀ ਲਈ ਲੜ ਰਹੇ ਫ਼ਲਸਤੀਨੀ ਲੋਕਾਂ ਬਾਰੇ ਇਸ ਤੋਂ ਵੱਡਾ ਝੂਠ ਹੋਰ ਕੁਝ ਨਹੀਂ ਹੋ ਸਕਦਾ।

ਦੁਨੀਆ ਸਚਾਈ ਜਾਣਦੀ ਹੈ ਕਿ ਇਹ ਬਿਰਤਾਂਤ ਕਿਵੇਂ ਝੂਠਾ ਹੈ ਅਤੇ ਫ਼ਲਸਤੀਨ ਦਾ ਟਾਕਰਾ ਕਿਵੇਂ ਜਾਇਜ਼ ਹੈ। ਇਹ ਵੀ ਕਿ ਇਜ਼ਰਾਇਲ ਤੇ ਅਮਰੀਕਾ ਦਾ ਮਕਸਦ ਗਾਜ਼ਾ ਦੀ ਵਸੋਂ ਨੂੰ ਦਹਿਸ਼ਤਜ਼ਦਾ ਕਰਕੇ ਉੱਥੋਂ ਉਜਾੜਨਾ ਅਤੇ ਉਸ ਇਲਾਕੇ ਨੂੰ ਪੂਰੀ ਤਰ੍ਹਾਂ ਇਜ਼ਰਾਇਲ ਵਿਚ ਮਿਲਾ ਦੇਣਾ ਹੈ। ਇਜ਼ਰਾਇਲ ਤਾਂ ਇਸ ਨੀਤੀ ਦਾ ਮੋਹਰਾ ਹੈ, ਫ਼ਲਸਤੀਨ ਨੂੰ ਰਸਤੇ 'ਚੋਂ ਹਟਾਉਣ ਦੀ ਲੰਮੀ ਸਮੇਂ ਤੋਂ ਨੀਤੀ ਪੱਛਮੀ ਸਾਮਰਾਜ, ਖ਼ਾਸ ਕਰਕੇ ਅਮਰੀਕਨ ਸਟੇਟ ਦੀ ਹੈ ਕਿਉਂਕਿ ਇਜ਼ਰਾਇਲ ਪੱਛਮੀ ਏਸ਼ੀਆ ਵਿਚ ਅਮਰੀਕਾ ਲਈ ਯੁੱਧਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਹੈ।

ਜਿਸ ਨੂੰ "ਹਮਾਸ ਦਾ ਦਹਿਸ਼ਤਵਾਦ" ਕਿਹਾ ਜਾ ਰਿਹਾ ਹੈ, ਉਸ ਨੂੰ ਫ਼ਲਸਤੀਨੀ ਅਵਾਮ ''ਜੇਲ੍ਹ ਤੋੜਨਾ'' ਸਮਝਦੇ ਹਨ। ਹਮਾਸਾ ਨੇ ਗਾਜ਼ਾ ਨੂੰ ਮੂਲ ਫ਼ਲਸਤੀਨ ਨਾਲ ਜੋੜਦੇ ਇੱਕੋਇਕ ਲਾਂਘੇ ਉੱਪਰਲੀ ਫ਼ੌਜੀ ਨਾਕਾਬੰਦੀ ਨੂੰ ਤਹਿਸ-ਨਹਿਸ ਕਰ ਦਿੱਤਾ ਅਤੇ ਇਜ਼ਰਾਇਲੀ ਘੇਰਾਬੰਦੀ ਦੀਆਂ ਚੂਲਾਂ ਹਿਲਾ ਦਿੱਤੀਆਂ। ਘੇਰਾਬੰਦੀ ਤੇ ਨਾਕਾਬੰਦੀ ਫ਼ਲਸਤੀਨੀਆਂ ਲਈ ਰੋਜ਼ਮਰਾ ਤਸੀਹਿਆਂ ਅਤੇ ਅਪਮਾਨ ਦਾ ਸੰਦ ਹੈ। (ਹਮਾਸ ਵੱਲੋਂ ਕਥਿਤ ਬੰਦੀ ਬਣਾਏ ਇਜ਼ਰਾਇਲੀ ਆਮ ਨਾਗਰਿਕਾਂ ਵਿੱਚੋਂ ਜਿਉਂਦੀ ਬਚ ਗਈ ਇਕ ਔਰਤ ਯਾਸਮੀਨ ਪੋਰਾਟ ਨੇ ਇਕ ਇਜ਼ਰਾਇਲੀ ਰੇਡੀਓ ਅਤੇ ਟੀ.ਵੀ. ਨਾਲ ਇੰਟਰਵਿਊ ਵਿਚ ਦੱਸਿਆ ਕਿ ਹਮਾਸ ਨੇ ਉਨ੍ਹਾਂ ਨੂੰ ਕਈ ਘੰਟੇ ਬੰਦੀ ਜ਼ਰੂਰ ਬਣਾ ਕੇ ਰੱਖਿਆ ਪਰ ਇਨਸਾਨੀ ਸਲੂਕ ਕੀਤਾ। ਉਸ ਮੁਤਾਬਿਕ ਇਜ਼ਰਾਇਲੀ ਨਾਗਰਿਕ ਤਾਂ "ਬਿਨਾਂਸ਼ੱਕ" ਇਜ਼ਰਾਇਲੀ ਤਾਕਤਾਂ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ 'ਚ ਮਾਰੇ ਗਏ। "ਉਨ੍ਹਾਂ (ਇਜ਼ਰਾਇਲੀ ਫ਼ੌਜੀ ਤਾਕਤਾਂ) ਨੇ ਬੰਧਕਾਂ ਸਮੇਤ ਸਾਰਿਆਂ ਦਾ ਸਫ਼ਾਇਆ ਕਰ ਦਿੱਤਾ।" "ਜੋ ਮੈਂ ਮੀਡੀਆ 'ਚ ਸੁਣਿਆ ਉਸ ਤਰ੍ਹਾਂ ਦਾ ਮੇਰੇ ਨਾਲ ਕੁਝ ਨਹੀਂ ਹੋਇਆ।") ਇਜ਼ਰਾਇਲ ਦੇ ਅੰਦਰੋਂ ਯਹੂਦੀਵਾਦ ਵਿਰੋਧੀ ਸਭ ਤੋਂ ਸ਼ਕਤੀਸ਼ਾਲੀ ਆਵਾਜ਼ ਇਲਾਨ ਪੇਪੇ ਦਾ ਕਹਿਣਾ ਹੈ ਕਿ ਹਮਾਸ ਇੱਕੋਇਕ ਫ਼ਲਸਤੀਨੀ ਰਾਜਨੀਤਕ ਗਰੁੱਪ ਹੈ ਜੋ ਪੱਛਮੀ ਕੰਢੇ ਦੇ ਇਲਾਕੇ 'ਚ ਧੱਕੇ ਨਾਲ ਵਸਾਏ ਇਜ਼ਰਾਇਲੀਆਂ ਵੱਲੋਂ ਫ਼ਲਸਤੀਨੀ ਜ਼ਿੰਦਗੀ ਅਤੇ ਖੇਤਰ ਉੱਪਰ ਬੇਰੋਕ-ਟੋਕ ਹਮਲਿਆਂ ਅਤੇ ਇਜ਼ਰਾਇਲੀ ਫ਼ੌਜ ਤੇ ਬਾਰਡਰ ਪੁਲਿਸ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਕਾਰਵਾਈ ਕਰਦਾ ਹੈ।

ਹਮਾਸ ਦੇ ਹਮਲੇ ਦੇ ਤਰੀਕੇ ਅਤੇ ਇਸ ਵਿਚ ਬੇਕਸੂਰ ਇਜ਼ਰਾਇਲੀ ਲੋਕਾਂ ਦੇ ਮਾਰੇ ਜਾਣ ਨਾਲ ਇਹ ਹਕੀਕਤ ਬਦਲ ਨਹੀਂ ਜਾਂਦੀ ਕਿ ਦਹਿਸ਼ਤਗਰਦ ਤਾਂ ਖ਼ੁਦ ਇਜ਼ਰਾਇਲੀ ਸਟੇਟ ਹੈ ਜਿਸ ਨੇ ਫ਼ਲਸਤੀਨ ਦੀ ਜ਼ਮੀਨ ਉੱਪਰ ਕਬਜ਼ਾ ਕਰਕੇ ਉਸ ਸਮੁੱਚੇ ਖੇਤਰ ਨੂੰ ਖੁੱਲ੍ਹੀ ਜੇਲ੍ਹ ਵਿਚ ਅਤੇ ਫ਼ਲਸਤੀਨੀ ਵਸੋਂ ਨੂੰ ਜੇਲ੍ਹ ਦੇ ਕੈਦੀਆਂ 'ਚ ਬਦਲਿਆ ਹੋਇਆ ਹੈ। ਫ਼ਲਸਤੀਨੀਆਂ ਨੂੰ ਇਜ਼ਰਾਇਲੀ ਫ਼ੌਜ "ਹੁਕਮ ਅਦੂਲੀ" ਲਈ ਉਸੇ ਤਰ੍ਹਾਂ ਸਜ਼ਾ ਦਿੰਦੀ ਹੈ ਜਿਵੇਂ ਜੇਲ੍ਹਰ ਜੇਲ੍ਹ ਦੇ ਕੈਦੀਆਂ ਨੂੰ ਹੁਕਮਅਦੂਲੀ ਦਾ ਸਬਕ ਸਿਖਾਉਂਦੇ ਹਨ। ਸਾਢੇ ਸੱਤ ਦਹਾਕੇ ਤੋਂ ਫ਼ਲਸਤੀਨ ਦੇ ਲੋਕ ਇਜ਼ਰਾਇਲੀ ਕਬਜ਼ੇ ਅਤੇ ਇਜ਼ਰਾਇਲੀ ਫ਼ੌਜ ਵੱਲੋਂ ਕੀਤੀ ਘੇਰਾਬੰਦੀ, ਨਾਕਾਬੰਦੀ, ਕਤਲੇਆਮ ਅਤੇ ਤਬਾਹੀ ਦਾ ਸੰਤਾਪ ਝੱਲ ਰਹੇ ਹਨ। ਇਹ ਨਸਲਕੁਸ਼ੀ ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਅਮਰੀਕਨ ਸਟੇਟ ਦੀ ਨਿਗਰਾਨੀ ਹੇਠ ਅਤੇ ਫ਼ੌਜੀ ਤੇ ਵਿਤੀ ਮੱਦਦ ਨਾਲ ਹੋ ਰਹੀ ਹੈ। ਹਮਾਸ ਦੀ ਇਜ਼ਰਾਇਲੀ ਨਾਗਰਿਕਾਂ ਨੂੰ ਮਾਰਨ ਦੀ ਕਥਿਤ ਕਾਰਵਾਈ ਨਾਲ ਇਜ਼ਰਾਇਲ ਦਾ ਫ਼ਲਸਤੀਨੀ ਸਰਜ਼ਮੀਨ ਉੱਪਰ ਨਜਾਇਜ਼ ਕਬਜ਼ਾ ਜਾਇਜ਼ ਨਹੀਂ ਬਣ ਜਾਂਦਾ। ਯਹੂਦੀਵਾਦ (ਜ਼ਿਓਨਵਾਦ) ਸਾਰੇ ਯਹੂਦੀਆਂ ਦੀ ਨੁਮਾਇੰਦਗੀ ਨਹੀਂ ਕਰਦਾ। ਹੋਰ ਮੁਲਕਾਂ 'ਚ ਅਤੇ ਖ਼ੁਦ ਇਜ਼ਰਾਇਲ ਦੇ ਅੰਦਰ ਬਹੁਤ ਸਾਰੇ ਯਹੂਦੀ ਹਨ ਜੋ ਇਜ਼ਰਾਇਲੀ ਸਟੇਟ ਦੀਆਂ ਕਾਰਵਾਈਆਂ ਨੂੰ "ਇਜ਼ਰਾਇਲੀ ਰੰਗਭੇਦ" ਕਰਾਰ ਦੇ ਕੇ ਇਸ ਦਾ ਵਿਰੋਧ ਕਰ ਰਹੇ ਹਨ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਜਦੋਂ ਅਜੇ ਹਮਾਸ ਨੇ ਅਜੋਕਾ ਹਮਲਾ ਨਹੀਂ ਸੀ ਕੀਤਾ, ਓਦੋਂ ਮਕਬੂਜ਼ਾ ਫ਼ਲਸਤੀਨੀਂ ਇਲਾਕਿਆਂ ਦੇ ਹਾਲਾਤ ਕੀ ਸਨ। ਮਿਸਾਲ ਵਜੋਂ, ਪੱਛਮੀ ਕੰਢੇ ਦੇ ਇਲਾਕੇ ਉੱਪਰ ਹਮਾਸ ਦਾ ਕੋਈ ਕੰਟਰੋਲ ਨਹੀਂ ਹੈ। ਉਸ ਇਲਾਕੇ ਉੱਪਰ ਕਬਜ਼ੇ ਦੇ ਸਮੇਂ ਤੋਂ ਲੈ ਕੇ 7000 ਫ਼ਲਸਤੀਨੀ ਮਾਰੇ ਗਏ। ਇਸ ਸਾਲ ਅਗਸਤ ਮਹੀਨੇ 'ਚ ਉੱਥੇ 37 ਫ਼ਲਸਤੀਨੀ ਬੱਚੇ ਮਾਰ ਦਿੱਤੇ ਗਏ। ਉੱਥੋਂ ਦੇ ਹਰ ਫ਼ਲਸਤੀਨੀ ਪਿੰਡ, ਕਸਬੇ ਅਤੇ ਸ਼ਹਿਰ ਦੇ ਹਰ ਰਸਤੇ ਉੱਪਰ ਇਜ਼ਰਾਇਲੀ ਧਾੜਵੀ ਫ਼ੌਜ ਦੀ ਨਾਕਾਬੰਦੀ ਅਤੇ ਕੰਟਰੋਲ ਹੈ। ਡਰੋਨਾਂ, ਜਨਤਕ ਕੈਮਰਿਆਂ, ਫ਼ੋਨ ਟੈਪਿੰਗ ਅਤੇ ਖ਼ੁਫ਼ੀਆ ਏਜੰਟਾਂ ਦੇ ਵਿਆਪਕ ਨੈੱਟਵਰਕ ਰਾਹੀਂ ਫ਼ਲਸਤੀਨੀ ਲੋਕਾਂ ਦੀ ਰੋਜ਼ਮਰਾ ਜ਼ਿੰਦਗੀ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਰਾਤਾਂ ਨੂੰ 'ਤਲਾਸ਼ੀਆਂ' ਦੇ ਬਹਾਨੇ ਘਰਾਂ 'ਚ ਵੜ ਕੇ ਤਸ਼ੱਦਦ, ਗ੍ਰਿਫ਼ਤਾਰੀਆਂ ਅਤੇ ਗੋਲੀਆਂ ਮਾਰ ਕੇ ਮਾਰ ਦੇਣਾ ਆਮ ਗੱਲ ਹੈ। ਫ਼ਲਸਤੀਨ ਦਾ ਮਹਿਮੂਦ ਅਬਾਸ ਗੁੱਟ ਇਕ ਬੇਅਸਰ ਅਥਾਰਟੀ ਹੈ। ਜੋ ਮੂਲ ਰੂਪ 'ਚ ਇਜ਼ਰਾਇਲੀ ਕਾਬਜ਼ ਫ਼ੌਜ ਦਾ ਸਹਾਇਕ ਹੈ। ਉਸ ਨੂੰ ਵੀ ਸਿਰਫ਼ ਪੱਛਮੀ ਕੰਢੇ ਦੇ 40ਫ਼ੀਸਦੀ ਖੇਤਰਾਂ 'ਚ ਗਸ਼ਤ ਕਰਨ ਦੀ ਇਜਾਜ਼ਤ ਹੈ, ਅਤੇ ਉੱਥੇ ਵੀ ਇਜ਼ਰਾਇਲੀ ਫ਼ੌਜ ਉਨ੍ਹਾਂ ਉੱਪਰ ਨਿਯਮਤ ਰੂਪ 'ਚ ਹੁਕਮ ਚਲਾਉਂਦੀ ਹੈ। 2021 'ਚ ਇਜ਼ਰਾਇਲੀ ਫ਼ੌਜ ਨੇ 1300 ਨਬਾਲਗ ਬੱਚਿਆਂ ਅਤੇ 184 ਔਰਤਾਂ ਸਮੇਤ 8000 ਫ਼ਲਸਤੀਨੀਆਂ ਨੂੰ ਗ੍ਰਿਫ਼ਤਾਰ ਕੀਤਾ। ਅਪ੍ਰੈਲ 2022 'ਚ ਇਜ਼ਰਾਇਲੀ ਜੇਲ੍ਹਾਂ 'ਚ 5000 ਦੇ ਕਰੀਬ ਫ਼ਲਸਤੀਨੀ ਰਾਜਨੀਤਕ ਕੈਦੀ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਸਨ। ਮੁਹੰਮਦ ਅਬਾਸ ਅਥਾਰਟੀ ਅਤੇ ਪੀ.ਐੱਲ.ਓ. ਤਾਂ ਆਮ ਫ਼ਲਸਤੀਨੀਆਂ ਦੀ ਗ੍ਰਿਫ਼ਤਾਰੀ ਅਤੇ ਰਾਜਨੀਤਕ ਕੈਦੀਆਂ ਦੀ ਰਿਹਾਈ ਦੇ ਆਮ ਮੁੱਦੇ ਨੂੰ ਮੁਖ਼ਾਤਬ ਹੋਣ ਦੀ ਹਾਲਤ 'ਚ ਵੀ ਨਹੀਂ ਹਨ। ਇਜ਼ਰਾਇਲ ਵੱਲੋਂ ਦਹਿ ਹਜ਼ਾਰਾਂ ਨਜਾਇਜ਼ ਕਬਜ਼ੇ ਕਰਕੇ ਫ਼ਲਸਤੀਨੀਆਂ ਦੀ ਜ਼ਮੀਨ ਹਥਿਆਈ ਗਈ ਹੈ ਅਤੇ ਉਨ੍ਹਾਂ ਨੂੰ ਮਾਰਿਆ ਜਾਂਦਾ ਰਿਹਾ ਹੈ। ਇਹੀ ਹਾਲਾਤ ਗਾਜ਼ਾ ਪੱਟੀ ਅਤੇ ਹੋਰ ਇਲਾਕਿਆਂ ਦੇ ਹਨ। ਇਜ਼ਰਾਇਲੀ ਮਨੁੱਖੀ ਅਧਿਕਾਰ ਗਰੁੱਪ ਬੀਟੀਸੀਲੀਮ (B'Tselem) ਅਨੁਸਾਰ ਇਜ਼ਰਾਇਲੀ ਫ਼ੌਜ ਸੰਨ 2000 ਤੋਂ ਲੈ ਕੇ ਗਾਜ਼ਾ ਵਿਚ ਪਹਿਲਾਂ ਹੀ 1741 ਬੱਚਿਆਂ ਅਤੇ 572 ਔਰਤਾਂ ਸਮੇਤ 7779 ਫ਼ਲਸਤੀਨੀਆਂ (ਕਬਜ਼ੇ ਹੇਠਲੇ ਸਾਰੇ ਫ਼ਲਸਤੀਨੀ ਇਲਾਕਿਆਂ 'ਚ 10436 ਫ਼ਲਸਤੀਨੀਆਂ) ਨੂੰ ਕਤਲ ਕਰ ਚੁੱਕੀ ਸੀ। ਇਹ ਸਿਰਫ਼ ਫ਼ੌਜ ਵੱਲੋਂ ਮਾਰੇ ਜਾਣ ਵਾਲਿਆਂ ਦੀ ਗਿਣਤੀ ਹੈ। ਇਸ ਵਿਚ ਨਾ ਪੀਣਯੋਗ ਪਾਣੀ ਕਾਰਨ ਅਤੇ ਲਾਇਲਾਜ ਮਰਨ ਵਾਲੇ ਗਾਜ਼ਾ ਦੇ ਬਾਸ਼ਿੰਦਿਆਂ ਦੀ ਗਿਣਤੀ ਸ਼ਾਮਿਲ ਨਹੀਂ ਹੈ। ਦੁਨੀਆ ਦਾ ਕੋਈ ਕਾਨੂੰਨ ਇਜ਼ਰਾਇਲੀ ਸਟੇਟ ਨੂੰ ਫ਼ਲਸਤੀਨ ਦਾ ਰਾਜ ਦਾ ਦਰਜਾ ਖੋਹਣ ਅਤੇ ਉਸ ਦੀਆਂ ਸਰਹੱਦਾਂ ਨੂੰ ਕੰਟਰੋਲ ਕਰਨ, ਫ਼ਲਸਤੀਨ ਦੀ ਜ਼ਮੀਨ ਦੁਆਲੇ ਸੁੱਰਖਿਆ ਦੀਵਾਰ ਉਸਾਰਨ, ਉਨ੍ਹਾਂ ਦੇ ਪਾਣੀ ਦੇ ਵਸੀਲਿਆਂ ਨੂੰ ਕਬਜ਼ੇ 'ਚ ਲੈਣ ਅਤੇ ਉਨ੍ਹਾਂ ਦੇ ਘਰਾਂ ਤੇ ਜੈਤੂਨ ਦੇ ਬਾਗ਼ਾਂ ਨੂੰ ਤਬਾਹ ਕਰਨ ਵਰਗੀਆਂ ਸਮੂਹਿਕ ਸਜ਼ਾਵਾਂ ਦੇਣ ਦਾ ਅਧਿਕਾਰ ਨਹੀਂ ਦਿੰਦਾ। ਪਰ ਅਮਰੀਕਾ ਦੀ ਅਗਵਾਈ ਹੇਠ ਪੱਛਮੀ ਸਾਮਰਾਜੀਆਂ ਦੀ ਸਰਪ੍ਰਸਤੀ ਅਤੇ ਸ਼ਹਿ ਇਜ਼ਰਾਇਲ ਦੇ ਦਹਿਸ਼ਤਵਾਦ ਨੂੰ ਲੋਕਤੰਤਰ ਵਜੋਂ ਪੇਸ਼ ਕਰਕੇ ਵਾਜਬੀਅਤ ਮੁਹੱਈਆ ਕਰਦੀ ਹੈ।

ਦੂਜੇ ਆਲਮੀ ਯੁੱਧ ਤੋਂ ਬਾਅਦ ਯਹੂਦੀ ਰਾਸ਼ਟਰਵਾਦੀਆਂ (ਜ਼ਾਇਨਵਾਦੀਆਂ) ਨੇ ਆਪਣੇ ਮਨਸੂਬੇ ਅਨੁਸਾਰ ਫ਼ਲਸਤੀਨ ਦੀ ਧਰਤੀ ਉੱਪਰ ਯਹੂਦੀ ਦੇਸ਼ ਬਣਾਉਣ ਲਈ ਦਹਿਸ਼ਤਵਾਦ ਅਤੇ ਕਤਲੇਆਮ ਵਿੱਢ ਦਿੱਤਾ ਸੀ ਜੋ ਹੁਣ ਤੱਕ ਜਾਰੀ ਹੈ। 1947 'ਚ ਸਾਮਰਾਜੀਆਂ ਨੇ ਆਪਣੇ ਸੌੜੇ ਹਿਤਾਂ ਲਈ ਸੰਯੁਕਤ ਰਾਸ਼ਟਰ ਵਿਚ ਇਜ਼ਰਾਇਲ ਬਣਾਏ ਜਾਣ ਦਾ ਮਤਾ ਪਾਸ ਕਰਵਾ ਕੇ ਯਹੂਦੀਵਾਦੀਆਂ ਦਾ ਸੁਪਨਾ ਸਾਕਾਰ ਕਰ ਦਿੱਤਾ। ਅਮਰੀਕਾ ਅਤੇ ਬਰਤਾਨੀਆ ਦੇ ਦਬਾਅ ਹੇਠ ਸੰਯੁਕਤ ਰਾਸ਼ਟਰ ਵੱਲੋਂ ਫ਼ਲਸਤੀਨ ਨੂੰ 1917 ਦੇ ਬਲਫੋਰ ਐਲਾਨਨਾਮੇ (ਟੂ-ਸਟੇਟ ਸਾਲਿਊਸ਼ਨ) ਅਨੁਸਾਰ ਵੰਡ ਕੇ 55ਫ਼ੀਸਦੀ ਇਲਾਕਾ ਇਜ਼ਰਾਇਲ ਨੂੰ ਦੇ ਦਿੱਤਾ ਗਿਆ ਅਤੇ ਉੱਥੋਂ ਦੇ ਮੂਲ ਬਾਸ਼ਿੰਦਿਆਂ ਕੋਲ ਸਿਰਫ਼ 45ਫ਼ੀ ਸਦੀ ਇਲਾਕਾ ਰਹਿ ਗਿਆ। ਪੱਛਮੀ ਏਸ਼ੀਆ ਵਿਚ ਸਭ ਤੋਂ ਪਹਿਲਾ ਦਹਿਸ਼ਤਵਾਦੀ ਗਰੁੱਪ ਯਹੂਦੀਵਾਦੀ ਇਰਗੁਨ ਗੈਂਗ ਸੀ ਜਿਸ ਨੇ 22 ਜੁਲਾਈ 1946 ਨੂੰ ਯੇਰੂਸਲਮ ਦੇ ਕਿੰਗ ਡੇਵਿਡ ਹੋਟਲ ਨੂੰ ਬੰਬਾਂ ਨਾਲ ਉਡਾ ਕੇ 91 ਆਮ ਲੋਕਾਂ ਨੂੰ ਮਾਰਿਆ ਸੀ। ਪਰ ਪੱਛਮੀ ਸਾਮਰਾਜੀਆਂ ਨੇ ਫ਼ਲਸਤੀਨੀਂ ਲੋਕਾਂ ਨੂੰ ਆਪਣੇ ਹੀ ਵਤਨ 'ਚ ਨਜਾਇਜ਼ ਕਾਬਜ਼, ਮੁਜਰਿਮ ਅਤੇ ਦਹਿਸ਼ਤਗਰਦ ਬਣਾ ਕੇ ਪੇਸ਼ ਕੀਤਾ। 1948 ਦੇ ਯੁੱਧ 'ਚ ਇਜ਼ਰਾਇਲ ਨੇ ਹੋਰ ਜ਼ਮੀਨ ਹਥਿਆ ਲਈ। ਯਹੂਦੀਵਾਦੀ ਦਹਿਸ਼ਤਵਾਦ ਕਾਰਨ ਲੱਖਾਂ ਫ਼ਲਸਤੀਨੀ ਪ੍ਰਵਾਸ ਕਰਕੇ ਜਾਰਡਨ ਨਦੀ ਦੇ ਪੱਛਮੀ ਕੰਢੇ ਵਾਲੇ ਹਿੱਸੇ ਅਤੇ ਗਾਜ਼ਾ ਪੱਟੀ 'ਚ ਜਾਣ ਲਈ ਮਜਬੂਰ ਹੋ ਗਏ। 1967 ਦੀ ਜੰਗ ਤੱਕ ਇਜ਼ਰਾਇਲ ਨੇ ਫ਼ਲਸਤੀਨ ਦਾ 78ਫ਼ੀ ਸਦੀ ਇਲਾਕਾ ਹਥਿਆ ਲਿਆ ਅਤੇ ਪੂਰਬੀ ਯੇਰੂਸਲਮ 'ਤੇ ਕਬਜ਼ਾ ਕਰਕੇ ਇਕਪਾਸੜ ਤੌਰ 'ਤੇ ਸੰਯੁਕਤ ਯੇਰੂਸਲਮ ਨੂੰ ਆਪਣੀ ਰਾਜਧਾਨੀ ਐਲਾਨ ਦਿੱਤਾ। ਸੁੱਰਖਿਆ ਕੌਂਸਲ ਦੇ ਮਤਾ ਨੰ. 478 ਨੇ ਵੀ ਇਸ ਦੀ ਨਿਖੇਧੀ ਕਰਦਿਆਂ ਇਸ ਨੂੰ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਿਹਾ। ਪਰ ਅਮਰੀਕਨ ਕਾਂਗਰਸ ਨੇ ਇਸ ਧੱਕੇਸ਼ਾਹੀ ਨੂੰ ਮਾਨਤਾ ਦਿੱਤੀ। 2003 'ਚ ਅਮਰੀਕਾ ਅਤੇ ਬਰਤਾਨੀਆ ਨੇ ਇਰਾਕ ਉੱਪਰ ਇਸ ਬਹਾਨੇ ਹਮਲਾ ਕੀਤਾ ਸੀ ਕਿ ਸੱਦਾਮ ਹੁਸੈਨ ਹਕੂਮਤ ਨੇ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਉਲੰਘਣਾ ਕੀਤੀ ਹੈ। ਦੂਜੇ ਪਾਸੇ, ਇਜ਼ਰਾਇਲ ਨੇ ਸੰਯੁਕਤ ਰਾਸ਼ਟਰ ਦੇ 1948 ਦੀ ਨਜਾਇਜ਼ ਵੰਡ ਸਮੇਂ ਤੈਅ ਕੀਤੀਆਂ ਸਰਹੱਦਾਂ ਦੀ ਪਾਲਣਾ ਕਰਨ ਦੇ ਮਤੇ ਦੀ ਕੋਈ ਪ੍ਰਵਾਹ ਨਹੀਂ ਕੀਤੀ। ਪਰ ਇਹ ਸਾਮਰਾਜੀ ਤਾਕਤਾਂ ਇਜ਼ਰਾਇਲੀ ਹਕੂਮਤ ਵੱਲੋਂ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਉਲੰਘਣਾ ਬਾਰੇ ਸਿਰਫ਼ ਚੁੱਪ ਹੀ ਨਹੀਂ ਸਗੋਂ ਪੱਛਮੀ ਸਾਮਰਾਜ ਤਾਂ ਸਰੇਆਮ ਇਜ਼ਰਾਇਲ ਨਾਲ ਜੋਟੀ ਪਾ ਕੇ ਇਜ਼ਰਾਇਲੀ ਦਹਿਸ਼ਤਵਾਦ ਨੂੰ ਪੂਰੀ ਸ਼ਹਿ ਅਤੇ ਮੱਦਦ ਦੇ ਰਿਹਾ ਹੈ। ਓਦੋਂ ਤੋਂ ਹੀ ਫ਼ਲਸਤੀਨੀਂ ਅਵਾਮ ਇਸ ਬੇਮੇਚੇ ਯੁੱਧ ਵਿਚ ਬਹੁਤ ਬਹਾਦਰੀ ਅਤੇ ਸਿਰੜ ਨਾਲ ਆਪਣੀ ਲੜਾਈ ਲੜਦੇ ਆ ਰਹੇ ਹਨ।

1993 ਦੇ ਓਸਲੋ ਸਮਝੌਤੇ ਨਾਲ ਹਾਲਾਤ ਬਦਲ ਗਏ। ਯਾਸਰ ਅਰਾਫ਼ਾਤ ਦੀ ਅਗਵਾਈ ਹੇਠ ਖੱਬੇਪੱਖੀ ਗੁਰੀਲਾ ਜਥੇਬੰਦੀ ਪੀ.ਐੱਲ.ਓ. ਨੇ ਹਥਿਆਰਬੰਦ ਸੰਘਰਸ਼ ਰਾਹੀਂ ਫ਼ਲਸਤੀਨ ਦੀ ਮੁਕਤੀ ਦਾ ਕਾਜ ਤਿਆਗ ਕੇ ਇਜ਼ਰਾਇਲ ਨੂੰ ਰਸਮੀਂ ਮਾਨਤਾ ਦੇ ਦਿੱਤੀ ਜਦਕਿ ਇਸਲਾਮਿਕ ਮੂਲਵਾਦੀ ਤਾਕਤ ਹਮਾਸ ਜਿਸ ਨੂੰ ਪੀ.ਐੱਲ.ਓ. ਵਿਰੁੱਧ ਖ਼ੁਦ ਇਜ਼ਰਾਇਲ ਅਤੇ ਪੱਛਮੀ ਸਾਮਰਾਜੀਆਂ ਨੇ ਸ਼ਹਿ ਦੇ ਕੇ ਉਭਾਰਿਆ, ਇਜ਼ਰਾਈਲ ਨੂੰ ਮਾਨਤਾ ਦੇਣ ਅਤੇ ਹਥਿਆਰ ਸੁੱਟਣ ਲਈ ਸਹਿਮਤ ਨਹੀਂ ਹੋਈ। ਇਸ ਤਰ੍ਹਾਂ ਹਮਾਸ ਦੁਸ਼ਮਣ ਵਜੋਂ ਨਿਸ਼ਾਨੇ 'ਤੇ ਆ ਗਈ। 2007 'ਚ ਚੋਣਾਂ ਰਾਹੀਂ ਹਮਾਸ ਦੇ ਗਾਜ਼ਾ ਉੱਪਰ ਕਾਬਜ਼ ਹੋਣ ਨਾਲ ਪੱਛਮ ਅਤੇ ਮਹਿਮੂਦ ਅਬਾਸ ਵਾਲੇ 'ਫਤਾਹ' ਹੁਕਮਰਾਨ ਗੁੱਟ ਦੋਹਾਂ ਨੂੰ ਫ਼ਿਕਰ ਪੈ ਗਿਆ। ਇਜ਼ਰਾਇਲ ਨੇ ਸਮਝੌਤੇ ਤੋਂ ਆਕੀ ਫ਼ਲਸਤੀਨੀਆਂ ਦਾ ਲੱਕ ਤੋੜਣ ਲਈ ਘੇਰਾਬੰਦੀ ਦਾ ਸ਼ਿਕੰਜਾ ਕੱਸ ਦਿੱਤਾ ਅਤੇ ਗਾਜ਼ਾ (20 ਲੱਖ ਤੋਂ ਉੱਪਰ ਵਸੋਂ) ਨੂੰ ਖੁੱਲ੍ਹੀ ਜੇਲ੍ਹ 'ਚ ਬਦਲ ਦਿੱਤਾ। ਇਨ੍ਹਾਂ ਹਾਲਾਤ 'ਚ ਹਮਾਸ ਫ਼ਲਸਤੀਨੀਂ ਟਾਕਰੇ ਦੀ ਆਗੂ ਜਥੇਬੰਦੀ ਬਣਕੇ ਉੱਭਰੀ ਅਤੇ ਇਹੀ ਧਾਰਮਿਕ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਇਸ ਨੂੰ ਫ਼ਲਸਤੀਨੀਂ ਲੋਕਾਂ ਵੱਲੋਂ ਲਗਾਤਾਰ ਹਮਾਇਤ ਮਿਲਣ ਦੀ ਵੱਡੀ ਵਜ੍ਹਾ ਹੈ।

ਇਜ਼ਰਾਇਲ ਨਸਲਕੁਸ਼ੀ ਅਤੇ ਤਬਾਹੀ ਰਾਹੀਂ ਫ਼ਲਸਤੀਨੀ ਲੋਕਾਂ ਦਾ ਉਨ੍ਹਾਂ ਦੀ ਸਰਜ਼ਮੀਨ ਉੱਪਰੋਂ ਮੁਕੰਮਲ ਰੂਪ 'ਚ ਸਫ਼ਾਇਆ ਕਰਕੇ ਸਮੁੱਚਾ ਫ਼ਲਸਤੀਨ ਹੜੱਪਣਾ ਚਾਹੁੰਦਾ ਹੈ। ਇਹ ਸੁਪਨਾ ਸਾਕਾਰ ਕਰਨ ਲਈ ਇਜ਼ਰਾਇਲੀ ਹੁਕਮਰਾਨ ਅਮਰੀਕਾ ਅਤੇ ਹੋਰ ਜੋਟੀਦਾਰ ਸਾਮਰਾਜੀ ਤਾਕਤਾਂ ਦੀ ਸਰਪ੍ਰਸਤੀ ਅਤੇ ਮੱਦਦ ਨਾਲ ਫ਼ਲਸਤੀਨੀਆਂ ਦਾ ਕਤਲੇਆਮ ਕਰ ਰਹੇ ਹਨ। ਫ਼ਲਸਤੀਨੀਆਂ ਦੇ ਕਤਲੇਆਮ 'ਚ ਅਮਰੀਕਾ ਦੀ ਵੱਡੀ ਭੂਮਿਕਾ ਹੈ। ਗਾਜ਼ਾ ਉੱਪਰ ਹਵਾਈ ਹਮਲੇ ਵਾਸ਼ਿੰਗਟਨ ਤੋਂ ਮੰਗਵਾਏ ਜੰਗੀ ਜਹਾਜ਼ਾਂ ਅਤੇ ਅਮਰੀਕਨ ਨਾਗਰਿਕਾਂ ਦੇ ਟੈਕਸਾਂ ਦੇ ਧਨ ਵਰਤਕੇ ਕੀਤੇ ਜਾ ਰਹੇ ਹਨ। 1946 ਅਤੇ 2023 ਦਰਮਿਆਨ ਅਮਰੀਕਾ ਨੇ ਇਜ਼ਰਾਇਲ ਦੀਆਂ ਡਿਫੈਂਸ ਤਾਕਤਾਂ ਲਈ 263 ਅਰਬ ਡਾਲਰ ਦਿੱਤੇ ਹਨ। ਹਮਾਸ ਦੇ ਹਾਲੀਆ ਹਮਲੇ ਤੋਂ ਬਾਅਦ ਜੋਏ ਬਾਇਡਨ ਦਾ ਇਜ਼ਰਾਇਲ ਦਾ ਵਿਸ਼ੇਸ਼ ਦੌਰਾ ਮੱਧ ਪੂਰਬ ਵਿਚ ਆਪਣੇ ਸਭ ਤੋਂ ਕਰੀਬੀ ਯੁੱਧਨੀਤਕ ਜੋਟੀਦਾਰ ਇਜ਼ਰਾਇਲੀ ਸਟੇਟ ਦੀ ਪਿੱਠ ਥਾਪੜਣ ਅਤੇ ਇਹ ਯਕੀਨੀਂ ਬਣਾਉਣ ਲਈ ਸੀ ਕਿ ਅਰਬ ਮੁਲਕ ਇਜ਼ਰਾਇਲ ਦਾ ਵਿਰੋਧ ਨਾ ਕਰਨ।

ਮੌਜੂਦਾ ਰਾਸ਼ਟਰਪਤੀ ਜੋਏ ਬਾਇਡਨ ਨੇ ਹਮਾਸ ਨੂੰ "ਬਦੀ" ਕਰਾਰ ਦੇਣ ਅਤੇ ਆਪਣੇ ਪਾਲਤੂ ਇਜ਼ਰਾਇਲੀ ਸਟੇਟ ਲਈ ਹੋਰ ਫ਼ੌਜੀ ਮੱਦਦ ਭੇਜਣ 'ਚ ਦੇਰ ਨਹੀਂ ਕੀਤੀ। ਪੂਰਬੀ ਭੂਮੱਧ ਸਾਗਰ ਵਿਚ ਆਪਣੇ ਦੋ ਸਭ ਤੋਂ ਆਧੁਨਿਕ ਸਮੁੰਦਰੀ ਫ਼ੌਜੀ ਜਹਾਜ਼, ਹੋਰ ਸਮੁੰਦਰੀ ਜਹਾਜ਼ ਅਤੇ ਮਿਜ਼ਾਇਲ ਹਮਲੇ ਤੋਂ ਸੁਰੱਖਿਅਤ ਪੰਜ ਆਧੁਨਿਕ ਸਮੁੰਦਰੀ ਬੇੜੇ ਤੁਰੰਤ ਭੇਜ ਦਿੱਤੇ ਗਏ। ਬਾਇਡਨ ਨੇ ਆਪਣੇ ਬਿਆਨ ਵਿਚ ਹਮਾਸ ਵਿਰੁੱਧ ਇਜ਼ਰਾਇਲ ਦੇ ਯੁੱਧ ਦੀ ਤੁਲਨਾ ਰੂਸ ਵਿਰੁੱਧ ਯੂਕਰੇਨ ਦੇ ਯੁੱਧ ਨਾਲ ਕੀਤੀ ਹੈ। ਇਜ਼ਰਾਇਲੀ ਦਹਿਸ਼ਤਵਾਦੀ ਸਟੇਟ ਨੂੰ ਲੋਕਤੰਤਰ ਦੱਸਣ ਤੋਂ ਬਾਇਡਨ ਸਰਕਾਰ ਦੀ ਬਦਨੀਅਤ ਸਪਸ਼ਟ ਹੈ। ਪੁਤਿਨ ਹਕੂਮਤ ਵੱਲੋਂ ਯੂਕਰੇਨ ਦੀ ਘੇਰਾਬੰਦੀ ਕਰਕੇ ਆਮ ਨਾਗਰਿਕਾਂ ਦੀ ਪਾਣੀ ਬਿਜਲੀ, ਹੀਟਿੰਗ ਵਿਵਸਥਾ ਉੱਪਰ ਹਮਲਿਆਂ ਨੂੰ ਯੂਰਪੀ ਯੂਨੀਅਨ ਕਮਿਸ਼ਨ ਨੇ "ਨਿਰੋਲ ਦਹਿਸ਼ਤ" ਅਤੇ "ਜੰਗੀ ਜੁਰਮ" ਕਿਹਾ ਸੀ। ਪਰ ਇਜ਼ਰਾਇਲ ਸਟੇਟ ਦੇ ਜੰਗੀ ਜੁਰਮਾਂ ਦੀ ਇਹੀ ਪੱਛਮੀ ਸਾਮਰਾਜੀ ਹਕੂਮਤਾਂ ਪੁਸ਼ਤਪਨਾਹੀ ਕਰ ਰਹੀਆਂ ਹਨ। ਦੁਨੀਆ ਦੇ 193 ਮੁਲਕਾਂ ਵਿੱਚੋਂ 120 ਮੁਲਕਾਂ ਨੇ ਸੰਯੁਕਤ ਰਾਸ਼ਟਰ ਵਿਚ ਜੰਗਬੰਦੀ ਦੇ ਹੱਕ 'ਚ ਅਤੇ ਅਮਰੀਕਾ ਸਮੇਤ 14 ਮੁਲਕਾਂ ਨੇ ਯੁੱਧ ਜਾਰੀ ਰੱਖਣ ਲਈ ਵੋਟ ਪਾਈ। ਭਾਰਤ ਸਮੇਤ 60 ਮੁਲਕਾਂ ਦੇ ਨੁਮਾਇੰਦਿਆਂ ਨੇ ਵੋਟਿੰਗ ਸਮੇਂ ਗ਼ੈਰਹਾਜ਼ਰ ਰਹਿ ਕੇ ਜੰਗਬਾਜ਼ ਦੇ ਹੱਕ 'ਚ ਭੁਗਤਣ ਦੀ ਚਲਾਕੀ ਕੀਤੀ ਹੈ। ਦੁਨੀਆ ਦਾ ਆਪੇ ਬਣਿਆ ਥਾਣੇਦਾਰ ਅਮਰੀਕਨ ਸਾਮਰਾਜ ਅਤੇ ਉਸ ਦੇ ਜੰਗਬਾਜ਼ ਜੋਟੀਦਾਰ ਆਲਮੀ ਲੋਕ-ਰਾਇ ਨੂੰ ਟਿੱਚ ਜਾਣ ਕੇ ਯੁੱਧ ਜਾਰੀ ਰੱਖਣ ਲਈ ਬਜ਼ਿੱਦ ਹਨ।


ਵੱਖ-ਵੱਖ ਮੁਲਕਾਂ ਦੇ ਇਨਸਾਫ਼ਪਸੰਦ ਅਤੇ ਅਮਨ-ਪ੍ਰੇਮੀ ਲੋਕ ਇਜ਼ਰਾਇਲ ਵੱਲੋਂ ਫ਼ਲਸਤੀਨੀ ਕੌਮ ਵਿਰੁੱਧ ਵਿੱਢੇ ਨਹੱਕੇ ਹਮਲੇ ਦਾ ਹਜ਼ਾਰਾਂ ਦੀ ਗਿਣਤੀ 'ਚ ਸੜਕਾਂ 'ਤੇ ਆ ਕੇ ਵਿਰੋਧ ਕਰ ਰਹੇ ਹਨ। ਇਸ ਇਕਮੁੱਠਤਾ ਨੂੰ ਦਬਾਉਣ ਲਈ ਲੋਕਤੰਤਰ ਦੇ ਆਪੇ ਬਣੇ ਚੈਂਪੀਅਨ ਸਾਮਰਾਜੀ ਰਾਜ ਆਲੋਚਕ ਆਵਾਜ਼ਾਂ ਨੂੰ ਕੁਚਲ ਰਹੇ ਹਨ। ਅਮਰੀਕਾ 'ਚ ਮੁਸਲਮਾਨ ਬ੍ਰਾਡਕਾਸਟਰਾਂ ਨੂੰ ਕੱਢੇ ਜਾਣ ਦੀ ਖ਼ਬਰ ਹੈ। ਬਰਤਾਨੀਆ ਦੇ ਹੋਮ ਸੈਕਟਰੀ ਨੇ ਪੁਲਿਸ ਨੂੰ ਆਦੇਸ਼ ਦਿੱਤਾ ਹੈ ਕਿ ਫ਼ਲਸਤੀਨੀਂ ਝੰਡਾ ਚੁੱਕਣ ਨੂੰ ਜੁਰਮ ਮੰਨਿਆ ਜਾਵੇ। ਉੱਥੋਂ ਫ਼ਲਸਤੀਨ ਦੀ ਹਮਾਇਤ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਫਰਾਂਸ, ਜਰਮਨੀ ਅਤੇ ਹੰਗਰੀ ਦੀਆਂ ਸਰਕਾਰਾਂ ਨੇ ਫ਼ਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਦੀ ਮਨਾਹੀ ਕਰ ਦਿੱਤੀ ਹੈ। ਨਿਰਪੱਖਤਾ ਦਾ ਢੌਂਗ ਰਚਣ ਵਾਲੀ ਕੈਨੇਡਾ ਹਕੂਮਤ ਵੀ ਇਜ਼ਰਾਇਲ ਦਾ ਸਾਥ ਦੇ ਰਹੀ ਹੈ। ਭਾਰਤ ਸ਼ੁਰੂ ਤੋਂ ਹੀ ਫ਼ਲਸਤੀਨੀ ਲੋਕਾਂ ਦੇ ਜਾਇਜ਼ ਸੰਘਰਸ਼ ਦੀ ਹਮਾਇਤ ਕਰਦਾ ਆ ਰਿਹਾ ਹੈ। ਇਨਸਾਫ਼ਪਸੰਦ ਭਾਰਤੀ ਲੋਕ ਹੁਣ ਵੀ ਇਜ਼ਰਾਇਲ ਵੱਲੋਂ ਫ਼ਲਸਤੀਨ ਨਾਲ ਧੱਕੇਸ਼ਾਹੀ ਦਾ ਵਿਰੋਧ ਕਰ ਰਹੇ ਹਨ ਅਤੇ ਮਜ਼ਲੂਮ ਫ਼ਲਸਤੀਨੀਆਂ ਨਾਲ ਇਕਮੁੱਠਤਾ ਜ਼ਾਹਿਰ ਕਰ ਰਹੇ ਹਨ। ਪਰ ਆਰ.ਐੱਸ.ਐੱਸ-ਭਾਜਪਾ ਹਕੂਮਤ ਪੂਰੀ ਬੇਸ਼ਰਮੀ ਨਾਲ ਇਜ਼ਰਾਇਲ ਦੀ ਹਮਾਇਤ ਕਰ ਰਹੀ ਹੈ। ਜਿਵੇਂ ਦੁਨੀਆ ਦੇ ਹੋਰ ਕਈ ਮੁਲਕਾਂ ਵਿਚ ਇਜ਼ਰਾਇਲ ਪੱਖੀ ਹਕੂਮਤਾਂ ਫ਼ਲਸਤੀਨ ਪੱਖੀ ਆਵਾਜ਼ਾਂ ਨੂੰ ਦਬਾ ਰਹੀਆਂ ਹਨ ਉਸੇ ਤਰ੍ਹਾਂ ਭਾਜਪਾ ਸਰਕਾਰਾਂ ਵੱਲੋਂ ਇਜ਼ਰਾਇਲ ਦੇ ਦਹਿਸ਼ਤਵਾਦੀ ਹਮਲਿਆਂ ਦੀ ਨਿਖੇਧੀ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਗ੍ਰਿਫ਼ਤਾਰੀਆਂ ਸਮੇਤ ਹਰ ਦਹਿਸ਼ਤਵਾਦੀ ਹਰਬਾ ਵਰਤਿਆ ਜਾ ਰਿਹਾ ਹੈ। ਫਾਸ਼ੀਵਾਦੀ ਜ਼ਿਹਨੀਅਤ ਵਾਲੇ ਸੰਘ ਬਰਗੇਡ ਤੋਂ ਇਹੀ ਉਮੀਦ ਕੀਤੀ ਜਾ ਸਕਦੀ ਹੈ।

ਹਿਟਲਰ ਦੀ ਨਾਜ਼ੀਵਾਦੀ ਹਕੂਮਤ ਵੱਲੋਂ ਯਹੂਦੀਆਂ ਦੀ ਨਸਲਕੁਸ਼ੀ ਸੰਘੀਆਂ ਲਈ ਆਦਰਸ਼ਕ ਮਾਡਲ ਸੀ ਕਿਉਂਕਿ ਉਸ ਵਿੱਚੋਂ ਇਨ੍ਹਾਂ ਨੂੰ ਮੁਸਲਮਾਨਾਂ ਅਤੇ ਈਸਾਈਆਂ ਨੂੰ 'ਅੰਦਰੂਨੀ ਦੁਸ਼ਮਣ' ਅਤੇ 'ਬਾਹਰਲੇ' ਕਰਾਰ ਦੇ ਕੇ ਉਨ੍ਹਾਂ ਨੂੰ ਦੋਇਮ ਦਰਜੇ ਦੀ ਅਧਿਕਾਰਹੀਣ ਪਰਜਾ ਬਣਾ ਕੇ ਬਦਲਾ ਲੈਣ ਦਾ ਸਿਧਾਂਤਕ ਆਧਾਰ ਮਿਲਦਾ ਸੀ। ਹੁਣ ਸੰਘੀਆਂ ਨੂੰ ਇਜ਼ਰਾਇਲੀ ਦਹਿਸ਼ਤਵਾਦ ਦੇ ਰੂਪ ਵਿਚ ਨਵਾਂ ਯੁੱਧ ਸਾਥੀ ਲੱਭ ਗਿਆ ਹੈ। ਗਾਜ਼ਾ ਪੱਟੀ ਅਤੇ ਹੋਰ ਇਲਾਕਿਆਂ 'ਚ ਫ਼ਲਸਤੀਨੀ ਮੁਸਲਮਾਨਾਂ ਦੀ ਪੱਕੀ ਫ਼ੌਜੀ ਘੇਰਾਬੰਦੀ ਕਰਕੇ ਨਸਲਕੁਸ਼ੀ ਇਨ੍ਹਾਂ ਲਈ ਮੁਸਲਮਾਨਾਂ ਨੂੰ ਦਬਾਉਣ ਅਤੇ ਬਦਲਾ ਲੈਣ ਦਾ ਨਵਾਂ ਨਮੂਨਾ ਹੈ। ਇਸੇ ਨਮੂਨੇ 'ਤੇ ਭਾਰਤ ਵਿਚ ਕਸ਼ਮੀਰ ਨੂੰ ਦੂਜਾ ਫ਼ਲਸਤੀਨ ਬਣਾਇਆ ਗਿਆ ਹੈ ਅਤੇ ਭਾਜਪਾ ਦੀ ਹਕੂਮਤ ਵਾਲੇ ਹੋਰ ਰਾਜਾਂ ਵਿਚ ਮੁਸਲਮਾਨ ਭਾਈਚਾਰੇ ਨੂੰ ਬਾਕੀ ਸਮਾਜ ਨਾਲੋਂ ਅਲੱਗ-ਥਲੱਗ ਕਰਕੇ ਅਤੇ ਅਸੁਰੱਖਿਅਤ ਬਣਾ ਕੇ ਜੇਲ੍ਹਨੁਮਾ ਬਸਤੀਆਂ 'ਚ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਹਾਂ-ਮੱਕਾਰ ਅਮਰੀਕਾ ਤੇ ਪੱਛਮੀ ਤਾਕਤਾਂ ਤੋਂ ਫ਼ਲਸਤੀਨੀਆਂ ਦੇ ਨਸਲੀ ਸਫ਼ਾਏ ਨੂੰ ਇਜ਼ਰਾਇਲ ਦੀ ਸਵੈਰੱਖਿਆ ਦਾ ਨਾਂ ਦੇਣ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ। ਦੁਨੀਆ ਦਾ ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ ਕਿ ਅਮਰੀਕਾ-ਇਜ਼ਰਾਇਲ ਗੱਠਜੋੜ ਲੋਕਤੰਤਰ ਨੂੰ ਬਚਾਉਣ ਲਈ ਹੈ। ਦੁਨੀਆ ਪੂਰੀ ਧਰਤੀ ਉੱਪਰ ਅਮਰੀਕਨ ਸਾਮਰਾਜ ਅਤੇ ਇਸ ਦੇ ਜੋਟੀਦਾਰ ਪੱਛਮੀ ਸਾਮਰਾਜੀਆਂ ਤੇ ਇਨ੍ਹਾਂ ਦੇ ਪਾਲੇ ਦਹਿਸ਼ਤਗਰਦ ਰਾਜਾਂ ਦੇ ਜੰਗਬਾਜ਼ ਜੁਰਮਾਂ ਦੀ ਗਵਾਹ ਹੈ। ਪੱਛਮੀ ਸਾਮਰਾਜ ਅਤੇ ਇਜ਼ਰਾਇਲ ਦੀ ਘੋਰ ਜੰਗਬਾਜ਼ ਦਰਿੰਦਗੀ ਫ਼ਲਸਤੀਨੀਆਂ ਦੀ ਮੁਕਤੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਵੀਅਤਨਾਮ ਤੋਂ ਬਾਅਦ ਇਰਾਕ ਅਤੇ ਅਫ਼ਗਾਨਿਸਤਾਨ 'ਚੋਂ ਅਮਰੀਕਾ ਨੂੰ ਪਿੱਛੇ ਹਟਣਾ ਪਿਆ ਹੈ।

ਫ਼ਲਸਤੀਨ ਦੀ ਧਰਤੀ ਉੱਪਰ ਫ਼ਲਸਤੀਨੀਂ ਅਵਾਮ ਦੇ ਵਾਹਦ ਹੱਕ ਨੂੰ ਸਵੀਕਾਰੇ ਬਗੈਰ ਉੱਥੇ ਅਮਨ-ਚੈਨ ਸੰਭਵ ਨਹੀਂ ਹੈ। ਫ਼ਲਸਤੀਨੀ ਲੋਕਾਂ ਵਿਰੁੱਧ ਇਨ੍ਹਾਂ ਸਾਰੀਆਂ ਹੀ ਇਨਸਾਨੀਅਤ ਵਿਰੋਧੀ ਤਾਕਤਾਂ ਦੇ ਨਾਪਾਕ ਗੱਠਜੋੜ ਵਿਰੁੱਧ ਅੱਜ ਹੋਰ ਵੀ ਧੜੱਲੇ ਨਾਲ ਲੋਕ ਰਾਇ ਖੜ੍ਹੀ ਕਰਨ ਦੀ ਲੋੜ ਹੈ।



# ਭਾਰਤ-ਕੈਨੇਡਾ ਸੰਕਟ : ਪੰਜਾਬੀ ਤੇ ਸਿੱਖ ਭਾਈਚਾਰੇ ਦੀ ਸਥਿਤੀ ਤੇ ਦੁਬਿਧਾ !


ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਸੱਜੇਪੱਖੀ ਰਾਜਨੀਤੀ ਕਿਸੇ ਵੀ ਰੂਪ ਦੀ ਹੋਵੇ ਉਹ ਵੱਖ ਵੱਖ ਭਾਈਚਾਰਿਆਂ ਲਈ ਸੰਕਟ ਲੈ ਕੇ ਆਉਂਦੀ ਹੈ । ਇਹ ਕਿਸੇ ਵੀ ਧਰਮ, ਇਲਾਕੇ, ਰਾਸ਼ਟਰਵਾਦ ਅਤੇ ਵੱਖ ਵੱਖ ਕਿਸਮ ਦਾ ਫੋਬੀਆ ਉਤਪੰਨ ਕਰਕੇ ਕੀਤੀ ਜਾਂਦੀ ਹੈ । ਇਸ ਵਿਸ਼ਾਲ ਸਥਿਤੀ ਵਿਚ ਪੰਜਾਬੀ ਸਮਾਜ ਜਿਸ ਕਿਸਮ ਦੇ ਸੰਕਟ ਵਿਚ ਪਰਵਾਸ ਉਪਰੰਤ ਵੀ ਵਿਚਰ ਰਿਹਾ ਹੈ । ਸੰਜੀਦਾ ਕਿਸਮ ਦੇ ਹਿੱਸਿਆਂ ਦੀ ਡਿਊਟੀ ਬਣਦੀ ਹੈ ਕਿ ਪੰਜਾਬੀਆਂ ਦਾ ਜੋ ਅਕਸ ਅਜੋਕੀ ਦੁਨੀਆ ਵਿਚ ਬਣਨਾ ਚਾਹੀਦਾ ਹੈ ਉਸ ਨੂੰ ਢਾਹ ਨਾ ਲੱਗੇ ਇਸ ਬਾਰੇ ਇਹ ਲਿਖਤ ਸੋਚਣ ਲਈ ਮਜਬੂਰ ਕਰਦੀ ਹੈ । – ਸੰਪਾਦਕ*

18 ਜੂਨ ਨੂੰ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਠੀਕ ਤਿੰਨ ਮਹੀਨੇ ਬਾਅਦ 18 ਸਤੰਬਰ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕਨੇਡੀਅਨ ਪਾਰਲੀਮੈਂਟ ਵਿੱਚ ਭਾਰਤੀ ਏਜੰਸੀਆਂ ਤੇ ਇਲਜਾਮ ਲਗਾਏ ਸਨ ਕਿ ਨਿੱਝਰ ਕਤਲ ਕਾਂਡ ਵਿੱਚ ਉਨ੍ਹਾਂ ਦਾ ਹੱਥ ਹੋਣ ਦਾ ਸ਼ੰਕਾ ਹੈ। ਅਸੀਂ ਉਦੋਂ ਵੀ ਇਹ ਖਦਸ਼ਾ ਜਾਹਰ ਕੀਤਾ ਸੀ ਕਿ ਟਰੂਡੋ ਸਾਹਿਬ ਵਲੋਂ ਬਿਨਾਂ ਠੋਸ ਸਬੂਤਾਂ ਦੇ ਪਾਰਲੀਮੈਂਟ ਵਿੱਚ ਅਜਿਹੇ ਇਲਜਾਮ ਲਗਾ ਕੇ ਦੂਰ-ਅੰਦੇਸ਼ੀ ਦਾ ਸਬੂਤ ਨਹੀਂ ਦਿੱਤਾ। ਇਸ ਨਾਲ਼ ਦੋਨਾਂ ਦੇਸ਼ਾਂ ਵਿੱਚ ਨਾ ਸਿਰਫ ਸਬੰਧ ਵਿਗੜਨਗੇ, ਸਗੋਂ ਆਮ ਲੋਕਾਂ ਨੂੰ ਇਮੀਗ੍ਰੇਸ਼ਨ ਨਾਲ਼ ਸਬੰਧਤ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਵੇਗਾ। ਜਿਹੜਾ ਕੰਮ ਇਸ ਕੇਸ ਦੀ ਜਾਂਚ ਟੀਮ ਦਾ ਪੁਲਿਸ ਅਫਸਰ ਵੀ ਕਰ ਸਕਦਾ ਸੀ, ਉਸਨੂੰ ਟਰੂਡੋ ਸਾਹਿਬ ਵਲੋਂ ਕਰਨ ਨਾਲ਼ ਕਨੇਡਾ ਦੇ ਵਕਾਰ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਧੱਕਾ ਲੱਗਾ ਹੈ। ਜਦਕਿ ਅਜਿਹਾ ਕੰਮ ਪੁਲਿਸ ਕਰਨ ਨੂੰ ਤਿਆਰ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਕੋਲ਼ ਅਜਿਹੇ ਇਲਜਾਮਾਂ ਲਈ ਠੋਸ ਅਧਾਰ ਜਾਂ ਤੱਥ ਨਹੀਂ ਹਨ। ਕਿਸੇ ਵੀ ਸਿਆਸੀ ਕਤਲ ਵਿੱਚ ਸਾਜ਼ਿਸ਼ਕਾਰ ਲੱਭਣੇ ਤਾਂ ਬਹੁਤ ਵੱਡੀ ਗੱਲ ਹੁੰਦੀ ਹੈ, ਅਜੇ ਤੱਕ ਤਾਂ ਪੁਲਿਸ ਕੋਲ਼ ਸ਼ੂਟਰਾਂ ਬਾਰੇ ਵੀ ਕੋਈ ਪੁਖਤਾ ਜਾਣਕਾਰੀ ਨਹੀਂ ਹੈ।ਨਾ ਹੀ ਪੁਲਿਸ ਨੇ ਅਜੇ ਤੱਕ ਕੋਈ ਗ੍ਰਿਫਤਾਰੀ ਹੀ ਕੀਤੀ ਹੈ ਤੇ ਨਾ ਹੀ ਪੁਲਿਸ ਨੇ ਕਿਸੇ ਖਿਲਾਫ ਕੋਈ ਚਾਰਜਸ਼ੀਟ ਪੇਸ਼ ਕੀਤੀ ਹੈ। ਜੇ ਇਲਜਾਮ ਲਗਾਉਣੇ ਹੀ ਸਨ ਤਾਂ ਘੱਟੋ-ਘੱਟ ਕਿਸੇ ਖਿਲਾਫ ਕੋਈ ਰਿਪੋਰਟ ਤਾਂ ਦਰਜ ਹੋਣੀ ਚਾਹੀਦੀ ਸੀ। ਇੱਕ ਸੀਨੀਅਰ ਕਨੇਡੀਅਨ ਕਰਾਈਮ ਰਿਪੋਰਟਰ ਅਨੁਸਾਰ ਪੁਲਿਸ ਵੀ ਟਰੂਡੋ ਦੇ ਬਿਆਨਾਂ ਤੋਂ ਹੈਰਾਨ ਸੀ ਕਿ ਪੁਲਿਸ ਕੋਲ਼ ਤਾਂ ਅਜਿਹੀ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਉਹ ਇਸ ਐਂਗਲ ਤੋਂ ਇਨਵੈਸਟੀਗੇਸ਼ਨ ਹੀ ਕਰ ਰਹੇ ਹਨ। ਫਿਰ ਅਜਿਹਾ ਬਿਆਨ ਪਾਰਲੀਮੈਂਟ ਵਿੱਚ ਦੇਣ ਦੀ ਕੀ ਲੋੜ ਸੀ ?

ਭਾਰਤ ਸਰਕਾਰ ਨੇ ਬਿਨਾਂ ਦੇਰੀ ਦੇ ਉਸੇ ਦਿਨ ਇਨ੍ਹਾਂ ਇਲਜਾਮਾਂ ਨੂੰ ਬੇ-ਬੁਨਿਆਦ ’ਤੇ ਬੇਹੂਦਾ ਕਹਿ ਕੇ ਰੱਦ ਕਰ ਦਿੱਤਾ ਸੀ। ਟਰੂਡੋ ਸਾਹਿਬ ਨੇ ਪਤਾ ਨਹੀਂ ਕੀ ਸੋਚ ਕੇ ਇਲਜਾਮ ਲਗਾਉਣ ਤੋਂ ਤੁਰੰਤ ਬਾਅਦ ਇੱਕ ਭਾਰਤੀ ਸੀਨੀਅਰ ਡਿਪਲੋਮੈਟ ਦਾ ਨਾਮ ਨਸ਼ਰ ਕਰਕੇ ਦੇਸ਼ ਛੱਡਣ ਦਾ ਹੁਕਮ ਜਾਰੀ ਕਰ ਦਿੱਤਾ, ਜਿਸਨੇ ਦੋਨਾਂ ਦੇਸ਼ਾਂ ਵਿੱਚ ਮਾਹੌਲ ਹੋਰ ਖਰਾਬ ਕਰ ਦਿੱਤਾ ਸੀ। ਜਿਸ ਤੋਂ ਜਲਦੀ ਬਾਅਦ ਕਨੇਡਾ ਤਾਂ ਸ਼ਾਇਦ ਆਪਣੀ ਗਲਤੀ ਦਾ ਅਹਿਸਾਸ ਕਰਕੇ ਚੁੱਪ ਕਰ ਗਿਆ ਤੇ ਇਸ ਮਸਲੇ ਤੋਂ ਪੈਰ ਪਿੱਛੇ ਖਿੱਚਣ ਲੱਗ ਪਿਆ ਸੀ। ਜਦੋਂ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੇ ਬਿਆਨ ਦੇ ਦਿੱਤੇ ਕਿ ਅਸੀਂ ਇਸ ਮਸਲੇ ਨੂੰ ਹੋਰ ਤੂਲ ਨਹੀਂ ਦੇਣਾ ਚਾਹੁੰਦੇ ਅਤੇ ਭਾਰਤ ਸਾਡਾ ਬਿਜਨੈਸ ਤੇ ਖੇਤਰੀ ਸਹਿਯੋਗੀ ਹੈ। ਪਰ ਭਾਰਤ ਸਰਕਾਰ ਨੂੰ ਇਸ ਰਾਹੀਂ ਇੱਕ ਸੁਨਹਿਰੀ ਮੌਕਾ ਮਿਲ਼ ਗਿਆ, ਜਿਸਦੀ ਉਹ ਲੰਬੇ ਸਮੇਂ ਤੋਂ ਉਡੀਕ ਵਿੱਚ ਸਨ।ਭਾਰਤ ਨੇ ਤੁਰੰਤ ਬਾਅਦ ਕਾਰਵਾਈ ਕਰਦੇ ਹੋਏ, ਪਹਿਲਾਂ ਇੱਕ ਕਨੇਡੀਅਨ ਸੀਨੀਅਰ ਡਿਪੋਲੋਮੈਟ ਨੂੰ ਭਾਰਤ ਛੱਡਣ ਦਾ ਹੁਕਮ ਜਾਰੀ ਕੀਤਾ, ਫਿਰ ਕਨੇਡੀਅਨ ਨਾਗਰਿਕਾਂ ਨੂੰ ਭਾਰਤ ਜਾਣ ਲਈ ਨਵੇਂ ਵੀਜੇ ਨਾ ਦੇਣ ਦਾ ਫੈਸਲਾ ਕੀਤਾ, ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਿਲ ਸ਼ੱਕੀ ਵਿਅਕਤੀਆਂ ਦੇ ਓ ਸੀ ਆਈ ਕਾਰਡ ਰੱਦ ਕਰਨੇ ਸ਼ੁਰੂ ਕਰ ਦਿੱਤੇ, ਫਿਰ ਕਨੇਡਾ ਵਿੱਚ ਭਾਰਤੀ ਅੰਬੈਸੀਆਂ ਵਿੱਚ ਪਾਸਪੋਰਟ, ਵੀਜੇ ਤੇ ਇਮੀਗ੍ਰੇਸ਼ਨ ਨਾਲ਼ ਸਬੰਧਤ ਤਕਰੀਬਨ ਸਾਰੇ ਕੰਮ ਠੱਪ ਹੀ ਕਰ ਦਿੱਤੇ, ਫਿਰ ਦੋ ਕਦਮ ਅੱਗੇ ਜਾਂਦੇ ਹੋਏ, ਕਨੇਡਾ ਸਰਕਾਰ ਨੂੰ ਸਪੱਸ਼ਟ ਕਰ ਦਿੱਤਾ ਕਿ ਜਿਹੜੇ ਭਾਰਤ ਦੇ ਮੋਸਟ ਵਾਂਟਡ ਅੱਤਵਾਦੀ, ਗੈਂਗਸਟਰ, ਕਰਮੀਨਲ ਵਿਅਕਤੀ ਕਨੇਡਾ ਵਿੱਚ ਰਾਜਸੀ ਸ਼ਰਣ ਲਈ ਬੈਠੇ ਹਨ, ਉਨ੍ਹਾਂ ਨੂੰ ਸਾਡੇ ਹਵਾਲੇ ਕਰੋ ਅਤੇ ਆਪਣੇ ਇਲਜਾਮਾਂ ਦੇ ਸਾਨੂੰ ਪੁਖਤਾ ਸਬੂਤ ਦਿਉ। ਜਿਸ ਬਾਰੇ ਕਨੇਡਾ ਪਿਛਲੇ 30-40 ਸਾਲ ਤੋਂ ਕਦੇ ਵੀ ਕੁਝ ਕਰਨ ਲਈ ਤਿਆਰ ਨਹੀਂ ਹੈ। ਭਾਰਤੀ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਵਲੋਂ ਤਾਂ ਇੱਥੋਂ ਤੱਕ ਇਲਜਾਮ ਲਗਾ ਦਿੱਤੇ ਗਏ ਕਿ ਕਨੇਡਾ ਅੱਤਵਾਦੀਆਂ, ਗੈਂਗਸਟਰਾਂ, ਡਰੱਗ ਡੀਲਰਾਂ ਤੇ ਕਰਮੀਨਲਾਂ ਲਈ ਸਵਰਗ ਬਣ ਚੁੱਕਾ ਹੈ। ਇਸ ਤੋਂ ਬਾਅਦ ਕਨੇਡਾ ਨੇ ਵਾਪਸ ਮੁੜਨ ਦੇ ਕਈ ਯਤਨ ਕੀਤੇ ਤਾਂ ਕਿ ਭਾਰਤ ਨਾਲ਼ ਸਬੰਧ ਸੁਧਾਰੇ ਜਾ ਸਕਣ ਅਤੇ ਦੂਜੇ ਪਾਸੇ ਕਨੇਡਾ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਵੀ ਪੱਛਮੀ ਦੇਸ਼ਾਂ ਵਲੋਂ ਕੋਈ ਖਾਸ ਹਮਾਇਤ ਨਹੀਂ ਮਿਲ਼ੀ।ਪਰ ਭਾਰਤ ਨੇ ਆਪਣਾ ਹਮਲਾਵਰ ਰੁੱਖ ਜਾਰੀ ਰੱਖਦੇ ਹੋਏ, ਕਨੇਡਾ ਦੇ 41 ਹੋਰ ਡਿਪਲੋਮੈਟਾਂ ਅਤੇ ਉਨ੍ਹਾਂ ਦੇ 42 ਪਰਿਵਾਰਕ ਮੈਂਬਰਾਂ ਨੂੰ ਵੀ ਭਾਰਤ ਛੱਡਣ ਦੇ ਹੁਕਮ ਜਾਰੀ ਕਰ ਦਿੱਤੇ। ਜਿਸ ਤੋਂ ਬਾਅਦ ਕਨੇਡਾ ਸਰਕਾਰ ਨੇ ਭਾਰਤ ਨੂੰ ਮਨਾਉਣ ਦੇ ਕਾਫੀ ਯਤਨ ਕੀਤੇ, ਪਰ ਭਾਰਤ ਸਰਕਾਰ ਵਲੋਂ ਆਪਣੀਆਂ ਮੰਗਾਂ ਮਨਵਾਏ ਬਗੈਰ ਸਮਝੌਤਾ ਕਰਨ ਤੋਂ ਨਾਂਹ ਕਰਨ ਤੋਂ ਬਾਅਦ ਆਖਿਰ ਕਨੇਡੀਅਨ ਵਿਦੇਸ਼ ਮੰਤਰੀ ਵਲੋਂ ਐਲਾਨ ਕੀਤਾ ਗਿਆ ਕਿ ਉਨ੍ਹਾਂ ਸਾਰੇ 83 ਡਿਪਲੋਮੈਟਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਪਿਸ ਬੁਲਾ ਲਿਆ ਗਿਆ ਹੈ। ਜਿਸ ਨਾਲ਼ ਭਾਰਤ ਤੇ ਕਨੇਡਾ ਵਿੱਚ ਸਬੰਧ ਹੋਰ ਤਲਖ ਹੋ ਗਏ ਹਨ।ਹੁਣ ਅਜਿਹੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਭਾਰਤ ਇਸ ਕੇਸ ਨੂੰ ਹੋਰ ਅੱਗੇ ਵਧਾਉਣ ਲਈ 37 ਦੇਸ਼ਾਂ ਅਧਾਰਿਤ ਫਾਈਨੈਂਸ਼ਨਲ ਐਕਸ਼ਨ ਟਾਸਕ ਫੋਰਸ (FATF) ਕੋਲ਼ ਲਿਜਾਣ ਲਈ ਤਿਆਰੀ ਕਰ ਰਿਹਾ ਹੈ। ਇਸ ਸੰਸਥਾ ਦਾ ਮਕਸਦ ਉਨ੍ਹਾਂ ਦੇਸ਼ਾਂ ’ਤੇ ਐਕਸ਼ਨ ਲੈਣਾ ਹੁੰਦਾ ਹੈ, ਜੋ ਆਪਣੇ ਦੇਸ਼ ਤੋਂ ਟੈਰੋਰਿਸਟ ਫੰਡਿਗ ਕਰਦੇ ਹਨ।ਬੇਸ਼ਕ ਕਨੇਡਾ ’ਤੇ ਅਜਿਹਾ ਇਲਜਾਮ ਤਾਂ ਨਹੀਂ ਲਗਾਇਆ ਜਾ ਸਕਦਾ, ਪਰ ਭਾਰਤ ਸਰਕਾਰ ਖਾਲਿਸਤਾਨੀ ਵਿਚਾਰਧਾਰਾ ਵਾਲ਼ੇ ਵਿਅਕਤੀਆਂ ਜਾਂ ਜਥੇਬੰਦੀਆਂ ’ਤੇ ਸ਼ਿਕੰਜਾ ਕੱਸ ਸਕਦੀ ਹੈ ਕਿ ਉਹ ਕਨੇਡਾ ਤੋਂ ਭਾਰਤ ਵਿੱਚ ਹਿੰਸਕ ਕਾਰਵਾਈਆਂ ਜਾਂ ਗੜਬੜ ਕਰਾਉਣ ਲਈ ਫੰਡਿੰਗ ਕਰ ਰਹੀਆਂ ਹਨ। ਇਸ ਨਾਲ਼ ਕਨੇਡਾ-ਭਾਰਤ ਦੇ ਸਬੰਧ ਹੋਰ ਵਿਗੜ ਸਕਦੇ ਹਨ।



ਹੁਣ ਸੋਚਣ ਵਾਲ਼ਾ ਮਸਲਾ ਇਹ ਹੈ ਕਿ ਕੀ ਜੋ ਕੁਝ ਵਾਪਰ ਰਿਹਾ ਹੈ, ਉਹ ਦੇਸ਼-ਵਿਦੇਸ਼ ਵਿੱਚ ਵਸਦੇ ਬਹੁ-ਗਿਣਤੀ ਸਿੱਖ ਭਾਈਚਾਰੇ ਦੇ ਹਿੱਤ ਵਿੱਚ ਹੈ ? ਕੀ ਇਸਦਾ ਰਾਜਸੀ ਲਾਭ ਕੁਝ ਸਿੱਖ ਜਥੇਬੰਦੀਆਂ ਤੇ ਮੋਦੀ ਸਰਕਾਰ ਨੂੰ ਹੀ ਨਹੀਂ ਹੋ ਰਿਹਾ ? ਜਿਸ ਵਿੱਚ ਆਮ ਲੋਕ ਅਣਭੋਲ ਹੀ ਫਸ ਗਏ ਹਨ। ਟਰੂਡੋ ਸਰਕਾਰ ਤਾਂ ਸਗੋਂ ਇਸ ਮਸਲੇ ਸਮੇਤ ਅਨੇਕਾਂ ਹੋਰ ਘਰੇਲੂ ਸਮੱਸਿਆਂਵਾਂ ਵਿੱਚ ਬੁਰੀ ਤਰ੍ਹਾਂ ਘਿਰ ਚੁੱਕੀ ਹੈ ਤੇ ਉਸਨੂੰ ਕਿਸੇ ਵਕਤ ਵੀ ਅਸਤੀਫਾ ਦੇਣਾ ਪੈ ਸਕਦਾ ਹੈ।ਨਵੇਂ ਸਰਵੇਖਣਾਂ ਅਨੁਸਾਰ ਟਰੂਡੋ ਤੇ ਜਗਮੀਤ ਸਿੰਘ ਦਾ ਪੌਪੂਲੈਰਿਟੀ ਗਰਾਫ ਦਿਨੋ-ਦਿਨ ਹੇਠਾਂ ਜਾ ਰਿਹਾ ਹੈ। ਇਨ੍ਹਾਂ ਘਟਨਾਵਾਂ ਦਾ ਸਿੱਧਾ ਅਸਰ ਆਮ ਸਿੱਖਾਂ ਤੇ ਹੀ ਪੈਣਾ ਹੈ ਅਤੇ ਪੈ ਵੀ ਰਿਹਾ ਹੈ।ਕਨੇਡਾ ਬੈਠੇ ਸਿੱਖ ਆਪਣੇ ਪਰਿਵਾਰਕ ਤੇ ਹੋਰ ਕੰਮਾਂ ਲਈ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਇਨ੍ਹਾਂ ਦਿਨਾਂ ਵਿੱਚ ਪੰਜਾਬ ਜਾਂਦੇ ਹਨ, ਜੋ ਕਿ ਹੁਣ ਵੀਜਾ ਸੇਵਾਵਾਂ ਰੱਦ ਹੋਣ ਨਾਲ਼ ਬੇਹੱਦ ਪ੍ਰੇਸ਼ਾਨ ਹਨ। ਉਨ੍ਹਾਂ ਨੂੰ ਕੋਈ ਰਾਹ ਨਹੀਂ ਦਿਸ ਰਿਹਾ। ਬੇਸ਼ਕ ਬਹੁ-ਗਿਣਤੀ ਸਿੱਖ ਭਾਈਚਾਰੇ ਦਾ ਇਨ੍ਹਾਂ ਘਟਨਾਵਾਂ ਨਾਲ਼ ਕੋਈ ਲੈਣਾ ਦੇਣਾ ਨਹੀਂ, ਪਰ ਕੀ ਉਨ੍ਹਾਂ ਦੀ ਅਜਿਹੇ ਮਸਲਿਆਂ ਤੇ ਚੁੱਪ ਜਾਂ ਦੁਬਿਧਾ ਵਿਦੇਸ਼ਾਂ ਵਿੱਚ ਸਭ ਲਈ ਅਨੇਕਾਂ ਮਸਲੇ ਨਹੀਂ ਸਹੇੜ ਰਹੀ ? ਵਿਦੇਸ਼ਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਿੱਖਾਂ ਕੋਲ਼ ਗੁਰਦੁਆਰੇ ਤੋਂ ਬਿਨਾਂ ਅਜਿਹੀ ਕੋਈ ਜਥੇਬੰਦੀ ਜਾਂ ਸੰਸਥਾ ਨਹੀਂ, ਜਿਥੋਂ ਲੋਕ ਆਪਣੇ ਮਸਲੇ ਸਰਕਾਰਾਂ ਜਾਂ ਪ੍ਰਸ਼ਾਸਨ ਤੱਕ ਪਹੁੰਚਾ ਸਕਣ ਅਤੇ ਜਿਨ੍ਹਾਂ ਦੇ ਕੋਲ਼ ਗੁਰਦੁਆਰਿਆਂ ਦਾ ਪ੍ਰਬੰਧ ਹੈ, ਉਨ੍ਹਾਂ ਦੇ ਜਾਤੀ ਤੇ ਜਮਾਤੀ ਹਿੱਤ ਇਸੇ ਵਿੱਚ ਹਨ ਕਿ ਭਾਰਤ ਨਾਲ਼ ਸਿੱਖਾਂ ਦੇ ਸਬੰਧ ਵੱਧ ਤੋਂ ਵੱਧ ਵਿਗੜਦੇ ਜਾਣ ਤਾਂ ਕਿ ਆਮ ਲੋਕ ਦੁਖੀ ਹੋ ਕੇ ਖਾਲਿਸਤਾਨ ਦੇ ਸਮਰਥਨ ਵਿੱਚ ਆ ਜਾਣ ? ਕੀ ਇਹੀ ਗੱਲ ਭਾਰਤ ਦੀ ਮੋਦੀ ਸਰਕਾਰ ਦੇ ਹਿੱਤ ਵਿੱਚ ਵੀ ਨਹੀਂ ਕਿ ਆਮ ਲੋਕ ਤੰਗ ਪ੍ਰੇਸ਼ਾਨ ਹੋਣ ਤੇ ਖਾਲਿਸਤਾਨੀ ਧਿਰਾਂ ਤੋਂ ਪਾਸਾ ਵੱਟਣ ? ਫਿਰ ਇਸਦਾ ਮਤਲਬ ਤਾਂ ਇਹੀ ਬਣਦਾ ਹੈ ਕਿ ਖਾਲਿਸਤਾਨੀ ਧਿਰਾਂ ਤੇ ਭਾਰਤ ਸਰਕਾਰ ਦਾ ਮਕਸਦ ਆਮ ਸਿੱਖਾਂ ਨੂੰ ਹੀ ਤੰਗ ਪ੍ਰੇਸ਼ਾਨ ਕਰਨ ਦਾ ਹੈ, ਜਿਸ ਨਾਲ਼ ਦੋਨੋਂ ਧਿਰਾਂ ਸਿਆਸੀ ਲਾਹੇ ਲੈ ਸਕਣ।ਲੜਨ ਵਾਲ਼ੀਆਂ ਦੋਨੋਂ ਧਿਰਾਂ ਵਿੱਚੋਂ ਫਾਇਦਾ ਕਿਸੇ ਨੂੰ ਵੀ ਹੋਵੇ, ਪਰ ਨੁਕਸਾਨ ਆਮ ਸਿੱਖਾਂ ਦਾ ਹੀ ਹੋਣਾ ਹੈ।

ਕੀ ਅਜਿਹਾ ਨਹੀਂ ਲਗਦਾ, ਜਿਵੇਂ ਪਿਛਲ਼ੇ 60-70 ਸਾਲ ਤੋਂ ਬਹੁ-ਗਿਣਤੀ ਸਿੱਖ ਭਾਈਚਾਰਾ ਇੱਕ ਅਜਿਹੀ ਨਾ-ਮੁਰਾਦ ਦੁਬਿਧਾ ਦਾ ਸ਼ਿਕਾਰ ਹੈ ? ਜਿਸ ਨਾਲ਼ ਉਹ ਨਾ ਤੇ ਖੁੱਲ੍ਹ ਕੇ ਭਾਰਤ ਤੋਂ ਵੱਖ ਹੋ ਕੇ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਕਰਨ ਵਾਲ਼ਿਆਂ ਦੀ ਹਮਾਇਤ ਕਰਦਾ ਹੈ ਅਤੇ ਨਾ ਹੀ ਅਜਿਹੀ ਮੰਗ ਕਰਨ ਵਾਲ਼ਿਆਂ ਦੇ ਖਿਲਾਫ ਕੋਈ ਸਟੈਂਡ ਲੈਂਦਾ ਹੈ। ਕੀ ਉਨ੍ਹਾਂ ਦੀ ਇਹ ਚੁੱਪ ਆਪਣੇ ਵਿਰੋਧੀਆਂ ਨੂੰ ਮੂਕ ਸਹਿਮਤੀ ਦਾ ਇਲਜ਼ਾਮ ਲਗਾਉਣ ਦਾ ਮੌਕਾ ਨਹੀਂ ਦਿੰਦੀ ਆ ਰਹੀ ? ਇਹ ਵਰਤਾਰਾ ਆਮ ਦੇਖਣ ਨੂੰ ਮਿਲਦਾ ਹੈ, ਜਦੋਂ ਸਿੱਖਾਂ ਦੇ ਵੱਡੇ ਨੁਕਸਾਨ ਹੁੰਦੇ ਹਨ ਤਾਂ ‘ਚੁੱਪ ਰਹਿਣ ਵਾਲ਼ੀ ਬਹੁ-ਗਿਣਤੀ’ ਵੀ ‘ਸਿੱਖਾਂ ਨੂੰ ਖੁਆਰ ਕਰ ਰਹੀਆਂ ਧਿਰਾਂ ਦੀ ਜਵਾਬਦੇਹੀ ਕਰਨ ਦੀ ਥਾਂ’ ਸਰਕਾਰਾਂ ਨੂੰ ਦੋਸ਼ ਦੇਣ ਲਈ ਮੋਹਰੀ ਹੋ ਜਾਂਦੀ ਹੈ। ਬੇਸ਼ਕ ਆਪਣੇ ਵਲੋਂ ਉਹ ਅਕਸਰ ਖਾਲਿਸਤਾਨੀ ਧਿਰਾਂ ਖਿਲਾਫ ਚੁੱਪ ਰਹਿ ਕੇ ਆਪਣਾ ਵਿਰੋਧ ਜਤਾਉਂਦੇ ਹਨ ਅਤੇ ਖਾਲਿਸਤਾਨੀ ਧਿਰਾਂ ਨੂੰ ਸਿੱਧੇ ਤੌਰ ਤੇ ਕਦੇ ਸਮਰਥਨ ਵੀ ਨਹੀਂ ਦਿੰਦੇ, ਪਰ ਨਾਲ਼ ਹੀ ਖਾਲਿਸਤਾਨੀ ਧਿਰਾਂ ਵਲੋਂ ਸਿਰਜੇ ਜਾਂਦੇ ਗੁਲਾਮੀ ਤੇ ਵਿਤਕਰਿਆਂ ਦੇ ਝੂਠੇ ਬਿਰਤਾਂਤਾਂ ਤੋਂ ਗੁੰਮਰਾਹ ਹੋ ਕੇ ਅਕਸਰ ਉਨ੍ਹਾਂ ਦੇ ਹੱਕ ਵਿੱਚ ਭੁਗਤਣ ਲਈ ਵੀ ਦੇਰ ਨਹੀਂ ਲਾਉਂਦੇ। 84 ਦੇ ਦੌਰ ਵਿੱਚ ਵੀ ਬਹੁ-ਗਿਣਤੀ ਸਿੱਖ ਭਾਈਚਾਰਾ ਅਜਿਹੀ ਦੁਬਿਧਾ ਦਾ ਸ਼ਿਕਾਰ ਹੋ ਕੇ ਸ਼ਾਂਤਮਈ ਚੱਲ ਰਹੇ ਧਰਮ ਯੁੱਧ ਮੋਰਚੇ ਵਿੱਚ ਸ਼ੁਰੂ ਹੋ ਚੁੱਕੀ ਬੇਮੁਹਾਰੀ ਹਿੰਸਾ ਦੇ ਖਿਲਾਫ ਨਹੀਂ ਖੜ ਸਕਿਆ, ਜਿਸਨੂੰ ਵਿਰੋਧੀਆਂ ਵਲੋਂ ਚੁੱਪ ਰੂਪੀ ਸਹਿਮਤੀ ਸਮਝਿਆ ਗਿਆ। ਜਿਸਦੇ ਨਤੀਜੇ ਵਜੋਂ ਜੂਨ ਤੇ ਨਵੰਬਰ, 84 ਵਰਗੇ ਖੂਨੀ ਦੁਖਾਂਤਾਂ ਤੋਂ ਇਲਾਵਾ 84-94 ਤੱਕ ਸਾਰੇ ਪੰਜਾਬ ਨੇ ਇੱਕ ਪੂਰਾ ਦਹਾਕਾ ਸੰਤਾਪ ਝੱਲਿਆ, ਜਿਸ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਹਿੰਸਾ ਨਾਲ਼ ਹਜਾਰਾਂ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਇਸ ਸਭ ਦੇ ਬਾਵਜੂਦ ਵੀ ਬਹੁ-ਗਿਣਤੀ ਭਾਈਚਾਰਾ ਅਜੇ ਵੀ ਸਰਕਾਰੀ ਹਿੰਸਾ ਤੇ ਝੂਠੇ ਮੁਕਾਬਲਿਆਂ ਦੀ ਗੱਲ ਤਾਂ ਬਹੁਤ ਖੁੱਲ੍ਹ ਕੇ ਕਰਦਾ ਹੈ, ਪਰ ਗੈਰ ਸਰਕਾਰੀ ਹਿੰਸਾ ਵਿੱਚ ਮਾਰੇ ਗਏ ਗਏ ਹਜ਼ਾਰਾਂ ਬੇਗੁਨਾਹ ਲੋਕਾਂ ਦੇ ਹੱਕ ਵਿੱਚ ਅੱਜ ਤੱਕ ਕਦੇ ਕਿਸੇ ਸਿੱਖ ਜਥੇਬੰਦੀ ਨੇ ਹਮਦਰਦੀ ਦੇ ਸ਼ਬਦ ਵੀ ਨਹੀਂ ਕਹੇ ? ਬੱਸਾਂ, ਟਰੇਨਾਂ, ਭੱਠਿਆਂ, ਬਜ਼ਾਰਾਂ ਵਿੱਚ ਅਣਪਛਾਤੇ ਵਿਅਕਤੀਆਂ ਵਲੋਂ ਮਾਰੇ ਗਏ ਹਜ਼ਾਰਾਂ ਬੇਗੁਨਾਹਾਂ ਦੇ ਇਲਜ਼ਾਮ ਜਦੋਂ ਖਾੜਕੂਆਂ ਤੇ ਲਗਦੇ ਹਨ ਤਾਂ ਦੱਬਵੀਂ ਆਵਾਜ਼ ਵਿੱਚ ਇਹ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਅਜਿਹੇ ਕਤਲ ਸਰਕਾਰੀ ਕੈਟਾਂ ਜਾਂ ਏਜੰਸੀਆਂ ਨੇ ਖਾੜਕੂਆਂ ਨੂੰ ਬਦਨਾਮ ਕਰਨ ਲਈ ਕਰਵਾਏ ਸਨ, ਪਰ ਝੂਠੇ ਪੁਲਿਸ ਮੁਕਾਬਲਿਆਂ ਤੇ ਲਾਵਾਰਿਸ ਲਾਸ਼ਾਂ ਦੀ ਜਾਂਚ ਦੀ ਅੰਤਰਰਾਸ਼ਟਰੀ ਮੰਗ ਵਾਂਗ, ਦੇਸ਼-ਵਿਦੇਸ਼ ਦੀ ਕਿਸੇ ਸਿੱਖ ਜਥੇਬੰਦੀ ਨੇ ਕਦੇ ਲੋਕ ਦਿਖਾਵੇ ਲਈ ਵੀ ਮੰਗ ਵੀ ਨਹੀਂ ਕੀਤੀ ਕਿ ਬੇਗੁਨਾਹਾਂ ਦੇ ਕਤਲਾਂ ਦੇ ਇਲਜ਼ਾਮ ਸਿੱਖਾਂ ’ਤੇ ਲਗਾ ਕਿ ਸਰਕਾਰ ਸਿੱਖਾਂ ਨੂੰ ਅੱਤਵਾਦੀ ਪੇਸ਼ ਕਰਕੇ ਬਦਨਾਮ ਕਰਦੀ ਰਹੀ ਹੈ, ਉਸਦੀ ਪਬਲਿਕ ਇਨਕੁਆਰੀ ਕੀਤੀ ਜਾਣੀ ਚਾਹੀਦੀ ਹੈ। ਜਦੋਂ ਸਰਕਾਰਾਂ ਕੁਝ ਵਿਅਕਤੀਆਂ ਜਾਂ ਜਥੇਬੰਦੀਆਂ ਦੀਆਂ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਹਿੰਦੀਆਂ ਹਨ ਤਾਂ ਬਹੁ-ਗਿਣਤੀ ਭਾਈਚਾਰਾ ਅਜਿਹੇ ਲੋਕਾਂ ਤੋਂ ਆਪਣੇ ਆਪ ਨੂੰ ਵੱਖ ਕਰਨ ਦੀ ਥਾਂ, ਅਜਿਹੇ ਪ੍ਰਚਾਰ ਵਿੱਚ ਮੂਹਰੀ ਹੋ ਕੇ ਸ਼ਾਮਿਲ ਹੋ ਜਾਂਦਾ ਹੈ ਕਿ ਸਾਰੇ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਸਿੱਖ ਤਾਂ ਸਰਬੱਤ ਦਾ ਭਲਾ ਮੰਗਦੇ ਹਨ, ਸਾਰੀ ਦੁਨੀਆਂ ਵਿੱਚ ਲੰਗਰ ਲਗਾਉਂਦੇ ਜਾਂ ਹੋਰ ਸਮਾਜ ਭਲਾਈ ਦੇ ਕੰਮ ਕਰਦੇ ਹਨ। ਪਰ ਕਦੇ ਇਸ ਬਾਰੇ ਸਪੱਸ਼ਟ ਨਹੀਂ ਹੁੰਦੇ ਕਿ ਕੀ ਲੰਗਰ ਲਾਉਣ ਜਾਂ ਸੋਸ਼ਲ ਵਰਕ ਕਰਨ ਵਾਲ਼ਿਆਂ ਨੂੰ ਸਰਕਾਰਾਂ ਵਲੋਂ ਅੱਤਵਾਦੀ ਜਾਂ ਵੱਖਵਾਦੀ ਕਿਹਾ ਜਾਂਦਾ ਹੈ ਜਾਂ ਸਿਰਫ ਉਨ੍ਹਾਂ ਲੋਕਾਂ ਨੂੰ ਜੋ ਅਜਿਹੇ ਕੰਮ ਕਰਦੇ ਹਨ।

ਕੀ ਅੱਜ ਹਰ ਖਾਲਿਸਤਾਨੀ ਸਮੇਤ ਆਮ ਸਿੱਖ ਆਪਣੇ ਬੱਚਿਆਂ ਦਾ ਭਵਿੱਖ ਪੰਜਾਬ ਜਾਂ ਭਾਰਤ ਦੀ ਥਾਂ ਪੱਛਮੀ ਦੇਸ਼ਾਂ ਵਿੱਚ ਨਹੀਂ ਦੇਖ ਰਿਹਾ ਹੈ ? ਕੀ ਸਭ ਦੀ ਦੌੜ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਹਰ ਹੀਲਾ ਵਰਤ ਕੇ ਵਿਦੇਸ਼ਾਂ ਵਿੱਚ ਸੈਟ ਕਰਨ ਤੇ ਨਹੀਂ ਲੱਗੀ ਹੋਈ ? ਜੇ ਭਾਰਤ ਸਰਕਾਰ ਦੇ ਸਬੰਧ ਪੱਛਮੀ ਤਾਕਤਾਂ ਨਾਲ਼ ਵਿਗੜਦੇ ਹਨ ਤਾਂ ਕੀ ਇਸਦਾ ਸਿੱਧਾ ਅਸਰ ਆਮ ਸਿੱਖਾਂ ਦੇ ਭਵਿੱਖ ਤੇ ਨਹੀਂ ਪੈ ਰਿਹਾ ? ਫਿਰ ਕੀ ਸਾਨੂੰ ਸੋਚਣ ਦੀ ਲੋੜ ਨਹੀਂ ਕਿ ਘੱਟੋ-ਘੱਟ ਵਿਦੇਸ਼ਾਂ ਵਿੱਚ ਤਾਂ ਅਜਿਹਾ ਕੁਝ ਨਾ ਕਰੀਏ, ਜਿਸ ਨਾਲ਼ ਜਿਹੜੀ ਲੋਕਾਂ ਦੀ ਆਸ ਪੱਛਮੀ ਦੇਸ਼ਾਂ ਤੋਂ ਹੈ, ਉਸ ਤੋਂ ਵੀ ਹੱਥ ਧੋਣੇ ਪੈ ਜਾਣ। ਇਹ ਸਭ ਆਮ ਲੋਕ ਮਹਿਸੂਸ ਤਾਂ ਕਰਦੇ ਹਨ, ਪਰ ਉਨ੍ਹਾਂ ਦੀ ਬਾਂਹ ਫੜਨ ਵਾਲ਼ੀ ਕੋਈ ਸਿੱਖ ਜਥੇਬੰਦੀ ਨਹੀਂ, ਜੋ ਉਨ੍ਹਾਂ ਦੇ ਹੱਕ ਵਿੱਚ ਆਵਾਜ ਬੁਲੰਦ ਕਰ ਸਕੇ ਜਾਂ ਉਨ੍ਹਾਂ ਤਾਕਤਾਂ ਖਿਲਾਫ ਕੋਈ ਸਟੈਂਡ ਲੈ ਸਕੇ, ਜੋ ਆਮ ਸਿੱਖਾਂ ਦਾ ਭਵਿੱਖ ਖਰਾਬ ਕਰਨ ਦੇ ਰਾਹ ਤੁਰੇ ਹੋਏ ਹਨ। ਕੀ ਇਸ ਵਿੱਚ ਆਮ ਲੋਕਾਂ ਦਾ ਵੀ ਉਤਨਾ ਦੋਸ਼ ਨਹੀਂ ਕਿ ਉਨ੍ਹਾਂ ਨੇ ਗੁਰਦੁਆਰਿਆਂ ਤੋਂ ਬਾਹਰ ਕੋਈ ਵੀ ਸਮਾਜਿਕ ਜਾਂ ਰਾਜਸੀ ਚੇਤਨਾ ਵਾਲ਼ੀਆਂ ਸੰਸਥਾਵਾਂ ਨਹੀਂ ਬਣਾਈਆਂ, ਜਿੱਥੇ ਉਹ ਆਪਣੇ ਹਿੱਤਾਂ ਦੀ ਰਾਖੀ ਕਰ ਸਕਣ ? ਦੂਜਾ ਪੱਖ ਇਹ ਵੀ ਹੈ ਕਿ ਗੁਰਦੁਆਰਿਆਂ ਨੂੰ ਕੰਟਰੋਲ ਕਰ ਰਹੀਆਂ ਧਿਰਾਂ ਵਲੋਂ ਆਪਣੇ ਦਾਬੇ ਨਾਲ਼ ਅਜਿਹੀਆਂ ਧਿਰਾਂ ਨੂੰ ਕਦੇ ਸਿੱਖ ਕਮਿਊਨਿਟੀ ਵਿੱਚ ਉਠਣ ਵੀ ਨਹੀਂ ਦਿੱਤਾ, ਜੋ ਉਨ੍ਹਾਂ ਦੇ ਏਜੰਡੇ ਤੋਂ ਉਲਟ ਕੰਮ ਕਰ ਸਕਣ। ਸਿੱਖ ਕਮਿਊਨਿਟੀ ਵਿੱਚ ਗੁਰਦੁਆਰੇ ਤੋਂ ਬਾਹਰ ਭੰਗੜੇ-ਗਿੱਧੇ, ਕਬੱਡੀ ਟੂਰਨਾਮੈਂਟਾਂ, ਬਜ਼ੁਰਗਾਂ ਦੀਆਂ ਸੰਸਥਾਵਾਂ, ਸਾਹਿਤਕ ਸਭਾਵਾਂ ਹੀ ਹਨ, ਬੇਸ਼ਕ ਉਨ੍ਹਾਂ ਵਿੱਚ ਬੜੇ ਸੂਝਵਾਨ, ਪੜ੍ਹੇ-ਲਿਖੇ ਤੇ ਤਜਰਬੇਕਾਰ ਲੋਕ ਸ਼ਾਮਿਲ ਹਨ, ਪਰ ਬਦਕਿਸਮਤੀ ਨਾਲ਼ ਉਨ੍ਹਾਂ ਕੋਲ਼ ਕਮਿਊਨਿਟੀ ਦੇ ਸਾਂਝੇ ਰਾਜਨੀਤਕ ਜਾਂ ਸਮਾਜਿਕ ਸਰੋਕਾਰਾਂ ਲਈ ਕੋਈ ਏਜੰਡਾ ਨਹੀਂ। ਉਥੇ ਵੀ ਉਹ ਲੋਕ ਹੀ ਭਾਰੂ ਹਨ, ਜੋ ਆਪਣੇ ਮਨੋਰੰਜਨ ਜਾਂ ਨਿੱਜੀ ਸ਼ੋਹਰਤ ਤੱਕ ਸੀਮਤ ਹਨ।

ਅੱਜ ਜਦੋਂ ਪੰਜਾਬ ਤੇ ਕਨੇਡਾ ਵਿੱਚਲਾ ਬਹੁ-ਗਿਣਤੀ ਸਿੱਖ ਭਾਈਚਾਰਾ ਕਨੇਡਾ-ਭਾਰਤ ਦੇ ਮੌਜੂਦਾ ਤਲਖ ਸਬੰਧਾਂ ਕਾਰਨ ਤੰਗ ਪ੍ਰੇਸ਼ਾਨ ਹੈ ਤਾਂ ਕੀ ਉਨ੍ਹਾਂ ਨੂੰ ਸਪੱਸ਼ਟ ਸਟੈਂਡ ਨਹੀਂ ਲੈਣਾ ਚਾਹੀਦਾ ਕਿ ਉਨ੍ਹਾਂ ਦੇ ਹਿੱਤ ਵਿੱਚ ਕੀ ਹੈ ? ਜੇ ਅਸੀਂ ਆਪਣੇ ਹਿੱਤਾਂ ਲਈ ਆਪ ਨਹੀਂ ਖੜ੍ਹ ਸਕਦੇ ਤਾਂ ਕੋਈ ਸਾਡੇ ਲਈ ਕਿਉਂ ਖੜ੍ਹੇ ? ਮਸਲਾ ਇਹ ਨਹੀਂ ਕਿ ਜੇ ਕੁਝ ਸਿੱਖ ਜਥੇਬੰਦੀਆਂ ਨੂੰ ਲੱਗਦਾ ਹੈ ਕਿ ਸਿੱਖਾਂ ਦਾ ਭਲਾ ਭਾਰਤ ਤੋਂ ਵੱਖ ਹੋ ਕੇ ਵੱਖਰੇ ਦੇਸ਼ ਖਾਲਿਸਤਾਨ ਵਿੱਚ ਹੈ ਤਾਂ ਉਨ੍ਹਾਂ ਨੂੰ ਪੂਰਾ ਹੱਕ ਹੈ ਕਿ ਉਹ ਆਪਣਾ ਪੱਖ ਲੋਕਾਂ ਤੱਕ ਮਾਡਰਨ ਵਰਲਡ ਦੇ ਲੋਕਤੰਤਰੀ ਢੰਗ ਤਰੀਕਿਆਂ ਨਾਲ਼ ਲੋਕਾਂ ਤੱਕ ਲਿਜਾਣ, ਪਰ ਉਨ੍ਹਾਂ ਨੂੰ ਇਹ ਹੱਕ ਬਿਲਕੁਲ ਨਹੀਂ ਦਿੱਤਾ ਜਾ ਸਕਦਾ ਕਿ ਜੇ ਬਹੁ-ਗਿਣਤੀ ਸਿੱਖ ਭਾਈਚਾਰੇ ਨੂੰ ਲਗਦਾ ਹੈ ਕਿ ਸਿੱਖਾਂ ਦਾ ਭਲਾ ਭਾਰਤ ਨਾਲ਼ ਰਹਿਣ ਵਿੱਚ ਹੈ, ਜਿੱਥੇ ਉਨ੍ਹਾਂ ਕੋਲ਼ ਛੋਟੇ ਜਿਹੇ ਪੰਜਾਬ ਵਿੱਚ ਹੀ ਰਹਿਣ ਜਾਂ ਕੰਮ ਕਰਨ ਦੀ ਥਾਂ ਸਾਰਾ ਵਿਸ਼ਾਲ ਭਾਰਤ ਉਨ੍ਹਾਂ ਲਈ ਖੁੱਲ੍ਹਾ ਹੈ ਤਾਂ ਉਨ੍ਹਾਂ ਨੂੰ ਡਰਾਉਣ, ਧਮਕਾਉਣ ਜਾਂ ਗਦਾਰ ਕਹਿਣ ਦੀ ਨੀਤੀ ਕਿਸੇ ਤਰ੍ਹਾਂ ਵੀ ਜਾਇਜ ਨਹੀਂ ਮੰਨੀ ਜਾ ਸਕਦੀ। ਖਾਲਿਸਤਾਨ ਇੱਕ ਰਾਜਨਤੀਕ ਵਿਚਾਰਧਾਰਾ ਹੈ, ਉਸ ਨਾਲ਼ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਪਰ ਅਸਹਿਮਤ ਵਿਅਕਤੀਆਂ ਨੂੰ ਪੰਥ ਦੇ ਗਦਾਰ ਕਹਿ ਕੇ ਹਮਲੇ ਕਰਨੇ, ਸੋਸ਼ਲ ਮੀਡੀਆ ਤੇ ਗਾਲ਼ੀ-ਗਲੋਚ ਕਰਨਾ, ਮਾਡਰਨ ਵਰਲਡ ਦੇ ਲੋਕਤੰਤਰੀ ਸਿਸਟਮ ਹੀ ਨਹੀਂ, ਸਗੋਂ ਸਿੱਖੀ ਦੇ ਬੁਨਿਆਦੀ ਅਸੂਲਾਂ ਦੇ ਵੀ ਖਿਲਾਫ ਹੈ। ਆਮ ਲੋਕਾਂ ਦਾ ਹਾਲ ਇਹ ਹੋ ਚੁੱਕਾ ਹੈ ਕਿ ਅਜਿਹੇ ਹਿੰਸਕ ਲੋਕਾਂ ਦਾ ਵਿਰੋਧ ਕਰਨਾ ਤਾਂ ਦੂਰ, ਭਾਈਚਾਰੇ ਵਿੱਚ ਡਰ ਦਾ ਅਜਿਹਾ ਮਾਹੌਲ ਸਿਰਜ ਦਿੱਤਾ ਗਿਆ ਹੈ ਕਿ ਲੋਕ ਅਜਿਹੀਆਂ ਘਟਨਾਵਾਂ ਦੀ ਨਿਖੇਧੀ ਕਰਨ ਤੋਂ ਵੀ ਘਬਰਾਉਣ ਲੱਗੇ ਹਨ। ਪਰ ਜਦੋਂ ਆਮ ਲੋਕਾਂ ਨਾਲ਼ ਪ੍ਰਾਈਵੇਟ ਗੱਲ ਹੁੰਦੀ ਹੈ ਤਾਂ ਸਭ ਨੂੰ ਇਹੀ ਲਗਦਾ ਹੈ ਕਿ ਖਾਲਿਸਤਾਨ ਦੀ ਦੇਸ਼-ਵਿਦੇਸ਼ ਵਿੱਚ ਮੰਗ ਕੁਝ ਮੁੱਠੀ ਭਰ ਲੋਕਾਂ ਦੀ ਹੀ ਹੈ। ਜੇ ਅਜਿਹਾ ਹੈ ਤਾਂ ਫਿਰ ਬਹੁ-ਗਿਣਤੀ ਭਾਈਚਾਰਾ ਆਪਣਾ ਪੱਖ ਦੁਨੀਆਂ ਨੂੰ ਸਪੱਸ਼ਟ ਕਿਉਂ ਨਹੀਂ ਕਰਦਾ ਕਿ ਸਾਡਾ ਇਸ ਮੰਗ ਨਾਲ਼ ਕੋਈ ਸਬੰਧ ਨਹੀਂ।ਪਰ ਆਮ ਸਿੱਖਾਂ ਸਮੇਤ ਵੱਡੇ-ਵੱਡੇ ਸਿੱਖ ਵਿਦਵਾਨਾਂ ਵਿੱਚ ਅਜਿਹੀ ਸਪਸ਼ਟਤਾ ਦੀ ਘਾਟ ਅਕਸਰ ਦੇਖੀ ਜਾਂਦੀ ਹੈ ? ਇਸੇ ਤਰ੍ਹਾਂ ਬਹੁ-ਗਿਣਤੀ ਸਿੱਖ, ਆਰ ਐਸ ਐਸ ਦੀ ਅਗਵਾਈ ਵਾਲ਼ੀਆਂ ਹਿੰਦੂਤਵੀ ਜਥੇਬੰਦੀਆਂ ਵਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਵਿਰੋਧ ਤਾਂ ਕਰਦੇ ਹਨ, ਜੋ ਕਿ ਹਰ ਸੈਕੂਲਰ ਤੇ ਡੈਮੋਕਰੈਟਿਕ ਸਿੱਖ ਨੂੰ ਕਰਨਾ ਵੀ ਚਾਹੀਦਾ ਹੈ, ਫਿਰ ਉਸੇ ਤਰ੍ਹਾਂ ਦੇ ਧਰਮ ਅਧਾਰਿਤ ਸਿੱਖ ਰਾਸ਼ਟਰ (ਖਾਲਿਸਤਾਨ) ਦਾ ਵਿਰੋਧ ਖੁੱਲ੍ਹ ਕੇ ਕਿਉਂ ਨਹੀਂ ਕਰਦੇ ? ਫਿਰ ਸਿੱਖ ਭਾਈਚਾਰੇ ਦੀ ਇਸ ਮਾਨਸਿਕਤਾ ਨੂੰ ਕਿਵੇਂ ਸਮਝਿਆ ਜਾਵੇ ?

ਕੀ ਅਜਿਹੇ ਹਾਲਾਤ ਵਿੱਚ ਕਮਿਊਨਿਟੀ ਦੇ ਵਿਦਵਾਨਾਂ ਤੇ ਰਾਜਸੀ ਤੌਰ ’ਤੇ ਚੇਤੰਨ ਲੋਕਾਂ ਨੂੰ ਆਪਣੇ ਵਿਸ਼ਾਲ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ, ਕੋਈ ਅਜਿਹੀ ਸਾਂਝੀ ਤੇ ਸਪੱਸ਼ਟ ਨੀਤੀ ਨਹੀਂ ਅਪਨਾਉਣੀ ਚਾਹੀਦੀ, ਜਿਸ ਨਾਲ਼ ਉਨ੍ਹਾਂ ਦਾ ਪੱਖ ਸਾਰੀ ਦੁਨੀਆਂ ਨੂੰ ਸਪੱਸ਼ਟ ਹੋਵੇ ? ਚੁੱਪ ਤੇ ਦੁਬਿਧਾ ਨਾਲ਼ ਪਹਿਲਾਂ ਵੀ ਨੁਕਸਾਨ ਹੋਇਆ ਸੀ ਤੇ ਹੁਣ ਵੀ ਹੋ ਰਿਹਾ ਹੈ। ਸਾਡੇ ਬੁੱਧੀਜੀਵੀਆਂ ਤੇ ਸੰਸਥਾਵਾਂ ਨੂੰ ਆਪਣੇ-ਆਪਣੇ ਸ਼ਹਿਰਾਂ ਤੇ ਦਾਇਰਿਆਂ ਵਿੱਚ ਇਸਨੂੰ ਗੰਭੀਰਤਾ ਨਾਲ਼ ਵਿਚਾਰਨ ਦੀ ਲੋੜ ਹੈ, ਨਹੀਂ ਤਾਂ ਅਸੀਂ ਇਸੇ ਤਰ੍ਹਾਂ ਨੁਕਸਾਨ ਉਠਾਉਂਦੇ ਰਹਾਂਗੇ।

ਮੇਲਾ ਗ਼ਦਰੀ ਬਾਬਿਆਂ ਦਾ

# ਸਿਖ਼ਰ ਹੋ ਨਿਬੜਿਆ, ਮੇਲੇ ਦਾ ਸਿਖ਼ਰਲਾ ਦਿਹਾੜਾ







ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੇ ਸਿਖਰਲੇ ਦਿਨ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਇਆ। ਜਿਉਂ ਹੀ ਗ਼ਦਰੀ ਝੰਡਾ ਉੱਚਾ ਉਠਿਆ ਅਤੇ ਅਮਰ ਸ਼ਹੀਦਾਂ ਨੂੰ ਸਿਜਦਾ ਕਰਦੇ ਹੋਏ ਫੁੱਲਾਂ ਦੀ ਵਰਖ਼ਾ ਹੋਈ ਤਾਂ ਸਾਮਰਾਜਵਾਦ ਮੁਰਦਾਬਾਦ ਅਤੇ ਇਨਕਲਾਬ ਜ਼ਿੰਦਾਬਾਦ ਤੋਂ ਇਲਾਵਾ ਫ਼ਲਸਤੀਨ, ਮਨੀਪੁਰ ਦੇ ਲੋਕਾਂ ਦੇ ਹੱਕ 'ਚ ਅਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਨਾਅਰਿਆਂ ਦੀ ਗੂੰਜ ਪਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਮੇਲੇ 'ਤੇ ਪੁੱਜੇ ਲੋਕਾਂ, ਭਰਾਤਰੀ ਜੱਥੇਬੰਦੀਆਂ ਅਤੇ ਪ੍ਰੈਸ ਨੂੰ ਜੀ ਆਇਆਂ ਕਿਹਾ। ਉਹਨਾਂ ਦੱਸਿਆ ਕਿ ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ ਨੂੰ ਸਮਰਪਤ ਮੇਲਾ ਗ਼ਦਰੀ ਬਾਬਿਆਂ ਦਾ ਗ਼ਦਰੀਆਂ ਦੇਸ਼ ਭਗਤਾਂ ਦੇ ਸੁਪਨਿਆਂ ਦੀ ਆਜ਼ਾਦੀ, ਬਰਾਬਰੀ ਅਤੇ ਧਰਮ ਨਿਰਪੱਖਤਾ ਵਾਲੇ ਰਾਜ ਅਤੇ ਸਮਾਜ ਦਾ ਹੋਕਾ ਦੇਣ 'ਚ ਸਫ਼ਲ ਰਿਹਾ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਗ਼ਦਰੀ ਬਾਬਿਆਂ ਦੀ ਸੋਚ ਕੌਮਾਂਤਰੀਵਾਦੀ ਸੀ, ਇਸ ਲਈ ਦੁਨੀਆਂ ਭਰ ਦੀ ਜੂਝਦੀਆਂ ਕੌਮਾਂ ਅਤੇ ਲੋਕਾਂ ਦੀ ਜਦੋਜਹਿਦ ਲਈ ਆਵਾਜ਼ ਬੁਲੰਦ ਕਰਨਾ ਸਾਡਾ ਫ਼ਰਜ਼ ਹੈ।

ਇਸ ਮੌਕੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਸਾਡਾ ਇਸ ਮੇਲੇ 'ਚ ਉਸ ਤੋਂ ਅੱਗੇ ਤੁਰਨ ਦਾ ਸੁਨੇਹਾ ਦੇਣਾ ਹੈ, ਜੋ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਆਪਣੀ ਡਾਇਰੀ 'ਚ ਲਿਖਕੇ ਗਏ ਹਨ ਕਿ ਗ਼ਦਰੀਆਂ ਦਾ ਵਾਰਸ ਹਰ ਇੱਕ ਸਿਪਾਹੀ ਉਹ ਵੇਲੇ ਤੱਕ ਲੜਦਾ ਰਹੇਗਾ ਜਦੋਂ ਤੱਕ ਲੁੱਟ, ਵਿਤਕਰੇ ਅਤੇ ਅਨਿਆਂ ਦੀ ਜੜ੍ਹ ਨਹੀਂ ਪੁੱਟੀ ਜਾਂਦੀ। ਇਹ ਲੋਕਾਂ ਦੇ ਦੋਖੀ ਦੇਸੀ ਹੋਣ ਚਾਹੇ ਬਦੇਸ਼ੀ ਇਹ ਸੰਗਰਾਮ ਜਾਰੀ ਰਹੇਗਾ।

ਝੰਡੇ ਦੀ ਰਸਮ ਮੌਕੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਖਜ਼ਾਨਚੀ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਡਾ. ਪਰਮਿੰਦਰ, ਕੁਲਬੀਰ ਸਿੰਘ ਸੰਘੇੜਾ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਸੁਰਿੰਦਰ ਸਿੰਘ ਜਲਾਲਦੀਵਾਲ, ਪ੍ਰਗਟ ਸਿੰਘ ਜਾਮਾਰਾਏ, ਕ੍ਰਿਸ਼ਨਾ, ਹਰਮੇਸ਼ ਮਾਲੜੀ, ਹਰਦੇਵ ਅਰਸ਼ੀ, ਜਗਰੂਪ, ਰਮਿੰਦਰ ਪਟਿਆਲਾ, ਬਲਵੀਰ ਕੌਰ ਬੁੰਡਾਲਾ, ਸਵਰਨ ਸਿੰਘ ਵਿਰਕ, ਦਰਸ਼ਨ ਖਟਕੜ, ਦੇਵਰਾਜ ਨਯੀਅਰ, ਵਿਜੈ ਬੰਬੇਲੀ, ਡਾ. ਕਰਮਜੀਤ, ਡਾ. ਸੈਲੇਸ਼, ਸੁਖਦੇਵ ਸਿਰਸਾ, ਐਡਵੋਕੇਟ ਰਾਜਿੰਦਰ ਮੰਡ, ਸੁਖਵਿੰਦਰ ਸੇਖੋਂ ਅਤੇ ਪ੍ਰੋ. ਤੇਜਿੰਦਰ ਵਿਰਲੀ ਵੀ ਹਾਜ਼ਰ ਸਨ।

ਇਸ ਉਪਰੰਤ ਅਮੋਲਕ ਸਿੰਘ ਦੁਆਰਾ ਲਿਖਿਆ ਸੰਗੀਤ ਨਾਟ ਓਪੇਰਾ ਝੰਡੇ ਦਾ ਗੀਤ: 'ਚਾਨਣ ਦੇ ਵਣਜਾਰੇ', ਪੰਜਾਬੀ ਰੰਗ ਮੰਚ ਦੇ ਨਾਮਵਰ ਨਿਰਦੇਸ਼ਕ, ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਪੇਸ਼ ਕੀਤਾ, ਜਿਸ ਨੂੰ ਹਰਿੰਦਰ ਸੋਹਲ ਨੇ ਸੰਗੀਤਬੱਧ ਕੀਤਾ ਅਤੇ ਹਰਿੰਦਰ ਸੋਹਲ ਸਮੇਤ ਕੁਸ਼ਾਗਰ ਕਾਲੀਆ, ਮਨਪ੍ਰੀਤ ਸੋਹਲ ਅਤੇ ਹਰਸ਼ਿਤਾ ਨੇ ਆਪਣੀ ਆਵਾਜ਼ ਨਾਲ ਸ਼ਿੰਗਾਰਿਆ। ਝੰਡੇ ਦੇ ਗੀਤ ਨੇ 40 ਮਿੰਟ ਸਮਾਂ ਬੰਨ੍ਹ ਦਿੱਤਾ।

ਨਾਮਧਾਰੀ ਸੰਗੀਤ ਕਲਾ ਕੇਂਦਰ ਦੁਆਰਾ ਪ੍ਰਭਾਵਸ਼ਾਲੀ ਕਲਾ ਵੰਨਗੀ 'ਹੱਲਾ', ਹਰਿੰਦਰ ਸੋਹਲ ਅੰਮ੍ਰਿਤਸਰ, ਸੰਗੀਤ ਵਿਭਾਗ, ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ) ਨੇ ਗੀਤ-ਸੰਗੀਤ ਪੇਸ਼ ਕੀਤਾ।

ਖਚਾਖਚ ਭਰੇ ਪੰਡਾਲ 'ਚ 'ਦੀ ਵਾਇਰ' ਦੇ ਮੰਨੇ-ਪ੍ਰਮੰਨੇ ਵਿਦਵਾਨ ਸੰਪਾਦਕ ਸਿਧਾਰਥ ਵਰਧਰਾਜਨ ਨੇ ਕਿਹਾ ਕਿ ਬੋਲਣ ਦੀ ਆਜ਼ਾਦੀ, ਪਰ ਬੋਲਣ ਤੋਂ ਬਾਅਦ ਆਜ਼ਾਦੀ ਦੀ ਗਾਰੰਟੀ ਨਹੀਂ। ਮੁਲਕ ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੁਲਕ ਵਿੱਚ ਐਮਰਜੈਂਸੀ ਦੇ ਮੌਕੇ ਜਿਸ ਤਰ੍ਹਾਂ ਵਿਚਾਰਾਂ ਦੀ ਆਜ਼ਾਦੀ ਨੂੰ ਦਬਾਇਆ, ਦੜਿਆ, ਕੁਚਲਿਆ ਗਿਆ। ਅੱਜ ਗੈਰ ਐਲਾਨੀ ਐਮਰਜੈਂਸੀ ਦੇ ਹਾਲਾਤਾਂ ਦੌਰਾਨ ਮੁਲਕ ਦੇ ਸਾਰੇ ਤਬਕੇ ਸ਼ੰਕਾ ਦੇ ਦਾਇਰੇ ਵਿੱਚ ਹਨ। ਅੱਜ ਪੱਤਰਕਾਰਾਂ, ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਭਾਵੇਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ ਪਰ ਅਸਹਿਮਤੀ ਵਾਲੇ ਵਿਚਾਰ ਪ੍ਰਗਟਾਉਣ ਵਾਲੇ ਭਾਵੇਂ ਬੋਲਣ ਦੇ ਹੱਕ ਦੀ ਵਰਤੋਂ ਕਰਦੇ ਹਨ ਪਰ ਬੋਲਣ ਤੋਂ ਬਾਅਦ ਉਹਨਾਂ ਦੀ ਆਜ਼ਾਦੀ ਦੀ ਕੋਈ ਗਾਰੰਟੀ ਨਹੀਂ ਹੈ। ਉਹਨਾਂ ਕਿਹਾ ਕਿ ਨਿਊਜ਼ ਕਲਿੱਕ ਅਤੇ ਹੋਰ ਉਦਾਹਰਨਾਂ ਸਾਡੇ ਸਾਹਮਣੇ ਹਨ ਕਿ ਅਸਹਿਮਤੀ ਦਾ ਵਿਚਾਰ ਪ੍ਰਗਟਾਉਣ ਵਾਲੇ ਪੱਤਰਕਾਰ, ਲੇਖਕ, ਕਲਾਕਾਰ, ਬੁੱਧੀਜੀਵੀ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੁਨੀਆਂ ਭਰ ਵਿੱਚ ਫਾਸ਼ੀਵਾਦ ਆਪਣੇ ਉਭਾਰ 'ਤੇ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਆਪਣੀ ਵਿਦੇਸ਼ ਨੀਤੀ ਨੂੰ ਦਰਕਿਨਾਰ ਕਰਦਿਆਂ ਇਜ਼ਰਾਈਲ ਦੇ ਹੱਕ ਵਿੱਚ ਭੁਗਤਣਾ ਇਸ ਦੀ ਵੱਡੀ ਮਿਸਾਲ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਜਮਹੂਰੀਅਤ ਨੂੰ ਬਚਾਉਣ ਲਈ ਗ਼ਦਰੀ ਬਾਬਿਆਂ ਦੇ ਆਜ਼ਾਦੀ, ਬਰਾਬਰੀ ਅਤੇ ਧਰਮ ਨਿਰਪੱਖਤਾ ਦੇ ਆਦਰਸ਼ਾਂ ਉੱਤੇ ਡਟ ਕੇ ਪਹਿਰਾ ਦੇਣ ਦੀ ਜ਼ਰੂਰਤ ਹੈ। ਅੱਜ ਮੁਲਕ ਵਿੱਚ ਜਿਸ ਤਰ੍ਹਾਂ, ਆਮ ਬੰਦੀ ਦੀ ਆਜ਼ਾਦੀ ਖ਼ਤਰੇ ਵਿੱਚ ਹੈ, ਆਰਥਿਕ ਪਾੜਾ ਨਿਰੰਤਰ ਵਧਦਾ ਜਾ ਰਿਹਾ ਹੈ, ਫ਼ਿਰਕੂ ਤਾਕਤਾਂ ਨੂੰ ਹਵਾ ਦਿੱਤੀ ਜਾ ਰਹੀ ਹੈ। ਇਸ ਦੌਰ ਵਿੱਚ ਲਾਮਬੰਦ ਹੋ ਕੇ ਲੜਨਾ ਸਾਡੇ ਸਮਿਆਂ ਦੀ ਵੱਡੀ ਲੋੜ ਹੈ।



ਉਹਨਾਂ ਸੁਚੇਤ ਕੀਤਾ ਕਿ ਜੇਕਰ ਲੋਕ ਧਿਰਾਂ ਲਾਮਬੰਦ ਨਾ ਹੋਇਆ ਤਾਂ ਉਹ ਜਿੱਤਣਗੇ ਜਿਨ੍ਹਾਂ ਨੂੰ ਹਰਾਉਣ ਦੀ ਅੱਜ ਵੱਡੀ ਲੋੜ ਹੈ, ਜਿਸ ਲਈ ਆਪਣੀ-ਆਪਣੇ ਲੋਕਾਂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਗ਼ਦਰੀ ਬਾਬਿਆਂ ਦੇ ਆਦਰਸ਼ਾਂ ਤੇ ਤੁਰਦਿਆਂ ਲਾਮਬੰਦ ਹੋ ਕੇ ਲੜਨ ਦੀ ਸਖ਼ਤ ਜ਼ਰੂਰਤ ਹੈ।

ਅੰਮ੍ਰਿਤਸਰ ਸਕੂਲ ਆਫ਼ ਡਰਾਮਾ ਦੇ ਨਿਰਦੇਸ਼ਕ ਇਕੱਤਰ ਦੀ ਨਿਰਦੇਸ਼ਨਾ 'ਚ ਉਹਨਾਂ ਦਾ ਹੀ ਲਿਖਿਆ ਨਾਟਕ 'ਠੱਗੀ' ਪੇਸ਼ ਕੀਤਾ ਗਿਆ।


ਗ਼ਦਰੀ ਬਾਬਾ ਜਵਾਲਾ ਸਿੰਘ ਹਾਲ ਵਿੱਚ ਹੋਈ ਵਿਚਾਰ ਚਰਚਾ ਨੂੰ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ, ਮੰਗਤ ਰਾਮ ਪਾਸਲਾ, ਡਾ. ਪਰਮਿੰਦਰ, ਦਰਸ਼ਨ ਖਟਕੜ, ਸੁਖਵਿੰਦਰ ਸੇਖੋਂ ਨੇ ਸੰਬੋਧਨ ਕੀਤਾ।

ਪੰਜਾਬ ਦੇ ਲੋਕ ਗ਼ਦਰੀ ਬਾਬਿਆਂ ਦੀ ਇਸ ਵਿਰਾਸਤ ਦੇ ਪੈਰੋਕਾਰਾਂ ਤੋਂ ਇਹ ਆਸ ਕਰਦੇ ਹਨ ਕਿ ਪੰਜਾਬ ਹੀ ਨਹੀਂ ਸਮੁੱਚੇ ਦੇਸ਼ ਦੀਆਂ ਮੁਸੀਬਤਾਂ ਦੇ ਹੱਲ ਲਈ ਵਧ ਰਹੇ ਫਾਸ਼ੀਵਾਦੀ ਖਤਰਿਆਂ ਨਾਲ ਟਕਰਾਉਣ ਲਈ ਵਿਚਾਰਧਾਰਕ ਲਾਮਬੰਦੀ ਦੀ ਮੰਗ ਕਰਦੇ ਹਨ। ਉਹ ਇਨ੍ਹਾਂ ਆਗੂਆਂ ਤੋਂ ਇਹ ਵੀ ਆਸ ਰੱਖਦੇ ਹਨ ਕਿ ਉਹ ਭਵਿੱਖ਼ ਵਿੱਚ ਇਕਠੇ ਹੋ ਕੇ ਬੈਠਣ ਤੇ ਵੱਡੇ ਮਸਲਿਆਂ ਦਾ ਕੁਝ ਉਸੇ ਅੰਦਾਜ਼ ਵਿੱਚ ਹੱਲ ਤਰਾਸ਼ਣ ਜਿਵੇਂ ਸੰਯੁਕਤ ਕਿਸਾਨ ਮੋਰਚੇ ਨੇ ਤਲਾਸ਼ਿਆ ਸੀ। ਇਸੇ ਸੰਦਰਭ ਵਿੱਚ ਅੱਜ ਦੀ ਵਿਚਾਰ ਚਰਚਾ ਦੇ ਸਾਰੇ ਬੁਲਾਰਿਆਂ ਨੇ ਲੋਕਾਂ ਦੀ ਏਕਤਾ 'ਤੇ ਜੋਰ ਦਿੱਤਾ ਅਤੇ ਫਾਸ਼ੀਵਾਦ ਦੇ ਟਾਕਰੇ ਲਈ ਲੋਕ ਲਾਮਬੰਦੀ ਦਾ ਨਾਅਰਾ ਦਿੱਤਾ।

ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਪੰਡਾਲ ਦੀ ਮੰਚ ਸੰਚਾਲਨਾ ਸਭਿਆਚਾਰ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਹਰਵਿੰਦਰ ਪੰਡਾਲ ਅਤੇ ਬਾਬਾ ਜਵਾਲਾ ਸਿੰਘ ਹਾਲ ਵਿੱਚ ਹੋਈ ਵਿਚਾਰ-ਚਰਚਾ ਦੀ ਮੰਚ ਸੰਚਾਲਨਾ ਪ੍ਰੋ. ਤੇਜਿੰਦਰ ਵਿਰਲੀ ਨੇ ਕੀਤੀ।



# ਪੁਸਤਕ ਮੇਲਾ : ਪੁਸਤਕ ਅਤੇ ਸਭਿਆਚਾਰ ਨੂੰ ਵਿਕਸਿਤ ਕਰਨ ਲਈ ਅਹਿਮ ਕਾਰਜ
















ਕੈਲਗਰੀ (ਹਰਚਰਨ ਸਿੰਘ ਪਰਹਾਰ): ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਆਖਰੀ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਹੁਣ ਠੰਡ ਦਾ ਮੌਸਮ ਸ਼ੁਰੂ ਹੋ ਰਿਹਾ ਹੈ ਤੇ ਬਾਹਰ ਦੀਆਂ ਸਰਗਰਮੀਆਂ ਘਟ ਜਾਂਦੀਆਂ ਹਨ, ਇਸ ਮੌਕੇ ਘਰ ਬੈਠ ਕੇ ਕਿਤਾਬਾਂ ਪੜ੍ਹਨ ਦਾ ਵਧੀਆ ਮੌਕਾ ਹੈ। ਉਨ੍ਹਾਂ ਸਮੁੱਚੇ ਮੀਡੀਏ ਦਾ ਹਮੇਸ਼ਾਂ ਸਹਿਯੋਗ ਲਈ ਧੰਨਵਾਦ ਕੀਤਾ।

ਪੁਸਤਕ ਮੇਲੇ ਦੀ ਸ਼ੁਰੂਆਤ ਰੇਡੀਓ ਰੈਡ ਐਫ ਐਮ ਦੇ ਨਿਊਜ਼ ਹੋਸਟ ਰਿਸ਼ੀ ਨਾਗਰ ਵਲੋਂ ਰਿਬਨ ਕੱਟ ਕੇ ਕੀਤੀ ਗਈ। ਉਨ੍ਹਾਂ ਪਾਠਕਾਂ ਸੰਬੋਧਨ ਹੁੰਦੇ ਹੋਏ ਕਿਹਾ ਕਿ ਕਿਤਾਬਾਂ ਦਾ ਸਾਡੇ ਜੀਵਨ ਵਿੱਚ ਬਹੁਤ ਵੱਡਾ ਰੋਲ ਹੈ। ਜਿਹੜੇ ਲੋਕ ਕਿਤਾਬਾਂ ਨਹੀਂ ਪੜ੍ਹਦੇ, ਉਨ੍ਹਾਂ ਦਾ ਬੌਧਿਕ ਵਿਕਾਸ ਰੁਕ ਜਾਂਦਾ ਹੈ। ਪੰਜਾਬੀਆਂ ਵਿੱਚ ਕਿਤਾਬਾਂ ਦੇ ਘਟਦੇ ਰੁਝਾਨ ਤੇ ਉਨ੍ਹਾਂ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਕੁਝ ਕਿਤਾਬਾਂ ਦਾ ਸੈਟ ਵੀ ਭੇਟ ਕੀਤਾ ਗਿਆ।

ਪ੍ਰਬੰਧਕਾਂ ਨੇ ਪਾਠਕਾਂ ਵਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?







KHALSA COLLECTION
RELIGIOUS CULTURAL
+1 587-917-0807
UNIT 3210 2ND FLOOR, 4310 104 AVE NE, CALGARY, AB
WWW.KHALSACOLLECTION.CA
KHALSACOLLECTIONCALGARY

Gutka Sahib, Gurbani Radio & USB, Gatka & Dumalla Shaster

Wall Decor, Musical Instruments, Religious & Cultural Accessories

Loose fabric, Gents & Ladies Stitched suits, Dastaar, Shawl & Lohi

UTENSILS
Sarabloh, Copper, Steel & Clay

WEDDING ITEMS
All types of wedding needs, Apparel & Jagoo rental,


## ਨਾਟਕ : ਮਾਸਟਰ ਜੀ

# ਰਾਣਾ ਰਣਬੀਰ ਦੀ ਕਲਾਕ੍ਰਿਤ ਰਾਹੀਂ ਉਭਰਦੀ ਪੰਜਾਬੀ ਮਾਨਸਿਕਤਾ

ਰਿਪੋਰਟ : ਅਮਨਦੀਪ ਕੌਰ/ਰਮਨਦੀਪ ਕੌਰ

ਇਸ ਵਿਚ ਕੋਈ ਸ਼ੱਕ ਨਹੀਂ ਕਿ ਥੀਏਟਰ, ਸਿਨੇਮਾ ਤੇ ਗਾਇਕੀ ਸਮਾਜ ਦਾ ਇਕ ਦਰਪਣ ਹੁੰਦੀ ਹੈ। ਸਮਾਜ 'ਚ ਫੈਲੀਆਂ, ਕੁਰੀਤੀਆਂ ਤੇ ਅਲਾਮਤਾਂ ਲੋਕਾਂ ਸਾਹਮਣੇ ਪੇਸ਼ ਕਰਨਾ ਤੇ ਉਸ ਦਾ ਇਕ ਸੰਜੀਦਾ ਹੱਲ ਰੰਗ ਮੰਚ ਹਮੇਸ਼ਾ ਪੇਸ਼ ਕਰਦਾ ਰਿਹਾ ਹੈ। ਗੁਰਸ਼ਰਨ ਭਾਅ ਜੀ ਇਸ ਦੀ ਇਕ ਵਧੀਆ ਉਦਾਹਰਣ ਹਨ। ਪਰ ਪੰਜਾਬ ਦੇ ਲੋਕਾਂ ਦਾ ਰਵੱਈਆ ਰੰਗ ਮੰਚ ਪ੍ਰਤੀ ਥੋੜ੍ਹਾ ਨੀਰਸ ਹੀ ਰਿਹਾ ਹੈ। ਪੰਜਾਬੀ ਸਟੇਜ ਆਮ ਲੋਕਾਂ ਤੱਕ ਬਹੁਤੀ ਪਹੁੰਚ ਨਹੀਂ ਕਰ ਸਕਿਆ। ਜਿਨ੍ਹਾ ਲੋਕ ਪੰਜਾਬੀ ਫਿਲਮਾਂ (ਕਾਮਰੇਡੀ) ਅਤੇ ਗੀਤਾਂ ਨੂੰ ਪਸੰਦ ਕਰਦੇ ਨੇ ਉਨ੍ਹਾਂ ਪੰਜਾਬ ਨਾਟਕਾਂ ਪ੍ਰਤੀ ਝੁਕਾਅ ਦੇਖਣ ਨੂੰ ਨਹੀਂ ਮਿਲਦਾ ਪਰ ਅਜਿਹੇ ਹੀ ਸਮੇਂ ਵਿਚ ਰਾਣਾ ਰਣਬੀਰ ਦਾ ਨਾਟਕ 'ਮਾਸਟਰ ਜੀ" ਬੜਾ ਲੋਕਪ੍ਰਿਆ ਹੋ ਰਿਹਾ ਹੈ। ਯੂਰਪ ਅਤੇ ਕੈਨੇਡਾ ਦੇ ਟੂਰ ਤੋਂ ਬਾਅਦ ਹੁਣ ਰਾਣਾ ਰਣਬੀਰ ਇੰਡੀਆ ਦੇ ਟੂਰ 'ਤੇ ਹੈ ਤੇ ਲੋਕਾਈ ਵਿਚ ਨਾਟਕ ਦਾ ਸੰਦੇਸ਼ ਦਿੰਦਾ ਜਾਪਦਾ ਹੈ।

ਜਸਵੰਤ ਜ਼ਫ਼ਰ ਅਤੇ ਰਾਣਾ ਰਣਬੀਰ ਦੁਆਰਾ ਲਿਖਿਆ ਇਹ ਨਾਟਕ ਅਜੋਕੇ ਸਮਾਜ ਦਾ ਕਈ ਪੱਖਾਂ ਤੋਂ ਸੀਸ਼ਾ ਦਿਖਾਉਂਦਾ ਹੈ ਤੇ ਇਕ ਅਧਿਆਪਕ ਦੇ ਸਮਾਜ ਵਿਚ ਸੰਚਾਰੂ ਰੋਲ ਤੇ ਰੌਸ਼ਨੀ ਪਾਉਂਦਾ ਹੈ। ਇਕ ਅਧਿਆਪਕ ਇਨਸਾਨੀਅਤ ਦਾ ਸੁਨੇਹਾ ਆਪਣੇ ਵਿਦਿਆਰਥੀਆਂ ਨੂੰ ਸਿਖਾਉਂਦਾ ਹੈ। ਅੱਜ ਦੇ ਸਮਾਜ ਵਿਚ ਇਕ ਅਧਿਆਪਕ ਤੇ ਵੀ ਵੱਖੋ-ਵੱਖਰੇ ਦਬਾਅ ਇਸ ਨਾਟਕ ਵਿਚ ਦਿਖਾਏ ਗਏ। ਇਕ ਅਧਿਆਪਕ ਦੀ ਦੁਬਿਧਾ ਵਾਲੀ ਮਨੋਦਸ਼ਾ ਨੂੰ ਰਾਣਾ-ਰਣਬੀਰ ਨੇ ਬਾਖ਼ੂਬੀ ਨਾਲ ਪੇਸ਼ ਕੀਤਾ। ਇਕ ਅਧਿਆਪਕ ਹੀ ਨਾਨਕ ਦਾ ਅਸਲ ਮਸੀਹਾ ਹੋ ਸਕਦਾ ਹੈ, ਉਹੀ ਅਗਲੀ ਪੀੜ੍ਹੀ ਨੂੰ ਸੇਧਿਤ ਕਰ ਸਕਦਾ ਹੈ।





ਮਾਸਟਰ ਜੀ ਨਾਟਕ ਨੇ ਕਈ ਪੱਖਾਂ ਤੋਂ ਕਲਾਸ ਲਗਾਈ। ਸਮਾਜ ਦੇ ਕਹੀ ਪੱਖਾਂ ਜਿਵੇਂ ਸੋਸ਼ਲ ਮੀਡੀਆ ਦੇ ਵਧੇਰੇ ਪ੍ਰਯੋਗ, ਕਿਸੇ ਵੀ ਇਕ ਮੈਸੇਜ ਨੂੰ ਬਿਨਾਂ ਦੇਖਿਆਂ ਅੱਗੇ ਭੇਜਣਾ ਅਤੇ ਫੇਸ਼ ਬੁੱਕੀ ਵਿਦਵਾਨਾਂ 'ਤੇ ਬੜੇ ਤਰੀਕੇ ਤੇ ਸਲੀਕੇ ਨਾਂਲ ਤਨਜ਼ ਕੀਤੀ। ਲੋਕਾਂ ਨੂੰ ਸੋਸ਼ਲ ਮੀਡੀਆ ਦੀ ਸੁਚੱਜੀ ਵਰਤੋਂ ਦਾ ਵੀ ਸੰਦੇਸ਼ ਦਿੱਤਾ।

ਧਰਮ ਤੇ ਰੱਬ ਪ੍ਰਤੀ ਲੋਕਾਂ ਦੇ ਨਜ਼ਰੀਏ 'ਤੇ ਵਿਅੰਗ ਕਰਦਿਆਂ ਧਰਮ ਦੀ ਅਸਲ ਪਰਿਭਾਸ਼ਾ ਸਮਝਾਈ ਤੇ ਲੋਕਾ ਦੇ ਵਿਚ ਫੈਲੇ ਵਹਿਮਾਂ ਭਰਮਾਂ ਨੂੰ ਦੂਰ ਕਰਨ ਦਾ ਸੰਦੇਸ਼ ਦਿੱਤਾ। ਨਾਟਕ ਦਾ ਚਿੱਤਰ ਉਸ ਦੀਆਂ ਤਸਵੀਰਾਂ ਵਿਚੋਂ ਨਹੀਂ ਬਲਕਿ ਉਨ੍ਹਾਂ ਦੀ ਬਾਣੀ ਵਿਚੋਂ ਉਪਜਣ ਦੀ ਸੇਧ ਦਿੱਤੀ। ਵਿਦਿਆਰਥੀਆਂ ਨੂੰ ਪੜ੍ਹਾਈ ਨੰਬਰਾਂ ਤੋਂ ਪਾਰ ਹੋ ਕੇ ਕਰਨ ਦਾ ਸੁਨੇਹਾ ਦਿੰਦਿਆਂ ਹਿਸ ਨਾਟਕ ਵਿਚ ਅਧਿਆਪਕਾਂ ਤੇ ਰਹਿੰਦੇ ਉਪਰੀ ਦਬਾਅ, ਨਾ ਪੜ੍ਹਾਏ ਜਾਣ ਦਾ ਦੁੱਖ ਅਤੇ ਅਧਿਆਪਕ ਦੀ ਪਹਿਲੇ ਸਮਾਜ ਵਿਚ ਅਤੇ ਅਜੋਕੇ ਸਮਾਜ ਵਿਚ ਸਥਿਤੀ ਨੂੰ ਇਹ ਨਾਟਕ ਬਾਖ਼ੂਬੀ ਉਘਾੜਦਾ ਹੈ। ਸਮਾਜ ਵਿਚ ਫੈਲੇ ਆਧੁਨਿਕਤਾ ਦੇ ਗਲਤ ਕਾਨਸੈਪਟ 'ਤੇ ਵੀ ਚੋਣ ਕਰਦਿਆਂ ਅਜੋਕੀ ਪੀੜ੍ਹੀ ਦੇ ਹਰ ਗੱਲ 'ਤੇ ਗਾਲ ਕੱਢਣ, ਜ਼ਿੰਦਗੀ ਨੂੰ ਦਿਖਾਵੇਬਾਜ਼ੀ ਵਿਚ ਜਿਉਣ ਅਤੇ ਮਾਨਸਿਕ ਵਿਕਾਸ 'ਤੇ ਕੋਈ ਬਹੁਤ ਜ਼ੋਰ ਨਾ ਦੇਣ ਅਤੇ ਕਿਤਾਬਾਂ ਨਾਲ ਜੁੜਨ ਦੀ ਸੇਧ ਦਿੱਤੀ।

ਮਾਸਟਰ ਗੁਰਮੁਖ ਸਿੰਘ ਦੇ ਰੂਪ ਵਿਚ ਅਜੋਕੇ ਸਮਾਜ ਨੂੰ ਸੇਧਿਤ ਕਰਦਿਆਂ ਰਾਣਾ ਰਣਬੀਰ ਅਤੇ ਰਾਜਬੀਰ ਬੋਪਾਰਾਏ ਨੇ ਦੋ ਘੰਟੇ ਸਮਾਂ ਬੰਨ੍ਹੀ ਰੱਖਿਆ। ਮਾਸਟਰ ਗੁਰਮੁਖ ਸਿੰਘ ਜੀ ਤੋਂ ਰਾਣਾ ਰਣਬੀਰ ਤੇ ਰਾਣਾ ਰਣਬੀਰ ਤੋਂ ਮਾਸਟਰ ਗੁਰਮੁੱਖ ਸਿੰਘ ਅਤੇ ਵਿਚ ਵਿਚ ਫਲੈਸ਼ ਬੈਕ ਵਿਚ ਜਾਣ ਦੇ ਸੀਨ ਅਦਾਕਾਰੀ ਦਾ ਇਕ ਮੁਜੱਸਮਾ ਸਾਬਤ ਹੋਏ। ਇਹ ਨਾਟਕ ਉਨ੍ਹਾਂ ਅਧਿਆਪਕਾਂ ਲਈ ਇਕ ਪ੍ਰੇਰਣਾਸ੍ਰੋਤ ਹੈ ਜੋ ਆਪਣੇ ਕਿੱਤੇ ਵਿਚ ਪੂਰਨ ਇਮਾਨਦਾਰੀ ਨਾਲ ਵਫਾ ਕਮਾ ਰਹੇ ਹਨ ਅਤੇ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਮਿਹਨਤ ਕਰਦੇ ਹਨ। ਨਾਲ ਦੇ ਨਾਲ ਇਹ ਨਾਟਕ ਅੱਜ ਦੇ ਵਿਦਿਆਰਥੀ ਵਰਗ ਵਿਚ ਅਧਿਆਪਕ ਲਈ ਆ ਰਹੀ ਇੱਜ਼ਤ ਦੀ ਘਾਟ 'ਤੇ ਵੀ ਤਨਜ਼ ਕਰਦਾ ਹੈ। ਗੁਰਬਾਣੀ ਅਤੇ ਗੁਰੂਆਂ ਦੁਆਰਾ ਦੱਸੀ ਗਈ ਗੁਰੂ ਦੀ ਮਹੱਤਤਾ ਨੂੰ ਵਿਦਿਆਰਥੀਆਂ ਨੂੰ ਸਮਝਾਉਂਦਾ ਹੈ।

ਆਮ ਲੋਕਾਂ ਦੀ ਸਮੱਸਿਆਵਾਂ ਅਤੇ ਟੈਨਸ਼ਨਾਂ ਭਰੀ ਜ਼ਿੰਦਗੀ ਦੇ ਦ੍ਰਿਸ਼ ਪੇਸ਼ ਕਰਦਿਆਂ ਸਮਝਾਉਂਦਾ ਹੈ ਕਿ ਕਿਸ ਤਰ੍ਹਾਂ ਕਈ ਛੋਟੀਆਂ ਛੋਟੀਆਂ ਗੱਲਾਂ ਨੂੰ ਅਣਦੇਖਿਆ ਅਣਗੌਲਿਆ ਕਰਕੇ ਜ਼ਿੰਦਗੀ ਸੋਹਣੀ ਬਣ ਸਕਦੀ ਹੈ। ਆਪਸੀ ਰੰਜਸਾਂ, ਦੁਸ਼ਮਣੀਆਂ ਛੱਡ ਕੇ ਪਿਆਰ ਦੀ ਭਾਸ਼ਾ ਨਾਲ ਰੰਗਣਾ ਹੀ ਇਨਸਾਨੀ ਧਰਮ ਹੈ। ਇਸ ਨਾਟਕ ਦੀ ਸਫ਼ਲਤਾ ਇਸੇ ਵਿਚ ਝਲਕਦੀ ਹੈ ਕਿ ਹਿਹ ਰੰਗ ਮੰਚ ਦਾ ਪਹਿਲਾ ਐਸਾ ਨਾਟਕ ਹੋਵੇਗਾ ਜੋ ਹਾਊਸ ਫੁੱਲ ਚਲ ਰਿਹਾ ਹੈ ਤੇ ਦਰਸ਼ਕਾਂ ਦੇ ਇਯ ਦੀ ਦੁਬਾਰਾ ਸ਼ੋਅ ਲਾਉਣ ਦੀ ਮੰਗ ਤੇ ਇਸ ਦੇ ਸ਼ੋਅ ਹੁਣ ਹਰ ਸ਼ਹਿਰ ਵਿਚ ਦੁਬਾਰਾ ਲਾਏ ਜਾ ਰਹੇ ਹਨ। ਰਾਣਾ ਰਣਬੀਰ ਅਤੇ ਇਸ ਨਾਟਕ ਦੀ ਸਮੁੱਚੀ ਟੀਮ ਇਸ ਨਾਟਕ ਦੀ ਸਫ਼ਲਤਾ ਲਈ ਵਧਾਈ ਦੀ ਪਾਤਰ ਹੈ। ਇਹ ਨਾਟਕ ਇਕ ਉਦਾਹਰਣ ਹੈ ਕਿ ਲੋਕ ਚੰਗੀਆਂ ਚੀਜ਼ਾਂ ਸੁਣਦੇ ਹਨ, ਦੇਖਦੇ ਵੀ ਹਨ ਅਤੇ ਪ੍ਰਮੋਟ ਵੀ ਕਰਦੇ ਹਨ। ਸਾਲਾ ਰਾਣ ਰਣਬੀਰ ਤੇ ਸਮੁੱਚੀ ਟੀਮ ਇਸੇ ਤਰ੍ਹਾਂ ਰੰਗ ਮੰਗ ਦੇ ਜ਼ਰੀਏ ਨਵੇਂ ਤੇ ਵਧੀਆ ਵਿਸ਼ੇ ਪੇਸ਼ ਕਰਦੀ ਰਹੇ। ਜ਼ਿੰਦਗੀ ਜਿੰਦਾਬਾਦ।


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'

ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ

Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada

Phone: 403-605-6300 Fax : 403-536-4057 Email : calgary@careinc.ca



Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance

Employee Benefits • RESP • TFSA• RRSP • Mutual Funds



Harvinder Singh*

587-574-0029

harvinder.h.singh@sunlife.com

*Mutual fund business is done with your advisor through Sun Life Financial Investment Services (Canada) Inc.
Advisors and their corporations conduct insurance business through Sun Life Financial Distributors (Canada) Inc.
Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services

Weekends/Evenings Services also available.

Tel. : 403-479-4220, 403-561-9011


pandher_2004@yahoo.com or singhh73@gmail.com



ਨਰਾਇਣ ਦੱਤ
84275-11770

## ਨਿਊਜ਼ਕਲਿੱਕ ’ਤੇ ਛਾਪੇਮਾਰੀ

# ਪੱਤਰਕਾਰਤਾ ’ਤੇ ਹਕੂਮਤੀ ਕਹਿਰ





ਵਾਸ਼ਿੰਗਟਨ ਪੋਸਟ ਵਿੱਚ ਛਪੀ ਜਾਂ ਛਪਵਾਈ ਗਈ ਇੱਕ ਕਥਿਤ ਰਿਪੋਰਟ ਨੂੰ ਆਧਾਰ ਬਣਾਕੇ ਮੋਦੀ ਹਕੂਮਤ ਨੇ ਬੁੱਧੀਮਾਨ ਲੇਖਿਕਾ ਤੀਸਤਾ ਸੀਤਲਵਾੜ ਸਮੇਤ ਨਿਊਜ਼ ਕਲਿਕ ਦੀ ਟੀਮ ਦੇ ਉੱਘੇ ਵਿਦਵਾਨ ਕਾਮਿਆਂ ਅਭਿਸ਼ਾਰ ਸ਼ਰਮਾ, ਪ੍ਰਮੁੱਖ ਅਤੇ ਸੀਨੀਅਰ ਪੱਤਰਕਾਰ ਭਾਸ਼ਾ ਸਿੰਘ, ਨਾਮਵਰ ਪੱਤਰਕਾਰ ਉਰਮਲੇਸ਼, ਪ੍ਰਬੀਰ ਪੁਰਕਿਆਸਥ, ਲੇਖਕ ਗਿੱਥਾ ਹਰੀਹਰਨ, ਰਾਜਨੀਤਕ ਅਰਥ ਸ਼ਾਸਤਰ ਦੇ ਉੱਘੇ ਵਿਦਵਾਨ ਅਮਿਤਾ ਚੱਕਰਵਰਤੀ, ਇਤਿਹਾਸਕਾਰ ਤੇ ਸਮਾਜਕ ਕਾਰਕੁਨ ਸੋਹੇਲ ਹਾਸ਼ਮੀ ਅਤੇ ਸੰਜੇ ਰਜ਼ੌਰਾ ਦੀ ਰਿਹਾਇਸ਼ਗਾਹ ਤੇ ਛਾਪੇਮਾਰੀ ਕੀਤੀ ਹੈ। ਇਨ੍ਹਾਂ ਨਾਮਵਰ ਪੱਤਰਕਾਰਾਂ, ਲੇਖਕਾਂ ਅਤੇ ਬੁੱਧੀਮਾਨਾਂ ਨੂੰ ਦਿੱਲੀ ਪੁਲਿਸ ਵੱਲੋਂ ਹੈਡਕੁਆਰਟਰ ਤੇ ਬੁਲਾ ਕੇ ਸੁਆਲਾਂ ਜਵਾਬਾਂ ਦੀ ਵਾਛੜ ਕਰਕੇ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਅਤੇ ਜ਼ਲੀਲ ਕਰਨ, ਪ੍ਰਬੀਰ ਪੁਰਕਿਆਸਥ ਅਤੇ ਅਮਿੱਤ ਚੱਕਰਵਰਤੀ ਨੂੰ ਯੂ.ਏ.ਪੀ.ਏ. (ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ) ਅਤੇ ਭਾਈਚਾਰਿਆਂ ਵਿੱਚ ਭੜਕਾਹਟ ਪੈਦਾ ਕਰਨ 153-ਏ ਤਹਿਤ ਗ੍ਰਿਫ਼ਤਾਰ ਕਰਕੇ ਸੱਤ ਦਿਨਾਂ ਲਈ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਹਨਾਂ ਬੁੱਧੀਮਾਨਾਂ ਦੇ ਲੈਪ ਟਾਪ, ਮੋਬਾਇਲ ਫੋਨ ਅਤੇ ਹੋਰ ਇਲੈਕਟ੍ਰੋਨਿਕ ਸਾਜੋ-ਸਾਮਾਨ ਜ਼ਬਰੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਸਿਤਮ ਇਹ ਹੈ ਕਿ ਪੁਲਿਸ ਨੇ ਛਾਪੇਮਾਰੀ ਕਰਕੇ ਅਜਿਹਾ ਸਾਰਾ ਕੁੱਝ ਕਰ ਲਿਆ ਪਰ ਇਨ੍ਹਾਂ ਵਿਦਵਾਨ ਪੱਤਰਕਾਰਾਂ ਨੂੰ ਪੁਲਿਸ ਵੱਲੋਂ ਐੱਫ.ਆਈ.ਆਰ. ਦੀ ਕਾਪੀ ਤੱਕ ਵੀ ਮੁਹੱਈਆ ਨਹੀਂ ਕਰਵਾਈ ਗਈ।

ਦਿੱਲੀ ਪੁਲਿਸ ਨੇ ਕੇਂਦਰੀ ਹਕੂਮਤ ਦੇ ਇਸ਼ਾਰਿਆਂ ਤੇ ਹੋਰ ਵੱਡਾ ਹਮਲਾ ਕਰਦਿਆਂ ਨਿਊਜ਼ ਕਲਿੱਕ ਦਾ ਦਫਤਰ ਵੀ ਸੀਲ ਕਰ ਦਿੱਤਾ ਹੈ। ਪੱਤਰਕਾਰਾਂ ਨੂੰ ਐੱਫ.ਆਈ.ਆਰ. ਦੀ ਕਾਪੀ ਹਾਸਲ ਕਰਨ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣ ਲਈ ਮਜ਼ਬੂਰ ਹੋਣਾ ਪਿਆ ਹੈ। ਹਾਲਾਂ ਕਿ ਜਿਹੜੇ ਦੋਸ਼ ਇਨ੍ਹਾਂ ਵਿਦਵਾਨ ਪੱਤਰਕਾਰਾਂ ਖਿਲਾਫ ਪੁਲਿਸ ਨੇ ਲਗਾਏ ਹਨ ,ਉਹ ਪ੍ਰੈੱਸ ਵਿੱਚ ਆ ਗਏ ਹਨ ਕਿ ਨਿਊਜ਼ਕਲਿੱਕ ਚੀਨੀ ਕੰਪਨੀ ਦੀ ਸ਼ਹਿ ਤੇ ਖਬਰਾਂ ਅਤੇ ਜਾਣਕਾਰੀ ਪ੍ਰਕਾਸ਼ਿਤ ਕਰਦਾ ਹੈ ਅਤੇ ਨੇਵਿਲੇ ਰੋਇ ਸਿੰਘਮ ਦੇ ਦਿਸ਼ਾ ਨਿਰਦੇਸ਼ਾਂ ਤੇ ਕੰਮ ਕਰਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਐਫ਼ ਆਈ ਆਰ ਸਬੰਧੀ ਇਹ ਸਾਰੀ ਜਾਣਕਾਰੀ ਪ੍ਰੈੱਸ ਕੋਲ ਕਿਵੇਂ ਪਹੁੰਚ ਗਈ। ਸਪਸ਼ਟ ਹੈ ਕਿ ਸਰਕਾਰ ਖ਼ਿਲਾਫ਼ ਲਿਖਣ ਅਤੇ ਬੋਲਣ ਵਾਲਿਆਂ ਖ਼ਿਲਾਫ਼ ਪਹਿਲਾਂ ਗੋਦੀ ਮੀਡੀਆ ਰਾਹੀਂ ਵਿਸ਼ੇਸ਼ ਕਿਸਮ ਦਾ ਬਿਰਤਾਂਤ ਸਿਰਜਿਆ ਜਾਂਦਾ ਹੈ ਅਤੇ ਬਦਨਾਮ ਕਰਨ ਉਪਰੰਤ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਇੱਕ ਘਟਨਾ ਨਾਂ ਹੋਕੇ ਵਰਤਾਰਾ ਹੈ ਜਿਸ ਨੂੰ ਇਸ ਦੀ ਤਹਿ ਤੱਕ ਜਾ ਕੇ ਹੀ ਠੀਕ ਢੰਗ ਨਾਲ ਸਮਝਿਆ ਜਾ ਸਕਦਾ ਹੈ।

ਭਾਰਤ ਅੰਦਰ ਪ੍ਰੈੱਸ ਦੀ ਅਜਾਦੀ ਦਾ ਗ੍ਰਾਫ਼ ਲਗਾਤਾਰ ਡਿੱਗਦਾ ਜਾ ਰਿਹਾ ਹੈ। ਦੁਨੀਆਂ ਦੇ 180 ਦੇਸ਼ਾਂ ਵਿੱਚੋਂ ਭਾਰਤ ਅੰਦਰ ਪ੍ਰੈੱਸ ਦੀ ਆਜ਼ਾਦੀ ਦਾ ਇੰਡੈਕਸ ਜੋ 2002 ਵਿੱਚ 80 ਸੀ, 2023 ਵਿੱਚ 161 ਨੰਬਰ ਤੱਕ ਹੇਠਾਂ ਆ ਗਿਆ ਹੈ। ਉਹ ਅਦਾਰੇ ਅਤੇ ਜਰਨਲਿਸਟ, ਜਿਹੜੇ ਰਾਜਸੱਤਾ ਅੱਗੇ ਝੁਕਣ ਤੋਂ ਇਨਕਾਰ ਕਰਦੇ ਹਨ ਅਤੇ ਸੱਚ ਨੂੰ ਜਨਤਕ ਹਿਤ ਵਿੱਚ ਸਾਹਮਣੇ ਲਿਆਉਣ ਲਈ ਦ੍ਰਿੜ ਹਨ, ਨੂੰ ਰਾਜ ਵੱਲੋਂ ਨੰਗੇ ਚਿੱਟੇ ਰੂਪ ਵਿੱਚ ਨਿਸ਼ਾਨਾ ਬਣਾਉਣ ਦਾ ਰੁਝਾਨ ਬੇਹੱਦ ਤਿੱਖੇ ਰੂਪ ’ਚ ਸਾਹਮਣੇ ਆ ਰਿਹਾ ਹੈ। ਇਹ ਧਮਕੀਆਂ ਜਾਂ ਤਾਂ ਸਥਾਪਤੀ ਵੱਲੋਂ ਸਿੱਧੇ ਰੂਪ ਵਿੱਚ ਦਿੱਤੀਆਂ ਜਾਂਦੀਆਂ ਹਨ ਜਾਂ ਫਿਰ ਇਹਦੀਆਂ ਏਜੰਸੀਆਂ ਜਾਂ ਉਹਨਾਂ ਸ਼ਕਤੀਆਂ ਵੱਲੋਂ ਦਿੱਤੀਆਂ ਜਾਂਦੀਆਂ ਹਨ ਜਿਹੜੀਆਂ ਮਿਆਰੀ ਅਤੇ ਬੇਖੌਫ਼ ਜਰਨਲਿਜ਼ਮ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਅਸਿੱਧੇ ਢੰਗ ਨਾਲ ਪਾਲੀਆਂ ਪੋਸੀਆਂ ਜਾਂਦੀਆਂ ਹਨ।

ਦਿੱਲੀ ਦੇ ਇਤਿਹਾਸਕ ਕਿਸਾਨ ਘੋਲ ਦੌਰਾਨ ਵਾਤਾਵਰਣ ਕਾਰਕੁਨ ਦਿਸ਼ਾ ਰਵੀ, ਵਕੀਲ ਨਿਕਿਤਾ ਜੈਕਬ ਅਤੇ ਇੰਜਨੀਅਰ ਸ਼ਾਂਤਨੂੰ ਮਲਕ ਵੱਲੋਂ ਕਿਸਾਨ ਅੰਦੋਲਨ ਦੇ ਵੇਰਵੇ ਸਮੇਤ 26 ਜਨਵਰੀ ਨੂੰ ਇਸ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਨ ਲਈ ਇੱਕ ਸੋਫਟਵੇਅਰ ਤਿਆਰ ਕੀਤਾ, ਜਿਸਨੂੰ ਸਵੀਡਨ ਦੀ ਵਾਤਾਵਰਨ ਕਾਰਕੁਨ ਗਰੇਟਾ ਥਨਬਰਗ ਨੇ ਟਵੀਟ ਕਰਕੇ ਦੇਸ਼ ਵਿਦੇਸ਼ ਵਿੱਚ ਪਹੁੰਚਦਾ ਕੀਤਾ। ਦਿੱਲੀ ਪੁਲਸ ਨੇ ਤਿੰਨਾਂ ਭਾਰਤੀ ਨਾਗਰਿਕਾਂ ਉਪਰ ਦੇਸ਼ ਧ੍ਰੋਹ ਅਤੇ ਭਾਈਚਾਰਿਆਂ ਅੰਦਰ ਨਫਰਤ ਫੈਲਾਉਣ ਦਾ ਕੇਸ ਦਰਜ ਕਰਕੇ ਦਿਸ਼ਾ ਰਵੀ ਨੂੰ ਗ੍ਰਿਫਤਾਰ ਕਰ ਲਿਆ। ਬਾਅਦ ਵਿੱਚ ਜ਼ਿਲ੍ਹਾ ਸੈਸ਼ਨ ਜੱਜ ਨੇ ਇਹ ਨੋਟ ਕਰਕੇ ਕਿ ਇਸ ਤਰ੍ਹਾਂ ਕਰਨ ਨਾਲ ਦੇਸ਼ ਧ੍ਰੋਹ ਦਾ ਕੋਈ ਮਾਮਲਾ ਬਣਦਾ ਹੀ ਨਹੀਂ, ਦਿਸ਼ਾ ਰਵੀ ਨੂੰ ਜ਼ਮਾਨਤ ਦੇ ਦਿੱਤੀ।


ਐਨਏਪੀਐਮ ਦੀ ਰਿਪੋਰਟ ਅਨੁਸਾਰ ਪਿਛਲੇ ਦਹਾਕੇ ਦੌਰਾਨ ਭਾਰਤ ਅੰਦਰ 150 ਤੋਂ ਵੱਧ ਪੱਤਰਕਾਰ ਗ੍ਰਿਫਤਾਰ ਕੀਤੇ ਗਏ, ਉਹਨਾਂ ਖਿਲਾਫ਼ ਕੇਸ ਦਰਜ਼ ਕੀਤੇ ਗਏ, ਉਹਨਾਂ ਨੂੰ ਜੇਲ ਭੇਜਿਆ ਗਿਆ ਅਤੇ ਪੁੱਛ ਪੜਤਾਲ ਬਹਾਨੇ ਪ੍ਰੇਸ਼ਾਨ ਅਤੇ ਜ਼ਲੀਲ ਕੀਤਾ ਗਿਆ। ਉਹਨਾਂ ਉਪਰ ਦਹਿਸ਼ਤਗਰਦੀ, ਦੇਸ਼ ਧ੍ਰੋਹ ਜਾਂ ਗੈਰ ਕਾਨੂੰਨੀ ਗਤੀਵਿਧੀਆਂ ਨਾਲ ਸਬੰਧਤ ਕਾਨੂੰਨਾਂ ਹੇਠ ਅਤੇ ਕਰੋਨਾ ਮਹਾਂਮਾਰੀ ਦੇ ਸ਼ੁਰੂ ਹੋਣ ਬਾਅਦ ਡਿਜ਼ਾਸਟਰ ਮੈਨੇਜਮੇਂਟ ਅਤੇ ਮਹਾਂਮਾਰੀ ਰੋਗ ਐਕਟ ਹੇਠ ਮਾਮਲੇ ਦਰਜ ਕੀਤੇ ਗਏ। ਇਕੱਲੇ ਸਾਲ 2020 ਦੌਰਾਨ ਇਹਨਾਂ ਮੁਕੱਦਮਿਆਂ ਵਿੱਚ 20 ਪ੍ਰਤੀਸ਼ਤ ਵਾਧਾ ਹੋਇਆ। ਇਹਨਾਂ ਮੁਕੱਦਮਿਆਂ ਵਿੱਚੋਂ ਬਹੁ ਗਿਣਤੀ ਭਾਜਪਾ ਸ਼ਾਸਤ ਰਾਜਾਂ ਵਿੱਚ ਦਰਜ਼ ਕੀਤੇ ਗਏ ਹਨ। ਉਸ ਵਕਤ ਜਦੋਂ ਬਹੁਤ ਪੱਤਰਕਾਰ ਨੌਕਰੀਆਂ ਦੀ ਛਾਂਟੀ ਅਤੇ ਆਪਣੀ ਰੋਟੀ ਦੀ ਸੁਰੱਖਿਆ ਨਾਲ ਜੂਝ ਰਹੇ ਹਨ ਤਾਂ ਰਾਜ ਅੰਦਰ ਖਬਰਾਂ ਦੀ ਰਿਪੋਰਟਿੰਗ ਨੂੰ ਲੈ ਕੇ ਧਮਕੀਆਂ ਦਾ ਮਾਹੌਲ ਇਹਨਾਂ ਮੁਸ਼ਕਲਾਂ ਵਿੱਚ ਗੰਭੀਰ ਵਾਧੇ ਦਾ ਕਾਰਨ ਬਣਦਾ ਹੈ। ਹੁਣ ਇਹ ਸਪਸ਼ਟ ਹੋ ਚੁੱਕਾ ਹੈ ਕਿ ਮੁੱਖ ਧਾਰਾ ਦੇ ਮੀਡੀਏ ਦਾ ਵੱਡਾ ਹਿੱਸਾ, ਅਹਿਸਤਾ-ਅਹਿਸਤਾ ਆਰਐਸਐਸ ਅਤੇ ਸਰਕਾਰ ਦਾ ਜ਼ਹਿਰੀਲਾ ਪ੍ਰਚਾਰ ਕਰਨ ਦਾ ਸੰਦ ਬਣ ਚੁੱਕਾ ਹੈ, ਜਿਸ ਅੰਦਰ ਵਾਹੋਦਾਹੀ ਝੂਠ, ਨਫ਼ਰਤ ਅਤੇ ਗਲਤ ਜਾਣਕਾਰੀਆਂ ਫੈਲਾ ਰਹੀ ਕੇਵਲ ਕੇਂਦਰ ਸਰਕਾਰ ਦੀ ਸੁਰ ਨੂੰ ਹੀ ਘੁਮਾਇਆ ਜਾ ਰਿਹਾ ਹੈ। ਐਨ ਉਸੇ ਵਕਤ ਜਿਹੜੇ ਪੱਤਰਕਾਰ ਆਪਣੇ ਕਿੱਤੇ ਦੀਆਂ ਮਾਨਤਾਵਾਂ ਉਪਰ ਪਹਿਰਾ ਦਿੰਦੇ ਹਨ, ਉਹ ਧਮਕੀਆਂ ਅਤੇ ਐਥੋਂ ਤੱਕ ਕਿ ਹਿੰਸਾ ਵੀ ਹੰਢਾਉਣ ਲਈ ਮਜ਼ਬੂਰ ਹਨ। 2014 ਤੋਂ 2019 ਤੱਕ ਉਹਨਾਂ ਉਪਰ ਸਰੀਰਕ ਹਮਲੇ ਹੋਏ ਅਤੇ ਅਨੇਕਾ ਮੌਤਾਂ ਵੀ ਹੋਈਆਂ ਹਨ।

ਸਭ ਤੋਂ ਨੰਗੀ ਚਿੱਟੀ ਉਦਾਹਰਣ ਅਜ਼ਾਦ ਆਨ ਲਾਈਨ ਖਬਰਾਂ ਦੇ ਕੇਂਦਰ ਨਿਊਜ਼ ਕਲਿਕ ਦੇ ਦਫ਼ਤਰ ਉਪਰ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਾਰਿਆ ਤਾਜ਼ਾ ਛਾਪਾ ਹੈ। 9 ਫਰਵਰੀ 2023 ਤੋਂ ਸ਼ੁਰੂ ਕਰਕੇ ਨਿਊਜ਼ ਕਲਿਕ ਦੇ ਦਫ਼ਤਰ, ਇਸ ਦੇ ਕੁੱਝ ਜਰਨਲਿਸਟਾਂ ਅਤੇ ਪ੍ਰਮੁੱਖ ਪ੍ਰਬੰਧਕਾਂ ਦੇ ਘਰਾਂ ਸਮੇਤ 8 ਥਾਵਾਂ ਉਪਰ ਛਾਪੇ ਮਾਰੇ ਗਏ। ਇੱਕ ਲੰਮੇ ਛਾਪੇ ਤਹਿਤ ਈਡੀ ਦੇ ਅਧਿਕਾਰੀ, ਇਸ ਸੰਸਥਾ ਦੇ ਐਡੀਟਰ ਇਨ ਚੀਫ ਪਰਾਬੀਰ ਪੁਰਕਿਆਸਥਾ ਅਤੇ ਲੇਖਕ ਗੀਥਾ ਹਰੀਹਰਨ ਦੇ ਘਰੇ ਲਗਾਤਾਰ 113 ਘੰਟੇ ਬੈਠੇ ਰਹੇ। ਜਿਸ ਦਾ ਅਰਥ ਹੈ ਕਿ ਉਹਨਾਂ ਨੂੰ ਲਗਾਤਾਰ 5 ਦਿਨ ਨਜ਼ਰਬੰਦ ਰੱਖਿਆ ਗਿਆ। ਨਿਊਜ਼ਕਲਿਕ ਕਿਸਾਨ ਸੰਘਰਸ਼ ਅਤੇ ਲੋਕਾਂ ਦੀਆਂ ਲਹਿਰਾਂ ਦੇ ਵੱਡੇ ਹਿੱਸੇ ਅਤੇ ਮੁੱਖ ਧਾਰਾ ਮੀਡੀਏ ਵੱਲੋਂ ਨਜ਼ਰ ਅੰਦਾਜ਼ ਕੀਤੇ ਮੁੱਦਿਆਂ ਨੂੰ ਲਗਾਤਾਰ ਰਿਪੋਰਟ ਕਰਦਾ ਆ ਰਿਹਾ ਹੈ। ਨਿਊਜ਼ ਕਲਿੱਕ ਨੂੰ 2021 ਤੋਂ ਕੇਂਦਰੀ ਏਜੰਸੀਆਂ ਐਨਫੋਰਸਮੈਂਟ ਡਾਇਰੈਕਟੋਰੇਟ, ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਅਤੇ ਆਮਦਨ ਕਰ ਵਿਭਾਗ ਵੱਲੋਂ ਘਰਾਂ ਅਤੇ ਦਫਤਰ ਨੂੰ ਨਿਸ਼ਾਨਾ ਬਣਾਇਆ ਹੋਇਆ ਹੈ। ਨਿਊਜ਼ ਕਲਿੱਕ ਨੇ ਦਾਅਵਾ ਕੀਤਾ ਹੈ ਕਿ ਕਈ ਸਾਲਾਂ ਤੋਂ ਉਨ੍ਹਾਂ ਦੀ ਵੈਬਸਾਈਟ ਦੇ ਬੈਂਕ ਖਾਤੇ, ਖਰਚੇ ਅਤੇ ਫੰਡਾਂ ਆਦਿ ਦੀ ਪੁਣਛਾਣ ਕੀਤੀ ਹੈ ਪਰ ਕਿਸੇ ਵੀ ਏਜੰਸੀ ਨੂੰ ਸ਼ਿਕਾਇਤ ਦਰਜ ਕਰਨ ਯੋਗ ਕੁੱਝ ਵੀ ਨਹੀਂ ਮਿਲਿਆ।

30 ਜਨਵਰੀ 2021 ਨੂੰ ਇੱਕ ਅਜ਼ਾਦ ਪੱਤਰਕਾਰ ਜਿਹੜਾ ਮੁੱਖ ਤੌਰ ’ਤੇ ਕਾਰਵਾਂ ਮੈਗਜੀਨ ਅਤੇ ਜਨਪਥ ਨੂੰ ਰਿਪੋਰਟਾਂ ਦਿੰਦਾ ਹੈ, ਸਿੰਘੂ ਬਾਰਡਰ ਦੇ ਪੁਲਸ ਬੈਰੀਕੇਡਾਂ ਉਪਰ ਦੀ ਘੜੀਸਿਆ ਗਿਆ। ਉਹ ਪੱਤਰਕਾਰ, ਕਿਸਾਨ ਸੰਘਰਸ਼ ਦੀ ਮੁੱਢ ਤੋਂ ਹੀ ਰਿਪੋਰਟਿੰਗ ਕਰ ਰਿਹਾ ਸੀ। ਉਸ ਦੀ ਗ੍ਰਿਫਤਾਰੀ ਉਹਨਾਂ ਪੱਤਰਕਾਰਾਂ ਦੇ ਖਿਲਾਫ਼ ਰਾਜਕੀ ਦਾਬੇ ਦਾ ਸਭ ਤੋਂ ਖੌਫਨਾਕ ਮਾਮਲਾ ਹੈ ਜਿਹੜੇ ਪੱਤਰਕਾਰ ਹਾਕਮ ਦੇ ਮੂੰਹ ਉਪਰ ਸੱਚ ਬੋਲਣ ਦੀ ਜੁਅਰਤ ਕਰਦੇ ਹਨ। ਦਿੱਲੀ ਦੇ ਅਲੀਪੁਰ ਪੁਲੀਸ ਥਾਣੇ ਅੰਦਰ ਰਾਤ ਨੂੰ 1.21 ਵਜੇ ਦਰਜ ਕੇਸ ਵਿੱਚ ਉਸ ਉਪਰ ਦੋਸ਼ ਲਾਇਆ




ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ ’ਤੇ ਹਰ ਦਿਨ ਸੇਵਾਵਾਂ ਉਪਲਬਧ।



Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House by Gurpreet
Gurpreet Gill
Founder
(403) 408-6566







For Birthday - Anniversary - Baby Shower - Shower
@balloonhousebygurpreet

BAINS VISION CENTRE



Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਕਿ ਉਸ ਨੇ ਲੰਘੀ ਸ਼ਾਮ 6.30 ਵਜੇ ਪੁਲਸ ਅਧਿਕਾਰੀਆਂ ਉਪਰ ਹਮਲਾ ਕੀਤਾ ਹੈ। ਉਸ ਨੂੰ ਪੁਲਿਸ ਵੱਲੋਂ ਬਾਰਡਰ 'ਤੇ ਘੜੀਸੇ ਜਾਣ ਦੀ ਵੀਡੀਓ ਵਾਇਰਲ ਹੋ ਗਈ। ਅਜਿਹੇ ਦੌਰ ਵਿੱਚ ਇਸ ਗ੍ਰਿਫ਼ਤਾਰ ਕੀਤੇ ਪੱਤਰਕਾਰ ਨੂੰ ਜ਼ਮਾਨਤ ਮਿਲਣ ਦੀ ਵਿਰਲੀ ਟਾਵੀਂ ਘਟਨਾ ਵਾਪਰੀ, ਜਿਸ ਵਿੱਚ ਮੈਜਿਸਟਰੇਟ ਨੇ ਸਪਸ਼ਟ ਰੂਪ 'ਚ ਇੱਕ ਆਮ ਟਿੱਪਣੀ ਕੀਤੀ ਕਿ ਜਮਾਨਤ ਲਾਜ਼ਮੀ ਦੇਵੋ ਅਤੇ ਅਣਸਰਦੇ ਨੂੰ ਜੇਲ੍ਹ ਭੇਜੋ।

ਪ੍ਰਮੁੱਖ ਪੱਤਰਕਾਰ ਰਾਜਦੀਪ ਸਰਦੇਸਾਈ, ਮਰਿਨਾਲ ਪਾਂਡੇ, ਜ਼ਫਰ ਆਗਾ; ਕਾਰਵਾਂ ਮੈਗਜ਼ੀਨ ਦੇ ਐਡੀਟਰ ਅਤੇ ਸੰਸਥਾਪਕ ਪਾਰੇਸ਼ ਨਾਥ, ਐਡੀਟਰ ਅਨੰਤ ਨਾਥ ਅਤੇ ਐਗਜੈਕਟਿਵ ਐਡੀਟਰ ਵਿਨੋਦ ਕੇ ਜੋਸ਼ ਉੱਪਰ 5 ਐਫ ਆਈਆਰਾਂ ਦਰਜ਼ ਕੀਤੀਆ ਗਈਆਂ, ਜਿਹਨਾਂ ਵਿੱਚ ਵੱਖ ਵੱਖ ਭਾਈਚਾਰਿਆਂ ਵਿੱਚ ਵੈਰਭਾਵ ਪੈਦਾ ਕਰਨ, ਸ਼ਾਂਤੀ ਨੂੰ ਭੰਗ ਕਰਨ ਦੇ ਮਕਸਦ ਨਾਲ ਬੇਇਜ਼ਤੀ ਕਰਨੀ ਅਤੇ ਮੁਜਰਮਾਨਾ ਸਾਜਿਸ਼ ਦੇ ਦੋਸ਼ ਸ਼ਾਮਲ ਹਨ। ਇਹ ਐਫਆਈਆਰਾਂ ਉਹਨਾਂ ਟਵੀਟਾਂ ਅਤੇ ਰਿਪੋਰਟਾਂ ਨਾਲ ਸਬੰਧਿਤ ਹਨ ਜਿਹਨਾਂ ਵਿੱਚ 26 ਜਨਵਰੀ ਦੀ ਕਿਸਾਨ ਰਿਪਬਲਿਕ ਦਿਵਸ ਪਰੇਡ ਦੌਰਾਨ ਇੱਕ ਕਿਸਾਨ ਨੂੰ ਗੋਲੀ ਮਾਰੇ ਜਾਣ ਸਬੰਧੀ ਹੈ। 30 ਜਨਵਰੀ ਨੂੰ ਉਤਰ ਪ੍ਰਦੇਸ਼ ਦੀ ਪੁਲੀਸ ਨੇ 'ਦ ਵਾਇਰ' ਦੇ ਫਾਊਂਡਰ ਐਡੀਟਰ ਸਿਧਾਰਥ ਵਰਧਰਾਜਨ ਵਿਰੁੱਧ ਉਸ ਰਿਪੋਰਟ ਦੇ ਅਧਾਰ 'ਤੇ ਇੱਕ ਮਾਮਲਾ ਦਰਜ ਕੀਤਾ ਜਿਸ ਵਿੱਚ ਮ੍ਰਿਤਕ ਕਿਸਾਨ ਦੇ ਪਰਿਵਾਰ ਵੱਲੋਂ ਦੋਸ਼ ਲਾਏ ਗਏ ਸਨ।

25 ਜਨਵਰੀ 2021 ਨੂੰ ਕਾਨਪੁਰ ਦੇ ਟੀਵੀ ਨਾਲ ਸਬੰਧਤ ਤਿੰਨ ਜਰਨਾਲਿਸਟਾਂ ਮਹਿਤ ਕਸਿਅਪ, ਅਮਿਤ ਸਿੰਘ, ਅਤੇ ਯਾਸੀਨ ਅਲੀ ਉਪਰ ਇੱਕ ਸਟੋਰੀ ਕਰਨ ਦੇ ਦੋਸ਼ ਦੇ ਅਧਾਰ 'ਤੇ ਮੁਕੱਦਮਾ ਮੜ ਦਿੱਤਾ ਗਿਆ। ਸਟੋਰੀ ਵਿੱਚ ਉਹਨਾਂ ਨੇ ਖੁੱਲ੍ਹੇ ਮੈਦਾਨ ਵਿੱਚ ਯੋਗਾ ਕਰਨ ਸਮੇਂ ਠੰਡ ਨਾਲ ਕੰਬਦੇ ਬੱਚੇ ਦਿਖਾਏ ਸਨ। ਇਹ ਘਟਨਾ ਉਸ ਪ੍ਰੋਗਰਾਮ ਵਿੱਚ ਘਟੀ ਜਿਸ ਵਿੱਚ ਉਤਰ ਪ੍ਰਦੇਸ਼ ਸਰਕਾਰ ਦਾ ਤਕਨੀਕ ਮੰਤਰੀ ਅਜੀਤ ਸਿੰਘ ਪਾਲ ਖੁਦ ਹਾਜ਼ਰ ਸੀ। 20 ਜਨਵਰੀ 2021 ਨੂੰ ਗੁਜਰਾਤ ਦੀ ਹੇਠਲੀ ਅਦਾਲਤ ਨੇ ਸੀਨੀਅਰ ਪੱਤਰਕਾਰ ਪਰੰਜੇ ਗੁਹਾ ਠਾਕੁਰਤਾ ਖਿਲਾਫ 'ਦੀ ਵਾਇਰ' ਉਪਰ 2017 ਵਿੱਚ ਅਡਾਨੀ ਖਿਲਾਫ ਛਪੀਆਂ ਸਟੋਰੀਆਂ ਦੇ ਖਿਲਾਫ਼ ਮਾਨਹਾਨੀ ਦੇ ਮੁਕੱਦਮੇ ਵਿੱਚ ਗੈਰ ਜ਼ਮਾਨਤੀ ਗ੍ਰਿਫਤਾਰੀ ਦੇ ਵਰੰਟ ਜਾਰੀ ਕਰ ਦਿੱਤੇ। ਗੁਜਰਾਤ ਹਾਈ ਕੋਰਟ ਨੇ ਬਾਅਦ ਵਿੱਚ ਇਹਨਾਂ ਵਰੰਟਾਂ ਨੂੰ ਮੁਅੱਤਲ ਕਰਦੇ ਹੋਏ ਪੱਤਰਕਾਰ ਨੂੰ ਇਸ ਮਾਮਲੇ ਵਿੱਚ ਹੇਠਲੀ ਅਦਾਲਤ ਅੱਗੇ ਪੇਸ਼ ਹੋਣ ਦੇ ਹੁਕਮ ਜਾਰੀ ਕਰ ਦਿੱਤੇ।

ਜਨਵਰੀ 2021 ਵਿੱਚ ਫਰੰਟੀਅਰ ਮਨੀਪੁਰ ਵਿੱਚ ਇੱਕ ਰਿਪੋਰਟ ਕਾਰਨ ਮਨੀਪੁਰ ਦੇ ਧੀਰੇਨ ਸਾਡੋਕਪਾਮ, ਬਾਓਜਲ ਚਾਓਬਾ ਅਤੇ ਐਮ ਜੁਆਏ ਲੁਵਾਂਗ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਉਪਰ ਬਗਾਵਤ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਜਾਬਰ ਕਾਨੂੰਨ ਮੜ੍ਹੇ ਗਏ, ਜਿਹੜੇ ਦੇਸ਼ ਅੰਦਰ ਕਾਰਕੁਨਾਂ ਅਤੇ ਪੱਤਰਕਾਰਾਂ ਵਿਰੁੱਧ ਪਿਛਲੇ ਕੁੱਝ ਸਾਲਾਂ ਤੋਂ ਅੰਨ੍ਹੇਵਾਹ ਵਰਤੇ ਜਾ ਰਹੇ ਹਨ।

ਸਿਦੀਕੀ ਕੱਪਨ ਅਤੇ ਤਿੰਨ ਹੋਰਨਾਂ ਨੂੰ ਜਦੋਂ ਗੈਰ ਕਾਨੂੰਨੀ ਗਤੀਵਿਧੀਆਂ ਦੇ ਜਾਬਰ ਕਾਨੂੰਨ ਤਹਿਤ ਗਿਰਫ਼ਤਾਰ ਕੀਤਾ ਗਿਆ ਤਾਂ ਉਹ ਉਤਰ ਪ੍ਰਦੇਸ਼ ਵਿੱਚ ਹਾਥਰਸ ਬਲਾਤਕਾਰ ਘਟਨਾ ਦੀ ਰਿਪੋਰਟ ਲੈਣ ਜਾ ਰਿਹਾ ਸੀ। ਉਹ ਬਿਨਾਂ ਜਮਾਨਤ ਅਤੇ ਮੁਕੱਦਮੇ ਦੇ ਲੱਗਭੱਗ ਦੋ ਸਾਲ ਜੇਲ੍ਹ ਵਿੱਚ ਰਿਹਾ।

22 ਨਵੰਬਰ 2020 ਨੂੰ ਪੌਂਗੀ ਨਗਾਨਾਂ ਵਜੋਂ ਜਾਣੇ ਜਾਂਦੇ ਟੀਵੀ ਜਰਨਲਿਸਟ ਨੂੰ ਮਾਓਵਾਦੀਆਂ ਦੇ ਕੋਰੀਅਰ ਹੋਣ ਦੇ ਦੋਸ਼ ਵਿੱਚ ਵਿਸ਼ਾਖਾਪਟਨਮ ਤੋਂ ਗਿਰਫ਼ਤਾਰ ਕੀਤਾ ਗਿਆ ਸੀ। ਇਸ ਗ੍ਰਿਫ਼ਤਾਰੀ ਤੋਂ ਬਾਅਦ ਕਈ ਹੋਰਨਾਂ ਕਾਰਕੁਨਾਂ ਨੂੰ ਵੀ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਹੇਠ ਹਿਰਾਸਤ ਵਿੱਚ ਲਿਆ ਗਿਆ। ਇਹਨਾਂ ਤੋਂ ਬਿਨ੍ਹਾਂ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਜਿਹੜੀਆਂ ਹੋਰ ਪ੍ਰਮੁੱਖ ਘਟਨਾਵਾਂ ਹੋਈਆਂ, ਉਹਨਾ ਵਿੱਚ ਸ਼ਾਮਲ ਹੈ ਪ੍ਰਸ਼ਾਂਤ ਕਨੌਜੀਆ। ਉਸ ਦੀਆਂ ਪੋਸਟਾਂ, ਜਿਹੜੀਆਂ ਉਤਰ ਪ੍ਰਦੇਸ਼ ਸਰਕਾਰ ਨੂੰ ਬੇਪਰਦ ਕਰਦੀਆਂ ਹਨ, ਜਿਨ੍ਹਾਂ ਕਰਕੇ ਉਹਨੂੰ ਵਾਰ ਵਾਰ ਗਿਰਫ਼ਤਾਰ ਕੀਤਾ ਗਿਆ ਅਤੇ ਮਹੀਨਿਆਂ ਬੱਧੀ ਕੈਦ ਵੀ ਰੱਖਿਆ ਗਿਆ।

ਪਿਛਲ ਝਾਤ ਮਾਰਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਕੋਈ ਨਵਾਂ ਰੁਝਾਨ ਨਹੀਂ ਹੈ। ਨਵੰਬਰ 2020 ਵਿੱਚ ਸ਼ਿਲੌਂਗ ਟਾਈਮਜ਼ ਦੇ ਸੰਪਾਦਕ ਪੈਟਰੀਕਾ ਮੁਖਿਮ ਵਿਰੁੱਧ ਅਪਰਾਧਕ ਸੁਣਵਾਈ ਰੱਦ ਕਰਨ ਤੋਂ ਮੇਘਾਲਿਆ ਹਾਈਕੋਰਟ ਨੇ ਇਨਕਾਰ ਕਰ ਦਿੱਤਾ ਸੀ। ਇਹ ਮੁਕੱਦਮਾ ਉਸ ਦੀ ਫੇਸਬੁੱਕ ਪੋਸਟ ਨੂੰ ਭਾਈਚਾਰਿਆਂ ਅੰਦਰ ਕੁੜੱਤਣ ਨੂੰ ਉਤਸ਼ਾਹਤ ਕਰਨ ਵਾਲੀ ਗਰਦਾਨ ਕੇ ਦਰਜ ਕੀਤਾ ਗਿਆ ਸੀ। ਨਵੰਬਰ 2019 ਦੇ ਸ਼ੁਰੂ ਵਿੱਚ ਤੇਲਗੂ ਦੇ ਅਗਾਂਹ ਵਧੂ ਮੈਗਜੀਨ ਵੀਕਸਨਮ ਦੇ ਸੰਪਾਦਕ ਐਲ ਵੀਕਸ਼ਾਨਮ ਉਪਰ ਯੂਏਪੀਏ ਅਤੇ ਤਿਲੰਗਾਨਾ ਪਬਲਿਕ ਸੇਫਟੀ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।

26 ਨਵੰਬਰ 2020 ਨੂੰ ਭੂਮਕਾਲ ਮੈਗਜ਼ੀਨ ਦੇ ਸੰਪਾਦਕ ਤੇ ਪੱਤਰਕਾਰ ਅਤੇ ਸੁਰੱਖਿਆ ਕਾਨੂੰਨ ਸੰਯੁਕਤ ਸੰਘਰਸ਼ ਸਮਿਤੀ ਦੇ ਮੁਖੀ ਸੀਨੀਅਰ ਪੱਤਰਕਾਰ ਕਮਲ ਸ਼ੁਕਲਾ ਉੱਪਰ ਛਤੀਸਗੜ੍ਹ ਦੇ ਉੱਤਰੀ ਬਸਤਰ ਦੇ ਕੇਂਕਰ ਜ਼ਿਲ੍ਹੇ ਵਿੱਚ ਹਮਲਾ ਕੀਤਾ ਗਿਆ ਸੀ। ਸਥਾਨਕ ਪੱਤਰਕਾਰਾਂ ਮੁਤਾਬਕ ਇਹ ਘਟਨਾ ਬਾਅਦ ਦੁਪਹਿਰ ਵਾਪਰੀ। ਜਦੋਂ ਸਤੀਸ਼ ਯਾਦਵ ਪੱਤਰਕਾਰ ਉਪਰ ਕਾਂਗਰਸ ਪਾਰਟੀ ਨਾਲ ਸਬੰਧਤ ਕਾਰਪੋਰੇਟਰਾਂ ਵੱਲੋਂ ਕੀਤੇ ਹਮਲੇ ਦਾ ਪਤਾ ਕਮਲ ਸ਼ੁਕਲਾ ਨੂੰ ਲੱਗਿਆ ਤਾਂ ਉਹ ਇਸ ਸਬੰਧੀ ਸਥਾਨਕ ਪੁਲਸ ਥਾਣੇ ਗਿਆ ਸੀ। ਸਤੰਬਰ 2020 ਵਿੱਚ ਹੀ ਮਨੀਪੁਰ ਪੁਲੀਸ ਨੇ ਪੱਤਰਕਾਰ ਕਿਸ਼ੋਰਚੰਦਰਾ ਵਾਂਗਖੇਮ ਨੂੰ ਦੇਸ਼ ਧ੍ਰੋਹ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰ ਲਿਆ, ਉਸ ਦੀ ਜ਼ਮਾਨਤ ਕਿਤੇ ਦਸੰਬਰ ਵਿੱਚ ਜਾ ਕੇ ਹੋਈ।

ਕਸ਼ਮੀਰੀ ਪੱਤਰਕਾਰ ਆਸਿਫ ਸੁਲਤਾਨ ਪਿਛਲੇ ਦੋ ਸਾਲ ਤੋਂ ਜ਼ੇਲ੍ਹ ਵਿੱਚ ਹੈ। ਉਸ ਦੀ ਗ੍ਰਿਫਤਾਰੀ ਯੂਏਪੀਏ ਤਹਿਤ ਹੋਈ ਹੈ। ਯੂਏਪੀਏ ਮੜ੍ਹਨ ਦਾ ਆਧਾਰ ਉਸਦੀ ਪੱਤਰਕਾਰੀ ਨਹੀਂ ਬਣਾਈ ਗਈ ਹੈ। ਇਹ ਉਹਨਾਂ ਬਹੁਤ ਸਾਰੀਆਂ ਹੋਰ ਉਦਾਹਰਣਾਂ ਵਿੱਚੋਂ ਇੱਕ ਹੈ ਕਿ ਕਿਵੇਂ ਕਸ਼ਮੀਰ ਅੰਦਰ, ਵਿਸ਼ੇਸ਼ ਕਰਕੇ ਧਾਰਾ 370 ਦੇ ਖਾਤਮੇ ਬਾਅਦ ਸਰਵੇਅਲੈਂਸ ਅਤੇ ਹਿੰਸਾ ਦੀਆਂ ਬੇਦਰਦ ਹਾਲਤਾਂ ਅੰਦਰ ਪੱਤਰਕਾਰ ਕੰਮ ਕਰ ਰਹੇ ਹਨ। ਇਹ ਸਾਡੀ 'ਜਮਹੂਰੀਅਤ' ਦਾ ਅਤਿ ਨਿਰਾਸ਼ਾਜਨਕ ਪਹਿਲੂ ਹੈ ਕਿ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਅਹਿਮ ਸੰਵਿਧਾਨਕ ਮਸਲੇ ਜਿਵੇਂ ਕਸ਼ਮੀਰ ਅੰਦਰ ਮੀਡੀਆ ਉਪਰ ਅੰਨ੍ਹੀਆਂ ਬੰਦਸ਼ਾਂ ਅਤੇ ਇੰਟਰਨੈੱਟ ਬੰਦ ਕਰਨ ਦੇ ਮਸਲਿਆਂ ਨੂੰ ਉਚਤਮ ਅਦਾਲਤ ਵੱਲੋਂ ਬਣਦੀ ਤਵੱਜੋਂ ਨਹੀਂ ਦਿੱਤੀ ਗਈ।

ਪੱਤਰਕਾਰਾਂ ਨੂੰ ਦਬਾਉਣ ਲਈ ਜਿਹੜੇ ਢੰਗ ਤਰੀਕੇ ਹਕੂਮਤ ਵਰਤਦੀ ਹੈ, ਉਹਨਾਂ ਵਿੱਚ ਔਰਤ ਪੱਤਰਕਾਰਾਂ ਉਪਰ ਵਿਸ਼ੇਸ਼ ਤੌਰ 'ਤੇ ਹਮਲੇ ਸੇਧੇ ਅਤੇ ਉਤਸ਼ਾਹਿਤ ਕੀਤੇ ਜਾਂਦੇ ਹਨ। ਪੱਤਰਕਾਰ ਨੇਹਾ ਦੀਕਸ਼ਿਤ ਜਿਹੜੀ ਸਰਕਾਰੀ ਜ਼ਿਆਦਤੀਆਂ ਦੀਆਂ ਬਹੁਤ ਹੀ ਨਾ ਝੱਲਣਯੋਗ ਸਚਾਈਆਂ ਨੂੰ ਨੰਗਿਆਂ ਕਰ ਰਹੀ ਸੀ, ਨੇ ਹਾਲ ਵਿੱਚ ਹੀ ਰਿਪੋਰਟ ਕੀਤਾ ਹੈ ਕਿ ਕੋਈ ਉਸ ਦਾ ਲਗਾਤਾਰ ਪਿੱਛਾ ਕਰਦਾ ਰਿਹਾ ਹੈ ਅਤੇ ਅੰਤ ਉਸਦੇ ਘਰ ਅੰਦਰ ਘੁਸ ਆਇਆ, ਉਸਨੂੰ ਮਾਰਨ ਤੇ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ ਗਈਆਂ। ਪਹਿਲਾਂ ਪੁਲਸ ਦੋਸ਼ੀ ਖਿਲਾਫ਼ ਮਾਮਲਾ ਦਰਜ਼ ਕਰਨ ਤੋਂ ਇਨਕਾਰ ਕਰਦੀ ਰਹੀ। ਕਾਫੀ ਜਦੋਜਹਿਦ ਬਾਅਦ ਐਫਆਈਆਰ ਦਰਜ ਕਰ ਲਈ ਗਈ ਪਰ ਅੱਗੇ ਕੋਈ ਕਾਰਵਾਈ ਨਹੀਂ ਕੀਤੀ ਗਈ। ਪੱਤਰਕਾਰ ਸਿੱਦੀਕੀ ਕੱਪਨ ਨੂੰ 2 ਸਾਲ ਦਾ ਲੰਬਾ ਸਮਾਂ ਜੇਲ੍ਹ ਵਿੱਚ ਰੱਖਣ ਅਤੇ ਮਲਿਆਲਮ ਚੈਨਲ ਮੀਡੀਆ ਵਨ ਉੱਪਰ ਪਾਬੰਦੀ ਲਾਉਣ ਦਾ ਮਾਮਲਾ ਚਰਚਾ ਵਿੱਚ ਰਿਹਾ ਹੈ। ਦੋਵੇਂ ਹੀ ਮਾਮਲਿਆਂ ਵਿੱਚ ਸੁਪਰੀਮ ਕੋਰਟ ਦਾ ਦਰਵਾਜਾ ਖੜਕਾਉਣ ਲਈ ਮਜ਼ਬੂਰ ਹੋਣਾ ਪਿਆ ਹੈ।

ਇੱਕ ਪ੍ਰਸਿੱਧ ਆਜਾਦ ਪੱਤਰਕਾਰ ਵੱਲੋਂ ਲਾਕਡਾਊਨ ਵਕਤ ਸਰਕਾਰੀ ਦਖਲ ਅੰਦਾਜ਼ੀ ਉਪਰ ਸਵਾਲ ਕਰਨ ਅਤੇ ਕਿਸਾਨ ਸੰਘਰਸ਼ ਦੀ ਰਿਪੋਰਟਿੰਗ ਕਰਨ ਉਪਰ ਇੱਕ ਯੂਟਿਊਬਰ ਨੇ ਉਸ ਨੂੰ ਫਾਹੇ ਲਾਉਣ ਦੀ ਮੰਗ ਕੀਤੀ। ਕਪਿਲ ਮਿਸ਼ਰਾ, ਤਜਿੰਦਰ ਬੱਗਾ ਅਤੇ ਸੀਜੀ ਸੁਰੀਯਾ ਸਮੇਤ ਭਾਜਪਾ ਲੀਡਰਾਂ, ਸਾਬਕਾ ਸ਼ਿਵ ਸੈਨਾ ਮੈਂਬਰ ਰਾਮੇਸ਼ ਸੋਲਾਂਕੀ (ਆਰਐਸਐਸ ਵਲੰਟੀਅਰ) ਜਿਸਨੇ 2014 ਵਿੱਚ ਭਾਜਪਾ ਦੀ ਮੀਡੀਆ ਮੁਹਿੰਮ ਦੀ ਅਗਵਾਈ ਕੀਤੀ ਸੀ, ਵਿਕਾਸ ਪਾਂਡੇ ਅਤੇ ਹੋਰਨਾਂ ਨੇ ਬੇਸ਼ਰਮੀ ਨਾਲ ਇਸ ਵਿਅਕਤੀ ਦੀ ਸਰਾਹਣਾ ਕੀਤੀ। ਉਹ ਇਹ ਵੀ ਭੁੱਲ ਗਏ ਕਿ ਅਜਿਹੇ ਤਾਹਨੇ ਮਿਹਨੇ ਅਤੇ ਹਿੰਸਾ ਦੇ ਸੱਦੇ ਕਿੰਨੇ ਖਤਰਨਾਕ ਹਨ। ਠੀਕ ਇਸੇ ਮੌਕੇ ਭਾਜਪਾ ਸਰਕਾਰ ਨੇ ਸੋਸ਼ਲ ਮੀਡੀਆ ਉਪਰ ਸਰਕਾਰ ਅਨੁਸਾਰ ਭੜਕਾਊ ਸਮਝੀ ਜਾਂਦੀ ਸਮੱਗਰੀ ਅਤੇ ਗਲਤ ਜਾਣਕਾਰੀ ਦੇਣ ਵਿਰੁੱਧ ਤਾੜਨਾ ਕੀਤੀ।

ਜਦ ਇੱਕ ਮਈ 2023 ਤੋਂ ਮਨੀਪੁਰ ਭਾਜਪਾ ਦੀ ਸਾਜਿਸ਼ ਤਹਿਤ ਅੱਗ ਦੀਆਂ ਲਪਟਾਂ ਵਿੱਚ ਸੜ ਰਿਹਾ ਹੈ, ਔਰਤਾਂ ਨੂੰ ਨੰਗਿਆਂ ਕਰਕੇ ਘੁਮਾਉਣ ਦੀਆਂ ਸ਼ਰਮਨਾਕ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਮੋਦੀ ਹਕੂਮਤ ਨੇ ਸਾਜਿਸ਼ੀ ਚੁੱਪ ਧਾਰੀ ਹੋਈ ਹੈ। ਮੁੱਖ ਮੰਤਰੀ ਬੀਰੇਨ ਸਿੰਘ ਦੀ ਹਦਾਇਤ ਤੇ ਮਨੀਪੁਰ ਪੁਲਿਸ ਨੇ ਉਲਟਾ ਐਡੀਟਰ ਗਿਲਡ ਦੇ ਪ੍ਰਧਾਨ ਸੀਮਾ ਮੁਸਤਫਾ, ਸੀਮਾ ਗੁਹਾ, ਭਾਰਤ ਭੂਸ਼ਨ ਅਤੇ ਸੰਜੇ ਸ਼ੇਖਰ ਖਿਲਾਫ ਸਖਤ ਧਾਰਾਵਾਂ ਹੇਠ ਪਰਚਾ ਕਰ ਲਿਆ ਹੈ।

ਸੰਵਿਧਾਨ ਦਾ ਆਰਟੀਕਲ 19 ਲਿਖਣ, ਪ੍ਰਿੰਟਿੰਗ, ਤਸਵੀਰਾਂ, ਬਿਜਲਈ ਬਰਾਡਕਾਸਟ ਅਤੇ ਮੀਡੀਆ ਰਾਹੀਂ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਗਰੰਟੀ ਦਿੰਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਜਾਬਰ ਢੰਗ ਤਰੀਕਿਆਂ ਰਾਹੀਂ ਜਾਣਕਾਰੀ ਅਤੇ ਖਬਰਾਂ ਉਪਰ ਕੰਟਰੋਲ ਫਾਸ਼ੀਵਾਦੀ ਅਮਲ ਤੋਂ ਵੱਧ ਹੋਰ ਕੁੱਝ ਨਹੀਂ ਅਤੇ ਇਹ ਭਾਰਤੀ ਸੰਵਿਧਾਨ ਅੰਦਰ ਦਰਜ 'ਜਮਹੂਰੀ' ਚੌਖਟੇ ਦੇ ਉਲਟ ਹੈ। ਜਦੋਂ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਕਾਨੂੰਨੀ ਚੌਖਟੇ ਦੀ ਜਰੂਰਤ ਹੈ। ਪ੍ਰੰਤੂ ਕੁੱਝ ਸੂਬਿਆਂ ਜਿਵੇਂ ਕਿ ਮਹਾਂਰਾਸ਼ਟਰਾ ਮੀਡੀਆ ਪਰਸਨ ਤੇ ਮੀਡੀਆ ਇੰਸਟੀਚਿਊਸ਼ਨਲ ਬਿਲ 2017 ਅਤੇ ਵਿਚਾਰ ਅਧੀਨ ਛਤੀਸਗੜ੍ਹ ਪ੍ਰੋਟੈਕਸ਼ਨ ਆਫ ਮੀਡੀਆ ਪਰਸਨਜ ਐਕਟ 2020 ਪੱਤਰਕਾਰਾਂ ਦੀ ਸੁਰੱਖਿਆ ਲਈ ਨਾਕਾਫੀ ਹਨ ਵਿਸ਼ੇਸ਼ ਕਰਕੇ ਅਜਿਹੇ ਮੌਕਿਆਂ ਉੱਤੇ ਜਦੋਂ ਰਿਪੋਰਟਿੰਗ ਉਹਨਾਂ ਸਰਕਾਰੀ ਅਧਿਕਾਰੀਆਂ ਦੇ ਖਿਲਾਫ ਹੀ ਹੁੰਦੀ ਹੈ ਜਿਹੜੇ ਪੱਤਰਕਾਰਾਂ ਦੀ ਸੁਰੱਖਿਆ ਲਈ ਜਿੰਮੇਵਾਰ ਹੁੰਦੇ ਹਨ।

ਸੁਪਰੀਮ ਕੋਰਟ ਦੀਆਂ ਇੱਕ ਤੋਂ ਵੱਧ ਵਾਰ ਟਿੱਪਣੀਆਂ ਦੇ ਬਾਵਜੂਦ ਕਿ ਭੜਕਾਊ ਸਮੱਗਰੀ ਉੱਪਰ ਚੈਕ ਲਾਇਆ ਜਾਵੇ, ਪਰ ਸਰਕਾਰ ਵੱਲੋਂ ਕਾਰਪੋਰੇਟੀ ਅਤੇ ਬਹੁ ਗਿਣਤੀਵਾਦ ਦੀ ਤਰਫਦਾਰੀ, ਮੀਡੀਆ ਸੰਸਥਾਵਾਂ ਦੀ ਸਰਕਾਰੀ ਸਰਪ੍ਰਸਤੀ ਹਰ ਕਿਸਮ ਦੇ ਵਿਰੋਧ ਨੂੰ ਝੁਕਾ ਲੈਣ ਅਤੇ ਦਬਾ ਦੇਣ (indoctrination and obfuscation) ਦੇ ਸੰਦਾਂ ਵਿੱਚ ਤਬਦੀਲ ਕਰ ਦਿੰਦੀ ਹੈ। ਉੱਪਰ ਬਿਆਨ ਕੀਤੀਆਂ ਘਟਨਾਵਾਂ ਪਿਛਲੇ ਦਹਾਕੇ ਵਿੱਚ ਦੇਸ਼ ਅੰਦਰ ਪੱਤਰਕਾਰਾਂ ਉਪਰ ਹੋਏ ਹਮਲਿਆਂ ਦਾ ਪੂਰਾ ਵਰਨਣ ਨਹੀਂ ਹੈ। ਟਕਰਾਅ ਦੇ ਖਿੱਤਿਆਂ ਅਤੇ ਗੈਰ ਸ਼ਹਿਰੀ ਇਲਾਕਿਆਂ ਅੰਦਰ ਕੰਮ ਕਰਦੇ ਪੱਤਰਕਾਰ, ਜਿਹੜੀਆਂ ਚਣੌਤੀਆਂ ਅਤੇ ਜਬਰ ਦੀਆਂ ਉਹਨਾਂ ਵੰਨਗੀਆਂ ਦਾ ਵੀ ਸਾਹਮਣਾ ਕਰਦੇ ਹਨ ਜਿਹਨਾਂ ਦੀਆਂ ਖਬਰਾਂ ਵੀ ਪ੍ਰਕਾਸ਼ਤ ਨਹੀਂ ਹੁੰਦੀਆਂ। ਇਸ ਲਈ ਸਾਨੂੰ ਜਿਹੜੇ ਔਖੀਆਂ ਹਾਲਤਾਂ ਵਿੱਚ ਰਿਪੋਰਟਿੰਗ ਕਰ ਰਹੇ ਹਨ, ਦੇ ਹਿੱਤਾਂ ਦੀ ਸੁਰੱਖਿਅਤਾ ਲਈ ਲਗਾਤਾਰ ਚੌਕਸ ਰਹਿਣ ਦੀ ਲੋੜ ਹੈ।

**ਅਜਿਹੀਆਂ ਘਟਨਾਵਾਂ ਵਾਪਰਨ ਦਾ ਅਸਲ ਕਾਰਨ:** ਮੀਡੀਆ ਭਾਵੇਂ ਪਹਿਲਾਂ ਵੀ ਅਜ਼ਾਦ ਨਹੀਂ ਸੀ ਪਰ 2014 ਵਿੱਚ ਫਾਸ਼ੀਵਾਦੀ ਮੋਦੀ ਹਕੂਮਤ ਵੱਲੋਂ ਸਤਾ ਸੰਭਾਲਣ ਤੋਂ ਬਾਅਦ ਮੀਡੀਆ ਅਦਾਰਿਆਂ ਨੂੰ ਹਰ ਹੀਲਾ ਵਰਤ ਕੇ ਆਪਣੇ ਲੰਗੋਟੀਏ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਹੇਠ ਕਰਵਾ ਦਿੱਤਾ ਹੈ। ਹੁਣ ਭਾਰਤ ਦੇ ਇਹ ਮੀਡੀਆ ਅਦਾਰੇ 140 ਭਾਰਤੀ ਲੋਕਾਂ ਦੀ ਆਵਾਜ਼ ਨਾਂ ਹੋਕੇ ਮੋਦੀ ਹਕੂਮਤ ਅਤੇ ਇਸ ਦੇ ਲੰਗੋਟੀਏ ਕਾਰਪੋਰੇਟ ਘਰਾਣਿਆਂ ਦਾ ਹੀ ਬਣਕੇ ਰਹਿ ਗਿਆ ਹੈ। ਇਸੇ ਕਰਕੇ ਇਸ ਮੀਡੀਆਂ ਦੇ ਸੀਨ ਤੋਂ ਵਿਸ਼ਾਲ ਲੋਕਾਈ ਦੇ ਮੁੱਦੇ (ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਸਿਹਤ, ਸਿੱਖਿਆ, ਕਿਸਾਨਾਂ-ਮਜਦੂਰਾਂ ਦਾ ਸੰਕਟ, ਔਰਤਾਂ, ਘੱਟ ਗਿਣਤੀਆਂ, ਦਲਿਤਾਂ ਉੱਤੇ ਵਧ ਰਿਹਾ ਜਬਰ ਆਦਿ) ਗਾਇਬ ਹਨ। ਅਜਿਹਾ ਕਰਕੇ ਮੁੱਖ ਧਾਰਾਈ ਮੀਡੀਆ ਲੋਕਾਂ ਵਿੱਚੋਂ ਵੱਡੀ ਪੱਧਰ ਤੇ ਆਪਣੀ ਪੜਤ ਗੁਆ ਚੁੱਕਾ ਹੈ। ਨਿਊਜ਼ ਕਲਿੱਕ ਜਿਹੇ ਵੈਬ ਪੋਰਟਲ ਜਾਂ ਸ਼ੋਸ਼ਲ ਮੀਡੀਆ ਅਦਾਰੇ ਹੀ ਲੋਕਾਂ ਦੀ ਆਵਾਜ਼ ਬਣ ਰਹੇ ਹਨ। ਫਾਸ਼ੀਵਾਦੀ ਮੋਦੀ ਹਕੂਮਤ ਵਿਰੋਧ ਦੀ ਕਿਸੇ ਵੀ ਕਿਸਮ ਦੀ ਆਵਾਜ਼ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਇਸ ਨੇ ਜਮਹੂਰੀਅਤ ਦਾ ਪਹਿਨਿਆ ਹੋਇਆ ਮਖੌਟਾ ਵੀ ਉਤਾਰ ਦਿੱਤਾ ਹੈ। ਇਸੇ ਕਰਕੇ ਮੁੱਖ ਧਾਰਾਈ ਮੀਡੀਆ ਦੇ ਮੁਕਾਬਲੇ, ਲੋਕਾਂ ਦੇ ਮਨਾਂ ਵਿੱਚ ਆਪਣੀ ਥਾਂ ਬਣਾ ਰਹੇ ਇਹ ਅਦਾਰੇ ਮੋਦੀ ਹਕੂਮਤ ਦੀ ਅੱਖ ਵਿੱਚ ਰੋੜ ਵਾਂਗ ਰੜਕ ਰਹੇ ਹਨ। ਇਨ੍ਹਾਂ ਅਦਾਰਿਆਂ ਦੀ ਰਾਖੀ ਲਈ ਮੀਡੀਆ ਕਰਮੀਆਂ, ਬੁੱਧੀਜੀਵੀਆਂ, ਲੇਖਕਾਂ, ਸਾਹਿਤਕਾਰਾਂ, ਸਮਾਜਿਕ ਕਾਰਕੁਨਾਂ ਦੇ ਨਾਲ-ਨਾਲ ਇਨਕਲਾਬੀ ਜਮਹੂਰੀ ਜਨਤਕ ਜਥੇਬੰਦੀਆਂ ਨੂੰ ਮੋਦੀ ਹਕੂਮਤ ਦੇ ਇਸ ਵਹਿਸ਼ੀ ਫਿਰਕੂ ਫਾਸ਼ੀ ਹੱਲੇ ਖਿਲਾਫ਼ ਜੋਰਦਾਰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।

# ਇਕ ਵਡਮੁੱਲੀ ਕਿਤਾਬ

**-ਪ੍ਰੋਫੈਸਰ ਜਗਮੋਹਣ ਸਿੰਘ**

"ਮੈਂ ਕਿਓਂ ਜਾਵਾਂ ਆਪਣੇ ਸ਼ਹਿਰ" ਕਿਤਾਬ ਦੇ ਰੂਪ 'ਚ ਪਰਮਜੀਤ ਨੇ ਨਿੱਜੀ ਤਜਰਬੇ ਨੂੰ ਇਕ ਸਮਾਜੀ ਸਮਝ 'ਚ ਵਿਕਸਿਤ ਕਰਕੇ ਸਾਡੇ ਨਾਲ ਸਾਂਝਾ ਕੀਤਾ ਹੈ। 1984 ਦੇ ਯੋਜਨਾਬੱਧ ਕਤਲੇਆਮ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਜ਼ਿਆਦਾ ਜਾਨੀ-ਮਾਲੀ ਤਬਾਹੀ, ਅਪਮਾਨ ਅਤੇ ਹਿਜ਼ਰਤ ਦਾ ਅਕਹਿ ਸੰਤਾਪ ਝੱਲਣਾ ਪਿਆ। ਰੌਚਕ ਸ਼ੈਲੀ 'ਚ ਲਿਖੀ ਇਹ ਕਿਤਾਬ ਇਕ ਸਿੱਖ ਨੌਜਵਾਨ ਦੀ ਮਾਨਸਿਕਤਾ ਉੱਪਰ ਪਏ ਉਨ੍ਹਾਂ ਘਟਨਾਵਾਂ ਦੇ ਵਿਚਾਰਧਾਰਕ ਤੇ ਮਨੋਵਿਗਿਆਨਕ ਅਸਰਾਂ ਨੂੰ ਬਖ਼ੂਬੀ ਬਿਆਨ ਕਰਨ ਦੇ ਨਾਲ-ਨਾਲ ਅਗਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਖ਼ਤਰਿਆਂ ਤੋਂ ਸੁਰੱਖਿਅਤ ਕਰਨ ਦੇ ਰਾਜਨੀਤਕ ਉਪਾਵਾਂ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੰਦੀ ਹੈ। ਲੇਖਕ ਬੀਤੇ ਨੂੰ ਭੁੱਲ ਜਾਣ ਦੀ ਬਜਾਏ ਯਥਾਰਥਮੁਖੀ ਵਿਸ਼ਲੇਸ਼ਣ ਰਾਹੀਂ ਉਨ੍ਹਾਂ ਘਟਨਾਵਾਂ ਦੇ ਪਿੱਛੇ ਕੰਮ ਕਰਦੇ ਫੈਕਟਰਾਂ ਨੂੰ ਸਮਝਣ ਲਈ ਸਾਨੂੰ ਪ੍ਰੇਰਿਤ ਕਰਦਾ ਹੈ ਤਾਂ ਜੋ ਸਾਡੇ ਸਮਾਜ ਨੂੰ ਉਸ ਤਰ੍ਹਾਂ ਦੇ ਸਮਿਆਂ ਵਿੱਚੋਂ ਨਾ ਗੁਜ਼ਰਨਾ ਪਵੇ ਜੋ ਸੰਤਾਪ ਸਾਡੇ ਲੋਕਾਂ ਨੂੰ ਪਹਿਲਾਂ 1947 'ਚ ਅਤੇ ਫਿਰ 1984 'ਚ ਝੱਲਣਾ ਪਿਆ। ਅਤੇ ਜਿਸ ਦਾ ਖ਼ਤਰਾ ਸਾਡੇ ਸਮਾਜ ਉੱਪਰ ਅੱਜ ਵੀ ਮੰਡਰਾ ਰਿਹਾ ਹੈ।

ਅੰਗਰੇਜ਼ ਦਾ ਬਸਤੀਵਾਦੀ ਰਾਜ ਤਾਂ ਖ਼ਤਮ ਹੋ ਗਿਆ ਪਰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਖ਼ਤਮ ਨਹੀਂ ਹੋਈ। ਨਵੇਂ ਹਾਕਮਾਂ ਨੇ ਸਮਾਜ ਵਿਚਲੇ ਉਨ੍ਹਾਂ ਟਕਰਾਵਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਰਾਜਨੀਤਕ ਚਲਾਕੀ ਨਾਲ ਲਮਕਾਉਣ ਅਤੇ ਉਲਝਾਉਣ ਦੀ ਘਿਣਾਉਣੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਜਿਨ੍ਹਾਂ ਰਾਹੀਂ ਦੇਸ਼ ਦੇ ਲੋਕਾਂ ਨੂੰ ਜਾਤ, ਧਰਮ ਅਤੇ ਫਿਰਕਿਆਂ ਦੇ ਨਾਂ 'ਤੇ ਵਰਗਲਾ ਕੇ ਉਨ੍ਹਾਂ ਨੂੰ ਜ਼ਿੰਦਗੀ ਦੇ ਅਸਲ ਮਸਲਿਆਂ ਦੇ ਹੱਲ ਲਈ ਸੰਘਰਸ਼ ਅਤੇ ਬਿਹਤਰ ਜ਼ਿੰਦਗੀ ਲਈ ਅਗਾਂਹਵਧੂ ਤਬਦੀਲੀ ਬਾਰੇ ਜਾਗਰੂਕ ਹੋਣ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਪਿਛਾਂਹਖਿੱਚੂ ਤਾਕਤਾਂ ਨੂੰ ਸ਼ਹਿ ਅਤੇ ਰਾਜਨੀਤਕ ਸਰਪ੍ਰਸਤੀ ਦਿੱਤੀ ਜਾਣ ਲੱਗੀ ਜਿਨ੍ਹਾਂ ਨੂੰ ਇਸ ਘਿਣਾਉਣੀ ਸਿਆਸਤ ਦਾ ਮੋਹਰਾ ਬਣਾਇਆ ਜਾ ਸਕਦਾ ਹੈ। ਇਸ ਰਾਜਨੀਤਕ ਮਾਹੌਲ ਵਿਚ ਅਗਲੀਆਂ ਪੀੜ੍ਹੀਆਂ ਦਾ ਇਤਿਹਾਸ 'ਚ ਵਾਪਰੀਆਂ ਹੌਲਨਾਕ ਘਟਨਾਵਾਂ ਤੋਂ ਸਿੱਖਣ ਦਾ ਨਜ਼ਰੀਆ ਨਹੀਂ ਬਣ ਸਕਿਆ। ਇਸ ਕਾਰਨ ਚੰਦਰੇ ਇਰਾਦਿਆਂ ਵਾਲੀਆਂ ਤਾਕਤਾਂ ਕਿਸੇ ਵੀ ਘਟਨਾ ਦੇ ਬਹਾਨੇ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਕੇ ਦਹਾਕਿਆਂ ਤੋਂ ਬਣੀ ਭਾਈਚਾਰਕ ਸਾਂਝ ਅਤੇ ਰਿਸ਼ਤਿਆਂ ਨੂੰ ਪਲਾਂ 'ਚ ਤਹਿਸ-ਨਹਿਸ ਕਰਨ 'ਚ ਕਾਮਯਾਬ ਹੋ ਜਾਂਦੀਆਂ ਹਨ। ਬੀਤੇ ਦਾ ਭੂਤ ਮੁੜ-ਮੁੜ ਆਪਣਾ ਭਿਆਨਕ ਰੂਪ ਦਿਖਾਉਂਦਾ ਹੈ।




ਸਾਨੂੰ ਆਜ਼ਾਦੀ ਸੰਗਰਾਮ ਦੌਰਾਨ ਵਿਕਸਿਤ ਹੋਈ ਭਾਈਚਾਰਕ ਸਾਂਝ ਅਤੇ ਧਰਮ-ਨਿਰਲੇਪਤਾ ਦੇ ਅਮੀਰ ਵਿਰਸੇ ਨੂੰ ਆਪਣੇ ਚੇਤਿਆਂ 'ਚ ਵਾਰ-ਵਾਰ ਤਾਜ਼ਾ ਕਰਨਾ ਚਾਹੀਦਾ ਹੈ। 1857 ਦੀ ਪਹਿਲੀ ਜੰਗੇ-ਆਜ਼ਾਦੀ ਤੋਂ ਲੈ ਕੇ ਜੱਲਿਆਂਵਾਲਾ ਬਾਗ਼ ਤੱਕ ਅਤੇ ਯੁਗਪਲਟਾਊ ਦੇਸ਼ਭਗਤ ਲਹਿਰਾਂ ਤੇ ਇਨਕਲਾਬੀ ਮਜ਼ਦੂਰ, ਕਿਸਾਨ ਲਹਿਰਾਂ ਤੱਕ ਦਾ ਸ਼ਾਨਦਾਰ ਵਿਰਸਾ ਸਾਡੀਆਂ ਅੱਜ ਦੀਆਂ ਪੀੜ੍ਹੀਆਂ ਨੂੰ ਅਜਿਹੇ ਵਰਤਾਰਿਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਅਤੇ ਵੰਡ ਪਾਊ ਤਾਕਤਾਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਅੰਗਰੇਜ਼ ਰਾਜ ਦੀਆਂ ਨੀਤੀਆਂ ਦੀ ਸਮਝ ਨੇ ਸਾਡੇ ਆਜ਼ਾਦੀ ਪ੍ਰੇਮੀ ਪੁਰਖਿਆਂ ਦੀ ਸੋਚ ਇਨਕਲਾਬੀ ਬਣਾਈ। ਜਦ ਦੇਸ਼ਭਗਤ ਲੋਕਾਂ ਨੇ ਨਿੱਜੀ ਮੁਸ਼ਕਲਾਂ ਨੂੰ ਉਸ ਤਜਰਬੇ ਦੀ ਰੋਸ਼ਨੀ 'ਚ ਦੇਖਿਆ ਤਾਂ ਗ਼ਦਰ ਪਾਰਟੀ ਜਹੀ ਇਤਿਹਾਸਕ ਲਹਿਰ ਨੇ ਜਨਮ ਲਿਆ ਅਤੇ ਉਨ੍ਹਾਂ ਨੇ 1913 'ਚ ਦੇਸ਼ ਵਾਸੀਆਂ ਅੱਗੇ ਸੱਚੀ ਆਜ਼ਾਦੀ ਦਾ 'ਮੁਕਤੀ, ਬਰਾਬਰੀ ਅਤੇ ਭਾਈਚਾਰਾ' 'ਤੇ ਆਧਾਰਤ ਅਗਾਂਹਵਧੂ ਪ੍ਰੋਗਰਾਮ ਪੇਸ਼ ਕੀਤਾ। ਸ਼ਹੀਦ ਭਗਤ ਸਿੰਘ ਹੋਰਾਂ ਨੇ ਆਪਣੇ ਤੋਂ ਪਹਿਲੀਆਂ ਸਮੂਹ ਤਰੱਕੀਪਸੰਦ ਲਹਿਰਾਂ ਦੇ ਤਜਰਬਿਆਂ ਨੂੰ ਆਤਮਸਾਤ ਕਰਦਿਆਂ ਆਪਣੀ ਸਮਝ ਵਿਕਸਿਤ ਕੀਤੀ। ਵਿਗਿਆਨਕ ਨਜ਼ਰੀਆ ਅਪਣਾ ਕੇ ਸਮਾਜਿਕ ਤਰੱਕੀ 'ਚ ਰੁਕਾਵਟ ਬਣਨ ਵਾਲੀਆਂ ਤਾਕਤਾਂ ਤੋਂ ਸੁਚੇਤ ਕੀਤਾ ਜੋ ਸਮਾਜਿਕ ਤਾਣੇ-ਬਾਣੇ ਅਤੇ ਭਾਈਚਾਰਕ ਸਾਂਝ ਲਈ ਖ਼ਤਰਾ ਬਣਦੀਆਂ ਹਨ। ਉਨ੍ਹਾਂ ਨੇ ਸਮਾਜਿਕ ਤਰੱਕੀ ਲਈ ਵਿਗਿਆਨਕ ਸੋਚ ਵਾਲੀ ਗਤੀਸ਼ੀਲ ਸਮਾਜਿਕ ਸ਼ਕਤੀ ਉਸਾਰਨ 'ਤੇ ਜ਼ੋਰ ਦਿੱਤਾ। ਇਤਿਹਾਸਕ ਤ੍ਰਾਸਦੀਆਂ ਦੇ ਨਾਲ-ਨਾਲ ਸਾਨੂੰ ਇਸ ਅਮੀਰ ਵਿਰਸੇ ਤੋਂ ਵੀ ਸਿੱਖਣ ਦੀ ਲੋੜ ਹੈ।

1984 ਵਰਗੀਆਂ ਘਟਨਾਵਾਂ ਨਿੱਜੀ ਤੇ ਸਮਾਜੀ ਪੱਧਰ 'ਤੇ ਬਹੁਤ ਡੂੰਘੇ ਰੂਪ 'ਚ ਅਸਰ-ਅੰਦਾਜ਼ ਹੁੰਦੀਆਂ ਹਨ। ਜ਼ਰੂਰਤ ਇਸ ਗੱਲ ਦੀ ਹੁੰਦੀ ਹੈ ਕਿ ਉਨ੍ਹਾਂ ਦਾ ਤੱਥਾਂ 'ਤੇ ਆਧਾਰਤ ਵਿਗਿਆਨਕ ਵਿਸ਼ਲੇਸ਼ਣ ਹੋਵੇ ਅਤੇ ਭਾਵਕਤਾ ਤੋਂ ਉੱਪਰ ਉੱਠ ਕੇ ਅੱਗੇ ਸਮਾਜਿਕ ਉਸਾਰੀ ਵੱਲ ਵਧਿਆ ਜਾਵੇ। ਪਰ ਆਪਣੇ ਸਵਾਰਥਾਂ ਲਈ ਰਾਜਨੀਤਕ ਲੋਕ ਇਹ ਨਸੀਹਤ ਦਿੰਦੇ ਹਨ ਕਿ ਚਲੋ ਛੱਡੋ, ਪਿਛਲੇ ਨੂੰ ਭੁੱਲ ਜਾਓ। ਪਰ ਉਸ ਵਿੱਚੋਂ ਸਬਕ ਨਾ ਸਿੱਖਣਾ ਉਸ ਬਿਮਾਰੀ ਦੇ ਜਰਮਾਂ ਨੂੰ ਪਸਰਦੇ ਰਹਿਣ ਦੇਣਾ ਹੁੰਦਾ ਹੈ। ਵਾਰ-ਵਾਰ ਸਮਾਜ ਨੂੰ ਉਸੇ ਦੁਖਦਾਈ ਤਜਰਬੇ ਵਿੱਚੋਂ ਦੀ ਗੁਜਰਨਾ ਪੈਂਦਾ ਹੈ। ਸਬਕ ਸਿੱਖਣ ਲਈ ਵਿਗਿਆਨਕ ਵਿਸ਼ਲੇਸ਼ਣ ਦੀ ਪ੍ਰਕਿਰਿਆ ਅਪਣਾਉਣੀ ਜ਼ਰੂਰੀ ਹੈ। ਸਮਾਜ ਨੂੰ ਤਬਾਹੀ, ਉਜਾੜੇ ਅਤੇ ਹਿਜ਼ਰਤ ਦੇ ਮੂੰਹ ਧੱਕਣ ਵਾਲੇ ਇਨਸਾਨੀਅਤ ਵਿਰੋਧੀ ਜੁਰਮਾਂ ਦਾ ਹਿਸਾਬ-ਕਿਤਾਬ ਮੂੰਹ-ਜ਼ਬਾਨੀ ਨਹੀਂ ਹੋ ਸਕਦਾ। ਜਦੋਂ ਹੁਕਮਰਾਨ 'ਜਦੋਂ ਵੱਡਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ' ਦੇ ਮੱਤ ਦੇ ਧਾਰਨੀ ਹਨ ਤਾਂ ਇਸ ਦੀ ਜਵਾਬਦੇਹੀ ਵੀ ਜ਼ਰੂਰੀ ਹੈ ਅਤੇ ਇਸ ਪਿੱਛੇ ਕੰਮ ਕਰਦੇ ਰਹੇ ਫੈਕਟਰਾਂ ਦੀ ਸਹੀ ਨਿਸ਼ਾਨਦੇਹੀ ਹੋਰ ਵੀ ਜ਼ਰੂਰੀ ਬਣ ਜਾਂਦੀ ਹੈ।

ਅਜਿਹਾ ਗਿਆਨ ਦੇਣ ਵਾਲਾ ਸਾਹਿਤ ਬਹੁਤ ਘੱਟ ਮਿਲਦਾ ਹੈ। ਇਹ ਵਡਮੁੱਲੀ ਕਿਤਾਬ ਇਸ ਘਾਟ ਨੂੰ ਪੂਰਾ ਕਰਨ ਦੀ ਦਿਸ਼ਾ 'ਚ ਬਹੁਤ ਮਹੱਤਵਪੂਰਨ ਉਪਰਾਲਾ ਹੈ। ਜੋ ਜ਼ਰੂਰ ਹੀ ਨਿੱਜੀ ਕੁੜਤਣ ਤੋਂ ਮੁਕਤ ਕਰਕੇ ਸਮਾਜਿਕ ਤਾਕਤ ਨੂੰ ਤਰੱਕੀ ਦੀ ਦਿਸ਼ਾ 'ਚ ਵਧਾਉਣ ਵਿਚ ਮੱਦਦਗਾਰ ਸਾਬਿਤ ਹੋਵੇਗੀ।



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਜਥੇਬੰਦਕ ਧਰਮਾਂ ਦਾ ਮਾਇਆਜਾਲ-9*

# ਜਪ-ਤਪ-ਹਠ ਕਰਮ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ।ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ।ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਜਪ, ਤਪ, ਹਠ ਕਰਮਾਂ ਆਧਾਰਿਤ ਨਕਲੀ ਧਰਮ ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀਆਂ ਲਾਈਨਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ:

**ਰੱਬ ਇੱਕ ਗੁੰਝਲਦਾਰ ਬੁਝਾਰਤ,**
**ਰੱਬ ਇੱਕ ਗੋਰਖਧੰਦਾ,**
**ਪੇਚ ਇਸਦੇ ਖੋਲ੍ਹਣ ਲੱਗਿਆਂ**
**ਕਾਫਰ ਹੋ ਜਾਏ ਬੰਦਾ।**

ਮਨੁੱਖ ਨੇ ਜੰਗਲੀ ਜੀਵਨ ਛੱਡ ਕੇ ਜਦੋਂ ਤੋਂ ਸਮਾਜਿਕ ਪ੍ਰਾਣੀ ਦੇ ਤੌਰ ’ਤੇ ਵਿਚਰਨਾ ਸ਼ੁਰੂ ਕੀਤਾ ਹੈ, ਓਦੋਂ ਤੋਂ ਹੀ ਉਸਨੇ ਜੀਵਨ ਦੇ ਵੱਖ-ਵੱਖ ਵਰਤਾਰਿਆਂ ਬਾਰੇ ਆਪਣੀ ਖੋਜ ਹਮੇਸ਼ਾਂ ਜਾਰੀ ਰੱਖੀ ਹੈ। ਇਸ ਧਰਤੀ ’ਤੇ ਵਾਪਰਦੇ ਵੱਖ-ਵੱਖ ਅਦਭੁੱਤ ਕੁਦਰਤੀ ਵਰਤਾਰਿਆਂ ਬਾਰੇ ਜਦੋਂ ਅਜੇ ਉਸਦੀ ਸੋਝੀ ਬਹੁਤੀ ਵਿਕਸਤ ਨਹੀਂ ਹੋਈ ਸੀ ਤਾਂ ਉਸਦੇ ਸਮਝ ਨਾ ਆਉਣ ਵਾਲੀਆਂ ਘਟਨਾਵਾਂ ਨੂੰ ਉਹ ਕਿਸੇ ਅਦਿੱਖ ਸ਼ਕਤੀ ਦੁਆਰਾ ਲਿਆਂਦੀਆਂ ਆਫਤਾਂ ਮੰਨ ਲੈਂਦਾ ਸੀ, ਉਸਨੂੰ ਅਜੇ ਕੁਦਰਤ ਦੇ ਅਟੱਲ ਨਿਯਮਾਂ ਦੀ ਸੋਝੀ ਨਹੀਂ ਸੀ। ਇਸ ਲਈ ਉਹ ਹਰ ਕੁਦਰਤੀ ਆਫਤ, ਕੁਦਰਤੀ ਵਰਤਾਰੇ ਲਈ ਕੋਈ ਨਾ ਕੋਈ ਦੇਵੀ-ਦੇਵਤਾ ਘੜ ਕੇ ਉਸਦੀ ਪੂਜਾ ਕਰਨ ਲੱਗ ਪੈਂਦਾ ਸੀ। ਉਨ੍ਹਾਂ ਸਮਿਆਂ ਤੋਂ ਹੀ ਇੱਕ ਪਾਸੇ ਇਹ ਸੋਚ ਵਿਕਸਤ ਹੁੰਦੀ ਰਹੀ ਕਿ ਇਨ੍ਹਾਂ ਕੁਦਰਤੀ ਵਰਤਾਰਿਆਂ ਦੇ ਵਾਪਰਨ ਦੇ ਕੋਈ ਨਾ ਕੋਈ ਕਾਰਨ ਹੁੰਦੇ ਹਨ। ਜੇ ਉਹ ਕਾਰਨ ਲੱਭ ਲਏ ਜਾਣ ਤਾਂ ਕੁਦਰਤੀ ਆਫਤਾਂ ਤੋਂ ਬਚਿਆ ਵੀ ਜਾ ਸਕਦਾ ਹੈ ਤੇ ਉਨ੍ਹਾਂ ਨੂੰ ਰੋਕਿਆ ਵੀ ਜਾ ਸਕਦਾ ਹੈ। ਪਰ ਦੂਜੇ ਪਾਸੇ ਇਹ ਸੋਚ ਵੀ ਚਲਦੀ ਰਹੀ ਕਿ ਨਹੀਂ ਇਨ੍ਹਾਂ ਸਾਰੇ ਕੁਦਰਤੀ ਵਰਤਾਰਿਆਂ ਪਿੱਛੇ ਕੋਈ ਨਾ ਕੋਈ ਅਜਿਹੀ ਸ਼ਕਤੀ ਹੈ, ਜੋ ਅਦਿੱਖ ਰੂਪ ਵਿੱਚ ਕਿਸੇ ਹੋਰ ਧਰਤੀ ‘ਤੇ ਬੈਠ ਕੇ ਇਸ ਧਰਤੀ ਨੂੰ ਚਲਾ ਰਹੀ ਹੈ।

ਮਨੁੱਖ ਦੀ ਸੂਝ ਇਸ ਧਰਤੀ ਤੋਂ ਹੋਰ ਅੱਗੇ ਕਿਤੇ ਅਜੇ ਵਿਕਸਤ ਨਹੀਂ ਹੋਈ ਸੀ, ਇਸ ਲਈ ਉਸਨੂੰ ਉਪਰ ਸਿਰਫ ਅਸਮਾਨ (ਬੱਦਲ) ਹੀ ਦਿਸਦਾ ਸੀ ਤੇ ਇਹ ਵੀ ਸੱਚ ਹੈ ਕਿ ਅਸਮਾਨੀ ਬਿਜਲੀ, ਬੱਦਲਾਂ ਦੀ ਗਰਜਣ, ਮੀਂਹ, ਹਨ੍ਹੇਰੀ, ਬਰਫ ਆਦਿ ਉਪਰੋਂ ਨਜ਼ਰ ਆਉਂਦੀ ਸੀ, ਇਸ ਨਾਲ ਮਨੁੱਖ ਦਾ ਇਹ ਭਰਮ ਪੱਕਾ ਹੁੰਦਾ ਗਿਆ ਕਿ ਇਨ੍ਹਾਂ ਬੱਦਲਾਂ ਦੇ ਪਾਰ ਜ਼ਰੂਰ ਕੋਈ ਅਜਿਹਾ ਵਿਅਕਤੀ ਬੈਠਾ ਹੈ, ਜੋ ਸਾਡੀ ਇਸ ਧਰਤੀ ਨੂੰ ਚਲਾ ਰਿਹਾ ਹੈ ਤੇ ਉਸ ਕੋਲ ਅਜਿਹੀਆਂ ਅਸੀਮ ਸ਼ਕਤੀਆਂ ਹਨ, ਜਿਸ ਨਾਲ ਉਹ ਇਸ ਧਰਤੀ ਤੇ ਕਿਸੇ ਸਮੇਂ ਵੀ ਪਰਲੋ ਲਿਆ ਸਕਦਾ ਹੈ। ਇਸੇ ਸੋਚ ਵਿੱਚੋਂ ਹੀ ਉਪਰ ਬੈਠੇ ‘ਰੱਬ’ ਦੀ ਹੋਂਦ ਵਿਕਸਤ ਹੋਈ, ਇਹੀ ਵਜ੍ਹਾ ਹੈ ਕਿ ਅੱਜ ਵੀ ਬਹੁਤੇ ਧਰਮੀ ਲੋਕ ਅਕਸਰ ਗੱਲਾਂ ਵਿੱਚ ਰੱਬ ਨੂੰ ਉੱਪਰ ਵਾਲਾ ਹੀ ਕਹਿੰਦੇ ਹਨ। ਅਰਦਾਸ ਜਾਂ ਫਰਿਆਦ ਵੀ ਉਪਰ ਨੂੰ ਹੱਥ ਚੁੱਕ ਕੇ ਹੀ ਕਰਦੇ ਹਨ।

ਇਨ੍ਹਾਂ ਸਮਿਆਂ ਵਿੱਚ ਹੀ ਜਿਥੇ ਖੋਜੀ ਬਿਰਤੀ ਦੇ ਲੋਕ ਕੁਦਰਤ ਵਿੱਚ ਵਾਪਰਦੀਆਂ ਘਟਨਾਵਾਂ ਜਾਂ ਵਰਤਾਰਿਆਂ ਦੇ ਕਾਰਨਾਂ ਦੀ ਖੋਜ ਕਰਦੇ ਰਹੇ, ਉਥੇ ਦੂਜੇ ਪਾਸੇ ਅਜਿਹੀ ਸੋਚ ਵੀ ਨਾਲ ਹੀ ਵਿਕਸਤ ਹੋਈ ਕਿ ਇਨ੍ਹਾਂ ਵਰਤਾਰਿਆਂ ਪਿੱਛੇ ਲੁਕੀ ਸ਼ਕਤੀ ਦੇ ਦੇਵੀ-ਦੇਵਤੇ ਬਣਾ ਕੇ ਜੇ ਪੂਜਾ ਕੀਤੀ ਜਾਵੇ ਤਾਂ ਉਨ੍ਹਾਂ ਨੂੰ ਖੁਸ਼ ਕੀਤਾ ਜਾ ਸਕਦਾ ਹੈ, ਫਿਰ ਉਨ੍ਹਾਂ ਤੋਂ ਮਨਮਰਜ਼ੀ ਦੇ ਕੰਮ ਕਰਵਾਏ ਜਾ ਸਕਦੇ ਹਨ, ਉਨ੍ਹਾਂ ਦੀ ਕਰੋਪੀ ਤੋਂ ਬਚਿਆ ਜਾ ਸਕਦਾ ਹੈ, ਬਾਅਦ ਵਿੱਚ ਇਸ ਅਦਿੱਖ ਸ਼ਕਤੀ ਦਾ ਨਾਮ ਹੀ ਰੱਬ (GOD) ਰੱਖਿਆ ਗਿਆ ਤੇ ਫਿਰ ਬਾਅਦ ਵਿੱਚ ਰੱਬ ਦੇ ਵੱਖ-ਵੱਖ ਨਾਮ ਪ੍ਰਚਲਤ ਹੋਏ ਅਤੇ ਇਹ ਵੀ ਮੰਨਿਆ ਗਿਆ ਕਿ ਉਸ ਸਰਬ ਸ਼ਕਤੀਮਾਨ ਰੱਬ ਨੇ ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਵੱਖ-ਵੱਖ ਮਹਿਕਮੇ, ਵੱਖ-ਵੱਖ ਦੇਵੀ-ਦੇਵਤਿਆਂ ਨੂੰ ਦਿੱਤੇ ਹੋਏ ਹਨ। ਜਿਨ੍ਹਾਂ ਨੂੰ ਪੂਜਾ-ਪਾਠ ਨਾਲ ਖੁਸ਼ ਕਰਕੇ ਜਿੱਥੇ ਕੁਦਰਤੀ ਆਫਤਾਂ ਤੋਂ ਬਚਿਆ ਜਾ ਸਕਦਾ ਹੈ ਤੇ ਮਨੋ-ਮੰਗੀਆਂ ਮੁਰਾਦਾਂ ਪਾਈਆਂ ਜਾ ਸਕਦੀਆਂ ਹਨ, ਉਥੇ ਇਨ੍ਹਾਂ ਸ਼ਕਤੀਆਂ ਦੇ ਕਰੋਪ ਤੋਂ ਵੀ ਬਚਿਆ ਜਾ ਸਕਦਾ ਹੈ। ਬੇਸ਼ੱਕ ਇਹ ਸਭ ਮਨੁੱਖ ਦੀ ਅਣਵਿਕਸਤ ਬੁੱਧੀ ਤੇ ਅਗਿਆਨਤਾ ਵਿੱਚੋਂ ਹੀ ਨਿਕਲਿਆ ਸੀ, ਪਰ ਸਮਾਜ ਵਿਚਲੇ ਚਲਾਕ ਵਰਗ (ਜਿਹੜਾ ਬਾਅਦ ਵਿੱਚ ਧਰਮ ਦਾ ਪੁਜਾਰੀ ਬਣਿਆ) ਨੇ ਮਨੁੱਖ ਦੀ ਇਸ ਡਰ ਤੇ ਲਾਲਚ ਦੀ ਮਾਨਸਿਕਤਾ ਵਿੱਚੋਂ ਆਪਣੀ ਦੁਕਾਨਦਾਰੀ ਚਲਾਉਣੀ ਸ਼ੁਰੂ ਕੀਤੀ।

ਮਨੁੱਖੀ ਇਤਿਹਾਸ ਨੂੰ ਜੇਕਰ ਪੜਚੋਲੀਆ ਨਜ਼ਰ ਤੋਂ ਦੇਖਿਆ ਜਾਵੇ ਤਾਂ ਸਮਝ ਪੈਂਦੀ ਹੈ ਕਿ ਮਨੁੱਖ ਦੇ ਸ਼ੁਰੂਆਤੀ ਦੌਰ ਵਿੱਚ ਜਦੋਂ ਕਬੀਲਾ ਪ੍ਰਥਾ ਸ਼ੁਰੂ ਹੋਈ ਸੀ ਤਾਂ ਸਰੀਰਕ ਤੌਰ ’ਤੇ ਤਕੜੇ ਵਿਅਕਤੀ ਕਬੀਲਿਆਂ ਦੇ ਆਗੂ ਬਣ ਜਾਂਦੇ ਸਨ, ਉਹੀ ਪ੍ਰਥਾ ਬਾਅਦ ਵਿੱਚ ਰਾਜ ਪ੍ਰਬੰਧ ਦੇ ਰੂਪ ਵਿੱਚ ਸਾਹਮਣੇ ਆਈ। ਸਮੇਂ ਨਾਲ ਜਿਥੇ ਇੱਕ ਪਾਸੇ ਸਰੀਰਕ ਤੌਰ ’ਤੇ ਤਕੜੇ ਵਿਅਕਤੀ ਕਬੀਲਾ ਮੁਖੀ ਜਾਂ ਰਾਜੇ (ਸ਼ਾਸਕ) ਬਣੇ, ਉਥੇ ਦਿਮਾਗੀ ਤੌਰ ’ਤੇ ਵਿਕਸਤ (ਪਰ ਸ਼ੈਤਾਨੀ ਦਿਮਾਗ ਵਾਲੇ) ਲੋਕ ਮਨੁੱਖ ਦੀ ਅਗਿਆਨਤਾ ਤੇ ਡਰ ਦਾ ਲਾਭ ਉਠਾ ਕੇ ਧਰਮ ਪੁਜਾਰੀ ਬਣੇ, ਬਾਅਦ ਵਿੱਚ ਇਨ੍ਹਾਂ ਦੋਨਾਂ ਸ਼੍ਰੇਣੀਆਂ (ਸ਼ਾਸਕ ਤੇ ਪੁਜਾਰੀਆਂ) ਨੇ ਰਲ ਕੇ ਲੋਕਾਂ ਦਾ ਸੋਸ਼ਣ ਸ਼ੁਰੂ ਕੀਤਾ, ਜਿਹੜਾ ਕਿ ਪਿਛਲੇ 5-6 ਹਜ਼ਾਰ ਸਾਲ ਤੋਂ ਬਦਸਤੂਰ ਜਾਰੀ ਹੈ। ਜੇ ਅੱਜ ਦੇ ਪ੍ਰਚੱਲਿਤ ਜਥੇਬੰਧਕ ਧਰਮਾਂ ਦਾ ਇਤਿਹਾਸ ਫਰੋਲਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਸਾਰੇ ਧਰਮ ਉਸ ਸਮੇਂ ਦੇ ਸਮਾਜ ਵਿੱਚ ਸ਼ਾਸਕ ਤੇ ਪੁਜਾਰੀ ਦੀ ਲੁੱਟ ਵਿਰੁੱਧ ਬਗਾਵਤ ਵਿੱਚੋਂ ਪੈਦਾ ਹੋਏ ਹਨ। ਪਰ ਸਾਰੇ ਧਰਮਾਂ ਦੀ ਸਮੱਸਿਆ ਇਹ ਰਹੀ ਹੈ ਕਿ ਇਹ ਬਹੁਤਾ ਸਮਾਂ ਆਪਣੀ ਮੌਲਿਕਤਾ ਕਾਇਮ ਨਹੀਂ ਰੱਖ ਪਾਉਂਦੇ ਤੇ ਪੁਜਾਰੀ ਸ਼੍ਰੇਣੀ ਨਵੇਂ ਰੂਪ ਵਿੱਚ ਇਨ੍ਹਾਂ ਧਰਮਾਂ ‘ਤੇ ਕਾਬਜ਼ ਹੋ ਜਾਂਦੀ ਹੈ। ਸਮੇਂ ਨਾਲ ਹਰ ਧਰਮ ਦੇ ਅਨੁਆਈ ਆਪਣੇ ਕ੍ਰਾਂਤੀਕਾਰੀ ਪੈਗੰਬਰਾਂ ਦੀ ਮੌਲਿਕ ਵਿਚਾਰਧਾਰਾ ਨੂੰ ਭੁੱਲ-ਭੁਲਾ ਕੇ ਅਗਿਆਨਤਾ, ਡਰ ਤੇ ਲਾਲਚੀ ਬਿਰਤੀ ਅਧੀਨ ਪੁਜਾਰੀ ਦੇ ਨਕਲੀ ਧਰਮਾਂ ਨੂੰ ਅਸਲੀ ਸਮਝ ਲੈਂਦੇ ਹਨ। ਅੱਜ ਹਰ ਧਰਮ, ਪੁਜਾਰੀ ਤੇ ਸ਼ਾਸਕ ਦੇ ਗਠਜੋੜ ਦਾ ਸ਼ਿਕਾਰ ਹੋ ਕੇ ਮਨੁੱਖਤਾ ਦੀ ਲੁੱਟ ਦਾ ਸੰਦ ਬਣਿਆ ਹੋਇਆ ਹੈ।

ਇਹ ਸਾਰੀ ਭੂਮਿਕਾ ਦੇਣ ਦਾ ਮਕਸਦ ਸਿਰਫ ਇਹੀ ਸੀ ਕਿ ਜੇ ਅਸੀਂ ਧਰਮ ਦੇ ਇਤਿਹਾਸ ਨੂੰ ਸਮਝ ਸਕੀਏ ਤਾਂ ਹੀ ਅਸੀਂ ਨਕਲੀ ਧਰਮਾਂ ਵਿੱਚੋਂ ਨਿਕਲ ਸਕਦੇ ਹਾਂ। ਸ਼ੁਰੂ ਵਿੱਚ ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀਆਂ ਲਾਈਨਾਂ ਵਿੱਚ ਜਿਸ ਤਰ੍ਹਾਂ ਜ਼ਿਕਰ ਕੀਤਾ ਸੀ ਕਿ ਰੱਬ ਇੱਕ ਅਜਿਹਾ ਗੋਰਖਧੰਦਾ ਹੈ ਕਿ ਇਸਨੂੰ ਮਨੁੱਖ ਸਦੀਆਂ ਤੋਂ ਸਮਝਣ ਦਾ ਯਤਨ ਕਰ ਰਿਹਾ ਹੈ, ਪਰ ਅੱਜ ਤੱਕ ਕਿਸੇ ਦੇ ਸਮਝ ਨਹੀਂ ਆ ਸਕਿਆ। ਪੁਰਾਤਨ ਮਨੁੱਖ ਨੇ ਪੁਜਾਰੀ ਵਰਗ ਮਗਰ ਲੱਗ ਕੇ ਰੱਬ ਦੀ ਹਸਤੀ ਨੂੰ ਕਿਸੇ ਹੋਰ ਅਸਮਾਨ (ਧਰਤੀ) ਤੇ ਤਾਂ ਕਲਪ ਲਿਆ ਤੇ ਉਸਦੀ ਕ੍ਰਿਪਾ ਦਾ ਪਾਤਰ ਬਣਨ ਜਾਂ ਉਸਦੀ ਕ੍ਰੋਪੀ ਤੋਂ ਬਚਣ ਦੇ ਪਾਠ-ਪੂਜਾ ਰੂਪੀ ਸਾਧਨ ਵੀ ਬਣਾ ਲਏ। ਪਰ ਉਸਦੇ ਮਨ ਵਿੱਚ ਉਸ ਅਦਿੱਖ ਸ਼ਕਤੀ ਨੂੰ ਮਿਲਣ, ਉਸਦੇ ਦਰਸ਼ਨ ਕਰਨ ਦੀ ਤਾਂਘ ਹਮੇਸ਼ਾਂ ਬਣੀ ਰਹੀ। ਭਾਵੇਂ ਧਰਮ ਪੁਜਾਰੀ ਨੇ ਮਨੁੱਖੀ ਮਨ ਵਿੱਚ ਸਰਬ ਸ਼ਕਤੀਮਾਨ ਰੱਬ ਦੀ ਹੋਂਦ ਤਾਂ ਵਿਕਸਤ ਕਰ ਦਿੱਤੀ ਸੀ, ਪਰ ਜਦੋਂ ਇਹ ਸਵਾਲ ਖੜ੍ਹੇ ਹੁੰਦੇ ਸਨ ਕਿ ਉਸਨੂੰ ਮਿਲਿਆ ਕਿਵੇਂ ਜਾਵੇ, ਉਸਦੇ ਦਰਸ਼ਨ ਕਿਵੇਂ ਹੋਣ ਤਾਂ ਪੁਜਾਰੀ ਨੇ ਇਸਨੂੰ ਬੜਾ ਕਠਿਨ ਮਾਰਗ ਦੱਸ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ, ਪਰ ਹਠੀ (ਜਿਦੀ) ਵਿਅਕਤੀਆਂ ਤੋਂ ਪਿੱਛਾ ਛੁਡਾਉਣ ਲਈ ਇਸਨੇ ਰੱਬ ਨੂੰ ਪਾਉਣ, ਉਸਦੇ ਦਰਸ਼ਨ ਕਰਨ, ਆਪਣਾ ਜੀਵਨ ਸਫਲਾ ਕਰਨ ਆਦਿ ਲਈ ਬੜੀਆਂ ਕਠਿਨ ਤਪੱਸਿਆਵਾਂ ਦੀ ਕਾਢ ਕੱਢੀ, ਜਿਥੋਂ ਜਪ, ਤਪ ਤੇ ਹਠ ਕਰਮਾਂ ਅਧਾਰਿਤ ਨਕਲੀ ਧਰਮ ਵਿਕਸਤ ਹੋਇਆ।

ਬੇਸ਼ੱਕ ਪੁਜਾਰੀ ਨੂੰ ਹਮੇਸ਼ਾਂ ਤੋਂ ਗਿਆਨ ਸੀ ਕਿ ਉਸ ਵਲੋਂ ਤਾਂ ਆਪਣਾ ਧੰਦਾ ਚਲਾਉਣ ਲਈ ਸਿਰਫ ਕਲਪਿਤ ਰੱਬ ਹੀ ਚਿਤਰਿਆ ਹੋਇਆ ਹੈ, ਉਸਨੇ ਆਪ ਕਿਹੜੇ ਕੋਈ ਦਰਸ਼ਨ ਕੀਤੇ ਸਨ। ਆਪ ਕਿਹੜਾ ਉਹ ਕਿਸੇ ਜਹਾਜ਼ ਵਿੱਚ ਬੈਠ ਕੇ ਜਾਂ ਉਡਾਰੀ ਮਾਰ ਕੇ ਸੱਤਵੇਂ ਅਸਮਾਨ ’ਤੇ ਗਿਆ ਸੀ, ਜਿਥੇ ਉਹ ਕਿਸੇ ਰੱਬ ਨੂੰ ਮਿਲ ਕੇ ਆਇਆ ਸੀ। ਇਹ ਤਾਂ ਉਸਨੇ ਮਨੁੱਖ ਦੇ ਕਮਜ਼ੋਰ ਮਨ ਦੀ ਅਗਿਆਨਤਾ, ਡਰ ਤੇ ਲਾਲਚ ਦੀ ਬਿਰਤੀ ਵਿੱਚੋਂ ਪੈਦਾ ਹੋਈ ਸੋਚ ਨੂੰ ਵਿਕਸਤ ਕਰਕੇ ਸਮੇਂ ਦੇ ਸ਼ਾਸਕ ਨਾਲ ਰਲ ਕੇ ਆਪਣੀ ਸਰਦਾਰੀ ਕਾਇਮ ਰੱਖਣ ਦੀ ਵਿਚਾਰਧਾਰਾ ਘੜੀ ਸੀ। ਪਰ ਸੱਚੇ ਦਿਲੋਂ ਰੱਬ ਦੀ ਖੋਜ ਕਰਨ ਦੇ ਚਾਹਵਾਨਾਂ ਨੂੰ ਉਸਨੇ ਰੱਬ ਪਾਉਣ ਦੇ ਅਜਿਹੇ ਕਠਿਨ ਜਪ, ਤਪ ਤੇ ਕਰਮ ਦੱਸੇ ਕਿ ਸ਼ਰਧਾਲੂ ਮਨੁੱਖ ਸਦੀਆਂ ਤੋਂ ਉਹ ਕਰਮ ਕਰਦਾ, ਇਸ ਸੰਸਾਰ ਤੋਂ ਚਲਾ ਜਾਂਦਾ ਹੈ, ਪਰ ਕਿਸੇ ਨੂੰ ਉਸਦਾ ਰੱਬ ਨਹੀਂ ਮਿਲਦਾ। ਜੇ ਮਿਲਦਾ ਹੁੰਦਾ ਤਾਂ ਰੱਬ ਮਿਲਣ ਦੇ ਦਾਅਵੇ ਕਰਨ ਵਾਲਿਆਂ ਨੂੰ ਵੱਖ-ਵੱਖ ਤਰ੍ਹਾਂ ਦੇ ਰੱਬ ਨਾ ਮਿਲਦੇ, ਅਸਲ ਵਿੱਚ ਉਹ ਜਿਸਨੂੰ ਰੱਬ ਸਮਝਦੇ ਹਨ, ਉਹ ਸਿਰਫ ਉਨ੍ਹਾਂ ਦੇ ਮਨ ਦੀ ਇਮੈਜ਼ੀਨੇਸ਼ਨ (Mind Created Imagination) ਤੋਂ ਵੱਧ ਕੁੱਝ ਨਹੀਂ ਹੁੰਦਾ। ਬਹੁਤ ਵਾਰ ਅਜਿਹੇ ਲੋਕਾਂ ਨੂੰ ਸਾਲਾਂ ਦੀ ਕਠਿਨ ਤਪੱਸਿਆ ਤੋਂ ਬਾਅਦ ਜਦੋਂ ਕੁੱਝ ਨਹੀਂ ਮਿਲਦਾ ਤਾਂ ਉਹ ਸ਼ਰਮ ਮਾਰੇ ਸੱਚ ਕਹਿਣ ਤੋਂ ਡਰਦੇ ਪੁਜਾਰੀਆਂ ਵਾਂਗ ਧਰਮ ਦੇ ਨਾਮ ਤੇ ਆਪਣਾ ਵੱਖਰਾ ਫਿਰਕਾ ਸ਼ੁਰੂ ਕਰ ਲੈਂਦੇ ਹਨ, ਪਰ ਸੱਚ ਲੋਕਾਂ ਤੱਕ ਨਹੀਂ ਆਉਣ ਦਿੰਦੇ, ਜਿਸ ਨਾਲ ਰੱਬ ਰੂਪੀ ਗੁੰਝਲਦਾਰ ਬੁਝਾਰਤ ਸਦੀਆਂ ਤੋਂ ਉਸੇ ਤਰ੍ਹਾਂ ਬਣੀ ਹੋਈ ਹੈ।

ਪਰ ਪੁਜਾਰੀ ਨੂੰ ਇਸਦਾ ਦੋਹਰਾ ਲਾਭ ਹੁੰਦਾ ਹੈ, ਇੱਕ ਪਾਸੇ ਤਾਂ ਉਸਦੇ ਝੂਠ ਦੇ ਮਹੱਲ ਵਿਰੁੱਧ ਉਠਣ ਵਾਲੀ ਬਗਾਵਤ ਸਦਾ ਲਈ ਚੁੱਪ ਹੋ ਜਾਂਦੀ ਹੈ ਤੇ ਦੂਜਾ ਉਸ ਵਿਅਕਤੀ ਦੇ ਇਸ ਸੰਸਾਰ ਤੋਂ ਜਾਣ ਬਾਅਦ ਉਸਦੇ ਨਵੇਂ ਫਿਰਕੇ ਵਿੱਚ ਪੁਜਾਰੀ ਨਵੇਂ ਰੂਪ ਵਿੱਚ ਆ ਵੜਦਾ ਹੈ। ਪਰ ਜੇ ਕੋਈ ਵਿਅਕਤੀ ਸਾਲਾਂ ਬੱਧੀ ਭਾਰੀ ਜਪ-ਤਪ ਕਰਕੇ ਬਿਨਾਂ ਕਿਸੇ ਪ੍ਰਾਪਤੀ ਦੇ ਵਾਪਿਸ ਆ ਕੇ ਬਗਾਵਤ ਕਰਨ ਦੀ ਕੋਸ਼ਿਸ ਕਰੇ ਵੀ ਤਾਂ ਉਸਦੀ ਸ਼ਰਧਾ ਜਾਂ ਤਪੱਸਿਆ ’ਤੇ ਸ਼ੱਕ ਕਰਕੇ ਉਸਨੂੰ ਦੁਰਕਾਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਉਹ ਵਿਅਕਤੀ ਜਾਂ ਤੇ ਆਪਣੇ ਕਠਿਨ ਤਪਾਂ ਵਿੱਚ ਹੀ ਅਨੰਦ ਲੈਣ ਲਗਦਾ ਹੈ ਤੇ ਇਸ ਜੰਜਾਲ ‘ਚੋਂ ਬਾਹਰ ਨਹੀਂ ਨਿਕਲਦਾ ਜਾਂ ਫਿਰ ਬਗਾਵਤ ਕਰਕੇ ਇਹ ਰਸਤਾ ਛੱਡ ਕੇ ਲਾਂਭੇ ਹੋ ਜਾਂਦਾ ਹੈ ਭਾਵ ਨਾਸਤਿਕ ਹੋ ਜਾਂਦਾ ਹੈ, ਪਰ ਮਨੁੱਖਤਾ ਨੂੰ ਪੁਜਾਰੀ ਦੇ ਭਰਮ ਜਾਲ ਤੋਂ ਮੁਕਤ ਕਰਨ ਲਈ ਯਤਨ ਨਹੀਂ ਕਰਦਾ।

ਆਮ ਵਿਅਕਤੀ ਜਿਹੜਾ ਅਜਿਹੇ ਕਠਿਨ ਜਪ-ਤਪ ਕਰਨ ਤੋਂ ਅਸਮਰਥ ਹੁੰਦਾ ਹੈ। ਉਹ ਧਰਮ ਪੁਜਾਰੀ ਨੂੰ ਰੱਬ ਦਾ ਵਿਚੋਲਾ ਮੰਨ ਕੇ ਉਸਦੇ ਕਹੇ ਅਨੁਸਾਰ ਗ੍ਰਹਿਸਤ ਜਾਂ ਸਮਾਜ ਵਿੱਚ ਰਹਿ ਕੇ ਪੂਜਾ-ਪਾਠ ਜਾਂ ਕਰਮ-ਕਾਂਡ ਨਿਭਾਉਂਦਾ ਰਹਿੰਦਾ ਹੈ, ਭਾਵੇਂ ਇਨ੍ਹਾਂ ਪੂਜਾ-ਪਾਠਾਂ ਨਾਲ ਉਸਨੂੰ ਕਦੇ ਕੋਈ ਲਾਭ ਨਹੀਂ ਹੁੰਦਾ, ਪਰ ਪੁਜਾਰੀ ਨੇ ਧਾਰਮਿਕ ਤੇ ਸਮਾਜਿਕ ਬੰਧਨ ਅਜਿਹੇ ਢੰਗ ਨਾਲ ਪਾਏ ਹੁੰਦੇ ਹਨ ਕਿ ਉਹ ਨਾ ਚਾਹੁੰਦਾ ਹੋਇਆ ਵੀ ਕਰਮਕਾਂਡ, ਰੀਤਾਂ ਰਸਮਾਂ ਕਰਦਾ, ਇਸ ਦੁਨੀਆਂ ਤੋਂ ਰੁਕਸਤ ਹੋ ਜਾਂਦਾ ਹੈ। ਇਸ ਤਰ੍ਹਾਂ ਪੁਜਾਰੀ ਦੀ ਲੁੱਟ ਪੀੜ੍ਹੀ-ਦਰ-ਪੀੜ੍ਹੀ ਚਲਦੀ ਰਹਿੰਦੀ ਹੈ। ਕੁਦਰਤ ਦੇ ਅਟੱਲ ਨਿਯਮਾਂ ਤੋਂ ਬੇਖਬਰ ਮਨੁੱਖ ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਬੜੀ ਸ਼ਰਧਾ ਤੇ ਰੱਬ ਦੀ ਭੈ-ਭਾਵਨੀ ਵਿੱਚ ਰਹਿ ਕੇ ਹਰ ਤਰ੍ਹਾਂ ਦੇ ਕਠਿਨ ਜਪ-ਤਪ, ਕਰਮਕਾਂਡ, ਦਾਨ, ਤੀਰਥਾਂ ਦੇ ਇਸ਼ਨਾਨ ਕਰਦਾ ਰਹਿੰਦਾ ਹੈ। ਪਰ ਸ਼ਰਧਾ ਦੇ ਨਾਮ ’ਤੇ ਉਸਨੂੰ ਪੁਜਾਰੀ ਨੇ ਮਾਨਸਿਕ ਤੌਰ ’ਤੇ ਇੰਨਾ ਗੁਲਾਮ ਬਣਾ ਲਿਆ ਹੁੰਦਾ ਹੈ ਕਿ ਉਹ ਸਾਰੀ ਉਮਰ ਕਰਮ, ਧਰਮ, ਪੂਜਾ-ਪਾਠ ਕਰਕੇ ਖਾਲੀ ਹੱਥ ਹੁੰਦਾ ਹੋਇਆ ਵੀ ਕਦੇ ਪੁਜਾਰੀ ਖਿਲਾਫ ਬੋਲਣ ਜਾਂ ਖੜਨ ਦੀ ਜੁਰੱਅਤ ਨਹੀਂ ਕਰਦਾ।

ਜੇ ਧਰਮਾਂ ਵਿੱਚ ਪ੍ਰਚੱਲਿਤ ਹਠ ਕਰਮਾਂ ਦੀ ਗੱਲ ਕਰੀਏ ਤਾਂ ਅਗਿਆਨੀ, ਡਰਪੋਕ ਤੇ ਲਾਲਚੀ ਮਨੁੱਖ ਪੁਜਾਰੀ ਮਗਰ ਲੱਗ ਕੇ ਕੀ ਕੁੱਝ ਨਹੀਂ ਕਰਦਾ ਰਿਹਾ ਜਾਂ ਕਰ ਰਿਹਾ। ਰੱਬ ਦੀ ਪ੍ਰਾਪਤੀ, ਦੁਨਿਆਵੀ ਸੁੱਖਾਂ ਦੀ ਪ੍ਰਾਪਤੀ, ਅਗਲੇ ਜਨਮਾਂ ਦੇ ਸੁੱਖਾਂ ਦੀ ਪ੍ਰਾਪਤੀ, ਸਵਰਗਾਂ ਦੇ ਲਾਲਚ, ਜਪ-ਤਪ ਜਾਂ ਪੂਜਾ-ਪਾਠ ਨਾ ਕਰਨ ਤੋਂ ਰੱਬ ਦੀ ਕਰੋਪੀ ਹੋਣ ਦੇ ਡਰ, ਪ੍ਰਾਪਤ ਸੁੱਖ-ਸਹੂਲਤਾਂ ਖੁੱਸ ਜਾਣ ਜਾਂ ਸਵਰਗਾਂ ਦੇ ਸੁੱਖ ਨਾ ਮਿਲਣ ਦੇ ਡਰ, ਨਰਕਾਂ ਦੇ ਡਰ ਆਦਿ ਕਰਕੇ ਮਨੁੱਖ ਘਰ ਪਰਿਵਾਰ ਛੱਡ ਕੇ ਜੰਗਲਾਂ, ਪਹਾੜਾਂ ਵਿੱਚ ਜਾਨਵਰਾਂ ਵਾਂਗ ਘੁੰਮਦਾ ਰਿਹਾ, ਵਰਤ ਰੱਖ ਕੇ ਸਰੀਰ ਨੂੰ ਕਸ਼ਟ ਦਿੰਦਾ ਰਿਹਾ, ਬਨਾਰਸ ਵਿੱਚ ਅਗਲੇ ਜਨਮ ਦੇ ਸੁੱਖਾਂ ਦੇ ਲਾਲਚ ਵਿੱਚ ਇਸ ਜੀਵਨ ਦੀ ਦੌਲਤ ਪੁਜਾਰੀਆਂ ਨੂੰ ਦੇ ਕੇ ਮਰਨ ਸਮੇਂ ਆਪਣਾ ਸਰੀਰ ਆਰੇ ਨਾਲ ਕਟਵਾ ਲੈਂਦਾ ਰਿਹਾ, ਨੰਗੇ ਪੈਰੀਂ ਚੱਲ ਕੇ ਧਰਮ ਅਸਥਾਨਾਂ ਦੀ ਯਾਤਰਾ ਕਰਦਾ ਰਿਹਾ, ਠੰਡੇ ਪਾਣੀ ਵਿੱਚ ਇੱਕ ਲੱਤ ਭਾਰ ਖੜ੍ਹੇ ਹੋ ਕੇ ਤਪੱਸਿਆ ਕਰਦਾ ਰਿਹਾ, ਰੱਬ ਦਾ ਕੋਈ ਨਾਮ ਰੱਖ ਉਸਦਾ ਸਾਰੀ ਉਮਰ ਮੰਤਰ ਜਾਪ ਕਰਦਾ ਰਿਹਾ, ਆਪਣੇ ਸਰੀਰ ਨੂੰ ਭੁੱਖਾ ਰੱਖ ਕੇ ਸੁਕਾ ਲੈਂਦਾ ਰਿਹਾ, ਰੱਬ ਨੂੰ ਪਾਉਣ ਲਈ ਪਸ਼ੂਆਂ ਵਾਂਗ ਨੰਗਾ ਘੁੰਮਦਾ ਰਿਹਾ (ਅੱਜ ਵੀ ਬਹੁਤ ਨਾਂਗੇ ਸਾਧ ਮਿਲ ਜਾਂਦੇ ਹਨ), ਆਪਣੇ ਸਰੀਰ ਨੂੰ ਕਸ਼ਟ ਦੇਣ ਲਈ ਕੰਡਿਆਂ ਉੱਤੇ ਤੁਰਦਾ ਰਿਹਾ, ਅੰਗਾਰਿਆਂ ਤੇ ਨੱਚਦਾ ਰਿਹਾ, ਆਪਣੇ ਸਰੀਰ ‘ਤੇ ਕੋੜ੍ਹੇ ਮਾਰ ਕੇ ਲਹੂ ਲੁਹਾਣ ਹੁੰਦਾ ਰਿਹਾ (ਜਿਵੇਂ ਮੁਸਲਮਾਨਾਂ ਦੇ ਸ਼ੀਆ ਫਿਰਕੇ ਦੇ ਲੋਕ ਆਪਣੇ ਤਿਉਹਾਰ ਮੁਹੱਰਮ ਮੌਕੇ ਆਪਣੇ ਨੰਗੇ ਸਰੀਰ ਨੂੰ ਚੇਨ੍ਹਾਂ, ਸੰਗਲ਼ਾਂ, ਤਲਵਾਰਾਂ ਆਦਿ ਨਾਲ਼ ਲਹੂ-ਲੁਹਾਣ ਕਰ ਲੈਂਦੇ ਹਨ), ਲੰਬਾ ਸਮਾਂ ਮੋਨ ਧਾਰਦਾ ਰਿਹਾ, ਸਾਰੀ ਦੁਨੀਆ ਤੋਂ ਨਾਤਾ ਤੋੜ ਲੈਂਦਾ ਰਿਹਾ, ਮ੍ਰਿਤਕ ਪ੍ਰਾਣੀਆਂ ਨੂੰ ਗੁਰੂ ਦੇ ਚਰਨਾਂ ਵਿੱਚ ਥਾਂ ਦਿਵਾਉਣ ਜਾਂ ਗਤੀ ਕਰਾਉਣ ਲਈ ਗੰਗਾ, ਹਰਿਦੁਆਰ, ਕੀਤਰਪੁਰ (ਹੁਣ ਕਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਗੁਰਦੁਆਰਾ ਡਿਕਸੀ ਰੋਡ ਵਿਖੇ ਮ੍ਰਿਤਕ ਪ੍ਰਾਣੀਆਂ ਦੀਆਂ ਅਸਥੀਆਂ ਪਾਉਣ ਲਈ ਕੀਰਤਪੁਰ ਸਾਹਿਬ ਪਾਰਕ ਬਣਾ ਦਿੱਤਾ ਗਿਆ ਹੈ) ਆਦਿ ਥਾਵਾਂ ਤੇ ਜਾਂਦਾ ਰਿਹਾ, ਮ੍ਰਿਤਕਾਂ ਨੂੰ ਕਬਰਾਂ ਵਿੱਚ ਦੱਬ ਕੇ ਪਿਛਲੇ 2 ਹਜ਼ਾਰ ਸਾਲ ਤੋਂ ਕਿਆਮਤ ਦੀ ਉਡੀਕ ਕਰ ਰਿਹਾ ਹੈ ਤਾਂ ਕਿ ਇੱਕ ਦਿਨ ਉਹ ਸਵਰਗਾਂ ਦੀਆਂ ਠੰਡੀਆਂ ਹਵਾਵਾਂ ਵਿੱਚ ਅੰਗੂਰਾਂ ਦੀ ਸ਼ਰਾਬ ਨਾਲ ਹੂਰਾਂ ਦਾ ਆਨੰਦ ਮਾਣ ਸਕੇ। ਪਰ ਸਭ ਕੁੱਝ ਕਰਨ ਦੇ ਬਾਅਦ ਕਦੇ ਰੱਬ ਦੀ ਗੁੰਝਲਦਾਰ ਬੁਝਾਰਤ ਸਮਝ ਨਾ ਸਕਿਆ ਕਿਉਂਕਿ ਸਮਝਣ ਵਾਲੇ ਰਸਤੇ ਉਹ ਕਦੇ ਤੁਰਿਆ ਹੀ ਨਹੀਂ, ਆਪਣੇ ਮਨ ਨੂੰ ਖੋਜੀ ਬਿਰਤੀ ਵਾਲਾ ਬਣਾ ਹੀ ਨਹੀਂ ਸਕਿਆ, ਉਹ ਤਾਂ ਅੱਖਾਂ ਮੀਟ ਕੇ ਮੰਨਣ ਦੇ ਰਾਹਾਂ ਦਾ ਪਾਂਧੀ ਹੀ ਰਿਹਾ, ਜਿਹੜਾ ਕਿ ਪੁਜਾਰੀ ਨੂੰ ਹਮੇਸ਼ਾਂ ਰਾਸ ਆਉਂਦਾ ਹੈ। ਜੇ ਧਾਰਮਿਕ ਦੁਨੀਆਂ ਦੇ ਇਨਕਲਾਬੀ ਮਹਾਂਪੁਰਸ਼ਾਂ ਨੇ ਗ੍ਰੰਥਾਂ ਰਾਹੀਂ ਆਪਣਾ ਗਿਆਨ ਦਿੱਤਾ ਤਾਂ ਉਹ ਪੁਜਾਰੀਆਂ ਮਗਰ ਲੱਗ ਗ੍ਰੰਥਾਂ ਨੂੰ ਮੂਰਤੀਆਂ ਵਾਂਗ ਪੂਜਣ ਲੱਗਾ।

ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵੱਖ-ਵੱਖ ਧਰਮਾਂ ਵਿੱਚ ਰੱਬ ਨੂੰ ਪਾਉਣ ਲਈ ਜਾਂ ਸਵਰਗਾਂ ਦੇ ਲਾਲਚ ਤੇ ਨਰਕਾਂ ਦੇ ਡਰ ਵਿੱਚ ਅਨੇਕਾਂ ਤਰ੍ਹਾਂ ਦੇ ਕਰਮਕਾਂਡ, ਜਪ-ਤਪ, ਪੂਜਾ-ਪਾਠ ਕੀਤੇ ਜਾਂਦੇ ਹਨ। ਪਰ ਕਦੇ ਕਿਸੇ ਨੂੰ ਨਾ ਪੁਜਾਰੀਆਂ ਵਾਲਾ ਰੱਬ ਮਿਲਿਆ ਤੇ ਨਾ ਹੀ ਕਦੇ ਕਿਸੇ ਨੂੰ ਸਵਰਗ ਦੇ ਦਰਸ਼ਨ ਹੋਏ, ਦਰਸ਼ਨ ਹੋਣੇ ਵੀ ਕਿਵੇਂ ਸਨ, ਪੁਜਾਰੀ ਨੂੰ ਪਤਾ ਸੀ ਕਿ ਅੱਜ ਤੱਕ ਕਦੇ ਕੋਈ ਸਰੀਰਕ ਮੌਤ ਤੋਂ ਬਾਅਦ ਮੁੜ ਕੇ ਵਾਪਸ ਨਹੀਂ ਆਇਆ, ਜੋ ਉਨ੍ਹਾਂ ਦੇ ਅਖੌਤੀ ਸਵਰਗਾਂ ਦੀ ਗਵਾਹੀ ਭਰ ਸਕੇ ਜਾਂ ਰੱਦ ਕਰ ਸਕੇ। ਇਸੇ ਤਰ੍ਹਾਂ ਪੁਜਾਰੀਆਂ ਨੂੰ ਸਭ ਪਤਾ ਹੈ ਕਿ ਅਜਿਹਾ ਕੋਈ ਰੱਬ ਨਹੀਂ, ਜਿਹੜਾ ਕਿਸੇ ਸੱਤਵੇਂ ਆਸਮਾਨ ’ਤੇ ਬੈਠਾ ਹੈ। ਜਿਸਨੂੰ ਕਿਸੇ ਨੇ ਜਪ, ਤਪ ਰਾਹੀਂ ਮਿਲਣਾ ਹੈ, ਪਰ ਉਸਨੇ ਸ਼ਰਧਾ ਤੇ ਵਿਸ਼ਵਾਸ ਦੇ ਨਾਮ ਤੇ ਅਖੌਤੀ ਧਰਮੀ ਮਨੁੱਖ ਨੂੰ ਮਾਨਸਿਕ ਤੌਰ ’ਤੇ ਇੰਨਾ ਗੁਲਾਮ ਬਣਾਇਆ ਹੋਇਆ ਹੈ ਕਿ ਸਾਰੀ ਸੱਚਾਈ ਸਾਹਮਣੇ ਹੋਣ ਦੇ ਬਾਵਜੂਦ ਉਹ ਸੱਚ ਕਹਿਣ ਦੀ ਹਿੰਮਤ ਨਹੀਂ ਕਰ ਪਾਉਂਦਾ, ਪੁਜਾਰੀ ਨੂੰ ਸਵਾਲ ਕਰਨ ਦੀ ਜ਼ੁਰੱਅਤ ਨਹੀਂ ਕਰਦਾ।

ਅੱਜ ਦੇ ਸਾਰੇ ਪ੍ਰਚੱਲਿਤ ਜਥੇਬੰਧਕ ਧਰਮ, ਪੁਜਾਰੀਆਂ ਤੇ ਸ਼ਾਸਕਾਂ ਦੇ ਕੰਟਰੋਲ ਵਿੱਚ ਆ ਚੁੱਕੇ ਹਨ। ਸੱਚੇ ਤੇ ਇਨਕਲਾਬੀ ਧਰਮ ਗੁਰੂਆਂ, ਮਹਾਂਪੁਰਸ਼ਾਂ ਜਾਂ ਪੀਰਾਂ-

ਪੈਗੰਬਰਾਂ ਦੇ ਨਾਮ, ਉਹ ਆਪਣੀ ਦੁਕਾਨਦਾਰੀ ਚਲਾਉਣ ਲਈ ਹੀ ਵਰਤਦੇ ਹਨ। ਪੈਗੰਬਰਾਂ ਦੇ ਧਰਮ ਗ੍ਰੰਥਾਂ ਰਾਹੀਂ ਮਨੁੱਖ ਨੂੰ ਸੋਝੀ ਦੇਣ ਦੀ ਥਾਂ ਉਨ੍ਹਾਂ ਨੂੰ ਮੰਤਰ ਪਾਠਾਂ, ਸੁੱਖਣਾ ਪੂਰੀਆਂ ਕਰਨ ਆਦਿ ਦੇ ਨਾਮ ਤੇ ਪੈਸਾ ਇਕੱਠਾ ਕਰਨ ਲਈ ਵਰਤਦੇ ਹਨ। ਧਰਮ ਗ੍ਰੰਥਾਂ ਵਿਚਲੇ ਗਿਆਨ ਨੂੰ ਮਨੁੱਖ ਨੂੰ ਸੂਝਵਾਨ ਬਣਾਉਣ ਲਈ ਵਰਤਣ ਦੀ ਥਾਂ ਉਨ੍ਹਾਂ ਦਾ ਸੋਸ਼ਣ ਕਰਨ ਜਾਂ ਲੁੱਟਣ ਲਈ ਹੀ ਵਰਤਦੇ ਹਨ।

ਮਨੁੱਖ ਇਨ੍ਹਾਂ ਨਕਲੀ ਧਰਮਾਂ ਵਿੱਚੋਂ ਕਿਵੇਂ ਨਿਕਲੇ, ਇਹ ਬੜੀ ਗੰਭੀਰਤਾ ਨਾਲ ਵਿਚਾਰਨ ਦਾ ਵਿਸ਼ਾ ਹੈ। ਸਦੀਆਂ ਤੋਂ ਪੁਜਾਰੀ, ਮਨੁੱਖ ਦਾ ਸੋਸ਼ਣ ਕਰਦਾ ਆ ਰਿਹਾ ਹੈ। ਹਰ ਧਰਮੀ ਪੁਰਸ਼ ਨੂੰ ਇਹ ਗੱਲ ਬਹੁਤ ਧਿਆਨ ਨਾਲ ਸਮਝਣ ਵਾਲੀ ਹੈ ਕਿ ਅਜਿਹਾ ਕੋਈ ਰੱਬ ਨਹੀਂ ਹੋ ਸਕਦਾ, ਜਿਹੜਾ ਚਾਹੁੰਦਾ ਹੋਵੇ ਕਿ ਉਸਦਾ ਸ਼ਰਧਾਲੂ ਉਸਦੀ ਪ੍ਰਾਪਤੀ ਲਈ ਸਰੀਰ ਨੂੰ ਕਸ਼ਟ ਦੇਵੇ, ਉਸਦੇ ਦਰਸ਼ਨਾਂ ਦੀ ਇੱਕ ਝਲਕ ਲਈ ਅਨਮੋਲ ਮਨੁੱਖਾ ਜੀਵਨ ਪਸ਼ੂਆਂ ਵਾਂਗ ਜੰਗਲਾਂ-ਪਹਾੜਾਂ ਵਿੱਚ ਨੰਗਾ ਘੁੰਮ ਕੇ ਗੁਜ਼ਾਰ ਦੇਵੇ ਜਾਂ ਉਸਦੇ ਨਾਮ ਦੀ ਮਾਲਾ ਫੇਰਦਾ ਰਹੇ। ਸ਼ਰਧਾਲੂ ਪੁਰਸ਼ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਰੱਬ ਕੋਈ ਰਿਸ਼ਵਤਖੋਰ ਨਹੀਂ ਕਿ ਉਹ ਤੁਹਾਡੇ ਕੰਮ ਪੂਜਾ-ਪਾਠ, ਮੰਤਰ-ਜਾਪ, ਹਠ ਕਰਮ ਦੇ ਬਦਲੇ ਕਰ ਦੇਵੇਗਾ। ਜੇ ਰੱਬੀ ਹੁਕਮ (Law of Nature) ਇਸ ਤਰ੍ਹਾਂ ਚਲਦੇ ਜਾਂ ਬਦਲਦੇ ਹੁੰਦੇ ਤਾਂ ਪੁਜਾਰੀ ਆਪਣੇ ਮੰਤਰਾਂ-ਜੰਤਰਾਂ, ਪੂਜਾ-ਪਾਠਾਂ, ਕਠਿਨ ਤਪਾਂ ਆਦਿ ਨਾਲ ਕਦੋਂ ਦਾ ਰੱਬ ਨੂੰ ਵੀ ਵੇਚ ਚੁੱਕਾ ਹੁੰਦਾ। ਸਾਨੂੰ ਇਸ ਗੱਲ ਵਿੱਚ ਪੂਰਾ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਰੱਬ ਦੇ ਹੁਕਮ ਅਟੱਲ ਹਨ, ਉਹ ਸਦੀਆਂ ਤੋਂ ਨਿਰਵਿਘਨ ਚੱਲਦੇ ਹਨ। ਕਿਸੇ ਦੇ ਪੂਜਾ-ਪਾਠ, ਮੰਤਰ-ਜਾਪ, ਹਠ ਕਰਮਾਂ ਨਾਲ ਰੱਬ ਦੇ ਸਦੀਵੀ ਨਿਯਮਾਂ ਨੂੰ ਕੋਈ ਫਰਕ ਨਹੀਂ ਪੈਂਦਾ। ਕੌਣ ਉਸਦੀ ਹੋਂਦ ਨੂੰ ਮੰਨਦਾ ਹੈ ਤੇ ਕੌਣ ਨਹੀਂ ਮੰਨਦਾ। ਇਸ ਨਾਲ ਰੱਬੀ ਹੁਕਮਾਂ ਨੂੰ ਕੁੱਝ ਫਰਕ ਨਹੀਂ ਪੈਂਦਾ। ਉਸਦਾ ਹੁਕਮ ਸਭ ਤੇ ਇੱਕ ਸਮਾਨ ਲਾਗੂ ਹੁੰਦਾ ਹੈ। ਰੱਬ ਦੀ ਰਜਾ ਜਾਂ ਭਾਣੇ ਵਿੱਚ ਰਹਿਣ ਵਾਲਾ ਮਨੁੱਖ ਹਮੇਸ਼ਾਂ ਸੁਖੀ ਹੈ ਭਾਵੇਂ ਉਹ ਨਾਸਤਿਕ ਹੋਵੇ ਅਤੇ ਰੱਬੀ ਰਜ਼ਾ (Law of Nature) ਤੋਂ ਉਲਟ ਚੱਲਣ ਵਾਲਾ ਵਿਅਕਤੀ ਹਮੇਸ਼ਾਂ ਦੁੱਖ ਪਾਉਂਦਾ ਹੈ, ਭਾਵੇਂ ਉਹ ਕਿੰਨਾ ਵੀ ਧਰਮੀ ਕਿਉਂ ਨਾ ਹੋਵੇ।

ਧਰਮੀ ਮਨੁੱਖ ਉਹ ਨਹੀਂ, ਜਿਹੜਾ ਧਰਮ ਦੇ ਨਾਮ ਤੇ ਬਣੇ ਕਿਸੇ ਫਿਰਕੇ ਦੇ ਬੰਧਨਾਂ ਵਿੱਚ ਬੱਝਿਆ, ਪੁਜਾਰੀ ਦੀਆਂ ਬਣਾਈਆਂ ਮਰਿਯਾਦਾਵਾਂ, ਕਰਮਕਾਂਡਾਂ, ਬਾਹਰੀ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰਦਾ, ਪੂਜਾ-ਪਾਠ, ਭਜਨ-ਬੰਦਗੀ ਆਦਿ ਕਰਦਾ ਹੈ, ਸਗੋਂ ਧਰਮੀ ਮਨੁੱਖ ਉਹ ਹੈ, ਜਿਹੜਾ ਸੱਚ ਦੇ ਮਾਰਗ ਦਾ ਪਾਂਧੀ ਹੈ, ਜਿਸਨੂੰ ਰੱਬੀ ਹੁਕਮਾਂ ਦੀ ਸੋਝੀ ਹੋ ਚੁੱਕੀ ਹੈ, ਜਿਹੜਾ ਮੰਨਣ ਤੋਂ ਪਹਿਲਾਂ ਜਾਨਣ ਦੀ ਬਿਰਤੀ ਰੱਖਦਾ ਹੈ, ਜਿਸਦਾ ਦਿਮਾਗ ਸੱਚ ਤੇ ਕੱਚ ਦਾ ਨਿਤਾਰਾ ਕਰਨ ਦੇ ਸਮਰੱਥ ਹੈ, ਜਿਹੜਾ ਅੱਖਾਂ ਮੀਟ ਕੇ ਨਹੀਂ, ਅੱਖਾਂ ਤੇ ਦਿਮਾਗ ਖੋਲ ਕੇ ਚਲਦਾ ਹੈ, ਜਿਹੜਾ ਸਮੁੱਚੀ ਮਾਨਵਤਾ ਵਿੱਚ ਰੱਬ ਦਾ ਨੂਰ ਦੇਖਦਾ ਹੈ, ਜਿਹੜਾ ਫਿਰਕਿਆਂ ਦੇ ਬੰਧਨਾਂ ਦੀ ਸੋਚ ਤੋਂ ਆਜ਼ਾਦ ਸਰਬੱਤ ਦੇ ਭਲੇ ਦੀ ਸੋਚ ਦਾ ਹਾਮੀ ਹੈ। ਜਿਸਨੂੰ ਸਵਰਗਾਂ ਦੇ ਲਾਲਚ ਵਿੱਚ ਸਰੀਰ ਨੂੰ ਕਸ਼ਟ ਦੇਣ ਦੀ ਲੋੜ ਨਹੀਂ ਪੈਂਦੀ ਤੇ ਨਾ ਹੀ ਨਰਕਾਂ ਦੇ ਡਰਾਵਿਆਂ ਤੋਂ ਪੁਜਾਰੀਆਂ ਦੇ ਪੈਰੀਂ ਪੈਣਾ ਪੈਂਦਾ ਹੈ। ਉਹ ਤਾਂ ਇਨ੍ਹਾਂ ਦੋਨਾਂ ਅਵਸਥਾਵਾਂ ਤੋਂ ਉਪਰ ਉੱਠ ਚੁੱਕਾ ਹੁੰਦਾ ਹੈ। ਪੁਜਾਰੀਆਂ ਦੇ ਕਲਪਿਤ ਰੱਬ ਨੂੰ ਪਾਉਣ ਦੇ ਪੂਜਾ-ਪਾਠਾਂ, ਜਪਾਂ-ਤਪਾਂ, ਹਠ ਕਰਮਾਂ, ਮਰਿਯਾਦਾਵਾਂ, ਧਾਰਮਿਕ ਚਿੰਨ੍ਹਾਂ ਆਦਿ ਤੋਂ ਆਜ਼ਾਦ ਮਨੁੱਖ ਹੀ ਸੱਚਾ ਧਰਮੀ ਮਨੁੱਖ ਹੈ। ਜਿਹੜਾਂ ਵੀ ਮਨੁੱਖ ਤੁਹਾਨੂੰ ਧਰਮ ਦੇ ਨਾਮ ਤੇ ਬੰਧਨਾਂ ਵਿੱਚ ਪਾਉਂਦਾ ਹੈ, ਸਮਝੋ ਉਹ ਪੁਜਾਰੀਆਂ ਦੇ ਨਕਲੀ ਧਰਮਾਂ ਦਾ ਅਨੁਆਈ ਹੈ ਤੇ ਜਿਹੜਾ ਤੁਹਾਨੂੰ ਫਿਰਕਿਆਂ ਦੀ ਮਰਿਯਾਦਾ ਤੇ ਬੰਧਨਾਂ ਰੂਪੀ ਸੋਚ ਤੋਂ ਆਜ਼ਾਦ ਕਰਕੇ ਸੱਚ ਦੇ ਮਾਰਗ ਤੇ ਪਾਉਂਦਾ ਹੈ, ਮਨੁੱਖਤਾਵਾਦੀ ਸੋਚ ਦਾ ਧਾਰਨੀ ਬਣਾਉਂਦਾ ਹੈ, ਸਰਬਤ ਦੇ ਭਲੇ ਦੇ ਰਾਹ ਤੋਰਦਾ ਹੈ, ਉਹ ਹੀ ਸੱਚਾ ਧਰਮੀ ਪੁਰਸ਼ ਹੈ।

*ਬਿਹਾਰ ਦੀ ਜਾਤੀ ਜਨਗਣਨਾ*

# ਦੇਸ਼ ਵਿਆਪੀ ਜਾਤੀ ਜਨਗਣਨਾ ਕਿਉਂ ਨਹੀਂ

**ਨਰਭਿੰਦਰ**
**93544-30711**

ਜਾਤ ਆਧਾਰਤ ਮਰਦਮਸ਼ੁਮਾਰੀ ਨੇ ਇਕ ਵਾਰ ਫੇਰ ਚੋਣ ਰਾਜਨੀਤੀ ਵਿਚ ਭੂਚਾਲ ਲਿਆਂਦਾ ਹੈ। ਭਾਰਤੀ ਚੋਣਾਂ ਵੀ ਰਾਜਨੀਤੀ ਵਿਚ ਜਾਤ ਇਕ ਪ੍ਰਮੁੱਖ ਤੇ ਨਿਰਣਾਇਕ ਪਹਿਲੂ ਚਲਿਆ ਆ ਰਿਹਾ ਹੈ। ਹਾਲਾਕਿ ਇਸ ਨੂੰ ਆਧਾਰ ਬਣਾ ਕੇ ਚੋਣ ਲਾਹਾ ਲੈਣ ਵਾਲਿਆਂ ਨੇ ਦਲਿਤ, ਆਦਿਵਾਸੀ ਤੇ ਪਛੜੀਆਂ ਜਾਤਾਂ ਦੇ ਸਮਾਜਿਕ, ਆਰਥਿਕ ਵਿਕਾਸ ਤੇ ਰਾਜਸੀ ਹਿੱਸੇਦਾਰੀ ਵਿਚ ਕਦੇ ਵੀ ਗੰਭੀਰਤਾ ਨਹੀਂ ਦਿਖਾਈ। ਇਹ ਚੋਣਾਂ ਦੇ ਦੌਰ ਵਿਚ ਉਛਾਲਿਆ ਜਾਂਦਾ ਰਿਹਾ ਹੈ ਤੇ ਫਿਰ ਬੋਚ ਕੇ ਸੰਭਾਲ ਲਿਆ ਜਾਂਦਾ ਹੈ। ਦੂਸਰੇ ਪਾਸੇ ਹਕੀਕਤ ਇਹ ਹੈ ਕਿ ਭਾਰਤੀ ਸਮਾਜੀ ਬਣਤਰ ਵਿਚ ਜਿਸ ਵਿਚ ਵਰਣ ਵਿਵਸਥਾ ਭਾਰੂ ਹੈ। ਜਾਤੀ ਵੰਡ ਵਖਰੇਵਿਆਂ ਦੀ ਹੋਂਦ ਸੈਂਕੜੇ ਸਾਲ ਤੋਂ ਬਣੀ ਆ ਰਹੀ ਹੈ ਤੇ ਹੋਰ ਪੇਚੀਦਾ ਹੁੰਦੀ ਰਹੀ ਹੈ।

ਬਿਹਾਰ ਸਰਕਾਰ ਨੇ ਪਿਛਲੇ ਦਿਨੀਂ ਬਿਹਾਰ ਦੀ ਮਰਦਮ ਸ਼ੁਮਾਰੀ ਕਰਵਾ ਕੇ ਜਿਹੜੇ ਤੱਥ ਉਜਾਗਰ ਕੀਤੇ ਹਨ ਉਹ ਗੰਭੀਰਤਾ ਦੀ ਮੰਗ ਕਰਦੇ ਹਨ। ਬਿਹਾਰ ਦੀ ਕੁਲ ਆਬਾਦੀ 13 ਕਰੋੜ 7 ਲੱਖ 25 ਹਜ਼ਾਰ 310 ਹੈ ਜਿਸ ਤੋਂ ਪਛੜੇ ਵਰਗ ਦੇ ਲੋਕ 3 ਕਰੋੜ 54 ਲੱਖ 63 ਹਜ਼ਾਰ 936 ਭਾਵ 27.12 ਫੀਸਦੀ ਹਨ, ਅਤਿ ਪਛੜੇ ਵਰਗ ਦੀ ਆਬਾਦੀ ਚਾਰ ਕਰੋੜ 70 ਲੱਖ 80 ਹਜ਼ਾਰ 514 ਹੈ ਜੋ 36.01 ਫੀਸਦੀ ਹੈ। ਅਨੁਸੂਚਿਤ ਜਾਤੀ ਦਾ ਹਿਸਾ ਦੋ ਕਰੋੜ 56 ਲੱਖ 89 ਹਜ਼ਾਰ 820 ਭਾਵ 19.65 ਫੀਸਦੀ ਹੈ। ਅਨੁਸੂਚਿਤ ਜਨਜਾਤੀ ਦਾ ਹਿਸਾ 21 ਲੱਖ 99 ਹਜ਼ਾਰ 361 ਭਾਵ 1.68 ਫੀਸਦੀ ਹੈ। ਜਨਰਲ ਵਰਗ ਵਾਲਿਆਂ ਦੀ ਆਬਾਦੀ ਦੋ ਕਰੋੜ ਦੋ ਲੱਖ 91 ਹਜ਼ਾਰ 679 ਭਾਵ 15.52 ਫੀਸਦੀ ਹੈ। ਭਾਵ ਪਛੜੇ ਵਰਗ 63.13 ਫੀਸਦੀ ਦੇ ਲਗਭਗ ਹਨ ਤੇ ਅਨੁਸਦਤ ਜਾਤੀ ਤੇ ਜਨਜਾਤੀ ਦਾ ਹਿੱਸਾ 21.33 ਫੀਸਦੀ ਹੈ। ਉਪਰੋਕਤ ਕੁੱਲ 84.46 ਫੀਸਦੀ ਬਣਦਾ ਹੈ। ਬਾਕੀ ਉਚ ਜਾਤੀਆਂ 15.52 ਫੀਸਦੀ ਹੀ ਹਨ।

ਇਸ ਰਿਪੋਰਟ ਵਿਚ ਇਹ ਵੀ ਸਾਫ਼ ਹੋਇਆ ਹੈ ਕਿ ਬਿਹਾਰ ਵਿਚ 13 ਕਰੋੜ ਦੀ ਆਬਾਦੀ ਵਿਚੋਂ ਹਿੰਦੂ 82 ਫੀਸਦੀ ਹਨ। ਮੁਸਲਮਾਨ ਮਹਿਜ 17.7 ਫੀਸਦੀ ਹਨੇ ਜੇ ਅੱਗੇ ਵਰਣਵੰਡ ਦੇ ਲਿਹਾਜ ਨਾਲ ਜਾਤੀਆਂ ਵੇਖੀਆਂ ਜਾਣ ਤਾਂ ਯਾਦਵ 14.26 ਫੀਸਦੀ, ਰਵੀਦਾਸੀ ਤੇ ਚਮਾਰ 5.28 ਫੀਸਦੀ, ਕੋਇਰੀ 4.2 ਫੀਸਦੀ, ਬ੍ਰਾਹਮਣ 3.65 ਫੀਸਦੀ, ਰਾਜਪੂਤ 5.68 ਫੀਸਦੀ, ਮੁਸਾਰ 3.08 ਫੀਸਦੀ, ਭੂਮੀ ਹਾਰ 2.6 ਫੀਸਦੀ, ਕੁਰਮੀ 2.8 ਫੀਸਦੀ, ਮਲਾਹ 2.60 ਫੀਸਦੀ, ਬਾਣੀਆਂ 2.31 ਫੀਸਦੀ, ਕਸ਼ਯਮ 0.69 ਫੀਸਦੀ ਆਦਿ ਹਨ।

ਦਰਅਸਲ ਇਹ ਤਸਵੀਰ ਭਾਰਤੀ ਸਮਾਜਿਕ ਬਣਤਰ ਦੀ ਹੈ। ਚੋਣ ਰਾਜਨੀਤੀ ਦੇ ਰਥਵਾਨ ਇਹਨੂੰ ਵੋਟ ਗਿਣਤੀ ਦੇ ਹਥਿਆਰ ਵਜੋਂ ਦੇਖਦੇ ਹਨ ਤੇ ਵਰਤਦੇ ਹਨ। ਇਹੋ ਕਾਰਨ ਹੈ ਕਿ ਕਾਂਗਰਸ ਤੋਂ ਲੈ ਕੇ 'ਇੰਡੀਆ' ਗਠਜੋੜ ਤੱਕ ਇਹਨੂੰ ਰਾਮ ਬਾਣ ਔਸ਼ਧੀ ਦੇ ਰੂਪ ਵਿਚ ਲਿਆ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਸੰਘ ਤੇ ਭਾਜਪਾ ਦੀ ਸਾਰੀ ਖੇਡ ਬਿਖਰਦੀ ਲਗਦੀ ਹੈ। ਇਸੇ ਲਈ ਮੋਦੀ ਇਹਨੂੰ ਨਿਤੀਸ਼ ਸਰਕਾਰ ਦਾ ਸਭ ਤੋਂ ਵੱਡਾ ਪਾਪ ਕਹਿਕੇ ਨਕਾਰ ਰਿਹਾ ਹੈ, ਜਦੋਂ ਕਿ ਬਿਹਾਰ ਦੇ ਭਾਜਪਾਈਆਂ ਦਾ ਆਪੋ ਵਿਰੋਧੀ ਕਿਰਦਾਰ ਸਾਹਮਣੇ ਆ ਰਿਹਾ ਹੈ। ਕਦੇ ਇਹਦੇ ਹੱਕ 'ਚ ਤੇ ਕਿਤੇ ਇਹਦੇ ਵਿਰੋਧ ਵਿਚ ਬਿਆਨਬਾਜ਼ੀ ਕਰ ਰਹੇ ਹਨ। ਖੁੱਲ੍ਹ ਕੇ ਵਿਰੋਧ ਕਰਨਾ ਉਨ੍ਹਾਂ ਲਈ ਮੁਆਫਿਕ ਨਹੀਂ। ਇਥੋਂ ਤੱਕ ਕਿ ਆਰਐਸਐਸ ਦੇ ਮੁਖੀ ਮੋਹਨ ਭਾਗਵਤ ਨੂੰ ਵੀ ਰਾਖਵੇਂਕਰਨ ਦੀ ਹਮਾਇਤ 'ਚ ਆਉਣਾ ਪਿਆ। ਜਿਹੜੀ ਭਾਜਪਾ ਤੇ ਸੰਘ ਰਾਖਵੇਂਕਰਨ ਦੀ ਕੱਟੜ ਵਿਰੋਧੀ ਰਹੀ ਹੈ ਅਤੇ ਜਿਹਨੇ 2014 ਤੋਂ ਪਿਛੋਂ ਸਹਿਜੇ ਸਹਿਜੇ ਰਾਖਵੇਂਕਰਨ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਤੇ ਖਤਮ ਕੀਤਾ ਉਹਦੇ ਆਕਾ ਜਦੋਂ ਅਜਿਹੀ ਭਾਸ਼ਾ ਵਰਤਣ ਤਾਂ ਸਮਾਜ ਆਉਂਦੀ ਹੈ ਕਿ ਗਰਾਰੀ ਕਿਤੇ ਫਸ ਗਈ ਹੈ।

ਭਾਜਪਾ ਦੀ ਮੋਦੀ ਹਕੂਮਤ ਨੇ 2021 ਵਿਚ ਮਰਦਮ ਸ਼ੁਮਾਰੀ ਕਰਵਾਉਣੀ ਸੀ ਪਰ ਕਰੋਨਾ ਕਾਲ ਕਹਿ ਕੇ ਟਾਲ ਦਿੱਤੀ ਜਿਹੜੀ ਅਜੇ ਤੱਕ ਨਹੀਂ ਹੋਈ। ਦਰਅਸਲ ਭਾਜਪਾ ਅਜਿਹੀ ਮਰਦਮ ਸ਼ੁਮਾਰੀ ਜਾਂ ਅੰਕੜਿਆਂ ਨੂੰ ਸਾਹਮਣੇ ਲਿਆਉਣ ਦੇ ਹੱਕ ਵਿਚ ਹੀ ਨਹੀਂ। ਭਾਜਪਾ ਨੇ ਤਾਂ 2014 ਪਿਛੋਂ ਹਰ ਖੇਤਰ ਵਿਚ ਅੰਕੜੇ ਭਾਵ ਤੱਥ ਇਕੱਠੇ ਕਰਨ ਨੂੰ ਤਿਲਾਂਜਲੀ ਹੀ ਦੇ ਦਿੱਤੀ ਹੈ। ਤੱਥ (ਅੰਕੜੇ) ਹਕੀਕਤ ਸਾਹਮਣੇ ਲਿਆਉਂਦੇ ਹਨ ਅਤੇ ਹਕੀਕਤ ਤੁਹਾਨੂੰ (ਭਾਵ ਸਰਕਾਰ ਨੂੰ) ਕੁਝ ਜ਼ਿੰਮੇਵਾਰੀਆਂ ਨਿਭਾਉਣ ਲਈ ਆਗਾਜ਼ (ਆਗਾਹ) ਕਰਦੀ ਹੈ। ਜਦੋਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅੱਖਾਂ ਬੰਦ ਕਰ ਲਈਆਂ ਜਾਣ ਤਾਂ ਉਹਦਾ ਇਕ ਰਾਹ ਇਹ ਹੈ ਕਿ ਤੱਥ ਹੀ



ਨਾ ਇਕੱਠੇ ਕਰੋ। ਲੋਕਾਂ ਨੂੰ ਹਕੀਕਤ ਹੀ ਨਾ ਪਤਾ ਲੱਗੇ। ਯੋਜਨਾ ਅਯੋਗ ਨੂੰ ਭੰਗ ਕਰਕੇ ਨੀਤੀ ਅਯੋਗ ਲਿਆਉਣ ਦੀ ਬਦਨੀਤੀ ਦੀ ਕਲਾਬਾਜ਼ੀ ਭਾਜਪਾ ਤੇ ਮੋਦੀ ਲਈ ਕਾਰਗਰ ਸਾਬਤ ਹੋਈ। ਪਰ ਬਿਹਾਰ ਦੀ ਜਨਗਣਨਾ ਨੇ ਉਨ੍ਹਾਂ ਨੂੰ ਕੱਪੜਿਆਂ ਤੋਂ ਬਾਹਰ ਕਰ ਦਿੱਤਾ।

ਜਿਹੜੀ ਜਨਗਣਨਾ 2011 ਵਿਚ ਹੋਈ ਸੀ ਉਸ ਵਿਚ ਵੀ ਵੱਖ ਵੱਖ ਜਾਤੀਆਂ ਦੇ ਅੰਕੜੇ ਤਾਂ ਇਕੱਠੇ ਕੀਤੇ ਗਏ ਸਨ ਜਿਸ ਨਾਲ ਉਨ੍ਹਾਂ ਦੀ ਸਮਾਜਿਕ ਆਰਥਿਕ ਤਿੰਨਤਾਵਾਂ ਦੀ ਨਿਸ਼ਾਨਦੇਹੀ ਹੁੰਦੀ ਸੀ, ਪਰ ਜਾਰੀ ਨਹੀਂ ਸਨ ਕੀਤੇ ਗਏ। ਸੱਤਾ ਉਦੋਂ ਕਾਂਗਰਸ ਦੀ ਸੀ। ਜਿਹੜੀ ਕਾਂਗਰਸ ਅੱਜ ਬਿਹਾਰ ਦੀ ਮਰਦਮ ਸ਼ੁਮਾਰੀ ਉਤੇ ਕੱਛਾਂ ਵਜਾਉਂਦੀ ਉਨ੍ਹਾਂ ਰਾਜਾਂ ਵਿਚ ਜਿਥੇ ਚੋਣਾਂ ਲੜ ਰਹੀ ਹੈ, ਜਾਤੀ ਜਨਗਣਨਾ ਕਰਵਾਉਣ ਦੇ ਦਮਗਜੇ ਮਾਰ ਰਹੀ ਹੈ ਕਦੇ ਜਵਾਬ ਨਹੀਂ ਦੇਵੇਗੀ ਕਿ 2011 ਦੀ ਜਨਗਣਨਾ 'ਚ ਆਏ ਉਹ ਅੰਕੜੇ ਕਿਉਂ ਨਹੀਂ ਜਾਰੀ ਕੀਤੇ ਗਏ ਜੋ ਵੱਖ ਵੱਖ ਸਮਾਜਿਕ ਜਾਤੀ ਸਮੂਹਾਂ ਦੀ ਸਥਿਤੀ ਉਜਾਗਰ ਕਰਦੇ ਸਨ।

ਵੈਸੇ ਇਹ ਵੀ ਦੱਸ ਦੇਈਏ ਕਿ 2021 ਦੀ ਜਨਗਣਨਾ ਲਈ ਜਿਹੜਾ ਪ੍ਰੋਫਾਰਮਾ ਕਰੋਨਾ ਕਾਲ ਤੋਂ ਪਹਿਲਾਂ ਭਾਜਪਾ ਸਰਕਾਰ ਨੇ ਤਿਆਰ ਕਰਵਾਇਆ ਸੀ ਉਸ ਵਿਚੋਂ ਓਬੀਸੀ (ਪਛੜੇ ਵਰਗਾਂ) ਦਾ ਕਾਲਮ ਹੀ ਗਾਇਬ ਕਰ ਦਿੱਤਾ ਗਿਆ ਸੀ। ਇਹ ਉਹਦੀ ਸਮਾਜੀ ਇੰਜੀਨੀਅਰਿੰਗ ਦੀ ਕਲਾ ਦਾ ਹਿਸਾ ਸੀ। ਉਹ ਸਿਰਫ਼ ਪਹਿਲਾਂ ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਹੁਣ ਦਰੋਪਤੀ ਮੁਰਮੂ ਨੂੰ ਅਨੁਸੂਚਿਤ ਜਾਤੀ ਤੇ ਜਨ ਜਾਤੀਆਂ ਦੇ ਮਜ਼ਬੂਤ ਹੋਣ ਦਾ ਪ੍ਰਤੀਕ ਬਣਾ ਕੇ ਪੇਸ਼ ਕਰ ਰਹੀ ਹੈ। ਉਧਰ ਇਨ੍ਹਾਂ ਤਬਕਿਆਂ ਨੂੰ ਵਿਦਿਆ ਤੇ ਸਿਹਤ ਸਹੂਲਤਾਂ ਤੱਕ ਤੋਂ ਵਾਂਝਿਆਂ ਕਰਕੇ ਉਨ੍ਹਾਂ ਨੂੰ ਗੁਲਾਮੀ ਦੀ ਪ੍ਰਥਾ ਵਲ ਧੱਕ ਰਹੀ ਹੈ। ਉਨ੍ਹਾਂ ਨੂੰ ਹੋਰ ਉਚਿਆਂ ਚੁੱਕਣਾ ਤਾਂ ਕੀ ਸੀ ਸੰਵਿਧਾਨ ਵਿਚ ਅਹਿਦ ਕੀਤੇ ਅਧਿਕਾਰਾਂ (ਵਿਦਿਆ ਤੇ ਸਿਹਤ) ਨੂੰ ਵੀ ਨਿੱਜੀ ਪੂੰਜੀ ਦੇ ਹਵਾਲੇ ਕਰਕੇ, ਦੂਰ ਕਰਨ ਦੀ ਨੀਤੀ ਮਹਿਜ ਭਾਜਪਾ ਦੀ ਨਹੀਂ ਕਾਂਗਰਸ ਦੀ ਵੀ ਰਹੀ ਹੈ ਅਤੇ ਹੋਰ ਖੇਤਰੀ ਪਾਰਟੀਆਂ ਸਮੇਤ ਬਿਹਾਰ ਸਰਕਾਰ ਦੀ ਵੀ।

ਖੈਰ ਇਸ ਮੌਕੇ ਭਾਰਤੀ ਲੋਕਾਈ ਨੂੰ ਵੋਟਾਂ ਦੀ ਰਾਜਨੀਤੀ ਤੇ ਧਾਰਮਿਕ ਕਤਾਰਬੰਦੀ ਤੋਂ ਜਾਤੀ ਕਤਾਰਬੰਦੀ 'ਚ ਤਬਦੀਲ ਕਰਨ ਦੀ ਚਾਲ ਨੇ ਨਵੇਂ ਸਮੀਕਰਨ ਸਾਹਮਣੇ ਲਿਆਂਦੇ ਹਨ। ਲਾਲੂ, ਨਤੀਸ਼, ਅਖਿਲੇਸ਼ ਅਤੇ ਜਾਤ ਆਧਾਰਤ ਪਾਰਟੀਆਂ ਲਈ ਜਾਤੀ ਇਨ ਸੰਜੀਵਨੀ ਬਣ ਕੇ ਸਾਹਮਣੇ ਆਵੇਗੀ। ਜੇ ਦੇਖਿਆ ਜਾਵੇ ਤਾਂ ਇਕ ਪੁਰਾਣੀ ਬਹਿਸ ਮੰਡਲ ਬਨਾਮ ਕਰਮੰਡਲ ਦੀ ਮੁੜ ਵਾਪਸੀ ਹੋਈ ਹੈ। ਮੰਡਲ ਕਮਿਸ਼ਨ ਦੀ ਰਿਪੋਰਟ ਉਦੋਂ ਜਾਰੀ ਹੋਈ ਸੀ ਜਦੋਂ ਕਾਂਗਰਸ ਸੱਤਾ ਤੋਂ ਬਾਹਰ ਸੀ। ਹੋਇਆ ਇਹ ਸੀ ਕਿ ਮੋਰਾਰਜੀ ਦੇਸਾਈ ਨੂੰ ਪਿਛਲੀਆਂ ਜਾਤੀਆਂ ਦਾ ਇਕ ਵਫ਼ਦ ਮਿਲਿਆ ਸੀ ਤੇ ਉਹਨੂੰ ਕਾਲੇਲਕਰ ਕਮਿਸ਼ਨ ਦੀ ਰਿਪੋਰਟ ਜਾਰੀ ਕਰਨ ਲਈ ਕਿਹਾ ਸੀ ਜਿਸ ਉਤੇ ਉਹਨੇ ਇਹਨੂੰ ਪੁਰਾਣਾ ਤੇ ਵੇਲਾ ਵਿਹਾ ਚੁੱਕਾ ਕਹਿ ਕੇ ਰੱਦ ਕਰ ਦਿੱਤਾ ਸੀ। ਫਿਰ ਬੀ.ਪੀ. ਮੰਡਲ ਨੇ ਪੂਰੇ ਦੇਸ਼ ਵਿਚੋਂ ਤੱਥ ਇਕੱਠੇ ਕਰਕੇ 3743 ਜਾਤੀਆਂ ਨੂੰ ਪਛੜੇ ਵਰਗਾਂ ਦੇ ਤੌਰ 'ਤੇ ਚਿੰਤਨ ਕੀਤਾ ਸੀ। ਕਈ ਸਾਲਾਂ ਪਿਛੋਂ ਸੁਪਰੀਮ ਕੋਰਟ ਨੇ ਇਸ ਨੂੰ 1800 ਜਾਤੀਆਂ ਤੱਕ ਸਮੇਟ ਦਿੱਤਾ। ਫਿਰ ਵੀ 52 ਫੀਸਦੀ ਪਛੜੀਆਂ ਜਾਤੀਆਂ ਲਈ 27 ਫੀਸਦੀ ਰਾਖਵੇਂਕਰਨ ਉਤੇ ਮੋਹਰ ਲਾਈ ਸੀ ਪਰ ਕੁਝ ਸ਼ਰਤਾਂ ਅਧੀਨ। ਭਾਰਤੀ ਰਾਜਨੀਤੀ 'ਚ ਜਾਤੀ ਆਧਾਰਤ ਰਾਜਨੀਤੀ ਤੇ ਧਰਮ ਆਧਾਰਤ ਰਾਜਨੀਤੀ ਦਰਮਿਆਨ ਲਗਾਤਾਰ ਕਸਮਕਸ ਚਲਦੀ ਆ ਰਹੀ ਹੈ। ਵਿਸ਼ੇਸ਼ ਕਰਕੇ 70ਵਿਆਂ ਤੋਂ ਪਿਛੋਂ ਇਸ ਦੀ ਰਾਜਨੀਤੀ ਨੂੰ ਸਮਝਿਆ ਹੀ ਅਸੀਂ ਹਿੰਦੋਸਤਾਨ ਬਨਾਮ ਖਾਲਿਸਤਾਨ ਤੋਂ ਲੈ ਕੇ, ਬਾਬਰੀ ਮਸਜਿਦ ਦੇ ਡਾਲੇ ਖੁਲਵਾਉਣ ਤੇ ਫਿਰ ਰਾਮਲੱਲਾ ਸਥਾਪਤ ਕਰਨ ਜਾਂ ਹੁਣ ਮੁਸਲਮਾਨ ਸਮੁਦਾਏ ਨੂੰ ਨਿਸ਼ਾਨਾ ਬਣਾਉਣ ਤੱਕ ਦੇਖ ਸਕਦੇ ਹਾਂ। ਪਛੜੇ ਵਰਗ ਮੰਡਲ ਦੀ ਲੜਾਈ ਤੋਂ ਰਾਮ ਭਗਤ ਕਿਵੇਂ ਤੇ ਕਦੋਂ ਬਣ ਗਏ ਇਹਦਾ ਇਤਿਹਾਸ ਵੀ ਜਾਣਨਾ ਜ਼ਰੂਰੀ ਹੈ। ਰਾਮ ਮੰਦਿਰ ਮੁਹਿੰਮ ਮਹਿਜ ਭਾਜਾ ਤੇ ਸੰਘ ਦੀ ਲੋੜ ਨਹੀਂ ਸੀ ਕਾਂਗਰਸ ਨੇਵੀ ਇਸ ਨੂੰ ਕਿਵੇਂ ਹਵਾ ਦਿੱਤੀ ਇਹ ਵੀ ਪਛਾਣਨਾ ਪਵੇਗਾ। ਬਲਿਊ ਸਟਾਰ ਤੋਂ ਪਹਿਲਾਂ ਇੰਦਰਾ ਗਾਂਧੀ ਵਲੋਂ ਫੌਜ ਦੇ ਮੁਖੀ ਜਨਰਲ ਸਿਨਹਾ ਨੂੰ ਹਟਾ ਕੇ ਇਕ ਦੱਖਣੀ ਭਾਰਤ ਦੇ ਬ੍ਰਾਹਮਣ ਨੂੰ ਫੌਜ ਦਾ ਮੁਖੀ ਥਾਪਣ ਵਿਚ ਕਿਸ ਦੀ ਭੂਮਿਕਾ ਸੀ। ਕੀ 1984 'ਚ ਬਨਵਾਰੀ ਲਾਲ ਪ੍ਰੋਹਿਤ ਨੇ ਜੋ ਰਾਜਪਾਲ ਵੀ ਰਹੇ ਭਾਜਪਾ ਕਾਂਗਰਸ ਦਰਮਿਆਨ ਕੋਈ ਸਮਝੌਤਾ ਵੀ ਕਰਵਾਇਆ ਸੀ। ਜਦੋਂ ਮੰਡਲ ਮੁੱਦੇ ਉਤੇ ਰਾਜਨੀਤੀ ਗਰਮਾ ਰਹੀ ਸੀ। ਬਜਰੰਗ ਦਲ ਦਾ ਮੁਖੀ ਕਲਿਆਣ ਸਿੰਘ ਥਾਪਿਆ ਗਿਆ। ਪਛੜੇ ਵਰਗਾਂ 'ਚੋਂ ਤਾਂ ਸੀ ਤੇ ਅਡਵਾਨੀ ਦੀ ਰਥ ਯਾਤਰਾ। ਆਖਿਰ ਘੁੰਡੀ ਫੜਨੀ ਪਵੇਗੀ ਕਿ ਜਦੋਂ ਸੁਪਰੀਮ ਕੋਰਟ 16 ਨਵੰਬਰ 1992 ਨੂੰ ਪਛੜੀਆਂ ਜਾਤੀਆਂ ਸਬੰਧੀ ਫੈਸਲਾ ਕਿੰਨਾ ਹੈ ਤਾਂ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹ ਦਿੱਤੀ ਜਾਂਦੀ ਹੈ। ਪਛੜੇ ਵਰਗਾਂ ਦੇ ਨਿਸ਼ਾਨੇ 'ਤੇ ਹੁਣ ਮੁਸਲਮਾਨ ਆ ਗਏ। ਪਛੜੇ ਵਰਗਾਂ ਨੂੰ ਧਰਮ ਦੀ ਐਸੀ ਘੁੱਟੀ (ਨਸ਼ਾ) ਪਿਆਈ ਕਿ 2014 ਵਿਚ ਸੱਤਾ ਉਤੇ ਉਹ ਧਿਰ ਬੈਠ ਗਈ ਜਿਹਦਾ ਟੀਚਾ ਮਨੂੰਵਾਦੀ ਸੋਚ ਦੇ ਆਧਾਰਤ ਉਤੇ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨਾ ਸੀ ਅਤੇ ਉਹ ਇਸੇ ਲੀਹ ਉਤੇ ਦੌੜ ਰਹੀ ਸੀ। ਕਿਆ ਕਮਾਲ ਦਾ ਸੰਯੋਗ ਹੈ ਕਿ ਇਕ ਪਾਸੇ ਰਾਜਨੀਤੀ ਵਿਚ ਮਨੂੰਵਾਦ ਸਿਰ ਚੜ੍ਹ ਬੋਲ ਰਿਹਾਹੈ ਜਿਸ ਦੀ ਗ੍ਰਿਫ਼ਤ ਵਿਚ ਪਛੜੇ ਅਤੇ ਦਲਿਤ ਵੀ ਹਨ ਅਤੇ ਜਿਨ੍ਹਾਂ ਨੇ ਦੇਸ਼ ਦੇ ਅੰਦਰ ਮੁਸਲਮਾਨਾਂ ਨੂੰ ਦੁਸ਼ਮਣ ਟਿਕਿਆ ਹੋਇਆ ਹੈ। ਉਨ੍ਹਾਂ ਨਾਲ ਤੇ ਉਧਰ ਮਨੀਪੁਰ ਵਿਚ ਕੂਕੀ ਕਬੀਲੇ ਨਾਲ ਉਹੀ ਵਰਤਾਅ ਹੋ ਰਿਹਾ ਹੈ ਜਿਹੜਾ ਇਜ਼ਰਾਇਲ ਫਲਸਤੀਨੀਆਂ ਨਾਲ ਕਰ ਰਿਹਾ ਹੈ ਜਿਨ੍ਹਾਂ ਵਰਗਾਂ ਨੂੰ ਆਪਣੇ ਦੁਸ਼ਮਣ ਦੀ ਪਹਿਚਾਣ ਕਰਕੇ ਨਿਸ਼ਾਨੇ 'ਤੇ ਲਿਆਉਣਾ ਬਣਦਾ ਸੀ ਉਨ੍ਹਾਂ ਵਰਗਾਂ ਨੂੰ ਬੜੀ ਕਲਾਤਮਕ ਕਲਾਬਾਜ਼ੀ ਨਾਲ ਭਾਜਪਾ ਤੇ ਸੰਘ ਨੇ ਆਪਣਾ ਹੱਥ ਠੋਕਾ ਬਣਾ ਲਿਆ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਜਾਤੀ ਜਨਗਣਨਾ ਦੀ ਸ਼ੁਰੂਆਤ ਕੀਤੀ ਸੀ ਪਰ ਭਾਰਤੀ ਸਮਾਜ ਅੰਦਰ ਜਾਤਾਂ ਉਪ ਜਾਤਾਂ ਦੇ ਛਮੇਲਿਆਂ ਤੇ ਵੰਡਾਂ ਵਖਰੇਵਿਆਂ ਨੂੰ ਵੇਖਦਿਆਂ ਇਸਨੂੰ ਟਾਲਣ ਵਿਚ ਭਲਾ ਸਮਝਿਆ। 1931 ਵਿਚ ਉਨ੍ਹਾਂ ਇਹਨੂੰ ਬੰਦ ਕਰ ਦਿੱਤਾ। ਜਾਤੀ ਜਨਗਣਨਾ ਨਾਲ ਦੇਸ਼ ਦੇ ਵੱਖ ਵੱਖ ਵਰਗਾਂ ਦੀ ਸਮਾਜਿਕ ਹੈਸੀਅਤ ਤੇ ਆਰਥਿਕ ਸਥਿਤੀ ਸਾਹਮਣੇ ਆਉਣੀ ਹੈ ਜਿਸ ਤੋਂ ਰਾਖਵਾਂਕਰਨ ਦੀ ਨੀਤੀ ਜਾਂ ਉਨ੍ਹਾਂ ਹਾਸ਼ੀਏ ਤੋਂ ਪਾਰ ਵਰਕਾਂ ਨੂੰ ਉਚਾ ਚੁੱਕਣ ਦੀ ਲੀਤੀ ਅਪਨਾਉਣ ਦੀ ਲੋੜ ਨਿਕਲਦੀ ਹੈ। ਪਰ ਭਾਰਤੀ ਹਕੂਮਤ ਨੇ ਇਸ ਨੂੰ ਮਹਿਜ਼ ਚੋਣ ਰਾਜਨੀਤੀ ਦੇ ਹਥਿਆਰ ਤੱਕ ਸੀਮਤ ਕਰ ਰੱਖਿਆ ਸਗੋਂ ਇਹ ਹਥਿਆਰ ਵੰਡਾਂ ਤੇ ਵਖਰੇਵਿਆਂ ਨੂੰ ਵੀ ਵਰਤਣ ਦੇ ਕੰਮ ਆਇਆ ਹੈ। ਜਿਥੇ ਕਾਂਗਰਸ ਤੇ ਹੋਰ ਪਾਰਟੀਆਂ ਇਹਦੀ ਵਰਤੋਂ ਹਾਸ਼ੀਏ ਤੋਂ ਪਾਰ ਲੋਕਾਈ ਨੂੰ ਗੁੰਮਰਾਹ ਕਰਨ ਲਈ ਕਰਦੀ ਰਹੀ ਹੈ, ਉਥੇ ਭਾਜਪਾ ਨਫ਼ਰਤੀ ਦੀਵਾਰਾਂ ਖੜ੍ਹੀਆਂ ਕਰਨ ਹਿੱਤ। ਮਰਾਠਾ ਅੰਦੋਲਨ, ਜਾਟ ਅੰਦੋਲਨ, ਗੁਰਜਰ ਅੰਦੋਲਨ ਆਦਿ ਜਾਤੀਗਤ ਕਤਾਰਬੰਦੀ ਦੀਆਂ ਹੀ ਭੁਜਾਵਾਂ ਸਨ ਤੇ ਹਨ।

ਹਾਕਮਾਂ ਦੀ ਮਨਸ਼ਾ ਹਾਸ਼ੀਏ ਤੋਂ ਪਾਰ ਲੋਕਾਂ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਨਹੀਂ ਨਾ ਹੀ ਉਹ ਇਸ ਹਿੱਤ ਨੀਤੀਆਂ ਬਣਾਉਂਦੇ ਤੇ ਅਪਨਾਉਂਦੇ ਹਨ। ਵਿਸ਼ੇਸ਼ ਕਰਕੇ 1990 ਤੋਂ ਪਿਛੋਂ ਜਦੋਂ ਤੋਂ ਵਿਸ਼ਵੀਕਰਨ ਦੀਆਂ ਨੀਤੀਆਂ ਅਪਣਾਈਆਂ ਹਨ, ਹਕੂਮਤ ਨੇ ਸਮਾਜ ਭਲਾਈ ਦੇ ਮੁੱਦਿਆਂ ਨੂੰ ਹੀ ਛਿੱਕੇ ਟੰਗ ਦਿੱਤਾ ਸੀ ਅਤੇ ਭਾਜਪਾ ਜਿਹਦੀ ਬੁਨਿਆਦ ਹੀ ਬ੍ਰਾਹਮਣਵਾਦੀ ਸੰਸਕ੍ਰਿਤੀ ਜਾਂ ਮਨੂੰ ਵਿਚਾਰਧਾਰਾਂ ਉਤੇ ਟਿਕੀ ਹੈ ਅਤੇ ਜਿਹੜੀ ਹਿੰਦੂ ਰਾਸ਼ਟਰ ਦੇ ਨਿਰਮਾਣ ਦੇ ਏਜੰਡੇ ਨੂੰ ਅੱਗੇ ਵਧਾ ਰਹੀ ਹੈ, ਦਾ ਇਨ੍ਹਾਂ ਵਰਗਾਂ ਪ੍ਰਤੀ ਰਵੱਈਆ ਗੁੱਝਿਆ ਹੋਇਆ ਨਹੀਂ। 2014 ਤੋਂ 2023 ਦੇ ਦਰਮਿਆਨ ਹਾਸ਼ੀਏ ਤੋਂ ਪਾਰ ਇਨ੍ਹਾਂ ਵਰਗਾਂ ਦੀਆਂ ਜਿਉਣ ਹਾਲਤਾਂ ਬਦ ਤੋਂ ਬਦਤਰ ਹੋਈਆਂ ਹਨ। ਵੱਡੀ ਕਾਰਪੋਰੇਟ ਪੂੰਜੀ ਲਈ ਵੀ ਮੁਨਾਫ਼ਿਆਂ ਦੀ ਅੰਨੀ ਦੌੜ ਵਿਚ ਸਮਾਜ ਭਲਾਈ ਵਰਗੇ ਏਜੰਡੇ ਨਾ ਸਿਰਫ਼ ਚੁੱਭਦੇ ਹਨ ਸਗੋਂ ਬੇਲੋੜੇ ਤੇ ਫਾਲਤੂ ਕਸਰਤ ਲਗਦੇ ਹਨ। ਪੂੰਜੀ ਦਾ ਕੁਝ ਹੱਥਾਂ 'ਚ ਕੇਂਦਰਤ ਹੁੰਦੇ ਜਾਣਾ ਤੇ ਵਿਸ਼ਾਲ ਆਬਾਦੀ ਦਾ ਰੁਜ਼ਗਾਰ ਵਿਹੂਣਾ ਹੁੰਦੇ ਜਾਣਾ ਉਹ ਤਸਵੀਰ ਹੈ ਜਿਹੜੀ ਭਿਆਨਕ ਪੱਧਰ ਦੀ ਹੈ। ਇਸ ਰੁਜ਼ਗਾਰ ਵਿਹੂਣੇ ਤੇ ਜ਼ਿੰਦਗੀ ਜਿਊਣ ਤੋਂ ਅਸਮਰਥ ਆਬਾਦੀ ਦਾ ਵੱਡਾ ਹਿੱਸਾ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਪਛੜੇ ਅਤੇ ਪਛੜੇ ਵਰਗਾਂ ਵਿਚੋਂ ਹੀ ਹੈ। ਇਨ੍ਹਾਂ 'ਚੋਂ ਚੰਦ ਕੁ ਗਿਣਤੀ ਦੇ ਲੋਕ ਹੋਣਗੇ ਜਿਨ੍ਹਾਂ ਨੂੰ ਆਰਥਿਕ ਲਾਭ ਤਾਂ ਪ੍ਰਾਪਤ ਹੋਇਆ ਹੋਵੇਗਾ ਪਰ ਭਾਜਪਾ ਦੇ ਰਾਜ 'ਚ ਉਨ੍ਹਾਂ ਦੀ ਸਮਾਜਿਕ ਹੈਸੀਅਤ ਉਹੀ ਹੈ। ਖ਼ੁਦ ਰਾਸ਼ਟਰਪਤੀ ਦਰੋਪਤੀ ਮੂਰਮ ਨਾਲ ਸਮੇਂ ਸਮੇਂ ਹੋਇਆ ਵਿਉਕਾਰ ਇਸ ਦੀ ਪ੍ਰਤੱਖ ਮਿਸਾਲ ਹੈ।

ਭਾਜਪਾ ਇਸ ਜਾਤੀ ਜਨਗਣਨਾ ਤੋਂ ਤ੍ਰਿਹੰਦੀ ਹੈ। ਜਾਤੀ ਜਨਗਣਨਾ ਦਾ ਭੂਤ ਉਹਨੂੰ ਹਿੰਦੂ ਰਾਸ਼ਟਰ ਦੀ ਨਿਰਮਾਣ ਸਮੇਂ ਖੌਫ਼ਜ਼ਦਾ ਕਰ ਰਿਹਾ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿਗ ਦੇਸ਼ ਭਰ ਵਿਚ ਅਜਿਹੇ ਸਰਵੇਖਣ ਦੀ ਲੋੜ ਹੈ ਤਾਂ ਕਿ ਭਾਰਤੀ ਸਮਾਜਿਕ ਬਣਤਰ ਦੀ ਹਕੀਕੀ ਤਸਵੀਰ ਸਾਹਮਣੇ ਆ ਸਕੇ ਪਰ ਇਹ ਵੀ ਧਿਆਨ ਰੱਖਣਾ ਬਣਦਾ ਹੈ ਕਿ ਮੌਜੂਦਾ ਸਮਾਜਿਕ ਵਿਵਸਥਾ ਨੂੰ ਜਾਤੀ ਨਹੀਂ ਜਮਾਤੀ ਸਮੀਕਰਨਾ ਦੇ ਲਿਹਾਜ਼ ਨਾਲ ਵਾਚਿਆਂ ਹਾਸੀਆਗ੍ਰਸਤ ਲੋਕਾਈ ਨੂੰ, ਚੋਣ ਰਾਜਨੀਤੀ ਦੇ ਹਿਸਾਬ ਕਿਤਾਬੀਆਂ ਤੋਂ ਖਹਿੜਾ ਛੁਡਾ ਕੇ ਹਰ ਪੱਖੋਂ ਭਾਜ ਸਮਾਜਿਕ ਅਤੇ ਆਰਥਿਕ ਨਾਬਰਾਬਰੀ ਦੇ ਵਿਰੁੱਧ ਵਿਸ਼ਾਲ ਲਾਮਬੰਦੀ ਕਰਨੀ ਪਵੇਗੀ ਤਾਂ ਕਿ ਭਾਰਤੀ ਸਮਾਜ ਨੂੰ ਨਵੇਂ ਬਰਾਬਰੀ ਵਾਲੇ ਸਮਾਜ ਸਿਰਜਣ ਵੱਲ ਤੋਰਿਆ ਜਾ ਸਕੇ।






# ਇਹ ਖ਼ਾਮੋਸ਼ ਰਹਿਣ ਦਾ ਸਮਾਂ ਨਹੀਂ ਹੈ



ਬੂਟਾ ਸਿੰਘ
ਮਹਿਮੂਦਪੁਰ
94634-74342

ਨਿਊਜ਼ ਪੋਰਟਲ 'ਨਿਊਜ਼ਕਲਿੱਕ' ਨੂੰ ਬੰਦ ਕਰਾਉਣ ਲਈ ਇੱਕੋ ਸਮੇਂ 88 ਥਾਵਾਂ 'ਤੇ ਛਾਪੇਮਾਰੀ ਅਤੇ ਦੋ ਮੁੱਖ ਸੰਚਾਲਕਾਂ ਦੀ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀ ਤੋਂ ਬਾਅਦ ਸੱਤਾ ਦਾ ਜਾਬਰ ਪੰਜਾ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਦੇ ਗਲ ਨੂੰ ਹੱਥ ਪਾਉਣ ਤੱਕ ਜਾ ਪਹੁੰਚਿਆ ਹੈ। ਅਜੇ ਕੁਝ ਹਫ਼ਤੇ ਪਹਿਲਾਂ ਹੀ 5 ਸਤੰਬਰ ਨੂੰ ਕੌਮੀ ਜਾਂਚ ਏਜੰਸੀ ਵੱਲੋਂ ਯੂ.ਪੀ. ਅਤੇ ਝਾਰਖੰਡ ਵਿਚ ਹੱਕਾਂ ਦੇ ਦਰਜਨਾਂ ਕਾਰਕੁੰਨਾਂ ਦੇ ਘਰਾਂ ਵਿਚ ਛਾਪੇ ਮਾਰੇ ਗਏ ਅਤੇ ਉਨ੍ਹਾਂ ਦੇ ਮੋਬਾਈਲ, ਲੈਪਟਾਪ ਤੇ ਹੋਰ ਡਿਜੀਟਲ ਡਿਵਾਈਸ ਜ਼ਬਤ ਕਰ ਲਏ ਗਏ ਸਨ। ਫਿਰ ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵਿਚ ਕੌਮੀ ਜਾਂਚ ਏਜੰਸੀ ਵੱਲੋਂ 62 ਥਾਵਾਂ ਉੱਪਰ ਹੱਕਾਂ/ਸ਼ਹਿਰੀ ਆਜ਼ਾਦੀਆਂ ਦੇ ਉੱਘੇ ਕਾਰਕੁੰਨਾਂ ਅਤੇ ਲੇਖਕਾਂ ਦੇ ਘਰਾਂ ਵਿਚ ਛਾਪੇਮਾਰੀ ਕਰਕੇ ਪੁੱਛਗਿੱਛ ਕੀਤੀ ਗਈ। 12 ਅਕਤੂਬਰ ਨੂੰ ਏਜੰਸੀ ਵੱਲੋਂ ਮਹਾਰਾਸ਼ਟਰ ਵਿਚ ਕੈਦੀਆਂ ਦੇ ਹੱਕਾਂ ਦੇ ਕਾਰਕੁਨ ਅਬਦੁਲ ਵਾਹਿਦ ਸ਼ੇਖ਼ ਦੇ ਘਰ ਛਾਪਾ ਮਾਰਿਆ ਗਿਆ। ਡੇਢ ਦਰਜਨ ਤੋਂ ਵਧੇਰੇ ਕਾਰਕੁਨ, ਉੱਘੇ ਲੇਖਕ ਅਤੇ ਪੱਤਰਕਾਰ ਪਹਿਲਾਂ ਹੀ ਭੀਮਾ-ਕੋਰੇਗਾਓਂ ਕੇਸ ਵਿਚ ਪੰਜ ਸਾਲ ਤੋਂ ਜੇਲ੍ਹ ਵਿਚ ਬੰਦ ਹਨ। ਦਰਅਸਲ, ਇਹ ਭਗਵੀਂ ਹਕੂਮਤ ਵੱਲੋਂ ਸਵਾਲ ਉਠਾਉਣ ਵਾਲੇ ਮੀਡੀਆ ਹਿੱਸਿਆਂ ਅਤੇ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਤੇ ਈਮਾਨਦਾਰ ਬੌਧਿਕ ਹਲਕਿਆਂ ਵਿਰੁੱਧ ਛੇੜਿਆ ਯੁੱਧ ਹੈ ਜਿਸ ਦਾ ਜ਼ਿਕਰ ਪਿੱਛੇ ਜਹੇ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਇਸ ਨੂੰ 'ਸਿਵਲ ਸੁਸਾਇਟੀ ਵਿਰੁੱਧ ਲੜਾਈ ਦਾ ਚੌਥਾ ਮੋਰਚਾ' ਨਾਂ ਦੇ ਕੇ ਕੀਤਾ ਸੀ। ਇਹ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ-2 ਦੀ ਤਿਆਰੀ ਹੈ। ਹਕੂਮਤ ਦਾ ਸਪਸ਼ਟ ਸੰਦੇਸ਼ ਹੈ ਕਿ ਜੋ ਹਕੂਮਤ ਉੱਪਰ ਤੱਥਪੂਰਨ ਸਵਾਲ ਉਠਾਏਗਾ, ਉਸ ਨੂੰ ਜੇਲ੍ਹ 'ਚ ਡੱਕ ਦਿੱਤਾ ਜਾਵੇਗਾ।

ਨਿਊਜ਼ਕਲਿੱਕ ਉੱਪਰ ਇਨਕਮ ਟੈਕਸ ਟੀਮ ਨੇ 2020 'ਚ ਵੀ ਛਾਪਾ ਮਾਰਿਆ ਸੀ ਅਤੇ ਲੰਮੀ-ਚੌੜੀ ਪੁੱਛਗਿੱਛ ਕੀਤੀ ਸੀ। ਜਾਂਚ ਅਧਿਕਾਰੀ ਅੱਜ ਤੱਕ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੇ। ਆਪਣੇ ਕਿੱਤੇ ਨੂੰ ਸਮਰਪਿਤ ਈਮਾਨਦਾਰ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਉਪਰੋਕਤ ਛਾਪੇਮਾਰੀ ਕਰਵਾ ਕੇ ਹੁਣ ਸੀ.ਬੀ.ਆਈ. ਤੋਂ ਇਕ ਹੋਰ ਕੇਸ ਦਰਜ ਕਰਵਾਇਆ ਗਿਆ ਹੈ। ਆਲੋਚਕ ਆਵਾਜ਼ਾਂ ਉੱਪਰ ਇਸੇ ਹਮਲੇ ਦੀ ਕੜੀ ਵਜੋਂ ਦਿੱਲੀ ਦੇ ਲੈਫਟੀਨੈਂਟ ਗਵਰਨਰ ਸਕਸੈਨਾ ਨੇ ਅਰੁੰਧਤੀ ਰਾਏ ਅਤੇ ਕਸ਼ਮੀਰ ਦੀ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਕੇਸ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਦੋ ਸ਼ਖ਼ਸੀਅਤਾਂ ਪ੍ਰੋਫੈਸਰ ਐੱਸ.ਏ. ਆਰ. ਗਿਲਾਨੀ (ਸੀ.ਆਰ.ਪੀ.ਪੀ. ਦੇ ਪ੍ਰਧਾਨ ਅਤੇ ਪਾਰਲੀਮੈਂਟ ਉੱਪਰ ਕਥਿਤ ਦਹਿਸ਼ਤਵਾਦੀ ਹਮਲੇ ਦਾ ਮਾਸਟਰ ਮਾਈਂਡ ਹੋਣ ਦੇ ਇਲਜ਼ਾਮ ਤੋਂ ਬਰੀ ਹੋਏ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ) ਅਤੇ ਪ੍ਰਮੁੱਖ ਹੁਰੀਅਤ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੀ ਮੌਤ ਹੋ ਚੁੱਕੀ ਹੈ। ਜਿਉਂਦੇ ਹੁੰਦੇ ਤਾਂ ਉਨ੍ਹਾਂ ਉੱਪਰ ਵੀ ਮੁਕੱਦਮਾ ਚੱਲਣਾ ਸੀ! ਇਸ ਕਾਰਵਾਈ ਦੀ ਅਸਲ ਮਨਸ਼ਾ ਅਰੁੰਧਤੀ ਰਾਏ ਦੀ ਬੁਲੰਦ ਆਵਾਜ਼ ਨੂੰ ਖ਼ਾਮੋਸ਼ ਕਰਨਾ ਹੈ। ਰਾਏ ਦੀ ਲਕੀਰ ਖਿੱਚ ਕੇ ਆਪਣੀ ਗੱਲ ਕਹਿਣ ਦੀ ਬੌਧਿਕ ਈਮਾਨਦਾਰੀ ਸੰਘ ਬਰਗੇਡ ਨੂੰ ਖ਼ੌਫ਼ਜ਼ਦਾ ਕਰਦੀ ਹੈ। ਸ਼ਬਦਾਂ ਦੇ ਜਾਦੂ ਰਾਹੀਂ ਸਮੇਂ ਦਾ ਸੱਚ ਬਿਆਨ ਕਰਨ ਦੀ ਉਸ ਦੀ ਬੌਧਿਕ ਕਾਬਲੀਅਤ ਸੰਘ ਬਰਗੇਡ ਲਈ ਹਊਆ ਹੈ ਕਿਉਂਕਿ ਕੁਲ ਦੁਨੀਆ ਦੇ ਇਨਸਾਫ਼ਪਸੰਦ ਅਗਾਂਹਵਧੂ ਲੋਕ ਉਸ ਦੀ ਨਿਧੜਕ ਆਵਾਜ਼ ਨੂੰ ਬਹੁਤ ਗੌਰ ਨਾਲ ਸੁਣਦੇ ਹਨ।

ਸੰਗੀਨ ਧਾਰਾਵਾਂ ਤਹਿਤ ਇਹ ਮੁਕੱਦਮਾ ਚਲਾਉਣ ਦਾ ਆਧਾਰ 13 ਸਾਲ ਪੁਰਾਣੇ ਇਕ ਭਾਸ਼ਣ ਬਾਬਤ ਦਰਜ ਕੀਤੀ ਐੱਫ.ਆਈ.ਆਰ. ਨੂੰ ਬਣਾਇਆ ਗਿਆ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਆਲਮੀ ਪੱਧਰ 'ਤੇ ਹੋਣ ਵਾਲੀ ਭੰਡੀ ਦੇ ਡਰੋਂ ਫਾਸ਼ੀਵਾਦੀ ਹਕੂਮਤ ਬੁੱਕਰ ਇਨਾਮ ਜੇਤੂ ਲੇਖਿਕਾ ਨੂੰ ਹੱਥ ਨਹੀਂ ਪਾਏਗੀ। ਲੇਖਿਕਾ ਵੀ ਆਪਣੀਆਂ ਲਿਖਤਾਂ ਤੇ ਭਾਸ਼ਣਾਂ 'ਚ ਇਹ ਕਹਿੰਦੀ ਰਹੀ ਹੈ ਕਿ ਫਾਸ਼ੀਵਾਦੀ ਹੁਕਮਰਾਨਾਂ ਵੱਲੋਂ ਤਿੱਖੀਆਂ ਟਿੱਪਣੀਆਂ ਨੂੰ ਨਜ਼ਰਅੰਦਾਜ਼ ਕਰਨ ਪਿੱਛੇ ਵੱਡਾ ਕਾਰਨ ਉਸ ਦਾ 'ਸਨਮਾਨਿਤ ਲੇਖਕ' ਹੋਣਾ ਹੀ ਹੈ। ਉਪਰੋਕਤ ਮਨਜ਼ੂਰੀ ਸਾਫ਼ ਇਸ਼ਾਰਾ ਹੈ ਕਿ ਹੁਣ ਹਕੂਮਤ ਬਹੁਤ ਅੱਗੇ ਵਧ ਚੁੱਕੀ ਹੈ ਅਤੇ ਕਿਸੇ ਨੂੰ ਕਿਸੇ ਵੀ ਸਮੇਂ ਸੰਗੀਨ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰ ਸਕਦੀ ਹੈ। ਹੁਣ ਹਾਲਾਤ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਹੋ ਚੁੱਕੇ ਹਨ ਜਿਵੇਂ ਆਪਣੀਆਂ ਲਿਖਤਾਂ ਵਿਚ ਰਾਏ ਵੀ ਵਾਰ-ਵਾਰ ਚੁਕੰਨੇ ਕਰਦੀ ਆ ਰਹੀ ਹੈ।

ਇਹ ਸਮੁੱਚੀ ਮੁਹਿੰਮ ਕੇਂਦਰ ਸਰਕਾਰ ਦੇ ਪੱਧਰ 'ਤੇ ਘੜੀ ਗਈ ਡੂੰਘੀ ਸਾਜ਼ਿਸ਼ ਦੇ ਤਹਿਤ ਚਲਾਈ ਜਾ ਰਹੀ ਹੈ। ਦਿੱਲੀ ਪੁਲਿਸ ਕੋਲੋਂ ਪੁਰਾਣੇ ਕੇਸ ਦੀ ਕਬਰ ਪੁਟਵਾਈ ਗਈ ਅਤੇ ਪੁਲਿਸ ਅਧਿਕਾਰੀਆਂ ਨੇ ਲੈਫਟੀਨੈਂਟ ਗਵਰਨਰ ਕੋਲੋਂ 2010 ਦੇ ਕੇਸ ਦਾ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਉੱਪਰ ਮੋਹਰ ਲਗਵਾ ਲਈ। 21 ਅਕਤੂਬਰ 2010 ਨੂੰ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ (ਸੀ.ਆਰ.ਪੀ.ਪੀ.) ਨੇ ਦਿੱਲੀ ਵਿਚ "ਆਜ਼ਾਦੀ - ਦ ਓਨਲੀ ਵੇਅ" ਬੈਨਰ ਹੇਠ ਇਕ ਚਰਚਾ ਕਰਵਾਈ ਸੀ। ਉਸ ਚਰਚਾ ਵਿਚ ਕਸ਼ਮੀਰ ਉੱਪਰ ਥੋਪੇ ਫ਼ੌਜੀ ਰਾਜ ਦਾ ਵਿਰੋਧ ਕਰਦਿਆਂ ਕਸ਼ਮੀਰੀ ਅਵਾਮ ਦੇ ਸਵੈਨਿਰਣੇ ਦੇ ਹੱਕ ਦੀ ਵਜਾਹਤ ਕੀਤੀ ਗਈ ਸੀ। ਅਰੁੰਧਤੀ ਰਾਏ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਉਸ ਪ੍ਰੋਗਰਾਮ ਵਿਚ ਮੁੱਖ ਵਕਤਾ ਸਨ।

ਕਸ਼ਮੀਰ ਦੇ ਇਕ 'ਸਮਾਜਿਕ ਕਾਰਕੁਨ' ਸੁਸ਼ੀਲ ਪੰਡਿਤ ਨੇ 28 ਅਕਤੂਬਰ 2010 ਨੂੰ ਦਿੱਲੀ ਦੇ ਤਿਲਕ ਮਾਰਗ ਥਾਣੇ ਵਿਚ ਸ਼ਿਕਾਇਤ ਦਰਜ ਕਰਾਈ ਸੀ ਕਿ ਉਪਰੋਕਤ ਬੁਲਾਰਿਆਂ ਵੱਲੋਂ "ਜਨਤਕ ਤੌਰ 'ਤੇ ਭੜਕਾਊ ਭਾਸ਼ਣ" ਦਿੱਤੇ ਗਏ ਅਤੇ ਦੋਸ਼ੀਆਂ ਵਿਰੁੱਧ ਰਾਜਧ੍ਰੋਹ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਜਾਵੇ। ਸ਼ਿਕਾਇਤ ਬੇਬੁਨਿਆਦ ਹੋਣ ਕਾਰਨ ਐੱਫ.ਆਈ.ਆਰ. ਦਰਜ ਕਰਾਉਣ ਲਈ ਮੈਟਰੋਪੋਲਿਟਿਨ ਮੈਜਿਸਟਰੇਟ ਕੋਲੋਂ ਉਚੇਚੇ ਤੌਰ 'ਤੇ ਆਦੇਸ਼ ਜਾਰੀ ਕਰਵਾਇਆ ਗਿਆ। ਫਿਰ ਵੀ, ਗੱਲ ਇਸ ਤੋਂ ਅੱਗੇ ਨਾ ਵਧੀ ਕਿਉਂਕਿ ਤਤਕਾਲੀ ਸਰਕਾਰਾਂ ਨੇ ਕੇਸ ਚਲਾਉਣ 'ਚ ਦਿਲਚਸਪੀ ਨਹੀਂ ਲਈ। ਐੱਫ.ਆਈ.ਆਰ. ਠੰਡੇ ਬਸਤੇ 'ਚ ਪਈ ਰਹੀ ਅਤੇ ਹੁਣ ਮੁਕੱਦਮਾ ਚਲਾਉਣ ਲਈ 13 ਸਾਲ ਪੁਰਾਣੀ ਐੱਫ.ਆਈ.ਆਰ. ਨੂੰ ਬਹਾਨਾ ਬਣਾ ਲਿਆ ਗਿਆ।

ਲੈਫਟੀਨੈਂਟ ਗਵਰਨਰ ਨੇ ਕਿਹਾ ਕਿ ਉਸ ਸ਼ਿਕਾਇਤ ਅਨੁਸਾਰ ਅਰੁੰਧਤੀ ਰਾਏ ਅਤੇ ਪ੍ਰੋਫੈਸਰ ਹੁਸੈਨ ਵਿਰੁੱਧ ਸਪਸ਼ਟ ਤੌਰ 'ਤੇ ਧਾਰਾ 153ਏ, 153ਬੀ ਅਤੇ ਧਾਰਾ 505 ਤਹਿਤ ਮੁਕੱਦਮਾ ਚਲਾਉਣ ਦਾ ਵਾਜਬ ਆਧਾਰ ਮੌਜੂਦ ਹੈ। (ਰਾਜਧ੍ਰੋਹ ਦੀ ਧਾਰਾ ਇਸ ਕਰਕੇ ਨਹੀਂ ਲਗਾਈ ਜਾ ਸਕੀ ਕਿਉਂਕਿ ਸੁਪਰੀਮ ਕੋਰਟ ਵਿਚ ਵਿਚਾਰ-ਅਧੀਨ ਹੋਣ ਕਾਰਨ ਇਸ ਧਾਰਾ ਤਹਿਤ ਮੁਕੱਦਮਾ ਚਲਾਉਣ ਦੀ ਮਨਾਹੀ ਹੈ।) ਇਸੇ ਤਰ੍ਹਾਂ ਦਾ 'ਵਾਜਬ ਆਧਾਰ' ਨਿਊਜ਼ਕਲਿੱਕ ਉੱਪਰ ਹਮਲਾ ਕਰਨ ਲਈ ਨਿਊਯਾਰਕ ਟਾਈਮਜ਼ ਦੀ ਖ਼ਬਰ ਵਿਚ ਲੱਭ ਲਿਆ ਗਿਆ। ਜਦਕਿ ਇਸੇ ਅਖ਼ਬਾਰ ਵਿਚ ਅਡਾਨੀ ਵੱਲੋਂ ਕੀਤੇ ਮਹਾਂ-ਘੁਟਾਲਿਆਂ ਬਾਰੇ ਬਹੁਤ ਸਾਰੇ ਖ਼ੁਲਾਸੇ ਛਪ ਚੁੱਕੇ ਹਨ। ਫਿਰ ਅਡਾਨੀ ਵਿਰੁੱਧ ਐੱਫ.ਆਈ.ਆਰ. ਦਰਜ ਕਰਕੇ ਉਸ ਤੋਂ ਪੁੱਛਗਿੱਛ ਕਿਉਂ ਨਹੀਂ ਕੀਤੀ ਜਾ ਰਹੀ? ਪਰ ਅਡਾਨੀ ਦੇ ਮਾਮਲੇ 'ਚ ਠੋਸ ਰਿਪੋਰਟ ਵੀ ਵਾਜਬ ਆਧਾਰ ਨਹੀਂ ਮੰਨੀ ਜਾਵੇਗੀ ਕਿਉਂਕਿ ਉਹ ਸੰਘ ਬਰਗੇਡ ਦਾ ਸਭ ਤੋਂ ਚਹੇਤਾ ਕਾਰਪੋਰੇਟ ਡਾਕੂ ਹੈ। ਸਕਸੈਨਾ ਵੱਲੋਂ 'ਵਾਜਬ ਆਧਾਰ' ਦੀ ਦਲੀਲ ਇਸ ਕਰਕੇ ਘੜੀ ਗਈ ਹੈ ਕਿਉਂਕਿ ਹੇਟ ਸਪੀਚ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਹੇਟ ਕ੍ਰਾਈਮ, ਰਾਜਧ੍ਰੋਹ, ਰਾਜ ਵਿਰੁੱਧ ਯੁੱਧ ਛੇੜਨ ਅਤੇ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਵਰਗੇ ਖ਼ਾਸ ਦੋਸ਼ਾਂ ਤਹਿਤ ਸੰਬੰਧਤ ਸੰਗੀਨ ਧਾਰਾਵਾਂ ਲਗਾ ਕੇ ਕੇਸ ਚਲਾਉਣ ਲਈ ਫ਼ੌਜਦਾਰੀ ਦੰਡ ਪ੍ਰਕਿਰਿਆ ਕੋਡ ਦੇ ਸੈਕਸ਼ਨ 196(1) ਤਹਿਤ ਰਾਜ ਸਰਕਾਰ ਦੀ ਮਨਜ਼ੂਰੀ ਲੈਣ ਦੀ ਰਸਮੀਂ ਕਾਰਵਾਈ ਪਾਉਣੀ ਜ਼ਰੂਰੀ ਹੈ।

ਮਿਸਟਰ ਸਕਸੈਨਾ ਕੋਲ ਇਸ ਵਾਜਬ ਸਵਾਲ ਦਾ ਕੋਈ ਜਵਾਬ ਨਹੀਂ ਹੈ ਕਿ 13 ਸਾਲ ਪਹਿਲਾਂ ਦਿੱਤੇ ਭਾਸ਼ਣਾਂ ਨਾਲ ਨਾ ਸਮਾਜੀ ਸਦਭਾਵਨਾ ਨੂੰ ਕੋਈ ਨੁਕਸਾਨ ਪੁੱਜਾ, ਨਾ ਕੋਈ ਦੰਗਾ ਭੜਕਿਆ, ਨਾ ਕਿਤੇ ਹਿੰਸਾ ਹੋਈ, ਨਾ ਕੋਈ ਰਾਜਨੀਤਕ ਮਸਲਾ ਬਣਿਆ, ਫਿਰ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਕਿਸ ਆਧਾਰ 'ਤੇ? ਦਰਅਸਲ ਸਕਸੈਨਾ, ਜੋ ਸੀਮਿੰਟ ਨਿਰਮਾਤਾ ਜੇ.ਕੇ.ਗਰੁੱਪ ਦਾ ਸਾਬਕਾ ਜਨਰਲ ਮੈਨੇਜਰ ਰਹਿ ਚੁੱਕਾ ਹੈ, ਗੁਜਰਾਤ ਵਿਚ ਸਿਵਲ ਲਿਬਰਟੀਜ਼ ਐੱਨ.ਜੀ.ਓ. ਦੇ ਨਾਂ ਹੇਠ ਨਰਮਦਾ ਬਚਾਓ ਅੰਦੋਲਨ ਨੂੰ ਸੱਟ ਮਾਰਨ ਲਈ ਖ਼ਲਲ ਪਾਊ ਕਾਰਵਾਈਆਂ ਕਰਨ ਅਤੇ ਉੱਘੀ ਵਾਤਾਵਰਣ ਪ੍ਰੇਮੀ ਮੇਧਾ ਪਟਕਰ ਨਾਲ ਧੱਕਾ-ਮੁੱਕੀ ਕਰਨ ਵਾਲਾ ਮੋਦੀ ਪੱਖੀ ਬਦਨਾਮ ਸ਼ਖ਼ਸ ਹੈ। ਅਜਿਹੇ ਸ਼ਖ਼ਸਾਂ ਦੇ 'ਯੋਗਦਾਨ' ਦਾ ਮੁੱਲ ਪਾਉਣ ਲਈ ਮੋਦੀ ਹਕੂਮਤ ਉਨ੍ਹਾਂ ਨੂੰ ਅਜਿਹੇ ਅਹੁਦੇ ਬਖ਼ਸ਼ਦੀ ਹੈ ਅਤੇ ਫਿਰ ਉਨ੍ਹਾਂ ਕੋਲੋਂ ਆਪਣੀ ਮਰਜ਼ੀ ਅਨੁਸਾਰ ਕਾਲੇ ਕਾਰਨਾਮਿਆਂ ਉੱਪਰ ਸੰਵਿਧਾਨਕ ਮੋਹਰਾਂ ਲਗਵਾਉਂਦੀ ਹੈ।

ਸੰਗੀਨ ਧਾਰਾਵਾਂ ਲਗਾਉਣ ਅਤੇ ਮਨਜ਼ੂਰੀ ਦੇਣ ਲਈ ਭਾਰਤ ਦੀ ਪੁਲਿਸ ਤੇ ਸਰਕਾਰਾਂ ਦੇ ਦੋਹਰੇ ਮਿਆਰ ਜੱਗ ਜ਼ਾਹਿਰ ਹਨ। ਆਰ.ਐੱਸ.ਐੱਸ.-ਭਾਜਪਾ ਨੂੰ ਖ਼ੁਸ਼ ਕਰਨ ਅਤੇ ਨਾਪਸੰਦ ਸ਼ਖ਼ਸੀਅਤਾਂ ਵਿਰੁੱਧ ਸੰਗੀਨ ਧਾਰਾਵਾਂ ਲਾਉਣ ਲਈ ਪੁਲਿਸ ਤੇ ਜਾਂਚ ਏਜੰਸੀਆਂ ਦੇ ਅਧਿਕਾਰੀ ਸੱਤਾਧਾਰੀ ਧਿਰ ਦੇ ਪੈਰਾਂ 'ਚ ਅਕਸਰ ਵਿਛਦੇ ਦੇਖੇ ਜਾ ਸਕਦੇ ਹਨ। ਇਸ ਦੀ ਤਾਜ਼ਾ ਮਿਸਾਲ ਮੱਧ ਪ੍ਰਦੇਸ਼ ਪੁਲਿਸ ਹੈ ਜਿਸ ਨੇ ਗੁਨਾ ਤੋਂ ਆਨਲਾਈਨ ਅਖ਼ਬਾਰ 'ਦੈਨਿਕ ਖ਼ੁਲਾਸਾ' ਦੇ ਕ੍ਰਾਈਮ ਰਿਪੋਰਟਰ ਜਾਲਮ ਸਿੰਘ ਵਿਰੁੱਧ ਚਾਰ ਦਿਨ ਵਿਚ ਗਿਆਰਾਂ ਐੱਫ.ਆਈ.ਆਰ. ਦਰਜ ਕਰਕੇ ਉਸ ਨੂੰ ਜੇਲ੍ਹ ਭੇਜ ਦਿੱਤਾ। ਜ਼ਿਆਦਾਤਰ ਐੱਫ.ਆਈ.ਆਰ. ਇਸ ਕਦਰ ਬੇਤੁਕੀਆਂ ਹਨ ਕਿ ਉਨ੍ਹਾਂ ਮਾਮਲਿਆਂ ਦਾ ਪੱਤਰਕਾਰ ਨਾਲ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਉਸ ਦਾ ਕਸੂਰ ਸਿਰਫ਼ ਇਹ ਹੈ ਕਿ ਉਸ ਨੇ ਮੱਧ ਪ੍ਰਦੇਸ਼ ਦੇ ਪੰਚਾਇਤ ਮੰਤਰੀ ਮਹਿੰਦਰ ਸਿੰਘ ਸਿਸੋਦੀਆ ਬਾਰੇ ਵਾਇਰਲ ਇਕ ਵੀਡੀਓ ਦੇ ਆਧਾਰ 'ਤੇ ਇਕ ਰਿਪੋਰਟ ਭੇਜੀ ਸੀ।

ਦੂਜੇ ਪਾਸੇ, ਜਦੋਂ ਭਗਵੇਂ ਦਹਿਸ਼ਤੀ ਗਰੋਹਾਂ, ਸੰਸਦ ਵਿਚ ਦਹਿਸ਼ਤਵਾਦੀ ਧਮਕੀਆਂ ਦੇਣ ਵਾਲੇ ਭਾਜਪਾਈ ਸਾਂਸਦਾਂ, ਅਖਾਉਤੀ ਹਿੰਦੂ ਸਾਧਾਂ-ਮਹੰਤਾਂ, ਟਰੌਲ ਅਨਸਰਾਂ ਜਾਂ ਆਰ.ਐੱਸ.ਐੱਸ. ਤੇ ਸੰਘ ਪਰਿਵਾਰ ਦੇ ਆਗੂਆਂ ਦੇ ਭੜਕਾਊ ਭਾਸ਼ਣਾਂ, ਨਫ਼ਰਤ ਤੇ ਦਹਿਸ਼ਤ ਫੈਲਾਊ ਬਿਆਨਾਂ, ਦੰਗੇ ਭੜਕਾਊ ਕਾਰਵਾਈਆਂ ਕਾਰਨ ਉਨ੍ਹਾਂ ਵਿਰੁੱਧ ਇਹ ਧਾਰਾਵਾਂ ਲਗਾਉਣ ਦੀ ਗੱਲ ਆਉਂਦੀ ਹੈ ਤਾਂ ਇਹੀ ਅਧਿਕਾਰੀ ਮੂੰਹ ਫੇਰ ਲੈਂਦੇ ਹਨ ਜਾਂ ਬਹੁਤ ਜ਼ਿਆਦਾ ਦਬਾਅ ਪੈ ਜਾਣ ਦੀ ਸੂਰਤ 'ਚ ਮਾਮੂਲੀ ਜ਼ਮਾਨਤੀ ਧਾਰਾਵਾਂ ਲਗਾ ਕੇ ਖ਼ਾਨਾਪੂਰਤੀ ਕਰ ਲੈਂਦੇ ਹਨ। ਦਹਿਸ਼ਤੀ ਕਾਰਵਾਈਆਂ ਅਤੇ ਦੰਗਿਆਂ ਦੇ ਸੰਗੀਨ ਜੁਰਮਾਂ ਦੇ ਦੋਸ਼ੀਆਂ ਵਿਰੁੱਧ ਚੱਲ ਰਹੇ ਮੁਕੱਦਮੇ ਹਕੂਮਤ ਦੀ ਮਰਜ਼ੀ ਅਨੁਸਾਰ ਵਾਪਸ ਲੈ ਲਏ ਜਾਂਦੇ ਹਨ। ਪੁਲਿਸ ਤਾਂ ਸਗੋਂ ਭਗਵੇਂ ਮੁਜਰਮਾਂ ਦੀ ਸੁਰੱਖਿਆ ਟੁਕੜੀ ਵਜੋਂ ਕੰਮ ਕਰਦੀ ਹੈ।

ਨਿਊਜ਼ਕਲਿੱਕ ਵਿਰੁੱਧ ਕੇਸ ਵੀ ਅਜਿਹਾ ਹੀ ਹੈ ਜੋ ਇਕ ਅਮਰੀਕਨ ਅਖ਼ਬਾਰ ਦੀ ਖ਼ਬਰ ਨੂੰ ਆਧਾਰ ਬਣਾ ਕੇ ਘੜਿਆ ਗਿਆ ਹੈ। ਜਿਸ ਦਿਨ ਨਿਊਜ਼ਕਲਿੱਕ ਉੱਪਰ ਛਾਪੇਮਾਰੀ ਕੀਤੀ ਗਈ ਉਸ ਦਿਨ ਰਾਤ ਨੂੰ ਦੋ ਵਜੇ ਦਿੱਲੀ ਪੁਲਿਸ ਦੇ ਸਦਰ-ਮੁਕਾਮ ਵਿਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ, ਈ.ਡੀ., ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਅਤੇ ਯੂ.ਪੀ. ਪੁਲਿਸ ਦੇ ਅਧਿਕਾਰੀਆਂ ਦੀ ਵਿਸ਼ੇਸ਼ ਹਲਚਲ ਦੀਆਂ ਖ਼ਬਰਾਂ ਦੱਸਦੀਆਂ ਹਨ ਕਿ ਮੋਦੀ ਵਜ਼ਾਰਤ ਦੇ ਹੁਕਮ 'ਤੇ ਫੁੱਲ ਚੜ੍ਹਾਉਂਦਿਆਂ ਜੰਗੀ ਪੱਧਰ 'ਤੇ ਤਿਆਰੀ ਕੀਤੀ ਗਈ। ਦਿਨ ਚੜ੍ਹਦੇ ਹੀ ਨੋਇਡਾ ਤੋਂ ਲੈ ਕੇ ਗਾਜ਼ੀਆਬਾਦ ਅਤੇ ਗੁੜਗਾਓਂ ਤੱਕ ਇਸ ਅਦਾਰੇ ਨਾਲ ਜੁੜੇ ਪੱਤਰਕਾਰਾਂ ਦੇ ਘਰਾਂ ਦੀ ਤਲਾਸ਼ੀ ਲੈ ਕੇ ਮੋਬਾਈਲ, ਲੈਪਟਾਪ, ਫਲੈਸ਼ ਡਰਾਈਵਾਂ, ਹਾਰਡ ਡਿਸਕਾਂ ਆਦਿ ਕਬਜ਼ੇ 'ਚ ਲੈ ਲਈਆਂ ਤਾਂ ਜੋ ਨਿਊਜ਼ਕਲਿੱਕ ਦਾ ਪੂਰਾ ਕੰਮ ਠੱਪ ਹੋ ਜਾਵੇ ਅਤੇ ਪੱਤਰਕਾਰ ਕੋਈ ਕੰਮ ਨਾ ਕਰ ਸਕਣ। ਸੀਨੀਅਰ ਪੱਤਰਕਾਰਾਂ ਦੀ ਪੁੱਛਗਿੱਛ ਅਤੇ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀਆਂ ਦੀ ਮੁਹਿੰਮ ਦੇ ਵਿਸਤਾਰਤ ਵੇਰਵੇ ਦੱਸਦੇ ਹਨ ਕਿ ਇਸ ਯੋਜਨਾ ਦਾ ਮਕਸਦ ਨਿਊਜ਼ਕਲਿੱਕ ਦੇ ਕੰਮਕਾਜ ਨੂੰ ਠੱਪ ਕਰਨ ਤੋਂ ਅੱਗੇ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਹਕੂਮਤ ਦੇ ਫਾਸ਼ੀਵਾਦੀ ਇਰਾਦਿਆਂ ਦਾ ਸੰਦੇਸ਼ ਦੇਣਾ ਵੀ ਹੈ। ਪੱਤਰਕਾਰਾਂ ਨੂੰ ਤਿੰਨ ਵਿਸ਼ਿਆਂ 'ਕਿਸਾਨ ਅੰਦੋਲਨ, ਸ਼ਾਹੀਨ ਬਾਗ਼ ਅਤੇ ਪੂਰਵ-ਉੱਤਰੀ ਦਿੱਲੀ 'ਚ ਦੰਗਿਆਂ' ਦੀ ਜ਼ਮੀਨੀ ਰਿਪੋਰਟਿੰਗ ਕਰਨ ਬਾਰੇ ਉਚੇਚੇ ਤੌਰ 'ਤੇ ਸਵਾਲ ਪੁੱਛੇ ਗਏ। 'ਚੀਨ ਤੋਂ ਪੈਸਾ ਲੈ ਕੇ ਭਾਰਤ ਵਿਰੋਧੀ ਮਾਹੌਲ ਬਣਾਉਣ' ਤੇ ਇਸ ਦਾ ਸੰਬੰਧ ਕਿਸਾਨ ਅੰਦੋਲਨ ਨਾਲ ਜੋੜਨ ਅਤੇ ਬਿਨਾਂ ਸਬੂਤ ਯੂ.ਏ.ਪੀ.ਏ. ਲਗਾਏ ਜਾਣ ਤੋਂ ਸਪਸ਼ਟ ਹੈ ਕਿ ਆਰ.ਐੱਸ.ਐੱਸ.-ਭਾਜਪਾ ਹਕੂਮਤ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਸਵਾਲ ਉਠਾਉਣ ਵਾਲੇ ਮੀਡੀਆ ਹਿੱਸਿਆਂ ਅਤੇ ਬੁੱਧੀਜੀਵੀਆਂ ਨੂੰ ਦਹਿਸ਼ਤਜ਼ਦਾ ਕਰਕੇ ਖ਼ਾਮੋਸ਼ ਕਰਨਾ ਚਾਹੁੰਦੀ ਹੈ।

ਸਰਕਾਰ ਦਾ 'ਲੋਕ ਸੰਪਰਕ ਵਿਭਾਗ' ਨਾ ਬਣਨ ਵਾਲੇ ਮੀਡੀਆ ਹਿੱਸਿਆਂ, ਹੱਕਾਂ ਦੇ ਕਾਰਕੁਨਾਂ ਸਮੇਤ ਸਮੂਹ ਨਿਧੜਕ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਨੂੰ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਐਨਾ ਜ਼ਰੂਰੀ ਕਿਉਂ ਸਮਝਦੀ ਹੈ। ਇਹ ਸਾਰੇ ਹਿੱਸੇ ਸੰਘ ਬਰਗੇਡ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਅਤੇ 'ਵਿਕਾਸ' ਦੇ ਨਾਂ ਹੇਠ ਕਾਰਪੋਰੇਟ ਘਰਾਣਿਆਂ ਦੀ ਬੇਹਯਾ ਚਾਕਰੀ ਦੀ ਨੀਤੀ ਦੇ ਤਿੱਖੇ ਆਲੋਚਕ ਹਨ। ਆਰ.ਐੱਸ.ਐੱਸ.-ਭਾਜਪਾ ਦੇ ਰਾਸ਼ਟਰਵਾਦ ਅਤੇ ਪਾਟਕਪਾਊ ਫਿਰਕੂ ਸਿਆਸਤ ਉੱਪਰ ਸਵਾਲ ਉਠਾਉਣ ਦੇ ਨਾਲ-ਨਾਲ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਦਲਿਤਾਂ ਤੇ ਧਾਰਮਿਕ ਘੱਟਗਿਣਤੀਆਂ ਉੱਪਰ ਫਾਸ਼ੀਵਾਦੀ ਹਮਲਿਆਂ ਦਾ ਧੜੱਲੇ ਨਾਲ ਵਿਰੋਧ ਕਰਨ ਅਤੇ ਦੱਬੇਕੁਚਲੇ ਅਵਾਮ ਨੂੰ ਉਨ੍ਹਾਂ ਦੇ ਹਿਤਾਂ ਤੇ ਹੱਕਾਂ ਲਈ ਜਾਗਰੂਕ ਕਰਨ ਦੀ ਕੋਈ ਵੀ ਸਰਗਰਮੀ ਸੱਤਾ ਨੂੰ ਬਹੁਤ ਚੁਭਦੀ ਹੈ। ਇਨ੍ਹਾਂ ਆਵਾਜ਼ਾਂ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਦਲੀਲਾਂ ਅਤੇ ਤੱਥ ਆਰ.ਐੱਸ.ਐੱਸ-ਭਾਜਪਾ ਵੱਲੋਂ ਮੁਲਕ ਦੇ ਅਵਾਮ ਨੂੰ ਗੁੰਮਰਾਹ ਕਰਨ ਲਈ ਪਰੋਸੇ ਜਾਂਦੇ ਝੂਠੇ ਬਿਰਤਾਂਤਾਂ ਦੀ ਪੋਲ ਖੋਲ੍ਹਦੇ ਹਨ। ਸੰਘੀਆਂ ਦਾ ਧੜਵੈਲ ਪ੍ਰਚਾਰਤੰਤਰ ਇਨ੍ਹਾਂ ਸੀਮਤ ਵਸੀਲਿਆਂ ਤੇ ਸਾਧਨਾਂ ਵਾਲੇ ਜਾਗਰੂਕ ਹਿੱਸਿਆਂ ਦੇ ਅਵਾਮ ਨੂੰ ਜਾਗਰੂਕ ਕਰਨ ਦੇ ਯਤਨਾਂ ਅੱਗੇ ਲਜਵਾਬ, ਬੇਵਸ ਤੇ ਬੌਣਾ ਮਹਿਸੂਸ ਕਰਦਾ ਹੈ। ਇਨ੍ਹਾਂ ਦੀ ਜ਼ੁਬਾਨਬੰਦੀ ਕਰਕੇ ਅਤੇ ਨਾ ਝੁਕਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕ ਕੇ ਹੀ ਫਾਸ਼ੀਵਾਦੀ ਹਕੂਮਤ ਆਪਣੇ ਦੇਸ਼ਧ੍ਰੋਹੀ ਪ੍ਰੋਜੈਕਟਾਂ ਨੂੰ ਅੱਗੇ ਵਧਾ ਸਕਦੀ ਹੈ ਅਤੇ ਫਿਰਕੂ ਪਾਲਾਬੰਦੀ ਤੇ ਹੋਰ ਝੂਠੇ ਬਿਰਤਾਂਤਾਂ ਨੂੰ ਅਗਲੀਆਂ ਚੋਣਾਂ 'ਚ ਕਾਮਯਾਬੀ ਨਾਲ ਮੁੱਦਾ ਬਣਾ ਸਕਦੀ ਹੈ।

ਵਿਚਾਰ ਪ੍ਰਗਟਾਵੇ ਅਤੇ ਪ੍ਰੈੱਸ ਦੀ ਆਜ਼ਾਦੀ ਉੱਪਰ ਤਾਬੜਤੋੜ ਹਮਲਿਆਂ ਅਤੇ ਹੋਰ ਤਰੀਕਿਆਂ ਨਾਲ ਸੱਤਾ ਨੂੰ ਸਵਾਲ ਕਰਨ ਵਾਲੀਆਂ ਜਾਗਰੂਕ ਆਵਾਜ਼ਾਂ ਅਤੇ ਰੋਸ਼ਨ-ਖਿਆਲ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕੀਤੇ ਜਾਣ ਦਾ ਡੱਟ ਕੇ ਵਿਰੋਧ ਕਰਨ ਦੀ ਲੋੜ ਹੈ। ਭਾਰਤ ਦੀਆਂ ਸਮੂਹ ਜਮਹੂਰੀ ਤਾਕਤਾਂ ਅਤੇ ਹੱਕਾਂ ਦੇ ਪਹਿਰੇਦਾਰਾਂ ਨੂੰ ਇਨ੍ਹਾਂ ਛਾਪੇਮਾਰੀਆਂ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਇਸ ਵਿਰੁੱਧ ਡੱਟ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਇਸ ਹਮਲੇ ਨੂੰ ਠੱਲ ਪਾਉਣ ਲਈ ਇਸ ਵਿਰੁੱਧ ਵਿਆਪਕ ਪੈਮਾਨੇ 'ਤੇ ਜਨਤਕ ਲਾਮਬੰਦੀ ਕਰਨੀ ਚਾਹੀਦੀ ਹੈ।

# ਪੰਜਾਬ ਦੇ ਪਾਣੀਆਂ ਦਾ ਮੁੱਦਾ



ਦਵਿੰਦਰ ਕੌਰ ਖੁਸ਼ ਧਾਲੀਵਾਲ
ਖੋਜਕਰਤਾ

ਜਿਵੇਂ-ਜਿਵੇਂ ਲੋਕ ਸਭਾ ਦੀਆਂ ਤੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆ ਰਹੀਆਂ ਨੇ ਉਵੇਂ-ਉਵੇਂ ਸਤਲੁਜ-ਯਮਨਾ ਲਿੰਕ ਨਹਿਰ ਦੇ ਮੁੱਦੇ ਨੂੰ ਡੂੰਘੇ ਟੋਏ 'ਚੋਂ ਕੱਢਕੇ ਫੇਰ ਭਖਾਇਆ ਜਾ ਰਿਹਾ ਹੈ। ਹੁਣ ਸਰਵਉੱਚ ਅਦਾਲਤ ਨੇ ਸਰਕਾਰ ਨੂੰ ਪੰਜਾਬ ਵਿੱਚ ਸਤਲੁਜ-ਯਮਨਾ ਲਿੰਕ ਨਹਿਰ ਬਣਾਉਣ ਲਈ ਜ਼ਮੀਨ ਦਾ ਸਰਵੇਖਣ ਕਰਨ ਦੀ ਹਦਾਇਤ ਦੇਣ ਨਾਲ਼ ਇਹ ਮਸਲਾ ਚਰਚਾ ਵਿੱਚ ਹੈ। ਹਰਿਆਣਾ ਦੀਆਂ ਚੋਣਾਂ 'ਚ ਲਾਹਾ ਲੈਣ ਲਈ ਭਾਜਪਾ ਪਹਿਲਾਂ ਵੀ ਚੰਡੀਗੜ੍ਹ ਤੇ ਦਰਿਆਈ ਪਾਣੀਆਂ ਦਾ ਮਸਲਾ ਛੇੜਦੀ ਰਹੀ ਹੈ। ਸਭ ਕੌਮਾਂ ਲਈ ਬਰਾਬਰੀ ਤੇ ਇਨਸਾਫ ਦੇ ਜਮਹੂਰੀ ਅਸੂਲਾਂ ਤਹਿਤ ਨਜਿੱਠਿਆ ਜਾਣਾ ਚਾਹੀਦਾ ਹੈ।

ਰਿਪੇਰੀਅਨ ਸਿਧਾਂਤ ਮੁਤਾਬਿਕ ਦਰਿਆਵਾਂ ਦੇ ਪਾਣੀਆਂ ਉੱਤੇ ਉਹਨਾਂ ਦੇ ਕੁਦਰਤੀ ਵਹਾਅ ਦੇ ਕੰਢਿਆਂ ਨਾਲ਼ ਲੱਗਦੇ ਖਿੱਤਿਆਂ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਦਰਿਆਵਾਂ ਦੇ ਪਾਣੀਆਂ ਦਾ ਲਾਭ ਵੀ ਉਹੀ ਲੋਕ ਚੁੱਕਣਗੇ ਜਿਸ ਖਿੱਤੇ ਦੇ ਲੋਕ ਇਹਨਾਂ ਦੇ ਹੜ੍ਹਾਂ ਦੀ ਮਾਰ ਵੀ ਝੱਲਦੇ ਆਏ ਹੋਣ ਜਾਂ ਝੱਲ ਰਹੇ ਹੋਣ। ਦਰਿਆਈ ਖੇਤਰ ਜੇਕਰ ਦੋ ਜਾਂ ਦੋ ਤੋਂ ਵਧੇਰੇ ਦੇਸ਼ਾਂ ਜਾਂ ਸੂਬਿਆਂ ਦੀਆਂ ਰਾਜਕੀ/ਪ੍ਰਸ਼ਾਸਨਿਕ ਇਕਾਈਆਂ ਵਿੱਚ ਵੰਡੇ ਹੋਣ ਤਾਂ ਉਹ ਸੂਬੇ ਜਾਂ ਦੇਸ਼ ਉਸ ਦਰਿਆ ਦੇ ਰਿਪੇਰੀਅਨ ਦੇਸ਼/ਸੂਬੇ ਕਹਾਉਂਦੇ ਹਨ ਅਤੇ ਉਹਨਾਂ ਵਿਚਕਾਰ ਸਬੰਧਤ ਦਰਿਆ ਦਾ ਪਾਣੀ ਵੰਡਿਆ ਜਾਂਦਾ ਹੈ।

ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚਕਾਰ ਨਰਮਦਾ ਦੇ ਪਾਣੀਆਂ ਸਬੰਧੀ ਝਗੜੇ ਸਬੰਧੀ ਬਣੇ ਅਦਾਲਤ ਨੇ ਫੈਸਲਾ ਸੁਣਾਇਆ ਕਿ ਰਾਜਸਥਾਨ ਨਰਮਦਾ ਦਾ ਰਿਪੇਰੀਅਨ ਸੂਬਾ ਨਹੀਂ ਹੈ ਇਸ ਲਈ ਇਸਦਾ ਇਸ ਦਰਿਆ ਦੇ ਪਾਣੀ ਉੱਤੇ ਹੱਕ ਨਹੀਂ ਬਣਦਾ। ਕਰਨਾਟਕਾ ਅਤੇ ਤਮਿਲ਼ਨਾਡੂ ਕਾਵੇਰੀ ਦੇ ਰਿਪੇਰੀਅਨ ਸੂਬੇ ਹਨ। ਇਸ ਲਈ ਉਹਨਾਂ ਦੇ ਇਸਦੇ ਪਾਣੀ ਸਬੰਧੀ ਝਗੜੇ ਦਾ ਫੈਸਲਾ ਰਿਪੇਰੀਅਨ ਸਿਧਾਂਤ ਮੁਤਾਬਿਕ ਹੀ ਕੀਤਾ ਗਿਆ। ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮਹਾਂਰਾਸ਼ਟਰ ਵਿਚਕਾਰ ਕ੍ਰਿਸ਼ਨਾ ਨਦੀ ਦੇ ਪਾਣੀਆਂ ਸਬੰਧੀ ਝਗੜਿਆਂ ਦਾ ਫੈਸਲਾ ਵੀ ਰਿਪੇਰੀਅਨ ਸਿਧਾਂਤ ਮੁਤਾਬਿਕ ਹੀ ਹੋਇਆ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਓਡੀਸਾ, ਮੱਧ ਪ੍ਰਦੇਸ਼ ਅਤੇ ਕਰਨਾਟਕ ਵਿਚਕਾਰ ਗੋਦਾਵਰੀ ਨਦੀ ਦੇ ਝਗੜੇ ਸਬੰਧੀ ਫੈਸਲੇ ਲਈ ਵੀ ਰਿਪੇਰੀਅਨ ਸਿਧਾਂਤ ਨੂੰ ਹੀ ਅਧਾਰ ਬਣਾਇਆ ਗਿਆ। ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੇ ਮਾਮਲੇ ਵਿੱਚ ਵੀ ਰਿਪੇਰੀਅਨ ਸਿਧਾਂਤ ਲਾਗੂ ਕੀਤਾ ਜਾਣਾ ਚਾਹੀਦਾ ਸੀ। ਪਰ ਪੰਜਾਬ ਵਾਸੀਆਂ ਨਾਲ਼ ਇਹ ਸਰਾਸਰ ਧੱਕਾ ਕੀਤਾ ਹੈ।

ਚੜ੍ਹਦੇ ਪੰਜਾਬ ਵਿੱਚੋਂ ਤਿੰਨ ਦਰਿਆ ਵਗਦੇ ਹਨ- ਸਤਲੁਜ, ਰਾਵੀ ਅਤੇ ਬਿਆਸ। ਪਾਕਿਸਤਾਨ ਵਿੱਚ ਮੌਜੂਦ ਲਹਿੰਦਾ ਪੰਜਾਬ ਇਸਦਾ ਸਹਿ ਰਿਪੇਰੀਅਨ ਸੂਬਾ ਹੈ। ਸੰਨ 1947 ਤੋਂ ਬਾਅਦ ਤਿੰਨਾਂ ਦਰਿਆਵਾਂ ਦੇ ਪਾਣੀਆਂ ਸਬੰਧੀ ਪਾਕਿਸਤਾਨੀ ਹਕੂਮਤ ਨਾਲ਼ ਭਾਰਤੀ ਹਕੂਮਤ ਦਾ ਝਗੜਾ ਸਾਹਮਣੇ ਆਇਆ। ਇਹ ਝਗੜਾ ਸਿੰਧ ਜਲ ਸਮਝੌਤਾ ਹੋਣ ਤੋਂ ਬਾਅਦ ਖਤਮ ਹੋਇਆ ਜਿਸ ਮੁਤਾਬਿਕ ਸਿੰਧ, ਝਨਾਬ ਅਤੇ ਜੇਹਲਮ ਦੇ ਪਾਣੀਆਂ ਦੀ ਮੁੱਖ ਤੌਰ ਉੱਤੇ ਵਰਤੋਂ ਦਾ ਹੱਕ ਪਾਕਿਸਤਾਨ ਨੂੰ ਮਿਲ਼ ਗਿਆ ਅਤੇ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਮੁੱਖ ਤੌਰ ਉੱਤੇ ਭਾਰਤ ਨੂੰ ਮਿਲ਼ ਗਿਆ। ਪਰ ਪਾਕਿਸਤਾਨ ਨਾਲ਼ ਪਾਣੀਆਂ ਦੀ ਵੰਡ ਨੂੰ ਲੈ ਕੇ ਚੱਲੇ ਝਗੜੇ ਵਿੱਚ ਭਾਰਤੀ ਹਾਕਮਾਂ ਨੇ ਗੈਰ-ਵਾਜਬ ਢੰਗ ਨਾਲ਼ ਘੱਗਰ ਦਰਿਆ ਨੂੰ ਸਿੰਧ ਨਦੀ ਖੇਤਰ ਦਾ ਹਿੱਸਾ ਕਿਹਾ। ਇਸ ਰਾਹੀਂ ਰਾਜਸਥਾਨ ਨੂੰ ਪੰਜਾਬ ਦਾ ਸਹਿ-ਰ ਸੂਬਾ ਐਲਾਨਿਆ ਅਤੇ ਪੰਜਾਬ ਦੇ ਪਾਣੀਆਂ ਵਿੱਚ ਰਾਜਸਥਾਨ ਦੀ ਹਿੱਸੇਦਾਰੀ ਦਿਖਾਈ। ਇਸ ਤਰ੍ਹਾਂ 1955 ਵਿੱਚ ਕੇਂਦਰ ਦੀ ਕਾਂਗਰਸੀ ਹਕੂਮਤ ਨੇ ਗੈਰ-ਵਾਜਬ ਢੰਗ ਨਾਲ਼ ਰਾਜਸਥਾਨ ਨੂੰ ਪੰਜਾਬ ਦੇ ਪਾਣੀਆਂ ਦਾ ਹਿੱਸੇਦਾਰ ਬਣਾਲਿਆ। ਇਉਂ ਸਿੰਧ ਜਲ ਸਮਝੌਤੇ ਤੋਂ ਬਾਅਦ ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀਆਂ ਉੱਤੇ ਹੱਕ ਚੜ੍ਹਦੇ ਪੰਜਾਬ ਦਾ ਸੀ। ਪਰ ਇਹ ਹੱਕ ਖੋਹ ਲਿਆ ਗਿਆ ਤੇ ਇਹ ਪਾਣੀ ਪੰਜਾਬ ਨੂੰ ਦੇਣ ਦੀ ਥਾਂ ਪੰਜਾਬ (ਸਮੇਤ ਹਰਿਆਣਾ), ਰਾਜਸਥਾਨ ਤੇ ਦਿੱਲੀ ਨੂੰ ਵੰਡਿਆ ਗਿਆ।

1961 ਵਿੱਚ ਜਦ ਅਜੇ ਹਰਿਆਣਾ ਪੰਜਾਬ ਦਾ ਹਿੱਸਾ ਹੀ ਸੀ, ਹਰਿਆਣੇ ਨੂੰ 19 ਲੱਖ ਏਕੜ ਫੁੱਟ ਪਾਣੀ ਦੇ ਦਿੱਤਾ। ਸੰਨ 1966 ਵਿੱਚ ਪੰਜਾਬ ਦੇ ਪੁਨਰ ਗਠਨ ਕਨੂੰਨ ਮੁਤਾਬਿਕ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੋ ਨਵੇਂ ਸੂਬੇ ਹੋਂਦ ਵਿੱਚ ਆਏ। ਸੰਨ 1967 ਵਿੱਚ ਹਰਿਆਣਾ ਨੇ ਉਸ ਸਮੇਂ ਪੰਜਾਬ ਨੂੰ ਮਿਲ਼ ਰਹੇ 51 ਲੱਖ ਏਕੜ ਫੁੱਟ ਪਾਣੀ ਵਿੱਚੋਂ ਹੋਰ 29 ਲੱਖ ਏਕੜ ਫੁੱਟ ਪਾਣੀ ਦੀ ਮੰਗ ਕੀਤੀ। ਇਸ ਤਰ੍ਹਾਂ ਉਸਨੇ ਕੁੱਲ 48 ਲੱਖ ਏਕੜ ਫੁੱਟ ਪਾਣੀ ਉੱਤੇ ਦਾਅਵਾ ਕੀਤਾ। ਪੰਜਾਬ ਪੁਨਰ ਗਠਨ ਕਨੂੰਨੀ ਧਾਰਾਵਾਂ 78, 79 ਅਤੇ 80 ਮੁਤਾਬਿਕ ਪੰਜਾਬ ਦੇ ਦਰਿਆਵਾਂ, ਇਹਨਾਂ ਉੱਤੇ ਚਲਦੇ ਪ੍ਰੋਜੈਕਟਾਂ ਅਤੇ ਡੈਮਾਂ ਦਾ ਕੰਟਰੋਲ ਕੇਂਦਰ ਨੇ ਪੂਰੀ ਤਰ੍ਹਾਂ ਗੈਰਵਾਜਿਬ ਢੰਗ ਨਾਲ਼ ਆਪਣੇ ਹੱਥ ਵਿੱਚ ਲੈ ਲਿਆ। ਇਸ ਐਕਟ ਤਹਿਤ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣਾ ਵੀ ਬੇਇਨਸਾਫੀ ਸੀ। ਸਿਰਫ ਪਾਣੀ ਨਹੀਂ ਸਗੋਂ ਬਿਜਲੀ ਦਾ ਹੱਕ ਵੀ ਪੰਜਾਬ ਤੋਂ ਖੋਹ ਲਿਆ ਗਿਆ। ਪਰ ਹਰਿਆਣੇ ਦੀ ਯਮਨਾ ਨਦੀ ਉੱਤੇ ਬਣੇ ਤਾਜੇਵਾਲਾ ਅਤੇ ਓਖਲਾ ਡੈਮਾਂ ਤੇ ਪ੍ਰੋਜੈਕਟਾਂ ਦਾ ਕੰਟਰੋਲ ਹਰਿਆਣਾ ਕੋਲ਼ ਹੀ ਰਹਿਣ ਦਿੱਤਾ। ਅਸਲ ਵਿੱਚ ਭਾਰਤੀ ਸੰਵਿਧਾਨ ਮੁਤਾਬਿਕ ਵੀ ਇਹਨਾਂ ਦਰਿਆਵਾਂ ਦੇ ਸਾਰੇ ਕੰਟਰੋਲ ਦਾ ਹੱਕ ਸੂਬਿਆਂ ਦਾ ਹੈ। ਇਸ ਤਰ੍ਹਾਂ ਹਰਿਆਣੇ ਨੂੰ ਯਮਨਾ ਨਦੀ ਦਾ ਕੰਟਰੋਲ ਮਿਲ਼ਣਾ ਗਲਤ ਨਹੀਂ ਸੀ। ਪਰ ਇਸੇ ਤਰਜ ਉੱਤੇ ਪੰਜਾਬ ਨੂੰ ਇਹ ਹੱਕ ਨਹੀਂ ਦਿੱਤਾ ਗਿਆ ਜੋ ਸਪੱਸ਼ਟ ਰੂਪ ਵਿੱਚ ਪੰਜਾਬ ਨਾਲ਼ ਬੇਇਨਸਾਫੀ ਸੀ। ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੰਜਾਬ ਪੁਨਰਗਠਨ ਐਕਟ ਤਹਿਤ ਉਸਨੂੰ ਹੋਰ ਪਾਣੀ ਦੇਣ ਲਈ ਹੁਕਮ ਜਾਰੀ ਕਰਨ ਦੀ ਮੰਗ ਕੀਤੀ। ਐਮਰਜੰਸੀ ਦੌਰਾਨ 24 ਮਾਰਚ 1976 ਨੂੰ ਇੰਦਰਾ ਗਾਂਧੀ ਸਰਕਾਰ ਨੇ ਹਰਿਆਣੇ ਨੂੰ ਕੁੱਲ 35 ਲੱਖ ਏਕੜ ਫੁੱਟ ਪਾਣੀ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਉਸ ਸਮੇਂ ਪੰਜਾਬ ਨੂੰ ਮਿਲ਼ ਰਿਹਾ 51 ਲੱਖ ਏਕੜ ਫੁੱਟ ਪਾਣੀ ਵਰਤਿਆ ਜਾ ਰਿਹਾ ਸੀ। ਸਗੋਂ ਪੰਜਾਬ ਪਾਣੀ ਤਾਂ ਲੁੱਟਿਆ ਜਾ ਰਿਹਾ ਸੀ। ਪਰ ਇਸਦੇ ਬਾਵਜੂਦ ਕੇਂਦਰ ਸਰਕਾਰ ਦੇ ਹੁਕਮ ਵਿੱਚ ਪੰਜਾਬ ਨੂੰ ਕਿਹਾ ਗਿਆ ਕਿ ਹਰਿਆਣੇ ਨੂੰ ਹਰ ਹਾਲਤ ਵਿੱਚ 35 ਲੱਖ ਏਕੜ ਫੁੱਟ ਪਾਣੀ ਦੇਣਾ ਹੀ ਪਵੇਗਾ। ਜੇਕਰ ਕੁਦਰਤੀ ਕਾਰਨਾਂ ਕਰਕੇ ਪਾਣੀ ਘੱਟ ਵੀ ਜਾਂਦਾ ਹੈ ਤਾਂ ਇਸਦਾ ਭਾਰ ਪੰਜਾਬ ਨੂੰ ਹੀ ਝੱਲਣਾ ਪਵੇਗਾ।ਪੰਜਾਬ ਨੂੰ ਕਿਹਾ ਗਿਆ ਕਿ ਉਹ ਸਤਲੁਜ ਯਮਨਾ ਲਿੰਕ ਨਹਿਰ ਦੀ ਉਸਾਰੀ ਕਰੇ। ਹਰਿਆਣਾ ਨੇ ਆਪਣੇ ਖੇਤਰ ਅੰਦਰ ਇਸ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ।

ਗਿਆਨੀ ਜ਼ੈਲ ਸਿੰਘ ਵੇਲੇ ਜੂਨ 1977 ਵਿੱਚ ਅਕਾਲੀ ਦਲ ਦੀ ਸਰਕਾਰ ਬਣੀ। ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣਿਆ। ਉਸਨੇ ਸਤਲੁਜ ਯਮਨਾ ਲਿੰਕ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕਰਵਾਇਆ। ਅਕਾਲੀ ਸਰਕਾਰ ਨੇ 20 ਫਰਵਰੀ 1978 ਨੂੰ ਦਫਾ 17 ਤਹਿਤ ਜਮੀਨ ਜਬਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਧਾਰਾ ਤਹਿਤ ਨੋਟੀਫਿਕੇਸ਼ਨ ਉਦੋਂ ਜਾਰੀ ਹੁੰਦਾ ਹੈ ਜਦੋਂ ਹੰਗਾਮੀ ਹਾਲਤ ਵਿੱਚ ਸਰਕਾਰ ਨੂੰ ਜਮੀਨ ਦੀ ਲੋੜ ਹੋਵੇ। 04 ਜੁਲਾਈ 1978 ਨੂੰ ਚਿੱਠੀ ਜਾਰੀ ਕਰਕੇ ਹਰਿਆਣਾ ਸਰਕਾਰ ਤੋਂ 3 ਕਰੋੜ ਰੁਪਏ ਦੀ ਮੰਗ ਵੀ ਕਰ ਦਿੱਤੀ। ਇਸ ਤੋਂ ਪਤਾ ਲੱਗਦਾ ਹੈ ਕਿ ਜੋ ਸ਼੍ਰੋਮਣੀ ਅਕਾਲੀ ਦਲ ਪਾਣੀਆਂ ਦੇ ਰਾਖੇ ਵਜੋਂ ਖੁਦ ਨੂੰ ਪੇਸ਼ ਕਰਦਾ ਹੈ ।ਪੰਜਾਬ ਅੰਦਰ ਇਸ ਫੈਸਲੇ ਦਾ ਵਿਰੋਧ ਹੋਣਾ ਸੁਭਾਵਿਕ ਸੀ। ਇਸਦਾ ਵਿਰੋਧ ਹੋਇਆ। ਅਕਾਲੀ ਸਰਕਾਰ ਨੇ ਦਬਾਅ ਹੇਠ ਸੁਪਰੀਮ ਕੋਰਟ ਵਿੱਚ ਇਸ ਸਮਝੌਤੇ ਖਿਲਾਫ ਕੇਸ ਦਾਇਰ ਕੀਤਾ।

1980 'ਚ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣੀ ਤਾਂ ਇੰਦਰਾ ਗਾਂਧੀ ਨੇ 31 ਦਸੰਬਰ 1981 ਨੂੰ ਤਿੰਨਾਂ ਸੂਬਿਆਂ ਦੇ ਕਾਂਗਰਸੀ ਮੁੱਖ ਮੰਤਰੀਆਂ ਦਰਬਾਰਾ ਸਿੰਘ (ਪੰਜਾਬ), ਭਜਨ ਲਾਲ (ਹਰਿਆਣਾ), ਸ਼ਿਵ ਚਰਨ ਮਾਥੁਰ (ਰਾਜਸਥਾਨ) ਨੂੰ ਸੱਦ ਕੇ ਸਮਝੌਤਾ ਕਰਵਾਇਆ ਗਿਆ। ਇਸ ਨਾਲ਼ 24 ਮਾਰਚ 1976 ਵਾਲ਼ਾ ਹੁਕਮ ਸਮਝੌਤੇ ਵਿੱਚ ਬਦਲ ਦਿੱਤਾ ਗਿਆ। ਪੰਜਾਬ ਨੂੰ ਦੋ ਸਾਲਾਂ ਅੰਦਰ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਪਾਬੰਦ ਕੀਤਾ ਗਿਆ। 12 ਫਰਵਰੀ 1982 ਨੂੰ ਦਰਬਾਰਾ ਸਿੰਘ ਤੋਂ ਇੰਦਰਾ ਗਾਂਧੀ ਨੇ ਸੁਪਰੀਮ ਕੋਰਟ ਤੋਂ ਕੇਸ ਵੀ ਵਾਪਿਸ ਕਰਵਾ ਦਿੱਤਾ। ਅਪ੍ਰੈਲ 1982 ਕਪੂਰੀ ਤੋਂ ਇੰਦਰਾ ਗਾਂਧੀ ਨੇ ਕਹੀ ਨਾਲ਼ ਟੱਕ ਲਾ ਕੇ ਸਤਲੁਜ ਯਮਨਾ ਲਿੰਕ ਨਹਿਰ ਦੀ ਉਸਾਰੀ ਦਾ ਉਦਘਾਟਨ ਕੀਤਾ ਤੇ ਇਸ ਮੌਕੇ ਉਸਨੂੰ ਕਹੀ ਫੜਾਉਣ ਵਾਲਾ ਕੈਪਟਨ ਅਮਰਿੰਦਰ ਸਿੰਘ ਸੀ ਜੋ ਬਾਅਦ ਵਿੱਚ ਪੰਜਾਬ ਦੇ ਪਾਣੀ ਦੇ ਹੱਕਾਂ ਦੀ ਰਾਖੀ ਦਾ ਡਰਾਮਾ ਕਰ ਰਿਹਾ ਸੀ।


ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸੰਨ 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਕਿਹਾ ਗਿਆ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਓਨਾ ਪਾਣੀ ਮਿਲ਼ਦਾ ਰਹੇਗਾ ਜਿੰਨਾ ਉਹ ਪਹਿਲੀ ਜੁਲਾਈ 1985 ਨੂੰ ਲੈ ਰਹੇ ਸਨ। ਸਤਲੁਜ ਯਮਨਾ ਲਿੰਕ ਨਹਿਰ ਦੀ 15 ਅਗਸਤ 1986 ਤੱਕ ਪੂਰੀ ਕਰਨ ਦਾ ਫੈਸਲਾ ਕੀਤਾ ਗਿਆ। 1990 ਵਿੱਚ ਕੁੱਝ ਲੋਕਾਂ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰ ਰਹੇ ਮੁੱਖ ਇੰਜੀਨੀਅਰ, ਸਹਾਇਕ ਇੰਜੀਨੀਅਰ ਅਤੇ ਕਈ ਮਜਦੂਰਾਂ ਦਾ ਕਤਲ ਕਰ ਦਿੱਤਾ ਗਿਆ। ਇਸਤੋਂ ਬਾਅਦ ਇਸ ਨਹਿਰ ਦੀ ਉਸਾਰੀ ਦਾ ਕੰਮ ਰੁਕ ਗਿਆ।

2004 ਵਿੱਚ ਕਾਂਗਰਸ ਦੀ ਸਰਕਾਰ ਪਾਣੀਆਂ ਸਬੰਧੀ ਸਾਰੇ ਸਮਝੌਤੇ ਰੱਦ ਕਰਨ ਵਾਲ਼ਾ ਕਨੂੰਨ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ। ਇਹ ਕਨੂੰਨ ਅਜੇ ਤੱਕ ਰਾਸ਼ਟਰਪਤੀ ਕੋਲ਼ ਮਨਜ਼ੂਰੀ ਲਈ ਪਿਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਦਾ ਇਹ ਵੀ ਇੱਕ ਚੋਣ ਸਟੰਟ ਹੀ ਸੀ। ਇਹ ਪਾਣੀਆਂ ਦੇ ਮਸਲੇ ਉੱਤੇ ਵੋਟ ਸਿਆਸਤ ਵਿੱਚ ਅਕਾਲੀ ਦਲ ਤੋਂ ਅੱਗੇ ਨਿੱਕਲਣ ਦੀ ਹੀ ਚਾਲ ਸੀ। ਨਵੰਬਰ 2016 ਵਿੱਚ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਗਿਆ ਕਿ ਰਿਪੇਰੀਅਨ ਸਿਧਾਂਤ ਮੁਤਾਬਿਕ ਪੰਜਾਬ ਦੇ ਪਾਣੀਆਂ ਉੱਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਹਰਿਆਣਾ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੇ ਪਾਣੀ ਦੇ ਬਿੱਲ ਵਸੂਲੇ ਜਾਣਗੇ। ਐਸ.ਵਾਈ.ਐਲ. ਨਹਿਰ ਲਈ ਜਬਤ ਕੀਤੀਆਂ ਜਮੀਨਾਂ ਵਾਪਿਸ ਕਰ ਦਿੱਤੀਆਂ ਗਈਆਂ ਅਤੇ ਪੱਟੀ ਨਹਿਰ ਪੂਰ ਦਿੱਤੀ ਗਈ।

ਆਮ ਆਦਮੀ ਪਾਰਟੀ ਵੀ ਇਹਨਾਂ ਦੀ ਪੈੜ 'ਚ ਪੈੜ ਰੱਖ ਕੇ ਹੀ ਚੱਲ ਰਹੀ ਹੈ। ਹਰਿਆਣਾ ਵਿੱਚ ਆਪ ਦੇ ਨੁਮਾਇੰਦੇ ਹਰਿਆਣੇ ਦੇ ਹੱਕ 'ਚ ਬੋਲਦੇ ਹਨ ਤੇ ਪੰਜਾਬ ਦੇ ਨੁਮਾਇੰਦੇ ਪੰਜਾਬ ਦੇ ਹੱਕ 'ਚ। ਕੇਜਰੀਵਾਲ ਵੀ ਕਦੇ ਪੰਜਾਬ ਦੇ ਖਿਲਾਫ ਬੋਲਦਾ ਹੈ ਤੇ ਕਦੇ ਗੋਲ਼-ਮੋਲ਼ ਗੱਲ ਕਰਦਾ ਹੈ, ਪਰ ਇੱਕ ਵਾਰ ਵੀ ਉਸਨੇ ਡਟਕੇ ਪੰਜਾਬ ਦੇ ਹੱਕ ਦੀ ਗੱਲ ਨਹੀਂ ਕੀਤੀ। ਹੁਣ ਵਿਧਾਨ ਸਭਾ ਵਿੱਚ ਪੰਜਾਬ ਸਰਕਾਰ ਇਹ ਆਖ ਕੇ ਸਤਲੁਜ ਯਮਨਾ ਲਿੰਕ ਨਹਿਰ ਦਾ ਵਿਰੋਧ ਕਰ ਰਹੀ ਹੈ ਕਿ ਪੰਜਾਬ ਕੋਲ਼ ਵਾਧੂ ਪਾਣੀ ਨਹੀਂ ਹੈ? ਪੰਜਾਬ ਕੋਲ਼ ਪਾਣੀ ਵਾਧੂ ਹੁੰਦਾ ਤਾਂ ਫੇਰ ਉਹ ਇਸਦੀ ਉਸਾਰੀ ਲਈ ਸਹਿਮਤੀ ਦਿੰਦੇ? ਪੰਜਾਬ ਦੇ ਦਰਿਆਵਾਂ ਦਾ ਜਿਹੜਾ ਪਾਣੀ ਪਹਿਲਾਂ ਤੋਂ ਨਿਹੱਕੇ ਤੌਰ 'ਤੇ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਜਾ ਰਿਹਾ ਹੈ ਉਸ ਬਾਰੇ ਆਮ ਆਦਮੀ ਪਾਰਟੀ ਬਿਲਕੁਲ ਚੁੱਪ ਹੈ ਸਗੋਂ ਇਹ ਤਾਂ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਪੱਕੀਆਂ ਕਰਕੇ ਦੇ ਰਹੀ ਹੈ ਤਾਂ ਜੋ ਰਾਜਸਥਾਨ ਵੱਲੋਂ ਲੁੱਟੇ ਜਾ ਰਹੇ ਪਾਣੀ ਦੀ ਇੱਕ ਬੂੰਦ ਵੀ ਪੰਜਾਬ ਦੀ ਧਰਤੀ ਅੰਦਰ ਸਿੰਮ ਨਾ ਜਾਵੇ।

ਸਿਰਫ ਸਤਲੁਜ ਯਮਨਾ ਲਿੰਕ ਨਹਿਰ ਗਲਤ ਹੈ ਸਗੋਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਪੂਰੀ ਵੰਡ ਹੀ ਅਨਿਆਈਂ ਹੈ ਤੇ ਸਾਰੇ ਪਾਣੀ ਦਾ ਹੱਕ ਪੰਜਾਬ ਨੂੰ ਮਿਲ਼ਣਾ ਚਾਹੀਦਾ ਹੈ। ਸੰਵਿਧਾਨ ਮੁਤਾਬਕ ਦਰਿਆਈ ਪਾਣੀਆਂ ਦਾ ਮਸਲਾ ਸੂਬਿਆਂ ਦਾ ਮਸਲਾ ਹੈ,ਸਰਕਾਰ ਦਾ ਇਸ ਵਿੱਚ ਦਖਲ ਗੈਰ-ਸੰਵਿਧਾਨਿਕ ਵੀ ਹੈ। ਪੰਜਾਬ ਸਮੇਤ ਸਭ ਕੌਮਾਂ ਦੇ ਕਿਰਤੀ ਲੋਕਾਂ ਨੂੰ ਸਭ ਕੌਮਾਂ ਲਈ ਬਰਾਬਰੀ ਤੇ ਇਨਸਾਫ ਦੇ ਹੱਕ ਵਿੱਚ ਆਪਣੀ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਸੂਬਿਆਂ ਦੇ ਹੱਕਾਂ ਉਪਰ ਸਰਕਾਰ ਵੱਲੋਂ ਮਾਰੇ ਜਾਂਦੇ ਡਾਕਿਆਂ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ। ਇਸੇ ਤਹਿਤ ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕ ਦੀ ਰਾਖੀ ਲਈ ਪੰਜਾਬ ਦੇ ਕਿਰਤੀ ਲੋਕਾਂ ਨੂੰ ਇੱਕਮੁੱਠ ਹੋਣਾ ਚਾਹੀਦਾ ਹੈ ਤੇ ਨਾਲ਼ ਹੀ ਸਰਮਾਏਦਾਰਾ ਵੋਟ ਪਾਰਟੀਆਂ ਦੀ ਦੋਗਲੀ ਤੇ ਭਰਮਾਊ ਸਿਆਸਤ ਤੋਂ ਵੀ ਖਬਰਦਾਰ ਰਹਿਣਾ ਚਾਹੀਦਾ ਹੈ

ਪੰਜਾਬ ਦੇ ਦਰਿਆਵਾਂ ਦੇ ਨਾਲ਼-ਨਾਲ਼ ਪੰਜਾਬੀ ਕੌਮ ਦੇ ਹੋਰ ਮਸਲੇ (ਭਾਸ਼ਾ ਦੇ ਅਧਾਰ 'ਤੇ ਪੰਜਾਬੀ ਸੂਬੇ ਦਾ ਮੁੜ-ਗਠਨ, ਪੰਜਾਬ ਦੇ ਡੈਮਾਂ ਦਾ ਪੂਰਨ ਕੰਟਰੋਲ, ਪੰਜਾਬ ਯੂਨੀਵਰਸਿਟੀ ਤੇ ਰਾਜਧਾਨੀ ਚੰਡੀਗੜ੍ਹ ਉੱਪਰ ਪੂਰਨ ਹੱਕ) ਭਾਰਤ ਵਿਚਲੀਆਂ ਬਾਕੀ ਕੌਮਾਂ ਦੇ ਮਸਲੇ ਨਾਲ਼ੋਂ ਟੁੱਟੇ ਨਹੀਂ ਹੋਏ ਸਗੋਂ ਲੱਗਭੱਗ ਸਭ ਕੌਮਾਂ ਹੀ ਵੱਧ ਜਾਂ ਘੱਟ ਰੂਪ ਵਿੱਚ ਭਾਰਤ ਦੀ ਰਾਜ ਸੱਤ੍ਹਾ ਵੱਲੋਂ ਨਪੀੜੀਆਂ ਗਈਆਂ ਹਨ। ਅਜਿਹੀ ਸਾਂਝ ਉਸਾਰਨ ਲਈ ਵੀ ਯਤਨਸ਼ੀਲ ਹੋਣ ਦੀ ਲੋੜ ਹੈ। ਕੌਮਾਂ ਦੇ ਸਬੰਧ ਵਿੱਚ ਇਹ ਉਹ ਮੰਗਾਂ ਹਨ ਜੋ ਭਾਰਤ ਦੀ ਰਾਜ ਸੱਤ੍ਹਾ ਖਿਲਾਫ ਸਭ ਕੌਮਾਂ ਦੀਆਂ ਸਾਂਝੀਆਂ ਮੰਗਾਂ ਬਣਦੀਆਂ ਹਨ।



# ਮੋਦੀ ਰਾਜ : ਮਨੁੱਖਤਾ ਖਿਲਾਫ਼ ਕਹਿਰ ਦੀ ਦਾਸਤਾਨ

-ਹਰਤੋਸ਼ ਸਿੰਘ ਬੱਲ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

*(ਬੇਬਾਕੀ ਅਤੇ ਤੱਥਾਂ ਨਾਲ ਸਮਾਜ, ਰਾਜਨੀਤੀ ਅਤੇ ਆਧੁਨਿਕ ਸਮਿਆਂ ਦੇ ਸੰਕਟਾਂ ਨੂੰ ਪ੍ਰਤੀਬੱਧਤਾ ਨਾਲ ਪੇਸ਼ ਕਰਨ ਵਾਲੇ ਹਰਤੋਸ਼ ਸਿੰਘ ਬੱਲ ਕਾਰਵਾਂ ਦੇ ਕਾਰਜਕਾਰੀ ਸੰਪਾਦਕ ਹਨ, ਵਾਟਰਸ ਕਲੋਜ਼ ਓਵਰ ਅਸ: ਏ ਜਰਨੀ ਅਲੌਂਗ ਦੀ ਨਰਮਦਾ ਨਾਂ ਦੀ ਚਰਚਿਤ ਕਿਤਾਬ ਦੇ ਲੇਖਕ ਵੀ ਹਨ।)*





*ਜਿਸ ਕਿਸਮ ਨਾਲ ਪਿਛਾਖੜੀ ਵਿਚਾਰ ਜਮਹੂਰੀਅਤ ਨੂੰ ਖਾ ਰਹੇ ਹਨ, ਜਦੋਂ ਦੁਨੀਆ ਭਰ ਵਿਚ ਗਿਆਨ ਅਤੇ ਵਿਗਿਆਨ ਲੋਕ ਜੀਵਨ ਦਾ ਹਿਸਾ ਬਣਿਆ ਹੋਇਆ ਹੈ। ਪੁਰਾਤਨ ਸਮਿਆਂ ਨੂੰ ਆਧੁਨਿਕ ਦੌਰ ਵਿਚ ਜਿਸ ਢੰਗ ਨਾਲ ਦੇਸ਼ ਦੀ ਹਕੂਮਤ ਪੇਸ਼ ਕਰ ਰਹੀ ਹੈ ਸਮੁੱਚਾ ਸਮਾਜ ਇਕ ਸੰਕਟਗ੍ਰਸਤ ਗੰਭੀਰ ਦੌਰ ਵਿਚ ਪ੍ਰਵੇਸ਼ ਕੀਤਾ ਹੈ। ਵੱਖ ਵੱਖ ਕਿਸਮ ਦੀ ਇਤਿਹਾਸਕ ਤੋੜ ਭੰਨ ਪੱਕੇ ਤੌਰ 'ਤੇ ਸਮਾਜ ਨੂੰ ਵੰਡੀਆਂ ਵਿਚ ਸੁੱਟ ਰਹੀ ਹੈ। ਹਰੇਕ ਖੇਤਰ ਚਾਹੇ ਉਹ ਕਲਾ ਦਾ ਹੋਵੇ, ਚਾਹੇ ਸਾਹਿਤ ਦਾ ਹੋਵੇ, ਚਾਹੇ ਸਭਿਆਚਾਰ ਦਾ ਹੋਵੇ, ਚਾਹੇ ਵਿਚਾਰਾਂ ਦਾ ਹੋਵੇ, ਚਾਹੇ ਆਧੁਨਿਕ ਗਿਆਨ ਅਤੇ ਵਿਗਿਆਨ ਦਾ ਖੇਤਰ ਹੋਵੇ, ਕੁੱਲ ਮਿਲਾ ਕੇ ਬੁਰੀ ਤਰ੍ਹਾਂ ਸੰਕਟਗ੍ਰਸਤ ਹੋ ਚੁੱਕਿਆ ਹੈ। ਇਸ ਪਿਛਾਖੜੀ ਪ੍ਰਵਿਰਤੀ ਦੇ ਭਿਆਨਕ ਨਤੀਜੇ ਇਕ ਵੱਡੀ ਸਭਿਅਤਾ ਨੂੰ ਤਬਾਹੀ ਦੇ ਕਾਂਗਾਰ 'ਤੇ ਪਹੁੰਚਾ ਰਹੇ ਹਨ। ਕਈ ਕਿਸਮ ਦੀਆਂ ਨਵੀਆਂ ਥਿਉਰੀਆਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਕਿਸੇ ਵੀ ਕਿਸਮ ਨਾਲ ਆਧੁਨਿਕ ਮਨੁੱਖ ਦੇ ਭਵਿੱਖ ਦੇ ਸਰੋਕਾਰਾਂ ਨਾਲ ਨਹੀਂ ਜੁੜਿਆ ਹੈ। ਇਨ੍ਹਾਂ ਥਿਉਰੀਆਂ ਵਿਚ ਪਿਛਾਖੜੀ ਵਿਚਾਰਾਂ ਨੂੰ ਪੁੱਠ ਦੇ ਕੇ ਦੇਸ਼ ਦੇ ਸਮੁੱਚੇ ਤੰਤਰ ਵਿਚ ਫੈਲਾਇਆ ਜਾ ਰਿਹਾ ਹੈ ਜਿਹੜਾ ਸਮੁੱਚੀ ਸਭਿਅਤਾ ਨੂੰ ਅੰਦਰੋਂ ਪਲੀਤ ਕਰ ਰਿਹਾ ਹੈ। ਇਸ ਦੀਆਂ ਵੱਖ ਵੱਖ ਤੈਆਂ ਨੂੰ ਸਮਝਣਾ ਜ਼ਰੂਰੀ ਹੈ। ਉਸ ਦੀ ਪੂਰਤੀ ਹਿੱਤ ਇਹ ਲਿਖਤ ਦੇ ਰਹੇ ਹਾਂ। – ਸੰਪਾਦਕ*

ਲੱਗਭੱਗ ਤਿੰਨ ਚਾਰ ਹਜ਼ਾਰ ਸਾਲ ਪਹਿਲਾਂ ਯੂਰੇਸ਼ੀਅਨ ਸਟੈਪੀ ਤੋਂ ਲੋਕਾਂ ਦੇ ਇੱਥੇ ਆਉਣ ਤੋਂ ਬਾਅਦ ਦੇ ਹਜ਼ਾਰਾਂ ਸਾਲਾਂ 'ਚ ਭਾਰਤੀ ਆਬਾਦੀ ਇਕ ਜਬਰਦਸਤ ਮੰਥਨ ਵਿੱਚੋਂ ਲੰਘੀ ਹੈ। ਅੱਜ ਲੱਗਭੱਗ ਹਰ ਭਾਰਤੀ ਵਿਚ ਸਟੈਪੀ ਅਤੇ ਮੌਜੂਦਾ ਸਿੰਧ ਘਾਟੀ ਦੀ ਆਬਾਦੀ ਦੇ ਜੀਨਾਂ ਦੇ ਵੱਖ-ਵੱਖ ਅਨੁਪਾਤ ਦਾ ਮਿਸ਼ਰਣ ਹੈ। ਤੇ ਫਿਰ ਹਜ਼ਾਰਾਂ ਸਾਲਾਂ ਦੇ ਮਿਸ਼ਰਣ ਤੋਂ ਬਾਅਦ, ਉਹ ਮੰਥਨ ਜਿਸ ਨੇ ਸਾਨੂੰ ਪੈਦਾ ਕੀਤਾ, ਉਹ ਰੁਕ ਗਿਆ।

ਅਨੁਵੰਸ਼ਿਕੀਵਾਦੀ ਡੇਵਿਡ ਰਾਈਕ ਦੇ ਅਨੁਸਾਰ, ਭਾਰਤ ਦੀ ਆਬਾਦੀ ਬਹੁਤ ਵੱਡੀ ਤਾਂ ਹੈ ਪਰ ਕੁਲ-ਮਿਲਾ ਕੇ ਇਹ ਛੋਟੇ-ਛੋਟੇ ਸਮੂਹਾਂ ਦਾ ਇਕ ਵੱਡਾ ਗੁੱਛਾ ਹੈ। ਰਾਈਕ ਇਕ ਲੇਖ ਵਿਚ ਲਿਖਦਾ ਹੈ, "ਇੱਕੋ ਪਿੰਡ ਵਿਚ ਇਕੱਠੇ ਰਹਿਣ ਵਾਲੇ ਭਾਰਤੀ ਜਾਤੀ ਸਮੂਹਾਂ ਦਰਮਿਆਨ ਅਨੁਵੰਸ਼ਿਕ (ਜੈਨੇਟਿਕ) ਫ਼ਰਕ ਦਾ ਪੱਧਰ ਆਮ ਤੌਰ 'ਤੇ ਉੱਤਰੀ ਅਤੇ ਦੱਖਣੀ ਯੂਰਪੀ ਲੋਕਾਂ ਦਰਮਿਆਨ ਜੈਨੇਟਿਕ ਫ਼ਰਕ ਨਾਲੋਂ ਦੋ ਤੋਂ ਤਿੰਨ ਗੁਣਾ ਜ਼ਿਆਦਾ ਹੈ। ਭਾਰਤ ਵਿਚ ਸ਼ਾਇਦ ਹੀ ਕੋਈ ਅਜਿਹਾ ਸਮੂਹ ਹੋਵੇ ਜੋ ਜਨਸੰਖਿਆ ਦੇ (ਡੈਮੋਗ੍ਰਾਫਿਕ) ਲਿਹਾਜ ਨਾਲ ਬਹੁਗਿਣਤੀ ਕਿਹਾ ਜਾ ਸਕਦਾ ਹੈ।" ਉਹ ਲਿਖਦਾ ਹੈ ਕਿ ਇਸਦੇ ਉਲਟ "ਚੀਨ ਦੇ ਹਾਨ ਅਸਲ ਵਿਚ ਇਕ ਵੱਡੀ ਆਬਾਦੀ ਹਨ ਜੋ ਹਜ਼ਾਰਾਂ ਸਾਲਾਂ ਤੋਂ ਵਿਆਪਕ ਤੌਰ 'ਤੇ ਮਿਕਸ ਹੋ ਰਹੇ ਹਨ।

ਇਕ ਦੂਜੇ ਤੋਂ ਵੱਖਰੇ ਇਨ੍ਹਾਂ ਸਹਿ-ਨਸਲੀ ਸਮੂਹਾਂ ਨੂੰ ਜਿਨ੍ਹਾਂ ਨੂੰ ਅੱਜ ਅਸੀਂ ਜਾਤਾਂ ਕਹਿੰਦੇ ਹਾਂ, ਉਨ੍ਹਾਂ ਨੂੰ ਵਰਣ ਅਨੁਸਾਰ ਸ਼੍ਰੇਣੀਬੱਧ ਕੀਤਾ ਗਿਆ ਹੈ। ਜਾਤੀਆਂ ਦੀ ਇਸ ਦਰਜਾਬੰਦੀ ਦੀ ਸ਼ੁਰੂਆਤ ਕਿਤੇ ਨਾ ਕਿਤੇ ਉਦੋਂ ਹੋਈ ਹੋਵੇਗੀ ਜਦੋਂ ਆਪਸ 'ਚ ਮਿਕਸ ਹੋਣ ਦਾ ਦੌਰ ਖ਼ਤਮ ਹੋ ਗਿਆ ਸੀ ਜਾਂ ਉਸ ਤੋਂ ਤੁਰੰਤ ਬਾਅਦ। ਰਾਈਕ ਦਾ ਕਹਿਣਾ ਹੈ, "ਜਾਤੀ ਪ੍ਰਣਾਲੀ ਵਿਚ ਘੱਟੋ-ਘੱਟ 4600, ਅਤੇ ਕੁਝ ਦੇ ਅਨੁਸਾਰ ਤਾਂ 40,000 ਦੇ ਕਰੀਬ ਸਹਿ-ਜਾਤੀ ਸਮੂਹ ਸ਼ਾਮਲ ਹਨ। ਵਰਣ ਪ੍ਰਣਾਲੀ ਵਿਚ ਹਰੇਕ ਦਾ ਇਕ ਖ਼ਾਸ ਦਰਜਾ ਹੈ ਪਰ ਮਜ਼ਬੂਤ ਤੇ ਪੇਚੀਦਾ ਸਹਿਗੋਤਰੀ ਨਿਯਮ ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਘੁਲਣ-ਮਿਲਣ ਤੋਂ ਰੋਕਦੇ ਹਨ, ਭਾਵੇਂ ਉਹ ਇਕ ਹੀ ਵਰਣ ਪੱਧਰ ਦੇ ਹੋਣ।"

ਅੱਜ ਇਹ ਪਤਾ ਲਗਾਉਣਾ ਮੁਸ਼ਕਲ ਹੈ ਕਿ ਦਰਜਾਬੰਦੀ 'ਚ ਅਪਮਾਨਜਨਕ ਦਰਜਿਆਂ 'ਤੇ ਪਹੁੰਚਾਏ ਗਏ ਲੋਕਾਂ ਨੇ ਇਸ ਸਥਿਤੀ ਨੂੰ ਕਿਵੇਂ ਸਵੀਕਾਰ ਕਰ ਲਿਆ। ਕੋਈ ਵੀ ਸਮੂਹ ਅਜਿਹੀ ਸਥਿਤੀ ਨੂੰ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰਨ ਵਾਲਾ ਤਾਂ ਨਹੀਂ ਸੀ। ਸੰਭਵ ਤੌਰ 'ਤੇ ਇਸ ਲਈ ਧਾਰਮਿਕ ਵਾਜਬੀਅਤ ਅਤੇ ਤਾਕਤ ਦੀ ਵਰਤੋਂ ਦੀ ਜ਼ਰੂਰਤ ਪਈ ਹੋਵੇਗੀ ਤਾਂ ਜੋ ਅਜਿਹੇ ਭਾਈਚਾਰੇ ਇਸ ਸਥਿਤੀ ਨੂੰ ਚੁਣੌਤੀ ਨਾ ਦੇ ਸਕਣ। ਹਾਲਾਂਕਿ ਉਪਰੋਕਤ ਦਾਅਵਾ ਕਾਲਪਨਿਕ ਜਾਂ ਅਨੁਮਾਨਤ ਹੈ ਅਤੇ ਇਸ ਦੀ ਪੁਸ਼ਟੀ ਕਰਨਾ ਜਾਂ ਇਸ ਦੇ ਹੱਕ ਵਿਚ ਸਬੂਤ ਜੁਟਾਉਣਾ ਮੁਸ਼ਕਲ ਹੈ, ਪਰ ਹੁਣ ਸਾਡੇ ਸਾਹਮਣੇ ਉਹੋ ਜਿਹਾ ਕੁਝ ਹੀ ਹੋ ਰਿਹਾ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧੀਨ ਭਾਰਤ ਦੇ ਮੁਸਲਮਾਨਾਂ ਦੀ ਸਥਿਤੀ/ਦਰਜੇ ਵਿਚ ਗਿਰਾਵਟ ਅਤੇ ਉਨ੍ਹਾਂ ਦਾ ਹਾਸ਼ੀਏ 'ਤੇ ਧੱਕੇ ਜਾਣਾ।

ਵੱਖਰੇ ਪੈਮਾਨੇ 'ਤੇ, ਇਸ ਵਿਚ ਲੱਗਭੱਗ ਉਹ ਸਾਰੇ ਕਾਰਕ ਮੌਜੂਦ ਹਨ ਜੋ ਆਬਾਦੀ ਨੂੰ ਉਨ੍ਹਾਂ ਜਾਤੀਆਂ ਤੋਂ ਹੇਠਾਂ ਰੱਖਦੇ ਹਨ ਜੋ ਆਪਣੇ ਆਪ ਨੂੰ ਉੱਚ ਜਾਤੀਆਂ ਕਹਿੰਦੇ ਹਨ। ਇਨ੍ਹਾਂ ਵਿਚ ਅੰਤਰ-ਵਿਆਹ 'ਤੇ ਪਾਬੰਦੀ, ਆਬਾਦੀ ਨੂੰ ਭੀੜੀਆਂ ਬਸਤੀਆਂ 'ਚ ਧੱਕਣਾ, ਭੋਜਨ ਨੂੰ ਖ਼ਾਸ ਭਾਈਚਾਰਿਆਂ ਨਾਲ ਜੋੜਨਾ ਅਤੇ ਸਮਾਜਿਕ ਸੱਤਾ ਸੰਰਚਨਾ ਵਿਚ ਭਾਗੀਦਾਰੀ ਤੋਂ ਵਾਂਝੇ ਕਰਨਾ ਸ਼ਾਮਿਲ ਹੈ।

ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੱਤਾ ਵਿਚ ਆਉਣ ਨਾਲ ਇਹ ਅਮਲ ਕਿਵੇਂ ਤੇਜ਼ ਹੋਇਆ, ਇਸ ਦੀਆਂ ਬੇਸ਼ੁਮਾਰ ਮਿਸਾਲਾਂ ਹਨ। ਜਿਵੇਂ ਕਿ ਦ ਕਾਰਵਾਂ ਨੇ ਆਪਣੇ ਅਗਸਤ 2023 ਦੇ ਅੰਕ ਵਿਚ ਰਿਪੋਰਟ ਛਾਪੀ ਸੀ, ਉੱਤਰਾਖੰਡ ਵਿਚ ਇਹ ਤਾਕਤਾਂ ਮੁਸਲਮਾਨਾਂ ਦੇ ਨਸਲੀ ਸਫ਼ਾਏ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿਉਂਕਿ ਉਨ੍ਹਾਂ ਨੇ ਇਸ ਨੂੰ ਦੇਵਭੂਮੀ ਜਾਂ ਹਿੰਦੂਆਂ ਦੀ ਪਵਿੱਤਰ ਧਰਤੀ ਵਜੋਂ ਪਰਿਭਾਸ਼ਿਤ ਕਰ ਦਿੱਤਾ ਹੈ। ਜੁਲਾਈ ਮਹੀਨੇ ਹਰਿਆਣਾ ਦੇ ਨੂਹ ਜ਼ਿਲ੍ਹੇ ਵਿਚ ਸ਼ੁਰੂ ਹੋਈ ਫਿਰਕੂ ਹਿੰਸਾ ਵੀ ਇਸੇ ਯੋਜਨਾ ਦਾ ਹਿੱਸਾ ਹੈ ਜੋ ਕਈ ਦਿਨਾਂ ਤੱਕ ਰਾਜ ਦੇ ਹੋਰ ਹਿੱਸਿਆਂ ਵਿਚ ਵੀ ਫੈਲ ਗਈ।

ਸੰਘ ਪਰਿਵਾਰ ਅਤੇ ਹਿੰਦੂਤਵ ਵਿਚਾਰਧਾਰਾ ਨੂੰ ਮੰਨਣ ਵਾਲੀਆਂ ਕਈ ਕੱਟੜ ਅੱਤਵਾਦੀ ਜਥੇਬੰਦੀਆਂ ਇਨ੍ਹਾਂ ਹੋ ਰਹੇ ਜੁਰਮਾਂ 'ਚ ਸ਼ਾਮਿਲ ਹਨ। ਅਜਿਹੀਆਂ ਜਥੇਬੰਦੀਆਂ ਦੇ ਮੈਂਬਰਾਂ ਦੀ ਹਿੰਸਾ ਦੁਆਰਾ ਅਤੇ 2014 ਤੋਂ ਭਾਜਪਾ ਸਰਕਾਰਾਂ ਦੁਆਰਾ ਪਾਸ ਕੀਤੇ ਗਏ ਕਈ ਕਾਨੂੰਨਾਂ ਰਾਹੀਂ ਇਨ੍ਹਾਂ ਜੁਰਮਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਇਹ ਉਹ ਜੁਰਮ ਹਨ ਜੋ ਸਪਸ਼ਟ ਤੌਰ 'ਤੇ 1998 ਦੀ ਰੋਮ ਕਨਵੈਨਸ਼ਨ, ਜਿਸ ਨੇ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੀ ਨੀਂਹ ਰੱਖੀ ਸੀ, ਦੇ ਤਹਿਤ ਮਨੁੱਖਤਾ ਵਿਰੁੱਧ ਜੁਰਮਾਂ ਦੇ ਘੇਰੇ 'ਚ ਆਉਂਦੇ ਹਨ।

ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕਣ ਦਾ ਕੰਮ ਪੜਾਅਵਾਰ ਕੀਤਾ ਗਿਆ ਹੈ। ਇੱਥੇ ਮੈਂ ਇਨ੍ਹਾਂ ਵਿੱਚੋਂ ਹਰੇਕ ਪੜਾਅ ਬਾਰੇ ਆਪਣੀ ਗੱਲ ਰੱਖਾਂਗਾ। ਮੈਂ ਹਿੰਦੂਤਵ ਦੇ ਉਸ ਕਦਮ ਤੋਂ ਆਪਣੀ ਗੱਲ ਸ਼ੁਰੂ ਕਰਾਂਗਾ ਜਿਸ ਨੂੰ ਇਹ ਜਾਤਾਂ ਦੇ ਘੁਲਣ-ਮਿਲਣ ਨੂੰ ਰੋਕਣਾ ਕਹਿੰਦੇ ਹਨ। ਹਿੰਦੂ ਧਰਮ-ਗ੍ਰੰਥ ਜਾਤੀਆਂ ਦੇ ਆਪਸੀ ਮਿਸ਼ਰਨ ਨਾਲ ਭਰੇ ਪਏ ਹਨ। ਭਗਵਦ ਗੀਤਾ ਵਿਚ ਅਰਜੁਨ ਕ੍ਰਿਸ਼ਨ ਨੂੰ ਕਹਿੰਦੇ ਹਨ: 'ਅਧਰਮ ਦੇ ਵਧਣ ਨਾਲ ਔਰਤਾਂ ਪਲੀਤ ਹੋ ਜਾਂਦੀਆਂ ਹਨ। ਔਰਤਾਂ ਦੇ ਪਲੀਤ ਹੋਣ ਨਾਲ ਮਿਸ਼ਰਤ ਵਰਣ ਪੈਦਾ ਹੁੰਦੇ ਹਨ। ਇਸ ਤਰ੍ਹਾਂ ਇਨ੍ਹਾਂ ਮਿਸ਼ਰਤ ਵਰਣ ਪੈਦਾ ਕਰਨ ਵਾਲੇ ਵਿਕਾਰਾਂ ਦੇ ਕਾਰਨ ਕੁਲ ਦਾ ਨਾਸ਼ ਕਰਨ ਵਾਲਿਆਂ ਦੇ ਜਾਤੀ-ਧਰਮ (ਵਰਣਧਰਮ) ਨਸ਼ਟ ਹੋ ਜਾਂਦੇ ਹਨ।'

ਗੀਤਾ ਅਪਵਾਦ ਨਹੀਂ ਹੈ। ਮਹਾਂਭਾਰਤ ਦੇ ਸੰਖੇਪ ਐਡੀਸ਼ਨ ਦਾ ਤਕਰੀਬਨ ਕੋਈ ਵੀ ਭਾਗ ਪਾਠਕ ਨੂੰ ਉਪਰੋਕਤ ਕਿਸਮ ਦੀਆਂ ਚੇਤਾਵਨੀਆਂ ਦਿੰਦਾ ਹੈ। ਇਨ੍ਹਾਂ ਵਿਚ ਇਕ ਅਜਿਹੇ ਸਮਾਜ ਦੇ ਪਤਨ ਦਾ ਦਾਅਵਾ ਹੈ ਜਿੱਥੇ ਜਾਤਾਂ ਇਕ ਦੂਜੇ ਨਾਲ ਸੰਬੰਧ ਕਾਇਮ ਕਰਦੀਆਂ ਹਨ। ਰਾਜੇ ਦੇ ਫਰਜ਼ਾਂ ਦੀ ਚਰਚਾ ਕਰਦੇ ਸਮੇਂ ਸ਼ਾਂਤੀ ਪਰਵ ਦੀਆਂ ਇਨ੍ਹਾਂ ਚੇਤਾਵਨੀਆਂ 'ਤੇ ਗ਼ੌਰ ਕਰੋ:

'ਰਾਜੇ ਦੀ ਸਰਪ੍ਰਸਤੀ ਤੋਂ ਬਿਨਾਂ, ਹਰ ਤਰ੍ਹਾਂ ਦੀ ਬੇਇਨਸਾਫ਼ੀ ਸ਼ੁਰੂ ਹੋ ਜਾਂਦੀ ਹੈ। ਵਰਣ ਮਿਸ਼ਰਣ ਫੈਲਦਾ ਹੈ ਅਤੇ ਰਾਜ ਅਕਾਲ ਨਾਲ ਤਬਾਹ ਹੋ ਜਾਂਦਾ ਹੈ...

ਜੋ ਵਿਅਕਤੀ ਕਿਸੇ ਪਿੰਡ ਜਾਂ ਘਰ ਨੂੰ ਅੱਗ ਲਗਾਵੇ, ਚੋਰੀ ਕਰੇ ਜਾਂ ਵਿਭਚਾਰ ਦੁਆਰਾ ਜਾਤੀ ਦਾ ਮਿਸ਼ਰਣ ਫੈਲਾਉਣ ਦੀ ਕੋਸ਼ਿਸ਼ ਕਰੇ, ਅਜਿਹੇ ਮੁਜਰਿਮ ਦੀ ਵੱਖ-ਵੱਖ ਤਰੀਕਿਆਂ ਨਾਲ ਹੱਤਿਆ ਕਰ ਦੇਣੀ ਚਾਹੀਦੀ ਹੈ।

ਜਦੋਂ ਰਾਜਾ ਪਾਪਾਂ 'ਤੇ ਕਾਬੂ ਨਹੀਂ ਪਾਉਂਦਾ ਤਾਂ ਜਾਤ ਦਾ ਮਿਸ਼ਰਣ ਫੈਲ ਜਾਂਦਾ ਹੈ ਅਤੇ ਕੁਲੀਨ ਪਰਿਵਾਰਾਂ ਵਿਚ ਵੀ ਪਾਪੀ, ਰਾਕਸ਼, ਅਪਾਹਜ ਜਾਂ ਮੋਟੀ ਜੀਭ ਵਾਲੇ ਬੱਚੇ ਜੰਮਣੇ ਸ਼ੁਰੂ ਹੋ ਜਾਂਦੇ ਹਨ।'

ਸਮੇਂ ਦੇ ਬੀਤਣ ਨਾਲ, ਚੇਤਾਵਨੀਆਂ ਬਹੁਤ ਅਸਰਦਾਰ ਸਾਬਤ ਹੋਈਆਂ। ਰਾਈਕ ਨੇ ਆਂਧਰਾ ਪ੍ਰਦੇਸ ਦੇ ਵੈਸ਼ ਲੋਕਾਂ ਦੀ ਮਿਸਾਲ ਦਿੱਤੀ ਹੈ। ਇਨ੍ਹਾਂ ਨੂੰ ਦੋ ਤੋਂ ਤਿੰਨ ਹਜ਼ਾਰ ਸਾਲ ਪਿੱਛੇ ਤੱਕ ਪੜਤਾਲਿਆ ਜਾ ਸਕਦਾ ਹੈ। ਰਾਈਕ ਲਿਖਦਾ ਹੈ, "ਇਸਦਾ ਮਤਲਬ ਇਹ ਸੀ ਕਿ ਬੰਦਿਸ਼ ਤੋਂ ਬਾਅਦ, ਵੈਸ਼ਾਂ ਦੇ ਪੁਰਖਿਆਂ ਨੇ ਸਖ਼ਤ ਅੰਤਰ-ਵਿਆਹ ਬਣਾਈ ਰੱਖਿਆ ਸੀ, ਜਿਸ ਨਾਲ ਹਜ਼ਾਰਾਂ ਸਾਲਾਂ ਤੱਕ ਲਾਜ਼ਮੀ ਤੌਰ 'ਤੇ ਉਨ੍ਹਾਂ ਦੇ ਸਮੂਹ ਵਿਚ ਕੋਈ ਅਨੁਵੰਸ਼ਿਕ ਮਿਸ਼ਰਣ ਨਹੀਂ ਹੋਇਆ। ਇੱਥੋਂ ਤੱਕ ਕਿ ਇਨ੍ਹਾਂ ਵੈਸ਼ਾਂ ਵਿਚ ਜੇ ਹਰ ਪੀੜ੍ਹੀ ਵਿਚ ਇਕ ਫ਼ੀ ਸਦੀ ਵੀ ਮਿਲਾਵਟ ਹੁੰਦੀ ਤਾਂ ਪਾਬੰਦੀ ਦੀ ਪਾਲਣਾ ਨਾ ਹੋਣ ਦੇ ਸੰਕੇਤ ਮਿਲਦੇ।"

ਇਨ੍ਹਾਂ ਮਹਾਂਕਾਵਾਂ ਅਤੇ ਅੱਜ ਦੇ ਸੰਘ ਪਰਿਵਾਰ ਵਿਚਕਾਰ ਹਜ਼ਾਰਾਂ ਸਾਲਾਂ ਤੋਂ ਵੱਧ ਦਾ ਫ਼ਾਸਲਾ ਹੈ, ਪਰ ਨਜ਼ਰੀਆ ਉਹੀ ਬਣਿਆ ਹੋਇਆ ਹੈ। ਮੋਦੀ ਦੇ ਸੱਤਾ 'ਚ ਆਉਣ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ, "ਆਉਣ ਵਾਲੀ ਪੀੜ੍ਹੀ ਦੀਆਂ ਕੁੜੀਆਂ ਨੂੰ 'ਲਵ ਜੇਹਾਦ' ਦਾ ਮਤਲਬ ਅਤੇ ਇਸ ਦੇ ਜਾਲ ਤੋਂ ਆਪਣੇ ਆਪ ਨੂੰ ਬਚਾਉਣ ਦੇ ਤਰੀਕੇ ਦੱਸੇ ਜਾਣੇ ਚਾਹੀਦੇ ਹਨ।" ਜਿਵੇਂ ਕਿ ਭਾਗਵਤ ਦੇ ਸ਼ਬਦਾਂ ਤੋਂ ਸੰਕੇਤ ਮਿਲਦਾ ਹੈ, ਹਿੰਦੂਤਵੀ ਜਥੇਬੰਦੀਆਂ ਨੇ ਆਪਣੀਆਂ ਮਰਦ-ਪ੍ਰਧਾਨ ਧਾਰਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਆਪ ਨੂੰ ਹਿੰਦੂ ਔਰਤਾਂ ਦੀ ਲਿੰਗਕਤਾ ਦੇ ਰਖਵਾਲੇ ਵਜੋਂ ਤਾਇਨਾਤ ਕਰ ਲਿਆ ਹੈ। ਇਸ ਤੋਂ ਇਲਾਵਾ, "ਲਵ ਜੇਹਾਦ" ਸ਼ਬਦ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ ਕਿ ਔਰਤਾਂ ਨੂੰ ਕਥਿਤ ਤੌਰ 'ਤੇ ਕੌਣ "ਫਸਾਉਂਦਾ" ਹੈ; ਇਸ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨਾਂ ਨਾਲ ਗ਼ਲਤ ਸੰਬੰਧ ਦੀ ਵੱਖਰੇ ਤੌਰ 'ਤੇ ਸ਼ਨਾਖ਼ਤ ਕਰਨ ਦੀ ਜ਼ਰੂਰਤ ਹੈ। ਦੂਜੇ ਪਾਸੇ, ਮੁਸਲਿਮ ਕੱਟੜਵਾਦ ਨੂੰ ਵੀ ਮੁਸਲਿਮ ਔਰਤਾਂ ਦੀ ਲਿੰਗਕਤਾ ਨੂੰ ਕੰਟਰੋਲ ਕਰਨ ਅਤੇ ਉਨ੍ਹਾਂ ਦੀ ਪਸੰਦ ਨੂੰ ਨਿਰਦੇਸ਼ਤ ਕਰਨ ਦੀ ਇਹੀ ਜ਼ਰੂਰਤ ਮਹਿਸੂਸ ਹੁੰਦੀ ਹੈ। ਪਰ ਇਹ ਤੁਲਨਾ ਇਕ ਅਜਿਹੇ ਰਾਜ ਵਿਚ ਬੇਲੋੜੀ ਹੈ ਜੋ ਇਕ ਕੱਟੜਵਾਦ ਨੂੰ ਦੂਜੇ ਨਾਲੋਂ ਜ਼ਿਆਦਾ ਹਮਾਇਤ ਦਿੰਦਾ ਹੈ ਅਤੇ ਇਸੇ ਉਦੇਸ਼ ਨਾਲ ਆਪਣੇ ਸਾਜ਼ੋ-ਸਮਾਨ ਦਾ ਇਸਤੇਮਾਲ ਕਰਦਾ ਹੈ।

ਪੁਰਾਤਨ ਮਹਾਂਕਾਵਾਂ ਦੇ ਰਚੇਤਿਆਂ ਵਾਂਗ, ਆਰ.ਐੱਸ.ਐੱਸ. ਇਹ ਗੱਲ ਜਾਣਦਾ ਹੈ ਕਿ ਹਿੰਦੂ-ਮੁਸਲਿਮ ਜੋੜੇ ਸਿਰਫ਼ ਸਾਡੀ ਨਸਲ ਦੇ ਸਭ ਤੋਂ ਪੁਰਾਣੇ ਆਵੇਗ, ਯਾਨੀ ਕਿ ਇਕ ਦੂਜੇ ਵੱਲ ਆਕਰਸ਼ਿਤ ਹੋ ਰਹੇ ਹਨ। ਇਹ ਇਕ ਅਜਿਹਾ ਆਵੇਗ ਹੈ ਜਿਸ ਉੱਪਰ ਸੌਖਿਆਂ ਬੰਦਸ਼ ਨਹੀਂ ਲਗਾਈ ਜਾ ਸਕਦੀ। ਇਹ ਔਖੇ ਤੋਂ ਔਖੇ ਹਾਲਾਤ ਵਿਚ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ।

ਭਾਵ ਇਸਦੀ ਰੋਕਥਾਮ ਲਈ ਲਗਾਤਾਰ ਹਿੰਸਾ ਦੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਸਿਰਫ਼ ਹਿੰਦੂਤਵ ਰਾਜ ਦੀ ਚੁੱਪ ਅਤੇ ਸਰਗਰਮ ਮਿਲੀਭੁਗਤ ਨਾਲ ਹੀ ਕਾਇਮ ਰੱਖਿਆ ਜਾ ਸਕਦਾ ਹੈ। ਇਹ ਅਜਿਹੇ ਵਿਆਹਾਂ ਉੱਪਰ ਪਾਬੰਦੀਆਂ ਦੀ ਰੋਕਥਾਮ ਦੇ ਕਾਨੂੰਨੀ ਇਤਿਹਾਸ ਤੋਂ ਜ਼ਾਹਿਰ ਹੈ।

ਵਕੀਲ ਚੰਦਰ ਉਦੈ ਸਿੰਘ ਇਕ ਵਿਸ਼ਲੇਸ਼ਣ ਵਿਚ ਕਹਿੰਦੇ ਹਨ ਕਿ 2022 ਦੇ ਅੰਤ ਤੱਕ ਗਿਆਰਾਂ ਭਾਰਤੀ ਰਾਜਾਂ ਵਿਚ ਲਵ ਜੇਹਾਦ ਦੇ ਕਾਨੂੰਨ ਸਨ। ਉਨ੍ਹਾਂ ਕਿਹਾ, "ਪਰ ਗਿਣਤੀ ਕਰਨੀ ਔਖੀ ਹੁੰਦੀ ਜਾ ਰਹੀ ਹੈ।"

ਕੁਝ, ਜਿਵੇਂ ਕਿ 2019 ਵਿਚ ਹਿਮਾਚਲ ਅਤੇ 2021 ਵਿਚ ਗੁਜਰਾਤ ਅਤੇ ਮੱਧ ਪ੍ਰਦੇਸ਼ ਨੇ ਆਪਣੇ ਪੁਰਾਣੇ 'ਧਰਮ ਦੀ ਆਜ਼ਾਦੀ' ਕਾਨੂੰਨਾਂ ਦੇ ਲਈ ਨਵੇਂ ਸਖ਼ਤ ਕਾਨੂੰਨ ਬਣਾਏ ਹਨ, ਜਿਨ੍ਹਾਂ ਦਾ ਮਨੋਰਥ ਹਿੰਦੂ ਔਰਤਾਂ ਨੂੰ ਧਰਮ ਤੋਂ ਬਾਹਰ ਵਿਆਹ ਕਰਨ ਤੋਂ ਰੋਕਣਾ ਹੈ।

ਉੜੀਸਾ (1967), ਛੱਤੀਸਗੜ੍ਹ (1968), ਅਰੁਣਾਚਲ ਪ੍ਰਦੇਸ਼ (1978) ਅਤੇ ਝਾਰਖੰਡ (2017) ਵਿਚ ਧਰਮ-ਬਦਲੀ ਨੂੰ ਰੋਕਣ ਲਈ ਕਾਨੂੰਨ ਹਨ, ਪਰ ਇਹ ਕਾਨੂੰਨ ਵਿਆਹ ਵਰਗੇ ਨਿੱਜੀ ਖੇਤਰ ਵਿਚ ਨਹੀਂ ਘੁਸਦੇ ਹਨ। ਪਰ ਨਵੇਂ ਕਾਨੂੰਨਾਂ, ਜਿਵੇਂ ਕਿ ਉੱਤਰਾਖੰਡ (2018), ਉੱਤਰ ਪ੍ਰਦੇਸ਼ (2020), ਕਰਨਾਟਕ (2021) ਅਤੇ ਹਰਿਆਣਾ (2022) ਨੇ "ਲਵ ਜੇਹਾਦ ਦੇ ਵਧ ਰਹੇ ਰੁਝਾਨ" ਦੇ ਵਿਰੁੱਧ ਲੜਨ ਦੇ ਐਲਾਨੀਆ ਉਦੇਸ਼ ਨਾਲ ਨਿਧੜਕ ਕਾਨੂੰਨ ਬਣਾਏ ਹਨ।

ਤਰੀਕਾਂ ਦਰਸਾਉਂਦੀਆਂ ਹਨ ਕਿ ਕਿਵੇਂ ਧਰਮ-ਬਦਲੀ ਵਿਰੁੱਧ ਮੌਜੂਦਾ ਤੁਅੱਸਬ, ਜੋ ਕਿ 2014 ਤੋਂ ਪਹਿਲੇ ਕਾਨੂੰਨ ਵਿਚ ਜ਼ਾਹਿਰ ਸੀ, ਨੂੰ ਹੁਣ ਇਕ ਵੱਖਰੇ ਹੀ ਦਰਜੇ 'ਤੇ ਪਹੁੰਚਾਇਆ ਗਿਆ ਹੈ।

ਲਵ ਜੇਹਾਦ ਕਾਨੂੰਨਾਂ ਦੇ ਹਮਾਇਤੀ ਅਕਸਰ ਇਸ ਤਰ੍ਹਾਂ ਦੀਆਂ ਦਲੀਲਾਂ ਦਿੰਦੇ ਹਨ। ਮਿਸਾਲ ਲਈ, ਉਤਰਾਖੰਡ ਵਿਚ ਅਜਿਹੇ ਇਕ ਬਿੱਲ ਦੇ ਨਾਲ ਜੁੜੇ ਉਦੇਸ਼ਾਂ ਅਤੇ ਕਾਰਨਾਂ ਦੇ ਬਿਆਨ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਅਜਿਹੇ "ਕਈ ਤਰ੍ਹਾਂ

ਦੇ ਕੇਸ" ਹਨ ਜਿਨ੍ਹਾਂ ਵਿਚ "ਲੋਕ ਆਪਣੇ ਧਰਮ ਨੂੰ ਲੁਕਾ ਕੇ ਲੜਕੀਆਂ ਨਾਲ ਵਿਆਹ ਕਰ ਰਹੇ ਹਨ ਅਤੇ ਵਿਆਹ ਤੋਂ ਬਾਅਦ ਲੜਕੀਆਂ ਦਾ ਧਰਮ-ਬਦਲ ਕੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਰਲਾ ਰਹੇ ਹਨ।" ਇਨ੍ਹਾਂ ਮਿਸਾਲਾਂ ਦੇ ਆਧਾਰ 'ਤੇ, ਸਿੰਘ ਲਿਖਦੇ ਹਨ, "ਉਤਰਾਖੰਡ ਵਿਧਾਨ ਸਭਾ ਨੇ ਇਕ ਕਾਨੂੰਨ ਬਣਾਇਆ ਹੈ ਜੋ ਨਾ ਸਿਰਫ਼ ਪਿਆਰ ਨੂੰ ਜੁਰਮ ਮੰਨਦਾ ਹੈ ਸਗੋਂ ਅੰਤਰ-ਧਰਮ ਵਿਆਹਾਂ ਨੂੰ ਵੀ ਰੱਦ ਕਰਦਾ ਹੈ, ਵਿਆਹ ਤੋਂ ਪਹਿਲਾਂ ਜਾਂ ਬਾਅਦ ਵਿਚ ਧਰਮ ਪਰਿਵਰਤਨ ਦੀ ਸੂਰਤ 'ਚ।" ਇਹ ਕੋਈ ਰਹੱਸ ਨਹੀਂ ਹੈ ਕਿ ਇਹ ਕਾਨੂੰਨ ਕਿਸ ਨੂੰ ਨਿਸ਼ਾਨਾ ਬਣਾਉਂਦੇ ਹਨ। ਦੀ ਗਾਰਡੀਅਨ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਸਤ 2021 ਤੱਕ ਉੱਤਰ ਪ੍ਰਦੇਸ਼ ਵਿਚ ਲਵ ਜੇਹਾਦ ਕਾਨੂੰਨ ਦੇ ਤਹਿਤ 208 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸਾਰੇ ਦੇ ਸਾਰੇ 208 ਮੁਸਲਮਾਨ ਸਨ।

ਜਿਉਂ-ਜਿਉਂ ਇਹ ਗ੍ਰਿਫ਼ਤਾਰੀਆਂ ਹੋਈ ਜਾ ਰਹੀਆਂ ਹਨ, ਅਜਿਹੇ ਮਾਮਲਿਆਂ ਵਿਚ ਹਿੰਸਾ ਦੀਆਂ ਘਟਨਾਵਾਂ ਵਧ ਰਹੀਆਂ ਹਨ। ਰਾਜ ਦੀ ਮਿਲੀਭੁਗਤ ਅਤੇ ਯੋਜਨਾ ਆਮ ਗੱਲ ਹੋ ਜਾਂਦੀ ਹੈ। ਕਹਾਣੀਆਂ ਅਖ਼ਬਾਰਾਂ ਦੇ ਅੰਦਰਲੇ ਪੰਨਿਆਂ ਵਿਚ ਚਲੀਆਂ ਜਾਂਦੀਆਂ ਹਨ।

ਖਾਣ-ਪੀਣ ਸੰਬੰਧੀ ਬੰਦਿਸ਼ਾਂ ਦੇ ਮਾਮਲੇ 'ਚ ਵੀ ਇਹੀ ਕਹਾਣੀ ਹੈ। ਮਰਹੂਮ ਇਤਿਹਾਸਕਾਰ ਡੀਐਨ ਝਾਅ ਨੇ ਵੇਦਾਂ ਦਾ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ ਦੱਸਿਆ ਹੈ ਕਿ ਗਊ-ਮਾਸ ਪੁਜਾਰੀ ਵਰਗ ਦਾ ਮਨਪਸੰਦ ਭੋਜਨ ਸੀ। ਪਰ ਇਹ ਗ੍ਰੰਥ ਮਹਾਨ ਬੰਦਿਸ਼ ਤੋਂ ਪਹਿਲਾਂ ਦੇ ਹਨ। ਹਜ਼ਾਰਾਂ ਸਾਲਾਂ ਦੇ ਮਿਸ਼ਰਣ 'ਚ, ਜਦੋਂ ਵੈਦਿਕ ਲੋਕ ਅਤੇ ਸਿੰਧ ਘਾਟੀ ਦੇ ਵਾਸੀ ਦੋਵੇਂ ਪਸ਼ੂਆਂ ਦਾ ਮਾਸ ਖਾਂਦੇ ਸਨ, ਤਦ ਪੁਜਾਰੀ ਵਰਗ ਨੂੰ ਸ਼੍ਰਮਣ "ਅਧਰਮੀਆਂ" (ਯਾਨੀ ਗੈਰਬ੍ਰਾਹਮਣ ਪਰੰਪਰਾ ਜੋ ਕਿਰਤ ਦੁਆਰਾ ਮੋਕਸ਼ ਪ੍ਰਾਪਤੀ ਦੇ ਮਾਰਗ ਨੂੰ ਮੰਨਦੀ ਹੈ ਅਤੇ ਜਿਸ ਦੇ ਲਈ ਮਨੁੱਖ ਦੀ ਜ਼ਿੰਦਗੀ ਵਿਚ ਈਸ਼ਵਰ ਦੀ ਨਹੀਂ ਕਿਰਤ ਦੀ ਆਵਸ਼ੱਕਤਾ ਹੈ।) ਦੇ ਵਿਚਾਰਾਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਬ੍ਰਾਹਮਣਾਂ ਦੇ ਉਲਟ, "ਅਧਰਮੀਆਂ" ਦਾ ਮੰਨਣਾ ਸੀ ਕਿ ਗਿਆਨ ਦੀ ਖੋਜ ਲੋਕਾਂ ਦੇ ਕਿਸੇ ਇਕ ਸਮੂਹ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ। ਅਤੇ ਆਮ ਤੌਰ 'ਤੇ ਉਨ੍ਹਾਂ ਦੇ ਦਰਵਾਜ਼ੇ ਸਾਰੇ ਇੱਛਕ ਲੋਕਾਂ ਲਈ ਖੁੱਲ੍ਹੇ ਸਨ। ਇਹ ਵਿਚਾਰ ਬੁੱਧ ਧਰਮ ਤੋਂ ਲੈ ਕੇ ਜੈਨ ਧਰਮ ਤੱਕ ਵੱਖ-ਵੱਖ ਸੰਪਰਦਾਵਾਂ ਵਿਚ ਪ੍ਰਗਟ ਹੋਏ।

ਸਭ ਤੋਂ ਵੱਡੀ ਕਾਮਯਾਬੀ ਬੋਧੀਆਂ ਨੂੰ ਮਿਲੀ। ਬੀ.ਆਰ. ਅੰਬੇਡਕਰ ਆਪਣੀ ਰਚਨਾ "ਦੀ ਅਨਟੱਚੇਬਲ" ਵਿਚ ਲਿਖਦੇ ਹਨ, "ਬੁੱਧ ਧਰਮ ਦੇ ਫੈਲਣ ਕਾਰਨ ਸ਼ਾਹੀ ਦਰਬਾਰ ਅਤੇ ਲੋਕਾਂ ਵਿਚ ਬ੍ਰਾਹਮਣਾਂ ਦੀ ਸਾਰੀ ਸ਼ਕਤੀ ਅਤੇ ਮਾਣ-ਤਾਣ ਖੁੱਸ ਗਿਆ।" ਬ੍ਰਾਹਮਣਵਾਦ ਨੇ ਆਖ਼ਿਰਕਾਰ ਜੀਵ-ਹੱਤਿਆ ਨਾ ਕਰਨ ਜਾਂ ਮਾਸ ਖਾਣ ਉੱਪਰ ਪਾਬੰਦੀ ਬੁੱਧ ਧਰਮ ਦੇ ਬਹੁਤ ਸਾਰੇ ਮੂਲ ਵਿਚਾਰਾਂ ਨੂੰ ਅਪਣਾ ਕੇ ਇਸ ਚੁਣੌਤੀ ਨਾਲ ਨਜਿੱਠਿਆ। ਬ੍ਰਾਹਮਣਵਾਦੀ ਵਿਵਸਥਾ ਮਾਸ ਨੂੰ ਤਿਆਗ ਕੇ, ਜੋ ਕਦੇ ਉਨ੍ਹਾਂ ਦੀ ਸ਼ਕਤੀ ਦਾ ਇਨਾਮ ਸੀ, ਪੁਰੋਹਿਤੀ ਸਰਵਉੱਚਤਾ ਦਾ ਦਾਅਵਾ ਕਰਨ ਦੀ ਦੂਜੀ ਇੰਤਹਾ 'ਤੇ ਪਹੁੰਚ ਗਈ। ਉਨ੍ਹਾਂ ਦਾ ਸਭ ਤੋਂ ਵਧੀਆ ਮਾਸ ਸਭ ਤੋਂ ਵਰਜਿਤ ਹੋ ਗਿਆ।" ਅੰਬੇਡਕਰ ਕਹਿੰਦੇ ਹਨ, "ਸ਼ਾਕਾਹਾਰੀ ਬਣੇ ਤੋਂ ਬਿਨਾਂ, ਬ੍ਰਾਹਮਣ ਆਪਣੇ ਵਿਰੋਧੀਆਂ ਤੋਂ ਖੁੱਸ ਚੁੱਕੀ ਜ਼ਮੀਨ ਮੁੜ ਪ੍ਰਾਪਤ ਨਹੀਂ ਸੀ ਕਰ ਸਕਦੇ।"

ਇਸ ਉਲਟ-ਫੇਰ ਨੇ ਉਨ੍ਹਾਂ ਲੋਕਾਂ ਨੂੰ, ਜੋ ਮਰੇ ਹੋਏ ਜਾਨਵਰਾਂ ਦਾ ਮਾਸ ਖਾਂਦੇ ਸਨ ਜੋ ਪ੍ਰੋਟੀਨ ਦਾ ਸਭ ਤੋਂ ਸਸਤਾ ਸਰੋਤ ਹੈ, ਦਰਜਾਬੰਦੀ ਦੇ ਅੰਦਰ ਅਤੇ ਜ਼ਿਆਦਾ ਬਦਨਾਮੀ ਦੀ ਹਾਲਤ 'ਚ ਸੁੱਟ ਦਿੱਤਾ। ਅੰਬੇਡਕਰ ਨੇ ਲਿਖਿਆ ਕਿ ਮੁੱਖ ਭਾਈਚਾਰਿਆਂ ਨੂੰ "ਅਛੂਤ" ਮੰਨਿਆ ਜਾਂਦਾ ਹੈ ਜੋ "ਮਰੀਆਂ ਗਾਵਾਂ ਖਾਂਦੇ ਹਨ ਅਤੇ ਜੋ ਮਰੀਆਂ ਗਾਵਾਂ ਖਾਂਦੇ ਹਨ ਉਹ ਹੀ ਛੂਤ-ਛਾਤ ਨਾਲ ਕਲੰਕਿਤ ਹੁੰਦੇ ਹਨ। ਛੂਤ-ਛਾਤ ਅਤੇ ਮਰੀਆਂ ਗਾਵਾਂ ਦੀ ਵਰਤੋਂ ਵਿਚਕਾਰ ਸਬੰਧ ਏਨਾ ਵੱਡਾ ਅਤੇ ਏਨਾ ਗੂੜ੍ਹਾ ਹੈ ਕਿ ਇਹ ਥੀਸਿਸ ਕਿ ਇਹ ਛੂਤ-ਛਾਤ ਦੀ ਜੜ੍ਹ ਹੈ, ਵਿਵਾਦਰਹਿਤ ਜਾਪਦਾ ਹੈ।" ਅੱਜ, ਇਸ ਵਰਜਿਤ, ਕਦੇ ਖਾਧੇ ਜਾਣ ਵਾਲੇ ਭੋਜਨ ਦੇ ਖ਼ਪਤਕਾਰ ਦੇ ਰੂਪ 'ਚ ਇਹੀ ਕਲੰਕ ਮੁਸਲਮਾਨਾਂ ਉੱਪਰ ਥੋਪਿਆ ਜਾ ਰਿਹਾ ਹੈ। ਹਿੰਸਾ, ਰਾਜਤੰਤਰ ਦੀ ਵਿਧਾਨਕ ਵਰਤੋਂ ਅਤੇ ਪੁਲਿਸ ਦੇ ਜ਼ੋਰ ਜਬਰ ਦਾ ਤਕਰੀਬਨ ਉਹੀ ਪੈਟਰਨ ਲਵ ਜੇਹਾਦ ਦੇ ਮਾਮਲੇ 'ਚ ਵੀ ਦੁਹਰਾਇਆ ਜਾ ਰਿਹਾ ਹੈ।

ਝਾਅ ਨੇ ਲਿਖਿਆ ਹੈ ਕਿ ਕਿਵੇਂ ਬ੍ਰਾਹਮਣਾਂ ਦੇ ਗਊ-ਮਾਸ ਖਾਣ ਦੇ ਇਤਿਹਾਸ ਨੂੰ ਭਾਰਤ ਵਿਚ ਇਸਲਾਮ ਨਾਲ ਜੋੜ ਕੇ ਨਜ਼ਰਅੰਦਾਜ਼ ਕੀਤਾ ਗਿਆ। ਇਕ ਇੰਟਰਵਿਊ ਵਿਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਕਿਤਾਬ "ਹੋਲੀ ਕਾਉ: ਬੀਫ ਇਨ ਇੰਡੀਅਨ ਡਾਇਟਰੀ ਟ੍ਰੇਡੀਸ਼ਨਜ" ਉਨ੍ਹਾਂ ਗ੍ਰੰਥਾਂ ਦੇ ਅਧਿਐਨਾਂ 'ਤੇ ਅਧਾਰਤ ਹੈ ਜੋ ਦਰਸਾਉਂਦੇ ਹਨ ਕਿ "ਵੈਦਿਕ ਕਾਲ ਵਿਚ ਗਊ-ਮਾਸ ਖਾਣਾ ਕਾਫ਼ੀ ਆਮ ਸੀ, ਜਦੋਂ ਅਕਸਰ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਸੀ।" ਉਨ੍ਹਾਂ ਕਿਹਾ ਕਿ ਬਾਅਦ ਵਿਚ ਇੰਝ ਲੱਗਿਆ ਕਿ ਬ੍ਰਾਹਮਣਾਂ ਨੇ ਇਸ ਪ੍ਰਥਾ ਨੂੰ ਅਛੂਤ ਜਾਤੀਆਂ 'ਚ ਪਹੁੰਚਾ ਦਿੱਤਾ। "ਮੱਧਕਾਲ ਦੌਰਾਨ, ਖਾਣ ਲਈ ਗਊਆਂ ਨੂੰ ਮਾਰਨ ਦੀ ਪ੍ਰਥਾ ਮੁਸਲਮਾਨਾਂ ਨਾਲ ਵੀ ਜੁੜੀ ਹੋਈ ਸੀ।" ਝਾਅ ਨੇ ਕਿਹਾ ਕਿ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਤੋਂ "ਗਊ ਨੂੰ ਤੇਜ਼ੀ ਨਾਲ 'ਹਿੰਦੂ' ਪਛਾਣ ਦੇ ਪ੍ਰਤੀਕ ਵਜੋਂ ਦੇਖਿਆ ਜਾਣ ਲੱਗਾ ਹੈ - ਮੁਸਲਮਾਨਾਂ ਨੂੰ ਗਊ-ਮਾਸ ਖਾਣ ਵਾਲਿਆਂ ਵਜੋਂ ਦਰਸਾਇਆ ਗਿਆ ਅਤੇ ਹਿੰਦੂ ਸੱਜੇਪੱਖੀਆਂ ਨੇ ਹਮੇਸ਼ਾ ਇਹ ਗਲਤ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਗਊ-ਮਾਸ ਖਾਣ ਦਾ ਰਿਵਾਜ ਮੁਸਲਮਾਨਾਂ ਨੇ ਲਿਆਂਦਾ।"

ਕਿਤਾਬ ਦੇ ਸਵਾਗਤ ਸਮਾਰੋਹ ਵਿਚ ਅੱਜ ਦੀਆਂ ਘਟਨਾਵਾਂ ਬਾਰੇ ਭਵਿੱਖਬਾਣੀ ਮਿਲਦੀ ਹੈ। ਝਾਅ ਨੇ ਉਨ੍ਹਾਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦਾ ਸਾਹਮਣਾ ਉਨ੍ਹਾਂ ਨੂੰ 2001 ਵਿਚ ਕਰਨਾ ਪਿਆ ਜਦੋਂ ਉਨ੍ਹਾਂ ਦੀ ਕਿਤਾਬ ਛਪੀ: "ਇਕ ਹਿੰਦੂਤਵ ਬ੍ਰਿਗੇਡ ਨੇ ਮੇਰੇ ਘਰ ਵਿਚ ਭੰਨਤੋੜ ਕੀਤੀ, ਮੇਰੀ ਕਿਤਾਬ ਦੀਆਂ ਕਾਪੀਆਂ ਸਾੜੀਆਂ ਅਤੇ ਮੇਰੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਮੈਨੂੰ ਮੌਤ ਸਮੇਤ ਹਰ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ।"

ਮੌਤ ਦੀ ਧਮਕੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਹੁਣ ਤਾਂ ਇਸ ਨੂੰ ਹਿੰਦੂਤਵ ਦੀ ਪ੍ਰਵਾਨਗੀ ਮਿਲ ਗਈ ਹੈ। ਹਿੰਦੁਸਤਾਨ ਟਾਈਮਜ਼ ਵਿਚ 2017 ਦੀ ਇਕ ਸੁਰਖ਼ੀ ਖ਼ੁਦ ਹੀ ਕਹਿੰਦੀ ਹੈ: "2010 ਤੋਂ ਗਊ ਨਾਲ ਜੁੜੀ ਹਿੰਸਾ ਵਿਚ ਮਾਰੇ ਗਏ ਲੋਕਾਂ ਵਿੱਚੋਂ 86 ਫ਼ੀ ਸਦੀ ਮੁਸਲਮਾਨ ਹਨ; 97 ਫ਼ੀ ਸਦੀ ਹਮਲੇ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਹੋਏ।" ਇਸ ਖ਼ਬਰ ਦੇ ਕੁਝ ਮਹੀਨਿਆਂ ਦੇ ਅੰਦਰ ਨਫ਼ਰਤੀ ਹਿੰਸਾ ਨੂੰ ਦਰਜ ਕਰਨ ਵਾਲਾ ਹਿੰਦੁਸਤਾਨ ਟਾਈਮਜ਼ ਦਾ ਟਰੈਕਰ ਬੰਦ ਕਰ ਦਿੱਤਾ ਗਿਆ ਅਤੇ ਇਸਦੇ ਸੰਪਾਦਕ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਇਹ ਆਖ਼ਰੀ ਸਾਲ ਸੀ ਜਦੋਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਨੇ ਲਿੰਚਿੰਗ ਅਤੇ ਨਫ਼ਰਤੀ ਜੁਰਮਾਂ ਦੇ ਅੰਕੜੇ ਇਕੱਠੇ ਕੀਤੇ ਸਨ। ਬਾਅਦ ਵਿਚ ਗ੍ਰਹਿ ਮੰਤਰਾਲੇ ਨੇ ਸੰਸਦ ਨੂੰ ਦੱਸਿਆ ਕਿ ਇਸ ਨੂੰ ਇਸ ਕਰਕੇ ਰੋਕ ਦਿੱਤਾ ਗਿਆ ਕਿਉਂਕਿ "ਅੰਕੜੇ ਭਰੋਸੇਯੋਗ ਨਹੀਂ ਸਨ ਕਿਉਂਕਿ ਇਨ੍ਹਾਂ ਜੁਰਮਾਂ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ।"

24 ਜੂਨ 2023 ਨੂੰ ਮਹਾਰਾਸ਼ਟਰ ਵਿਚ ਗਊ-ਹੱਤਿਆ ਦੇ ਸ਼ੱਕ 'ਚ ਅਫਾਨ ਅਬਦੁਲ ਅੰਸਾਰੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਅਤੇ ਇਸ ਸਾਲ ਤੋਂ ਅਜਿਹੀਆਂ ਕਈ ਘਟਨਾਵਾਂ ਦੀ ਸੂਚੀ ਬਣਾਈ ਜਾ ਸਕਦੀ ਹੈ। ਪਰ ਨਾ ਤਾਂ ਅੰਸਾਰੀ ਅਤੇ ਨਾ ਹੀ ਇਸ ਸਾਲ ਦੇ ਹੋਰ ਨਾਂ ਪਹਿਲੂ ਖ਼ਾਨ ਅਤੇ ਜੁਨੈਦ ਖ਼ਾਨ ਦੇ ਨਾਂ ਵਾਂਗ ਜਾਣੇ-ਪਛਾਣੇ ਹਨ, ਜਿਨ੍ਹਾਂ ਨੂੰ 2017 ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। 2017 ਤੋਂ ਬਾਅਦ ਇਨ੍ਹਾਂ ਕਤਲਾਂ ਦੀ ਰਿਪੋਰਟਿੰਗ ਬਦਲ ਗਈ ਹੈ ਕਿਉਂਕਿ ਇਕ ਰਾਸ਼ਟਰ ਵਜੋਂ ਇਨ੍ਹਾਂ ਨੂੰ ਬਰਦਾਸ਼ਤ ਕਰਨ ਦੀ ਸਾਡੀ ਸਮਰੱਥਾ ਵਿਚ ਵਾਧਾ ਹੋਇਆ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਕਾਨੂੰਨ ਏਨੇ ਸਖ਼ਤ ਕਰ ਦਿੱਤੇ ਗਏ ਹਨ ਕਿ ਅਜਿਹੀ ਕਿਸੇ ਵੀ ਘਟਨਾ ਵਾਲੀ ਥਾਂ ਤੋਂ ਬਰਾਮਦ ਕੀਤੇ ਗਏ ਕੁਝ ਗ੍ਰਾਮ ਮਾਸ ਉੱਪਰ ਪੁਲਿਸ ਦਾ ਓਨਾ ਹੀ ਜਾਂ ਸ਼ਾਇਦ ਉਸ ਤੋਂ ਵੀ ਜ਼ਿਆਦਾ ਧਿਆਨ ਜਾਂਦਾ ਹੈ ਜਿੰਨਾ ਕਿ ਹਜੂਮ ਵੱਲੋਂ ਮਾਰੇ ਗਏ ਮੁਸਲਮਾਨਾਂ ਦੀਆਂ ਲਾਸ਼ਾਂ ਵੱਲ ਜਾਂਦਾ ਹੈ।

ਜਿਵੇਂ ਕਿ ਆਕਾਰ ਪਟੇਲ "ਅਵਰ ਹਿੰਦੂ ਰਾਸ਼ਟਰ" ਵਿਚ ਲਿਖਦੇ ਹਨ, ਗਊ ਹੱਤਿਆ ਦੇ ਵਿਰੁੱਧ ਕਾਨੂੰਨਾਂ ਦਾ ਸ਼ੁਰੂਆਤੀ ਉਦੇਸ਼ "ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕਸਾਈ ਵਪਾਰ ਵਿਚ ਸ਼ਾਮਲ ਹਨ।" ਮਿਸਾਲ ਲਈ, ਉੱਤਰ ਪ੍ਰਦੇਸ਼ ਸਰਕਾਰ ਨੇ ਕਥਿਤ ਗਊ ਹੱਤਿਆ ਲਈ ਮੁਸਲਮਾਨਾਂ ਦੇ ਖ਼ਿਲਾਫ਼ ਖੁੱਲ੍ਹਦਿਲੀ ਨਾਲ ਅੱਤਵਾਦ ਵਿਰੋਧੀ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤਾ ਹੈ - ਜੋ ਉਨ੍ਹਾਂ ਨੂੰ ਬਿਨਾਂ ਮੁਕੱਦਮੇ ਜਾਂ ਬਿਨਾਂ ਰਸਮੀ ਦੋਸ਼ਾਂ ਦੇ ਜੇਲ੍ਹ ਭੇਜਣ ਦੀ ਇਜਾਜ਼ਤ ਦਿੰਦਾ ਹੈ। ਪਟੇਲ ਕਹਿੰਦੇ ਹਨ, "ਗੁਜਰਾਤ ਵਿਚ ਗਊ ਹੱਤਿਆ ਲਈ ਤਾਉਮਰ ਕੈਦ ਦੀ ਸਜ਼ਾ ਤਰਕ ਦੀ ਕਸੌਟੀ 'ਤੇ ਖ਼ਰੀ ਨਹੀਂ ਉਤਰਦੀ।" ਉਹ ਲਿਖਦੇ ਹਨ, ਭਾਵੇਂ ਗਊ ਹੱਤਿਆ 'ਤੇ ਪਾਬੰਦੀ ਲਾਉਣ ਦੀਆਂ ਕੋਸ਼ਿਸ਼ਾਂ ਨਵੀਂਆਂ ਨਹੀਂ ਹਨ, ਪਰ ਭਾਜਪਾ ਦੇ ਰਾਜ ਤਹਿਤ ਲਿਆਂਦੇ ਗਏ ਕਾਨੂੰਨ 'ਸਨਕੀ' ਹਨ।

2003 ਵਿਚ ਭੋਪਾਲ ਵਿਚ ਰਹਿਣ ਅਤੇ ਰਿਪੋਰਟਿੰਗ ਕਰਨ ਸਮੇਂ ਮੈਂ ਹਿੰਦੂ-ਬਹੁਗਿਣਤੀ ਵਾਲੇ ਖੇਤਰਾਂ ਤੋਂ ਮੁਸਲਮਾਨਾਂ ਅਤੇ ਮੁਸਲਿਮ ਬਹੁਗਿਣਤੀ ਵਾਲੇ ਖੇਤਰਾਂ ਤੋਂ ਹਿੰਦੂਆਂ ਦੀ ਹਿਜ਼ਰਤ ਦੇ ਵਰਤਾਰੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਮੁਲਕ ਦੇ ਜ਼ਿਆਦਾਤਰ ਹਿੱਸਿਆਂ ਵਿਚ ਪਹਿਲਾਂ ਤੋਂ ਹੀ ਮੁਸਲਮਾਨ ਅਤੇ ਹਿੰਦੂ ਇਲਾਕੇ ਕਾਫ਼ੀ ਵੱਖਰੇ ਸਨ ਪਰ ਇਹ ਵਰਤਾਰਾ ਨਵਾਂ ਸੀ ਕਿਉਂਕਿ ਇਹ 2002 ਵਿਚ ਗੁਜਰਾਤ ਵਿਚ ਮੁਸਲਿਮ ਵਿਰੋਧੀ ਹਿੰਸਾ ਤੋਂ ਪ੍ਰੇਰਿਤ ਸੀ। ਜੋ ਮੁਸਲਮਾਨ ਛੱਡ ਕੇ ਜਾ ਰਹੇ ਸਨ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਪਣਾ ਡਰ ਸੌਖੇ ਤੋਂ ਸੌਖੇ ਸ਼ਬਦਾਂ ਵਿਚ ਇਸ ਤਰ੍ਹਾਂ ਜ਼ਾਹਿਰ ਕੀਤਾ: ਕੌਣ ਅਹਿਸਾਨ ਜਾਫ਼ਰੀ ਬਣਨਾ ਚਾਹੁੰਦਾ ਹੈ?

ਗੁਲਬਰਗ ਸੋਸਾਇਟੀ, ਜਿਸ ਵਿਚ ਬਹੁਤ ਸਾਰੇ ਮੁਸਲਮਾਨ ਰਹਿੰਦੇ ਸਨ ਪਰ ਜੋ ਹਿੰਦੂ ਇਲਾਕੇ ਵਿਚ ਸੀ, ਜਾਫ਼ਰੀ ਅਤੇ ਦਰਜਨਾਂ ਹੋਰਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਜਾਫ਼ਰੀ ਉਹ ਵਿਅਕਤੀ ਸੀ ਜੋ ਸੰਸਦ ਮੈਂਬਰ ਰਹਿ ਚੁੱਕਾ ਸੀ ਅਤੇ ਜਿਸ ਨੇ ਅਜਿਹੇ ਖੇਤਰ ਵਿਚ ਰਹਿਣ ਦੀ ਚੋਣ ਕੀਤੀ ਜਿੱਥੇ ਮੁਸਲਮਾਨ ਦੀ ਗਿਣਤੀ ਜ਼ਿਆਦਾ ਨਹੀਂ ਸੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਇਕੱਠੇ ਰਹਿਣ ਦੀ ਜ਼ਰੂਰਤ ਉੱਪਰ ਜ਼ੋਰ ਦੇਣ ਲਈ ਹਮੇਸ਼ਾ ਤਿਆਰ ਰਹਿੰਦਾ ਸੀ ਅਤੇ ਉਸ ਦੀ ਪਹੁੰਚ ਨਾ ਸਿਰਫ਼ ਅਹਿਮਦਾਬਾਦ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਤੱਕ ਸੀ ਸਗੋਂ ਮੋਦੀ ਤੋਂ ਲੈ ਕੇ ਭਾਜਪਾ ਦੇ ਸਾਰੇ ਆਗੂਆਂ ਤੱਕ ਸੀ। ਉਸਨੇ ਉਨ੍ਹਾਂ ਸਾਰਿਆਂ ਨੂੰ ਫ਼ੋਨ ਕੀਤੇ ਜਿਨ੍ਹਾਂ ਨੂੰ ਉਹ ਜਾਣਦਾ ਸੀ। ਪਰ ਕਿਸੇ ਨੇ ਕੁਝ ਨਹੀਂ ਕੀਤਾ ਅਤੇ ਬਾਅਦ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਸੀ। ਭੀੜ ਨੇ ਉਸ ਨੂੰ ਮਾਰ ਦਿੱਤਾ।

ਕੁਝ ਸਾਲ ਬਾਅਦ ਤਹਿਲਕਾ ਲਈ ਕੰਮ ਕਰਦੇ ਹੋਏ, ਮੈਂ ਇਕ ਲੜਕੇ ਨਾਲ ਗੁਲਬਰਗ ਸੋਸਾਇਟੀ ਗਿਆ ਜੋ ਹਮਲੇ ਦੌਰਾਨ ਸੁਸਾਇਟੀ ਦੇ ਅੰਦਰ ਸੀ। ਸਾਡੇ ਨਾਲ ਗੁਆਂਢੀ ਇਲਾਕੇ ਦਾ ਉਸਦਾ ਇਕ ਦੋਸਤ ਵੀ ਸੀ ਜਿੱਥੇ ਉਹ ਮੁੰਡਾ ਬਾਅਦ ਵਿਚ ਚਲਾ ਗਿਆ ਸੀ। ਉਹ ਹਿੰਦੂ ਸੀ। ਕਤਲੇਆਮ ਬਾਰੇ ਜੋ ਦੱਸਿਆ ਗਿਆ ਸੀ ਉਸ ਨੂੰ ਉਹ ਖ਼ੁਦ ਦੇਖਣਾ ਚਾਹੁੰਦਾ ਸੀ। ਉਹ ਮੁੰਡਾ ਸਾਨੂੰ ਸੜੇ ਹੋਏ ਘਰਾਂ ਦੀ ਰਹਿੰਦ-ਖੂੰਹਦ, ਸੁਸਾਇਟੀ ਦੀਆਂ ਟੁੱਟੀਆਂ ਹੋਈਆਂ ਕੰਧਾਂ ਵਿਚ ਲੈ ਕੇ ਗਿਆ ਜਿਨ੍ਹਾਂ ਨੂੰ ਹਜੂਮ ਨੇ ਢਾਹ ਦਿੱਤਾ ਸੀ। ਜਦੋਂ ਅਸੀਂ ਉੱਥੇ ਜਾ ਰਹੇ ਸੀ ਤਾਂ ਗੁਜਰਾਤ ਪੁਲਿਸ ਆ ਗਈ ਅਤੇ ਉਨ੍ਹਾਂ ਨੇ ਸਾਨੂੰ ਇਕ ਘੰਟੇ ਤੋਂ ਵੱਧ ਸਮੇਂ ਲਈ ਨੇੜਲੇ ਥਾਣੇ ਵਿਚ



ਹਿਰਾਸਤ ਵਿਚ ਰੱਖਿਆ। ਜਿਸ ਪੁਲਿਸ ਨੇ ਕਾਤਲ ਹਜੂਮ ਨੂੰ ਨਹੀਂ ਰੋਕਿਆ ਸੀ, ਉਹ ਹੁਣ ਉਨ੍ਹਾਂ ਲੋਕਾਂ ਦੇ ਉੱਥੇ ਜਾਣ ਉੱਪਰ ਰੋਕ ਲਗਾ ਰਹੀ ਸੀ ਜੋ ਕਦੇ ਉੱਥੋਂ ਕਾਲੋਨੀ ਦੇ ਅੰਦਰ ਰਹਿੰਦੇ ਸਨ। ਇਸ ਕਲੋਨੀ ਦੀ ਸੜੀ ਹੋਈ ਰਹਿੰਦ-ਖੂੰਹਦ ਉਸ ਮਿਲੀ-ਜੁਲੀ ਆਬਾਦੀ ਦੀ ਰਹਿੰਦ-ਖੂੰਹਦ ਸੀ ਜੋ ਕਦੇ ਇਸ ਸ਼ਹਿਰ ਵਿਚ ਇਕੱਠੀ ਰਹਿੰਦੀ ਸੀ।

ਅਹਿਸਾਨ ਜਾਫ਼ਰੀ ਮਾਮਲੇ ਨਾਲ ਪੈਦਾ ਹੋਏ ਡਰ ਨੇ ਉਸ ਅਮਲ ਨੂੰ ਤੇਜ਼ ਕਰ ਦਿੱਤਾ ਜੋ ਪਹਿਲਾਂ ਹੀ ਬਹੁਤ ਸਾਰੇ ਭਾਰਤੀ ਸ਼ਹਿਰਾਂ ਵਿਚ ਨਜ਼ਰ ਆ ਰਿਹਾ ਸੀ ਜਿੱਥੇ ਪੁਰਾਣਾ ਸ਼ਹਿਰ ਮੁੱਖ ਤੌਰ 'ਤੇ ਮੁਸਲਮਾਨ ਸੀ ਅਤੇ ਨਵਾਂ ਸ਼ਹਿਰ ਮੁੱਖ ਤੌਰ 'ਤੇ ਹਿੰਦੂ ਸੀ। ਪੁਰਾਣੇ ਸ਼ਹਿਰਾਂ ਵਿਚ ਰਹਿਣ ਵਾਲੇ ਹਿੰਦੂ ਉੱਥੋਂ ਜਾਣ ਸ਼ੁਰੂ ਹੋ ਗਏ ਸਨ। ਪਰ ਇਹ ਉਨ੍ਹਾਂ ਮੁਸਲਮਾਨਾਂ ਲਈ ਵੀ ਸੱਚ ਸੀ ਜਿਨ੍ਹਾਂ ਨੇ ਚੰਗੀ ਜਾਇਦਾਦ ਬਣਾ ਲਈ ਸੀ - ਹੁਣ ਜੇ ਉਹ ਕਿਤੇ ਜਾਂਦੇ ਤਾਂ ਉਹ ਨਵੇਂ ਸ਼ਹਿਰ ਦੀਆਂ ਹੋਰ ਮੁਸਲਿਮ ਬਹੁਗਿਣਤੀ ਵਾਲੀਆਂ ਬਸਤੀਆਂ ਵਿਚ ਹੀ ਜਾ ਸਕਦੇ ਸਨ।

ਦਿੱਲੀ ਵਿਚ ਕੁਝ ਸਮਾਂ ਨਿਜ਼ਾਮੁਦੀਨ ਪੱਛਮ 'ਚ ਰਹਿਣ ਤੋਂ ਬਾਅਦ, ਜੋ ਕਿ ਦਿੱਲੀ ਦੇ ਸਭ ਤੋਂ ਮਹਿੰਗੇ ਖੇਤਰਾਂ ਵਿੱਚੋਂ ਇਕ ਹੈ, ਜਿਵੇਂ ਨਿਜ਼ਾਮੁਦੀਨ ਪੂਰਬ, ਜੋਰ ਬਾਗ਼ ਅਤੇ ਗੋਲਫ ਲਿੰਕ ਦੇ ਨੇੜੇ ਦਾ ਇਲਾਕਾ, ਮੈਂ ਵੱਡੀ ਰਿਹਾਇਸ਼ ਲਈ ਵਸੰਤ ਕੁੰਜ ਨਾਲੋਂ ਘੱਟ ਕਿਰਾਇਆ ਦਿੱਤਾ। ਕਾਰਨ ਮਾਮੂਲੀ ਜਿਹਾ ਸੀ: ਨਿਜ਼ਾਮੁਦੀਨ ਪੱਛਮੀ ਮੁੱਖ ਤੌਰ 'ਤੇ ਮੁਸਲਮਾਨ ਬਹੁਗਿਣਤੀ ਵਾਲਾ ਇਲਾਕਾ ਸੀ। ਹਿੰਸਾ ਅਤੇ ਕੱਟੜਤਾ 'ਚੋਂ ਉਪਜੇ ਇਸ ਬਸਤੀ ਵਰਤਾਰੇ ਨੂੰ ਗੁਜਰਾਤ ਵਰਗੇ ਰਾਜਾਂ 'ਚ ਗਿਣੇ-ਮਿੱਥੇ ਤਰੀਕੇ ਨਾਲ ਨਿਯਮਾਂ ਅਤੇ ਕਾਨੂੰਨਾਂ ਵਿਚ ਸ਼ਾਮਲ ਕਰ ਲਿਆ ਗਿਆ ਹੈ, ਜਿੱਥੇ ਕਲੋਨੀਆਂ ਨੂੰ ਇਹ ਅਧਿਕਾਰ ਹੈ ਕਿ ਉਨ੍ਹਾਂ ਦੇ ਆਂਢ-ਗੁਆਂਢ ਵਿਚ ਜਾਇਦਾਦ ਨੂੰ ਕੌਣ ਖ਼ਰੀਦ ਜਾਂ ਵੇਚ ਸਕਦਾ ਹੈ। ਦਰ ਅਸਲ, ਮੁਸਲਮਾਨਾਂ ਨੂੰ ਬਾਹਰ ਜਾਣ ਤੋਂ ਰੋਕਿਆ ਜਾ ਰਿਹਾ ਹੈ ਜਾਂ ਉਨ੍ਹਾਂ ਦੀਆਂ ਜਾਇਦਾਦਾਂ ਦਾ ਮਾਰਕੀਟ ਵਿਚ ਮਿਲਣ ਵਾਲੇ ਮੁੱਲ ਤੋਂ ਕਿਤੇ ਘੱਟ ਮੁੱਲ ਦੇ ਕੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਗੁਜਰਾਤ ਵਿਚ 1991 ਦੇ "ਅਸ਼ਾਂਤ ਖੇਤਰ" ਐਕਟ ਦੀ ਵਰਤੋਂ ਇਸ ਨੂੰ ਦਰਸਾਉਂਦੀ ਹੈ। ਦੀ ਕਾਰਵਾਂ ਵਿਚ ਨੀਲਿਨਾ ਐੱਮ.ਐੱਸ. ਲਿਖਦੀ ਹੈ, "ਇਸ ਨੂੰ ਰਾਜ ਵਿਚ ਵਾਰ-ਵਾਰ ਹੋਣ ਵਾਲੀ ਫ਼ਿਰਕੂ ਹਿੰਸਾ ਦੀ ਰੋਸ਼ਨੀ 'ਚ ਜਾਇਦਾਦਾਂ ਦੀ ਸੰਕਟਪੂਰਨ ਵਿਕਰੀ ਯਾਨੀ ਜਦੋਂ ਜਾਇਦਾਦਾਂ ਮਾਰਕੀਟ ਦੇ ਭਾਅ ਤੋਂ ਘੱਟ 'ਤੇ ਵੇਚੀਆਂ ਜਾਂਦੀਆਂ ਹਨ, ਦੀ ਜਾਂਚ ਲਈ ਪਾਸ ਕੀਤਾ ਗਿਆ ਸੀ।" "ਹਾਲਾਂਕਿ, ਵਿਹਾਰ ਵਿਚ ਰਾਜ ਨੇ ਮੁਸਲਮਾਨਾਂ ਨਾਲ ਜਾਇਦਾਦ ਦੇ ਲੈਣ-ਦੇਣ ਨੂੰ ਨਿਰਉਤਸ਼ਾਹਤ ਕਰਨ ਲਈ ਕਾਨੂੰਨ ਨੂੰ ਹਥਿਆਰ ਬਣਾਇਆ ਹੈ, ਜਿਸ ਨਾਲ ਧਾਰਮਿਕ ਲੀਹਾਂ 'ਤੇ ਸਥਾਨਕ ਅਲਹਿਦਗੀ ਹੋ ਰਹੀ ਹੈ।" ਕਾਨੂੰਨ ਨੂੰ ਹੋਰ ਜ਼ਿਆਦਾ ਸਖ਼ਤ ਬਣਾਉਣ ਲਈ ਸੋਧ ਦੀ ਚਰਚਾ ਕਰਦਿਆਂ ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੁਪਾਣੀ ਨੇ ਕਿਹਾ, "ਇਕ ਹਿੰਦੂ ਦਾ ਮੁਸਲਮਾਨ ਨੂੰ ਜਾਇਦਾਦ ਵੇਚਣਾ ਸਹੀ ਨਹੀਂ ਹੈ। ਇਕ ਮੁਸਲਮਾਨ ਦਾ ਹਿੰਦੂ ਨੂੰ ਜਾਇਦਾਦ ਵੇਚਣਾ ਵੀ ਸਹੀ ਨਹੀਂ ਹੈ।" ਉਸਨੇ ਕਿਹਾ, "ਅਸੀਂ ਇਹ ਨਿਯਮ ਉਨ੍ਹਾਂ ਇਲਾਕਿਆਂ ਵਿਚ ਤੈਅ ਕੀਤਾ ਹੈ ਜਿੱਥੇ ਦੰਗੇ ਹੋਏ ਹਨ ਤਾਂ ਜੋ ਉਨ੍ਹਾਂ - ਮੁਸਲਮਾਨਾਂ - ਨੂੰ ਦੱਸਿਆ ਜਾਵੇ ਕਿ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਜਾਇਦਾਦ ਖ਼ਰੀਦਣੀ ਹੋਵੇਗੀ।"

ਜਾਤੀਆਂ ਦੀ ਥੋਪੀ ਗਈ ਦਰਜਾਬੰਦੀ ਦਾ ਇਕ ਕੰਮ ਇਹ ਤੈਅ ਕਰਨਾ ਸੀ ਕਿ ਨੀਚ ਦਰਜੇ ਦੇ ਸਮਝੇ ਜਾਂਦੇ ਲੋਕਾਂ ਨੂੰ ਪਿੰਡਾਂ ਦੇ ਬਾਹਰਲੇ ਇਲਾਕੇ 'ਚ ਧੱਕ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਤੇ ਪਾਣੀ ਤੋਂ ਵੀ ਵਾਂਝੇ ਕਰ ਦਿੱਤਾ ਜਾਵੇ। ਅੱਜ ਦੇ ਭਾਰਤ ਵਿਚ ਮੁਸਲਮਾਨ ਹੁਣ ਹਿੰਦੂਤਵ ਰਾਸ਼ਟਰ ਦੇ ਕਸਬਿਆਂ ਅਤੇ ਸ਼ਹਿਰਾਂ ਵਿਚ ਉਸੇ ਦੁਰਦਸ਼ਾ ਵਿਚ ਜੀ ਰਹੇ ਹਨ।

ਇਸ ਸਮੇਂ, ਸੱਤਾਧਾਰੀ ਭਾਜਪਾ ਦਾ ਸੰਸਦ ਵਿਚ ਕੋਈ ਵੀ ਮੁਸਲਮਾਨ ਸੰਸਦ ਮੈਂਬਰ ਨਹੀਂ ਹੈ। 543 ਵਿੱਚੋਂ 301 ਸੰਸਦ ਮੈਂਬਰ ਲੋਕ ਸਭਾ ਵਿਚ ਸੱਤਾਧਾਰੀ ਪਾਰਟੀ ਦੀ ਮਜ਼ਬੂਤ ਪਕੜ ਬਣਾਉਂਦੇ ਹਨ। ਇਸ ਤਰ੍ਹਾਂ ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਦੀ ਨੀਤੀ ਬਣਾਉਣ ਵਿਚ ਲੱਗਭੱਗ ਕੋਈ ਭੂਮਿਕਾ ਨਹੀਂ ਹੈ। ਇਸ ਤਰ੍ਹਾਂ ਭਾਰਤ ਦੇ ਲੱਗਭੱਗ 20 ਕਰੋੜ ਨਾਗਰਿਕਾਂ ਨੂੰ ਸੱਚਮੁੱਚ ਬਾਹਰ ਕਰ ਦਿੱਤਾ ਗਿਆ ਹੈ। ਇਹੀ ਹਾਲ ਜ਼ਿਆਦਾਤਰ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਦਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਬਾਰੇ ਜੋ ਸੱਚ ਹੈ, ਉਹ ਇਹ ਹੈ ਕਿ ਮੁਲਕ ਵਿਚ ਸੱਤਾ ਦੇ ਸਾਰੇ ਅੰਗਾਂ - ਵਿਧਾਨਪਾਲਿਕਾ, ਨਿਆਂਪਾਲਿਕਾ ਅਤੇ ਕਾਰਜਪਾਲਿਕਾ - ਵਿਚ ਮੁਸਲਮਾਨਾਂ ਦੀ ਘੱਟ-ਨੁਮਾਇੰਦਗੀ ਨੂੰ ਹੁਣ ਭਾਜਪਾ ਦੇ ਅਧੀਨ ਇਕ ਵਧੇਰੇ ਗੰਭੀਰ ਰੂਪ ਵਿਚ ਜਨਤਕ ਨੀਤੀ ਵਜੋਂ ਲਾਗੂ ਕੀਤਾ ਜਾ ਰਿਹਾ ਹੈ।

"1980 ਅਤੇ 2014 ਦਰਮਿਆਨ ਭਾਰਤ ਦੀ ਸੰਸਦ ਦੇ ਹੇਠਲੇ ਸਦਨ ਵਿਚ ਮੁਸਲਮਾਨ ਸੰਸਦ ਮੈਂਬਰਾਂ ਦੀ ਨੁਮਾਇੰਦਗੀ ਤਕਰੀਬਨ ਦੋ ਤਿਹਾਈ ਘਟ ਗਈ ਹੈ, ਜਦੋਂ ਕਿ ਇਸੇ ਸਮੇਂ ਦੌਰਾਨ ਆਬਾਦੀ ਵਿਚ ਮੁਸਲਮਾਨਾਂ ਦੀ ਹਿੱਸੇਦਾਰੀ ਵਧੀ ਹੈ।" ਇਹ ਕ੍ਰਿਸਟੋਫ ਜੈਫਰਲੋ ਅਤੇ ਜੀਲਸ ਵਰਨੀਅਰਜ



ਨੇ 2018 ’ਚ ਇੰਡੀਅਨ ਐਕਸਪ੍ਰੈੱਸ ਵਿਚ ਲਿਖਿਆ ਸੀ। ਉਸ ਸਮੇਂ ਲੋਕ ਸਭਾ ਵਿਚ ਮੁਸਲਿਮ ਮੈਂਬਰਾਂ ਦੀ ਗਿਣਤੀ 19 ਸੀ, ਜੋ 1952 ਤੋਂ ਬਾਅਦ ਸਭ ਤੋਂ ਘੱਟ ਹੈ। ਜੈਫਰਲੋ ਅਤੇ ਵਰਨੀਅਰਜ ਲਿਖਦੇ ਹਨ, “ਇਸ ਬਦਲਾਅ ਲਈ ਭਾਜਪਾ ਖ਼ਾਸ ਤੌਰ ’ਤੇ ਜ਼ਿੰਮੇਵਾਰ ਹੈ, ਜਿਸ ਨੇ 1980 ਤੋਂ ਲੈ ਕੇ ਹੁਣ ਤੱਕ ਆਮ ਚੋਣਾਂ ਵਿਚ ਸਿਰਫ਼ 20 ਮੁਸਲਿਮ ਉਮੀਦਵਾਰ ਖੜ੍ਹੇ ਕੀਤੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ ਤਿੰਨ ਹੀ ਜਿੱਤੇ ਹਨ।”

2019 ਵਿਚ ਮੁਸਲਿਮ ਸੰਸਦ ਮੈਂਬਰਾਂ ਦੀ ਗਿਣਤੀ ਵਿਚ ਥੋੜ੍ਹਾ ਵਾਧਾ ਹੋਇਆ ਪਰ ਇਸਦਾ ਭਾਜਪਾ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਇਸ ਦਾ ਕਾਰਨ ਤ੍ਰਿਣਮੂਲ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਵਰਗੀਆਂ ਹੋਰ ਪਾਰਟੀਆਂ ਦੇ ਜੇਤੂ ਉਮੀਦਵਾਰ ਸਨ। ਭਾਜਪਾ ਕਾਂਗਰਸ ਉੱਪਰ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦਾ ਇਲਜ਼ਾਮ ਲਾਉਂਦੀ ਹੈ ਪਰ ਇਸ ਪਾਰਟੀ ਨੇ ਵੀ ਮੁਲਕ ਵਿਚ ਆਬਾਦੀ ਦੇ ਅਨੁਪਾਤ ਵਿਚ ਕਦੇ ਵੀ ਮੁਸਲਿਮ ਉਮੀਦਵਾਰ ਖੜ੍ਹੇ ਨਹੀਂ ਕੀਤੇ।

ਸੱਤਾ ਤੋਂ ਵਾਂਝੇ ਰਹਿਣ ਨਾਲ ਇਹ ਯਕੀਨੀ ਹੁੰਦਾ ਹੈ ਕਿ ਪਹੁੰਚ ਦੇ ਸਾਰੇ ਗ਼ੈਰਰਸਮੀ ਸਾਧਨ - ਰਿਸ਼ਤੇਦਾਰਾਂ ਅਤੇ ਭਾਈਚਾਰਕ ਤਾਣੇਬਾਣੇ ਦੇ ਜ਼ਰੀਏ - ਵੀ ਬੰਦ ਹੋ ਰਹੇ ਹਨ ਜੋ ਭਾਰਤ ਵਿਚ ਜਿਉਣ ਦਾ ਇਕ ਜ਼ਰੀਆ ਹੈ। ਇਹ ਅਹਿਸਾਨ ਜਾਫ਼ਰੀ ਕਾਂਡ ਵਿਚ ਦਿਖਾਈ ਦੇ ਰਿਹਾ ਸੀ ਕਿਉਂਕਿ ਉਸ ਦੀ ਆਵਾਜ਼ ਅਣਸੁਣੀ ਕਰ ਦਿੱਤੀ ਗਈ।

ਮੋਦੀ ਅਤੇ ਉਸ ਦੇ ਹਮਾਇਤੀ ਲੰਮੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਵਿਕਾਸ ਭਾਈਚਾਰਿਆਂ ਵਿਚ ਵਿਤਕਰਾ ਨਹੀਂ ਕਰਦਾ, ਇਹ ਮੁਸਲਮਾਨਾਂ ਨੂੰ ਧਿਆਨ ’ਚ ਰੱਖ ਕੇ ਬਣਾਈਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ ਦਾ ਇਕ ਬਹਾਨਾ ਹੈ। ਵਿਕਾਸ ਨਾਲ ਜੁੜੇ ਅਰਥਸ਼ਾਸਤਰੀਆਂ ਦੇ ਜ਼ਰੀਏ ਵੀ ਇਹ ਅਫ਼ਵਾਹ ਵੱਡੀ ਗਿਣਤੀ ’ਚ ਦੁਹਰਾਈ ਗਈ ਹੈ ਕਿਉਂਕਿ ਉਨ੍ਹਾਂ ਕੋਲ ਅਜਿਹੀਆਂ ਅਸਮਾਨਤਾਵਾਂ ਦਾ ਅਧਿਐਨ ਕਰਨ ਲਈ ਵਸੀਲਿਆਂ ਅਤੇ ਅੰਕੜਿਆਂ ਦੀ ਘਾਟ ਹੈ।

ਮੋਦੀ ਦੇ ਪੁਰਾਣੇ ਵਿਧਾਨ-ਸਭਾ ਖੇਤਰ ਮਣੀਨਗਰ ਦਾ ਮਾਮਲਾ ਇਸ ਸਿਧਾਂਤ ਵਿਚ ਛੇਕ ਕਰ ਦਿੰਦਾ ਹੈ, ਜਿਵੇਂ ਕਿ ਮੈਂ ਦੀ ਨਿਊਯਾਰਕ ਟਾਈਮਜ਼ ਲਈ 2013 ’ਚ ਲਿਖੇ ਇਕ ਲੇਖ ਵਿਚ ਲਿਖਿਆ ਸੀ। ਅਹਿਮਦਾਬਾਦ ਵਿਚ ਸਥਿਤ ਮਣੀਨਗਰ ਜ਼ਿਆਦਾਤਰ ਮੱਧ ਵਰਗੀ ਇਲਾਕਾ ਹੈ। “ਪਰ ਮਿੱਲਤ ਨਗਰ ਦੀਆਂ ਸੜਕਾਂ ’ਚ ਟੋਏ ਹੀ ਟੋਏ ਹਨ, ਜਿਸ ਨੂੰ ਮਣੀਨਗਰ ਦਾ ਦਿਲ ਕਿਹਾ ਜਾਂਦਾ ਹੈ ਅਤੇ ਜੋ 20,000 ਮੁਸਲਮਾਨਾਂ ਦਾ ਘਰ ਹੈ।”

2007 ਵਿਚ ਖੇਤਰ ਦੇ ਮੇਰੇ ਪਹਿਲੇ ਦੌਰੇ ’ਤੇ ਵਸਨੀਕਾਂ ਨੇ ਦੱਸਿਆ ਕਿ ਜ਼ਿਆਦਾਤਰ ਘਰਾਂ ਵਿਚ ਪੀਣ ਵਾਲਾ ਪਾਣੀ ਨਹੀਂ ਹੈ ਅਤੇ ਨਾ ਹੀ ਮੋਦੀ ਤੇ ਨਾ ਹੀ ਕੋਈ ਹੋਰ ਭਾਜਪਾ ਮੈਂਬਰ ਕਦੇ ਉਨ੍ਹਾਂ ਨੂੰ ਆ ਕੇ ਮਿਲਿਆ। ਮੈਂ 2012 ਦੀਆਂ ਰਾਜ ਚੋਣਾਂ ਦੌਰਾਨ ਇਸ ਇਲਾਕੇ ’ਚ ਮੁੜ ਗਿਆ ਅਤੇ ਦੇਖਿਆ ਕਿ “ਇਲਾਕੇ ਵਿਚ ਕੁਝ ਵੀ ਨਹੀਂ ਬਦਲਿਆ ਹੈ, ਸਿਵਾਏ ਸੜਕਾਂ ਅਤੇ ਸੀਵਰੇਜ ਉੱਪਰ ਕੀਤੇ ਕੁਝ ਕੰਮ ਦੇ, ਜੋ 2011 ਵਿਚ ਨਗਰ ਨਿਗਮ ਚੋਣਾਂ ਵਿਚ ਕਾਂਗਰਸ ਦੀ ਟਿਕਟ ’ਤੇ ਚੁਣੇ ਗਏ ਇਲਾਕੇ ਦੇ ਕੁਝ ਮੁਸਲਮਾਨਾਂ ਦੁਆਰਾ ਸ਼ੁਰੂ ਕੀਤਾ ਗਿਆ ਸੀ।” ਫਿਰ ਵੀ ਮੁਸਲਮਾਨਾਂ ਨੂੰ ਛੱਡ ਕੇ, ਜਿਨ੍ਹਾਂ ਕੋਲ ਮਣੀਨਗਰ ’ਚ ਸਿਰਫ਼ 8 ਫ਼ੀਸਦੀ ਵੋਟ ਹਨ, ਬਾਕੀ ਸਾਰੇ ਇਲਾਕਿਆਂ ’ਤੇ ਧਿਆਨ ਕੇਂਦਰਤ ਕਰਕੇ ਮੋਦੀ ਨੇ ਆਪਣੇ ਹਲਕੇ ’ਚ 77 ਫ਼ੀ ਸਦੀ ਵੋਟਾਂ ਹਾਸਲ ਕੀਤੀਆਂ।

ਵਸੋਂ ਦੇ ਇਕ ਹਿੱਸੇ ਨੂੰ ਖ਼ਾਸ ਬਸਤੀਆਂ ’ਚ ਸੀਮਤ ਕਰਨਾ (ਘੇਟੋਆਈਜੇਸ਼ਨ), ਮੁਸਲਮਾਨਾਂ ਨੂੰ ਸਹੂਲਤਾਂ ਤੋਂ ਵਾਂਝੇ ਰੱਖਣ ਦਾ ਇਕ ਹੋਰ ਜ਼ਰੀਆ ਬਣ ਗਿਆ ਹੈ। ਇਸ ਦੇ ਨਾਲ ਹੀ ਸਾਡੀ ਬਹੁਮੱਤ ਪ੍ਰਣਾਲੀ ਨੇ ਮੁਸਲਮਾਨਾਂ ਨੂੰ ਜਾਣ-ਬੁੱਝ ਕੇ ਹਾਸ਼ੀਏ ’ਤੇ ਰੱਖਿਆ ਹੈ। ਮੋਦੀ ਦੀ ਪਾਰਟੀ ਵੱਲੋਂ ਭੜਕਾਏ ਗਏ ਕੱਟੜਤਾ ਦੇ ਇਸ ਮਾਹੌਲ ਵਿਚ ਦੂਜੀਆਂ ਪਾਰਟੀਆਂ ਨੇ ਵੀ ਅਜਿਹਾ ਹੀ ਕੀਤਾ ਹੈ ਅਤੇ ਮੁਸਲਮਾਨਾਂ ਉਮੀਦਵਾਰਾਂ ਨੂੰ ਓਨੀ ਗਿਣਤੀ ਵਿਚ ਚੋਣਾਂ ’ਚ ਟਿਕਟਾਂ ਨਹੀਂ ਦਿੱਤੀਆਂ, ਜਿੰਨੀਆਂ ਹੀ ਉਹ ਕਦੇ ਦਿੰਦੇ ਰਹੇ ਸਨ। ਇਹ ਇਕ ਅਜਿਹਾ ਅਮਲ ਹੈ ਜੋ ਖ਼ੁਦ ਨੂੰ ਪ੍ਰਫੁੱਲਤ ਕਰਦਾ ਹੈ। ਮੁਸਲਮਾਨਾਂ ਕੋਲ ਹੁਣ ਜਿੰਨੀ ਘੱਟ ਤਾਕਤ ਹੈ, ਭਵਿੱਖ ਵਿਚ ਉਨ੍ਹਾਂ ਦੀ ਤਾਕਤ ਓਨੀ ਹੀ ਘੱਟ ਹੋਵੇਗੀ।

ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਆਰ.ਐੱਸ.ਐੱਸ. ਨੇ ਹਿੰਦੂ ਰਾਸ਼ਟਰ ਦੀ ਆਪਣੀ ਧਾਰਨਾ ਨੂੰ ਮੁਸਲਮਾਨਾਂ ਪ੍ਰਤੀ ਘੋਰ ਨਫ਼ਰਤ ਨਾਲ ਜੋੜਿਆ ਹੈ। ਮੁਸਲਮਾਨਾਂ ਪ੍ਰਤੀ ਰੋਜ਼ਮਰਾ ਦੀ ਨਫ਼ਰਤ, ਕੱਟੜਤਾ ਅਤੇ ਉਨ੍ਹਾਂ ਨੂੰ ਹਾਸ਼ੀਏ ’ਤੇ ਧੱਕਣ ਲਈ ਇਸਤੇਮਾਲ ਕੀਤੀ ਜਾ ਰਹੀ ਸਰੀਰਕ ਤੇ ਮਨੋਵਿਗਿਆਨਕ ਹਿੰਸਾ ਅੱਪਵਾਦ ਨਹੀਂ ਹੈ ਸਗੋਂ ਇਹ ਆਰ.ਐੱਸ.ਐੱਸ. ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਵਿਚਾਰਾਂ ਦੇ ਅਨੁਸਾਰੀ ਹੀ ਹੈ।

“ਡਾ. ਹੇਡਗੇਵਾਰ: ਦੀ ਇਪਾਕ ਮੇਕਰ” (ਯੁਗ-ਪੁਰਸ਼ ਡਾ. ਹੈਡਗੇਵਾਰ) ਵਿਚ ਆਰ.ਐੱਸ.ਐੱਸ. ਦੇ ਉੱਘੇ ਮੈਂਬਰ ਦੇਸ਼ਪਾਂਡੇ ਅਤੇ ਐੱਸ.ਆਰ.ਰਾਮਾਸਵਾਮੀ ਲਿਖਦੇ ਹਨ ਕਿ “ਸੰਘ ਦੀ ਸਥਾਪਨਾ ਤੋਂ ਪਹਿਲਾਂ, 1925 ਵਿਚ ਹੇਡਗੇਵਾਰ ਕੁਝ ਬੁਨਿਆਦੀ ਸਵਾਲਾਂ ਦੇ ਜਵਾਬ ਲੱਭਣ ਵਿਚ ਰੁੱਝੇ ਹੋਏ ਸਨ। ਜਿਵੇਂ, ਸਾਡੇ ਭਾਈਚਾਰੇ ਦੇ ਇਨ੍ਹਾਂ ਸਾਲਾਂ ਵਿਚ ਕੀ ਮੁਸਲਮਾਨਾਂ ਨੇ ਕਦੇ ਸਾਡੇ ਕਿਸੇ ਕਦਮ ’ਤੇ ਸਕਾਰਾਤਮਕ ਪ੍ਰਤੀਕ੍ਰਮ ਦਿੱਤਾ ਹੈ? ਕੀ ਉਸ ਵਿਚ ਹਿੰਦੂ ਸਮਾਜ ਪ੍ਰਤੀ ਕੋਈ ਗਰਮਜੋਸ਼ੀ ਪੈਦਾ ਹੋਈ ਹੈ? ਕੀ ਉਨ੍ਹਾਂ ਨੇ ਸਹਿਣਸ਼ੀਲਤਾ, ‘ਜੀਓ ਤੇ ਜੀਣ ਦਿਓ’ ਦੀ ਹਿੰਦੂ ਪਰੰਪਰਾ ਨੂੰ ਦੁਹਰਾਇਆ ਹੈ? ਕੀ ਉਨ੍ਹਾਂ ਨੇ ਭਾਰਤ ਮਾਂ ਨੂੰ ਸ਼ਰਧਾਂਜਲੀ ਦੇਣ ’ਚ ਸਾਡੇ ਨਾਲ ਸ਼ਾਮਲ ਹੋਣ ਦੀ ਮਾਮੂਲੀ ਇੱਛਾ ਵੀ ਦਿਖਾਈ ਹੈ?”

ਅਜਿਹੇ ਬੇਤੁਕੇ ਸੂਤਰੀਕਰਨ ਇਨ੍ਹਾਂ ਸਾਲਾਂ ’ਚ ਸੰਘ ਦੀ ਕੱਟੜਤਾ ਦੀ ਮੁੱਖ ਖ਼ੁਰਾਕ ਬਣ ਗਏ। ਇਕ ਹੋਰ ਜੀਵਨੀਕਾਰ, ਸੀ.ਪੀ. ਭਿਸ਼ੀਕਰ, ਜੋ ਆਰ.ਐੱਸ.ਐੱਸ. ਨਾਲ ਵੀ ਜੁੜਿਆ ਹੋਇਆ ਹੈ, ਵਧੇਰੇ ਸਪੱਸ਼ਟ ਹੈ ਜਦੋਂ ਉਹ ਕਹਿੰਦਾ ਹੈ ਕਿ ਹੇਡਗੇਵਾਰ ਨੇ ਮੁਸਲਮਾਨਾਂ ਨੂੰ “ਯਵਨੀ ਸਾਂਪ” (ਬਦੇਸ਼ੀ ਨਾਗ) ਕਿਹਾ ਸੀ।

ਮੁਸਲਮਾਨਾਂ ਬਾਰੇ ਹੇਡਗੇਵਾਰ ਦੇ ਨਜ਼ਰੀਏ ਨੂੰ ਵਿਚਾਰਧਾਰਕ ਸਰੂਪ ਵੀ.ਡੀ. ਸਾਵਰਕਰ ਦੇ “ਹਿੰਦੂਤਵ: ਹੂ ਇਜ਼ ਹਿੰਦੂ?” ਨੇ ਦਿੱਤਾ। ਦੇਸ਼ਪਾਂਡੇ ਅਤੇ ਰਾਮਾਸਵਾਮੀ ਲਿਖਦੇ ਹਨ, “ਸਾਵਰਕਰ ਦੀ ‘ਹਿੰਦੂਤਵ’ ਦੀ ਧਾਰਨਾ ਦੀ ਪ੍ਰੇਰਨਾਦਾਇਕ ਅਤੇ ਸ਼ਾਨਦਾਰ ਵਿਆਖਿਆ ਨੇ, ਜੋ ਅਕੱਟ ਦਲੀਲ ਅਤੇ ਸਪਸ਼ਟਤਾ ਵਾਲੀ ਸੀ, ਡਾਕਟਰ ਜੀ ਦੇ ਦਿਲ ਨੂੰ ਟੁੰਬਿਆ।” ਸੰਘ ਦੇ ਅੰਦਰੂਨੀ ਸੂਤਰਾਂ ਵੱਲੋਂ “ਸ਼ਾਨਦਾਰ” ਅਤੇ “ਅਕੱਟ” ਵਰਗੇ ਸ਼ਬਦਾਂ ਦੀ ਵਰਤੋਂ ਸਾਵਰਕਰ ਦੇ ਗੁਰ ਦੇ ਮਾੜੇ ਕਿਰਦਾਰ ਉੱਪਰ ਪਰਦਾ ਪਾਉਣ ਲਈ ਹੈ। ਅੰਗਰੇਜ਼ਾਂ ਨੂੰ ਵਾਰ-ਵਾਰ ਰਹਿਮ ਦੀ ਅਪੀਲ ਕਰਨ ਤੋਂ ਬਾਅਦ ਸਾਵਰਕਰ ਨੂੰ ਜੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ ਅਤੇ ਉਸਦੀ ਕਿਤਾਬ ਬਸਤੀਵਾਦੀ ਰਾਜ ਦੀ ਅਸਲੀਅਤ ਬਾਰੇ ਕੁਝ ਨਹੀਂ ਕਹਿੰਦੀ। ਦਰਅਸਲ, ਬਰਤਾਨੀਆ ਪ੍ਰਤੀ ਵਫ਼ਾਦਾਰੀ ਦੀ ਕਸਮ ਖਾਣ ਵਾਲੇ ਕਿਸੇ ਸ਼ਖ਼ਸ ਦੁਆਰਾ ਲਿਖੀ ਗਈ ਇਹ ਕਿਤਾਬ ਕੁਝ ਇਸ ਤਰ੍ਹਾਂ ਲਿਖੀ ਗਈ ਹੈ ਜੋ ਹਿੰਦੂਆਂ ਨੂੰ ਅੰਦਰੂਨੀ ਅਤੇ ਮੁਸਲਮਾਨਾਂ ਨੂੰ ਬਾਹਰਲਿਆਂ ਵਜੋਂ ਪੇਸ਼ ਕਰਦੀ ਹੈ।

ਸਾਵਰਕਰ ਇਕ ਰਾਜਨੀਤਕ ਸ਼ਖ਼ਸ ਸੀ ਅਤੇ ਹਿੰਦੂ ਮਹਾਸਭਾ ਦੇ ਮੁਖੀ ਵਜੋਂ ਉਹ ਉਸ ਸੰਘ ਦਾ ਹਿੱਸਾ ਸੀ ਜਿਸਨੂੰ ਅਸੀਂ ਅੱਜ ਸੰਘ ਪਰਿਵਾਰ ਕਹਿੰਦੇ ਹਾਂ। ਜਿਵੇਂ ਕਿ ਧੀਰੇਂਦਰ ਕੇ. ਝਾਅ ਨੇ ਨੱਥੂਰਾਮ ਗੌਡਸੇ ਬਾਰੇ ਦੀ ਕਾਰਵਾਂ ਲਈ ਲਿਖੇ ਆਪਣੇ ਖੋਜ ਭਰਪੂਰ ਲੇਖ ਵਿਚ ਲਿਖਿਆ ਹੈ, ਐੱਮ.ਕੇ. ਗਾਂਧੀ ਦੇ ਕਤਲ ਤੋਂ ਪਹਿਲਾਂ ਦੇ ਸਾਲਾਂ ਵਿਚ ਮਹਾਸਭਾ ਅਤੇ ਆਰ.ਐੱਸ.ਐੱਸ. ਵਿਚ ਤਕਰੀਬਨ ਕੋਈ ਅੰਤਰ ਨਹੀਂ ਸੀ, ਬਹੁਤ ਸਾਰੇ ਸੀਨੀਅਰ ਆਗੂ ਇੱਕੋ ਸਮੇਂ ਦੋਹਾਂ ਜਥੇਬੰਦੀਆਂ ਦਾ ਹਿੱਸਾ ਸਨ। ਕਤਲ ਤੋਂ ਬਾਅਦ ਹੀ, ਇਸਦੇ ਨਤੀਜਿਆਂ ਤੋਂ ਬਚਣ ਲਈ ਆਰ.ਐੱਸ.ਐੱਸ. ਨੇ ਮਹਾਸਭਾ ਤੋਂ ਆਪਣੇ ਵੱਖ ਹੋਣ ਦੀ ਕਹਾਣੀ ਘੜਨ ਦੀ ਕੋਸ਼ਿਸ਼ ਕੀਤੀ।

ਸਾਵਰਕਰ ਨੇ ਹਿੰਦੂ ਮਹਾਸਭਾ ਦੇ ਬਾਨੀ ਪ੍ਰਧਾਨ ਵਜੋਂ ਜੋ ਭਾਸ਼ਣ ਦਿੱਤਾ ਸੀ, ਉਸ ਵਿਚ ਉਸਨੇ ‘ਹਿੰਦੂ ਕੌਣ ਹੈ?’ ਉੱਪਰ ਆਪਣਾ ਰੁਖ ਸਪੱਸ਼ਟ ਕਰਦਿਆਂ ਕਿਹਾ ਸੀ, “ਹਰ ਕੋਈ ਜੋ ਸਿੰਧੂ ਤੋਂ ਲੈ ਕੇ ਸਮੁੰਦਰ ਤੱਕ ਭਾਰਤ ਦੀ ਇਸ ਧਰਤੀ ਨੂੰ ਆਪਣੀ ਜਨਮ-ਭੂਮੀ ਅਤੇ ਪਵਿੱਤਰ-ਭੂਮੀ ਮੰਨਦਾ ਹੈ ਅਤੇ ਉਸ ਉੱਪਰ ਦਾਅਵਾ ਕਰਦਾ ਹੈ, ਉਹ ਹਿੰਦੂ ਹੈ।” ਹੇਡਗੇਵਾਰ ਦੀ ਭਾਰਤ-ਮਾਂ ਦੀ ਧਾਰਨਾ ਅਤੇ ਸਾਵਰਕਰ ਦੀ ਪਿਤਰ-ਭੂਮੀ ਦੀ ਧਾਰਨਾ ਵਿਚਕਾਰ ਟਕਰਾਅ ਓੜਕ “ਮਾਂ” ਸ਼ਬਦ ਦੇ ਹੱਕ ਵਿਚ ਹੱਲ ਹੋ ਗਿਆ ਸੀ ਪਰ ਕਿਸੇ ਵੀ ਤਰੀਕੇ ਨਾਲ ਇਸਦਾ ਮਤਲਬ ਬਾਈਕਾਟ ਸੀ। ਸਾਵਰਕਰ ਨੇ ਕਿਹਾ, “ਜਿਵੇਂ ਕਿ ਹਿੰਦੂਤਵ ਦਾ ਪਹਿਲਾ ਹਿੱਸਾ, ਇਕ ਸਾਂਝੀ ਪਵਿੱਤਰ ਧਰਤੀ ਉੱਪਰ ਕਬਜਾ, ਭਾਰਤੀ ਮੁਸਲਮਾਨਾਂ, ਯਹੂਦੀਆਂ, ਈਸਾਈਆਂ, ਪਾਰਸੀਆਂ ਆਦਿ ਨੂੰ ਆਪਣੇ ਆਪ ਨੂੰ ਹਿੰਦੂ ਹੋਣ ਦਾ ਦਾਅਵਾ ਕਰਨ ਤੋਂ ਬਾਹਰ ਰੱਖਦਾ ਹੈ, ਜੋ ਅਸਲ ਵਿਚ ਉਹ ਕਰਦੇ ਵੀ ਨਹੀਂ ਹਨ ... ਦੂਜੇ ਪਾਸੇ, ਪਰਿਭਾਸ਼ਾ ਦਾ ਦੂਜਾ ਹਿੱਸਾ ਭਾਵ ਇਕ ਸਾਂਝੀ ਪਿਤਰ-ਭੂਮੀ ਹੋਣਾ, ਜਾਪਾਨੀ, ਚੀਨੀ ਅਤੇ ਹੋਰ ਲੋਕਾਂ ਨੂੰ ਹਿੰਦੂ ਧਰਮ ਤੋਂ ਬਾਹਰ ਰੱਖਦਾ ਹੈ।”

ਇਸ ਬਾਈਕਾਟ ਦੀ ਹੇਡਗੇਵਾਰ ਦੇ ਵਾਰਿਸ ਐੱਮ.ਐੱਸ. ਗੋਲਵਲਕਰ ਨੇ ਹਮਾਇਤ ਕੀਤੀ, ਜਿਸ ਨੇ ਜਰਮਨੀ ਦੀਆਂ ਯਹੂਦੀ ਘੱਟ-ਗਿਣਤੀਆਂ ਨਾਲ ਹਿਟਲਰ ਦੇ ਸਲੂਕ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। “ਵੀ ਔਰ ਅਵਰ ਨੇਸ਼ਨਹੁਡ ਡੀਫਾਈਨਡ” (ਅਸੀਂ ਜਾਂ ਸਾਡੀ ਰਾਸ਼ਟਰ ਦੀ ਪ੍ਰੀਭਾਸ਼ਾ) ਵਿਚ ਉਹ ਲਿਖਦਾ ਹੈ, “ਜਰਮਨੀ ਨੇ ਇਹ ਵੀ ਦਿਖਾਇਆ ਹੈ ਕਿ ਨਸਲਾਂ ਅਤੇ ਸੰਸਕ੍ਰਿਤੀਆਂ ਲਈ, ਜਿਨ੍ਹਾਂ ਵਿਚ ਮੂਲ ਮਤਭੇਦ ਹਨ, ਇਕ ਇਕਜੁੱਟ ਇਕਾਈ ਵਿਚ ਸਮੋਣਾ ਕਿੰਨਾ ਅਸੰਭਵ ਹੈ; ਇਹ ਹਿੰਦੁਸਤਾਨ ਵਿਚ ਸਾਡੇ ਲਈ ਸਿੱਖਣ ਅਤੇ ਲਾਭ ਉਠਾਉਣ ਲਈ ਇਕ ਚੰਗਾ ਸਬਕ ਹੈ।” 2014 ਵਿਚ ਮੋਦੀ ਦੀ ਜਿੱਤ ਤੋਂ ਤੁਰੰਤ ਬਾਅਦ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਇਕ ਬਿਆਨ ਦਿੱਤਾ ਜਿਸ ਨੂੰ ਇਸ ਇਤਿਹਾਸ ਦੇ ਪ੍ਰਸੰਗ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ: “ਹਿੰਦੁਸਤਾਨ ਇਕ ਹਿੰਦੂ ਰਾਸ਼ਟਰ ਹੈ... ਹਿੰਦੂਤਵ ਸਾਡੇ ਰਾਸ਼ਟਰ ਦੀ ਪਛਾਣ ਹੈ। ਅਤੇ ਇਹ ਦੂਜਿਆਂ ਨੂੰ ਆਪਣੇ ’ਚ ਸਮੋ ਸਕਦਾ ਹੈ।”

ਇਸ ਤੋਂ ਬਾਅਦ ਜੋ ਵੀ ਹੋਇਆ ਉਹ ਆਰ.ਐੱਸ.ਐੱਸ. ਦੀ ਇਸ ਵਿਚਾਰਧਾਰਾ ਦੇ ਅਨੁਸਾਰ ਹੈ। ਕੇਂਦਰ ਸਰਕਾਰ ਇਸ ਅਮਲ ਵਿਚ ਭਾਈਵਾਲ ਰਹੀ ਹੈ। ਪ੍ਰਧਾਨ ਮੰਤਰੀ ਖ਼ੁਦ ਵੀ ਆਰ.ਐੱਸ.ਐੱਸ. ਤੋਂ ਹੈ ਅਤੇ ਇਸ ਦੇ ਮੁੱਲਾਂ ਨਾਲ ਗੜੁੱਚ ਹੈ। 2008 ਵਿਚ ਉਸਨੇ “ਜੋਤੀਪੁੰਜ: ਬੀਮਜ਼ ਆਫ ਲਾਈਟ” ਨਾਂ ਦੀ ਇਕ ਕਿਤਾਬ ਲਿਖੀ ਜਿਸ ਵਿਚ ਆਰ.ਐੱਸ.ਐੱਸ. ਦੇ 16 ਮੁਖੀਆਂ ਦੀਆਂ ਜੀਵਨੀਆਂ ਹਨ ਜਿਨ੍ਹਾਂ ਨੇ ਉਸਨੂੰ ਪ੍ਰੇਰਿਤ ਕੀਤਾ ਹੈ। ਸਭ ਤੋਂ ਲੰਮਾ ਲੇਖ ਗੋਲਵਲਕਰ ਬਾਰੇ ਸੀ। ਮੋਦੀ ਨੇ ਇਕ ਅਜਿਹੀ ਸਰਕਾਰ ਦੀ ਪ੍ਰਧਾਨਗੀ ਕੀਤੀ ਹੈ ਜਿਸ ਨੇ ਸੰਘ ਪਰਿਵਾਰ ਦੇ ਮੈਂਬਰਾਂ ਅਤੇ ਹਿੰਦੂਤਵ ਦੀ ਵਿਚਾਰਧਾਰਾ ਨਾਲ ਜੁੜੇ ਲੋਕਾਂ ਵੱਲੋਂ ਮੁਸਲਮਾਨਾਂ ਵਿਰੁੱਧ ਹਿੰਸਾ ਭੜਕਾਉਣ ਉੱਪਰ ਚੁੱਪ ਧਾਰੀ ਹੋਈ ਹੈ।

2002 ਦੀ ਗੁਜਰਾਤ ਹਿੰਸਾ ਤੋਂ ਲੈ ਕੇ ਮੋਦੀ ਦਾ ਰਾਜਨੀਤਕ ਕਰੀਅਰ ਮੁਸਲਿਮ ਘੱਟਗਿਣਤੀਆਂ ਬਾਰੇ ਲਗਾਤਾਰ ਅਫਵਾਹਾਂ ’ਤੇ ਆਧਾਰਤ ਰਿਹਾ ਹੈ। ਸਤੰਬਰ 2002 ਵਿਚ ਗੁਜਰਾਤ ਵਿਚ ਮੁਸਲਿਮ ਵਿਰੋਧੀ ਹਿੰਸਾ ਤੋਂ ਬਾਅਦ ਇਕ ਭਾਸ਼ਣ ਵਿਚ ਉਸਨੇ ਕਿਹਾ, “ਮੈਂ ਆਪਣੇ ਕਾਂਗਰਸੀ ਮਿੱਤਰਾਂ ਨੂੰ ਇਕ ਸਵਾਲ ਪੁੱਛਦਾ ਹਾਂ... ਅਸੀਂ ਸ਼੍ਰਾਵਣ ਦੇ ਮਹੀਨੇ ਸਾਬਰਮਤੀ ਵਿਚ ਪਾਣੀ ਲਿਆਉਂਦੇ ਹਾਂ, ਜਦੋਂ ਤੁਸੀਂ ਉੱਥੇ ਹੁੰਦੇ ਹੋ ਤਾਂ ਤੁਸੀਂ ਇਸਨੂੰ ਰਮਜਾਨ ਦੇ ਮਹੀਨੇ ’ਚ ਲਿਆਉਂਦੇ ਹੋ। ਜਦੋਂ ਅਸੀਂ ਸ਼੍ਰਾਵਣ ਦੇ ਮਹੀਨੇ ਵਿਚ ਪਾਣੀ ਲੈ ਕੇ ਆਏ ਤਾਂ ਤੁਹਾਨੂੰ ਬੁਰਾ ਲੱਗਦਾ ਹੈ... ਭਾਈ ਕੀ ਅਸੀਂ ਰਾਹਤ ਕੈਂਪ ਚਲਾਈਏ? ਕੀ ਮੈਂ ਉੱਥੇ ਬੱਚੇ ਜੰਮਣ ਦੇ ਕੇਂਦਰ ਸ਼ੁਰੂ ਕਰਾਂ? ਅਸੀਂ ਦ੍ਰਿੜ ਇਰਾਦੇ ਨਾਲ ਪਰਿਵਾਰ ਨਿਯੋਜਨ ਦੀ ਨੀਤੀ ਅਪਣਾ ਕੇ ਤਰੱਕੀ ਹਾਸਲ ਕਰਨਾ ਚਾਹੁੰਦੇ ਹਾਂ। ਹਮ ਪਾਂਚ ਔਰ ਹਮਾਰੇ ਪੱਚੀਸ! ਅਜਿਹਾ ਵਿਕਾਸ ਕਿਸ ਦੇ ਨਾਂ ’ਤੇ ਕੀਤਾ ਜਾਂਦਾ ਹੈ? ਕੀ ਗੁਜਰਾਤ ਪਰਿਵਾਰ ਨਿਯੋਜਨ ਨੂੰ ਲਾਗੂ ਨਹੀਂ ਕਰ ਸਕਦਾ? ਸਾਡੇ ਰਾਹ ਵਿਚ ਕੌਣ ਰੁਕਾਵਟਾਂ ਪਾ ਰਿਹਾ ਹੈ? ਕਿਹੜਾ ਧਾਰਮਿਕ ਫਿਰਕਾ ਅੜਿੱਕਾ ਬਣ ਰਿਹਾ ਹੈ? ਗ਼ਰੀਬਾਂ ਤੱਕ ਪੈਸਾ ਕਿਉਂ ਨਹੀਂ ਪਹੁੰਚ ਰਿਹਾ? ਜੇਕਰ ਕੁਝ ਲੋਕ ਬੱਚੇ ਜੰਮਦੇ ਰਹਿਣਗੇ ਤਾਂ ਬੱਚੇ ਸਾਈਕਲਾਂ ਨੂੰ ਪੈਂਚਰ ਹੀ ਲਗਾਉਣਗੇ?”

ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਭਾਰਤ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਸ ਦੀ ਭਵਿੱਖਬਾਣੀ ਗੋਲਵਲਕਰ ਨੇ ਹੀ ਕੀਤੀ ਸੀ। ਉਸ ਦਾ ਵਿਚਾਰ ਸੀ, “ਹਿੰਦੁਸਤਾਨ ਵਿਚ ਬਦੇਸ਼ੀ ਨਸਲਾਂ ਨੂੰ ਜਾਂ ਤਾਂ ਹਿੰਦੂ ਨਸਲ ਵਿਚ ਮਿਲ ਜਾਣ ਲਈ ਆਪਣੀ ਵੱਖਰੀ ਹੋਂਦ ਤਿਆਗਣੀ ਹੋਵੇਗੀ ਜਾਂ ਮੁਲਕ ਵਿਚ ਰਹਿਣਾ ਹੈ ਤਾਂ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੇ ਅਧੀਨ ਹੋ ਕੇ ਰਹਿਣਾ ਹੋਵੇਗਾ ਅਤੇ ਕੁਝ ਵੀ ਦਾਅਵਾ ਨਹੀਂ ਕਰਨਾ ਹੋਵੇਗਾ, ਉਨ੍ਹਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੋਵੇਗਾ, ਕਿਸੇ ਵੀ ਤਰਜੀਹੀ ਵਿਹਾਰ ਦੀ ਤਾਂ ਗੱਲ ਛੱਡੋ। ਇੱਥੋਂ ਤੱਕ ਕਿ ਨਾਗਰਿਕ ਅਧਿਕਾਰ ਵੀ ਨਹੀਂ ਮਿਲਣਗੇ।”

ਮਾਨਵਤਾ ਵਿਰੁੱਧ ਜੁਰਮਾਂ ਨੂੰ ਪਰਿਭਾਸ਼ਿਤ ਕਰਨ ਦਾ ਵਿਚਾਰ ਨਾਜ਼ੀਆਂ ਦੇ ਨਿਊਰਮਬਰਗ ਮੁਕੱਦਮਿਆਂ ਤੋਂ ਬਾਅਦ ਦੇ ਸਮੇਂ ਤੋਂ ਹੀ ਵਿਚਾਰ ਅਧੀਨ ਰਿਹਾ ਹੈ ਪਰ ਆਖ਼ਿਰਕਾਰ 1998 ਵਿਚ ਇਸ ਨੂੰ ਰੋਮ ਕਨਵੈਨਸ਼ਨ (ਅੰਤਰਾਸ਼ਟਰੀ ਜੁਰਮ ਅਦਾਲਤ ਦਾ ਰੋਮ ਕਾਨੂੰਨ) ਤਹਿਤ ਤਿਆਰ ਕੀਤਾ ਗਿਆ। ਨਸਲਕੁਸ਼ੀ ਦੀ ਰੋਕਥਾਮ ਬਾਰੇ ਸੰਯੁਕਤ ਰਾਸ਼ਟਰ ਨੇ ਅਜਿਹੇ ਐਕਟ ਦੇ ਗਠਨ ਲਈ ਪੂਰੀਆਂ ਸ਼ਰਤਾਂ ਸੂਚੀਬਧ ਕੀਤੀਆਂ ਹਨ।

ਯੂ.ਐੱਨ.ਓਜੀਪੀ (ਓਪਨ ਗਵਰਨਮੈਂਟ ਪਾਰਟੀਸੀਪੇਸ਼ਨ ਜੋ ਵੱਖ-ਵੱਖ ਮੁਲਕਾਂ ਦੀ ਬਹੁਧਿਰੀ ਪਹਿਲਕਦਮੀਂ ਹੁੰਦੀ ਹੈ) ਦਾ ਕਹਿਣਾ ਹੈ, “ਰੋਮ ਕਨਵੈਨਸ਼ਨ ਦੀ ਧਾਰਾ 7(1) ਅਨੁਸਾਰ, ਮਾਨਵਤਾ ਦੇ ਵਿਰੁੱਧ ਜੁਰਮਾਂ ਨੂੰ ਹਥਿਆਰਬੰਦ ਸੰਘਰਸ਼ ਨਾਲ ਜੋੜਨ ਦੀ ਜ਼ਰੂਰਤ ਨਹੀਂ ਹੈ ਅਤੇ ਇਹ ਨਸਲਕੁਸ਼ੀ ਦੇ ਜੁਰਮ ਵਾਂਗ ਸ਼ਾਂਤੀ ਦੇ ਸਮੇਂ ਵਿਚ ਵੀ ਹੋ ਸਕਦਾ ਹੈ।” ਉਸੇ ਲਿਖਤ ਵਿਚ ਕਿਹਾ ਗਿਆ ਹੈ ਕਿ ਅਜਿਹੇ ਜੁਰਮ ਦੇ ਤਿੰਨ ਤੱਤ ਹੁੰਦੇ ਹਨ: 1. ਭੌਤਿਕ ਰੂਪ ’ਚ ਇਸ ਵਿਚ “ਹੇਠ ਦਿੱਤਿਆਂ ਵਿੱਚੋਂ ਕੋਈ ਵੀ ਕੰਮ ਕਰਨਾ ਸ਼ਾਮਲ ਹੈ: ੳ. ਕਤਲ; ਅ. ਵਿਨਾਸ਼; ੲ. ਗੁਲਾਮੀ; ਸ. ਆਬਾਦੀ ਨੂੰ ਉਜਾੜਨਾ ਜਾਂ ਜਬਰਦਸਤੀ ਤਬਾਦਲਾ; ਹ. ਕੈਦ; ਕ. ਤਸੀਹੇ/ਤਸ਼ੱਦਦ; ਖ. ਜਿਨਸੀ ਹਿੰਸਾ ਦੇ ਗੰਭੀਰ ਰੂਪ; ਗ. ਖ਼ਾਸ ਸਮੂਹ ਨੂੰ ਸਤਾਉਣਾ; ਘ. ਵਿਅਕਤੀਆਂ ਨੂੰ ਜਬਰਦਸਤੀ ਲਾਪਤਾ ਕਰਨਾ; ਙ. ਨਸਲੀ ਜੁਰਮ; ਚ. ਹੋਰ ਅਣਮਨੁੱਖੀ ਕਾਰੇ। 2. ਪ੍ਰਸੰਗ ਦੇ ਰੂਪ ’ਚ ਇਸ ਵਿਚ ਸ਼ਾਮਲ ਹਨ: “ਜਦੋਂ ਕਿਸੇ ਨਾਗਰਿਕ ਆਬਾਦੀ ਦੇ ਵਿਰੁੱਧ ਵਿਆਪਕ ਜਾਂ ਯੋਜਨਾਬਧ ਹਮਲੇ ਕੀਤੇ ਜਾਂਦੇ ਹਨ”; ਅਤੇ 3. ਮਾਨਸਿਕ ਤੌਰ ’ਤੇ ਇਸ ਵਿਚ ਸ਼ਾਮਲ ਹਨ: “ਹਮਲੇ ਅਚਾਨਕ ਨਾ ਹੋਣ।”

ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਭੌਤਿਕ ਮਾਪਦੰਡ ਨੂੰ ਪੂਰਾ ਕਰਦਾ ਹੈ। ਗਊ-ਮਾਸ ਦੇ ਨਾਂ ’ਤੇ ਕੀਤੀ ਜਾਣ ਵਾਲੀ ਲਿੰਚਿੰਗ ਕਤਲ ਦੀ ਕਸੌਟੀ ਉੱਪਰ ਪੂਰੀ ਉਤਰਦੀ ਹੈ।

ਪ੍ਰਸੰਗਿਕ ਰੂਪ ’ਚ ਲਿੰਚਿੰਗ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਯੂ.ਐੱਨ.ਓਜੀਪੀ ਦੇ ਪ੍ਰਸੰਗਿਕ ਰੂਪ ’ਚ ਵਿਸਤਾਰ ’ਚ ਕਿਹਾ ਗਿਆ ਹੈ ਕਿ “ਮਾਨਵਤਾ ਵਿਰੁੱਧ ਜੁਰਮਾਂ ਵਿਚ ਜਾਂ ਤਾਂ ਪੀੜਤਾਂ ਦੀ ਸੰਖਿਆ ਦੇ ਸਬੰਧ ਵਿਚ ਵੱਡੇ ਪੈਮਾਨੇ ਦੀ ਹਿੰਸਾ ਜਾਂ ਇਕ ਵਿਸ਼ਾਲ ਭੂਗੋਲਿਕ ਖੇਤਰ (ਵਿਆਪਕ), ਜਾਂ ਇਕ ਯੋਜਨਾਬਧ ਕਿਸਮ ਦੀ ਹਿੰਸਾ (ਗਿਣੀ-ਮਿੱਥੀ) ਸ਼ਾਮਲ ਹੈ।” ਲਿੰਚਿੰਗ ਦੇ ਮਾਮਲੇ ਉੱਤਰ ਪ੍ਰਦੇਸ਼ ਤੋਂ ਲੈ ਕੇ ਮਹਾਰਾਸ਼ਟਰ ਤੱਕ ਹਨ, ਪੀੜਤਾਂ ਦੀ ਗਿਣਤੀ 50 ਨੂੰ ਪਾਰ ਕਰ ਗਈ ਹੈ ਅਤੇ ਸਾਰਿਆਂ ਵਿਚ ਯੋਜਨਾਬੱਧ ਤੇ ਤਾਲਮੇਲ ਵਾਲੇ ਹਮਲਿਆਂ ਦਾ ਇੱਕੋ ਹੀ ਪੈਟਰਨ ਹੈ। ਇਨ੍ਹਾਂ ਕਾਰਵਾਈਆਂ ਦੀ ਜਾਣਕਾਰੀ ਦਾ ਮਾਨਸਿਕ ਰੂਪ ਲਿੰਚਿੰਗ ਦੇ ਮਾਮਲੇ ’ਚ ਦਿੱਤਾ ਗਿਆ ਹੈ, ਜਿੱਥੇ ਪੀੜਤਾਂ ਨੂੰ ਚੁਣਿਆ ਜਾਂਦਾ ਹੈ, ਧੂਹ ਲਿਆ ਜਾਂਦਾ ਹੈ ਅਤੇ ਫਿਰ ਮਾਰ ਦਿੱਤਾ ਜਾਂਦਾ ਹੈ।

ਯੂ.ਐੱਨ.ਓਜੀਪੀ ਦੇ ਨੋਟ ਵਿਚ ਵਿਸਤਾਰ ’ਚ ਦੱਸਿਆ ਗਿਆ ਹੈ ਕਿ “ਹਮਲਾ ਕਰਨ ਲਈ ਰਾਜ ਜਾਂ ਸੰਗਠਨਾਤਮਕ ਨੀਤੀ ਨੂੰ ਅੱਗੇ ਵਧਾਉਣਾ ਮਾਨਵਤਾ ਵਿਰੁੱਧ ਜੁਰਮ ਮੰਨਿਆ ਜਾਣਾ ਚਾਹੀਦਾ ਹੈ। ਯੋਜਨਾ ਜਾਂ ਨੀਤੀ ਨੂੰ ਸਪੱਸ਼ਟ ਰੂਪ ’ਚ ਤੈਅ ਕਰਨ ਜਾਂ ਰਸਮੀ ਤੌਰ ’ਤੇ ਅਪਣਾਏ ਜਾਣ ਦੀ ਜ਼ਰੂਰਤ ਨਹੀਂ ਹੈ ਅਤੇ ਇਸ ਲਈ ਹਾਲਾਤ ਦੀ ਸਮੁੱਚਤਾ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ।”

ਇਸ ਗੱਲ ’ਤੇ ਜ਼ੋਰ ਦੇਣਾ ਮਹੱਤਵਪੂਰਨ ਹੈ ਕਿ ਨਸਲਕੁਸ਼ੀ ਦੀ ਯੋਜਨਾ ਜਾਂ ਨੀਤੀ ਨੂੰ ਸਪੱਸ਼ਟ ਤੌਰ ’ਤੇ ਨਿਰਧਾਰਤ ਜਾਂ ਰਸਮੀ ਤੌਰ ’ਤੇ ਅਪਣਾਏ ਜਾਣ ਦੀ ਜ਼ਰੂਰਤ ਨਹੀਂ ਹੈ ਅਤੇ ਇਸ ਲਈ ਹਾਲਾਤ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇੱਥੇ ਪੇਸ਼ ਕੀਤਾ ਗਿਆ ਕੇਸ - ਨਫ਼ਰਤ ਅਤੇ ਵਿਤਕਰੇ ਦੀ ਵਿਚਾਰਧਾਰਾ ਤੋਂ ਲੈ ਕੇ ਹਿੰਸਾ ਦੀਆਂ ਵਾਰਦਾਤਾਂ ਦੇ ਨਾਲ-ਨਾਲ ਬਾਈਕਾਟ ਲਈ ਕਾਨੂੰਨੀ ਅਧਾਰ ਤੱਕ - ਇਹ ਸਥਾਪਿਤ ਕਰਨ ਤੋਂ ਕਿਤੇ ਜ਼ਿਆਦਾ ਹੈ ਕਿ ਅਜਿਹੀ ਯੋਜਨਾ ਦਾ ਅੰਦਾਜ਼ਾ ਹਾਲਾਤ ਦੇਖ ਕੇ ਲਗਾਇਆ ਜਾ ਸਕਦਾ ਹੈ। ਅਸਲ ਵਿਚ, ਇਸ ਨੂੰ ਸਭ ਤੋਂ ਬਿਹਤਰ ਗੋਲਵਲਕਰ ਨੇ ਬਿਆਨ ਕੀਤਾ ਹੈ, ਉਹ ਸ਼ਖ਼ਸ ਜਿਸਨੂੰ ਮੋਦੀ ਅਤੇ ਭਾਗਵਤ ਦੋਵੇਂ ਨਾ ਸਿਰਫ਼ ਆਪਣਾ ਵਿਚਾਰਧਾਰਕ ਰਾਹਬਰ ਮੰਨਦੇ ਹਨ, ਸਗੋਂ ਆਪਣਾ ਗੁਰੂ ਵੀ ਮੰਨਦੇ ਹਨ।

# ਏਸ਼ੀਅਨ ਤਰਕਸ਼ੀਲ ਸੁਸਾਇਟੀ ਬ੍ਰਿਟੇਨ ਅਤੇ ਖੱਟਕੜ ਕਲਾਂ ਨਿਵਾਸੀਆਂ ਵਲੋਂ ਸ਼ਹੀਦ ਭਗਤ ਸਿੰਘ ਜੀ ਦਾ 116ਵਾਂ ਜਨਮ ਦਿਨ ਮਨਾਇਆ

ਬਰਮਿੰਘਮ, (ਅਦਾਰਾ ਸਰੋਕਾਰਾਂ ਦੀ ਆਵਾਜ਼) : ਬੀਤੇ ਦਿਨੀਂ ਏਸ਼ੀਅਨ ਤਰਕਸ਼ੀਲ ਸੁਸਾਇਟੀ ਬ੍ਰਿਟੇਨ ਅਤੇ ਖੱਟਕੜ ਕਲਾਂ ਨਿਵਾਸੀਆਂ ਵਲੋਂ ਸ਼ਹੀਦ ਭਗਤ ਸਿੰਘ ਜੀ ਦੇ 116ਵੇਂ ਜਨਮ ਦਿਨ ਨੂੰ ਸਮਰਪਿਤ ਇਕ ਪਰਿਵਾਰਿਕ ਪ੍ਰੋਗਰਾਮ ਰਾਏ ਫੰਕਸ਼ਨ ਹਾਲ, ਹੈਂਡਜ਼ਵਰਥ, ਬਰਮਿੰਘਮ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਨੂੰ ਪੰਜਾਬੀ ਭਾਈਚਾਰੇ ਵਲੋਂ ਭਰਪੂਰ ਹੁੰਗਾਰਾ ਮਿਲਿਆ।







ਪ੍ਰੋਗਰਾਮ ਦੀ ਸ਼ੁਰੂਆਤ ਏਸ਼ੀਅਨ ਤਰਕਸ਼ੀਲ ਸੁਸਾਇਟੀ ਬ੍ਰਿਟੇਨ ਦੇ ਪ੍ਰਧਾਨ ਸੱਚਦੇਵ ਵਿਰਦੀ ਜੀ ਨੇ ਲੋਕਾਂ ਨੂੰ ਜੀ ਆਇਆਂ ਆਖਕੇ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਜੀਵਨ, ਸੋਚ ਅਤੇ ਦੇਸ਼ ਲਈ ਕੀਤੀ ਕੁਰਬਾਨੀ ਬਾਰੇ ਵਿਚਾਰ ਸਾਂਝੇ ਕਰਕੇ ਕੀਤੀ। ਉਹਨਾਂ ਤੋਂ ਬਾਅਦ ਬੱਚਿਆਂ ਦੀ ਢੋਲ ਟੀਮ ਨੇ ਚੰਗਾ ਰੰਗ ਬੰਨਿਆ। ਡਾ. ਹਰੀਸ਼ ਮਲਹੋਤਰਾ ਅਤੇ ਬਲਵੀਰ ਰੱਤੂ ਜੀ ਨੇ ਸੁਸਾਇਟੀ ਵਲੋਂ ਬੋਲਦਿਆਂ ਸ਼ਹੀਦ ਭਗਤ ਸਿੰਘ ਦੇ ਜੀਵਨ, ਦਰਸ਼ਨ, ਨੌਜਵਾਨਾਂ ਨੂੰ ਸੁਨੇਹੇ, ਤਰਕਸ਼ੀਲਤਾ ਅਤੇ ਤਰਕ ਅਧਾਰਿਤ ਜੀਵਨ ਜਾਂਚ ਬਾਰੇ ਵੇਰਵੇ ਨਾਲ ਦੱਸਿਆ। ਇੰਡੀਆ ਤੋਂ ਆਏ ਬੁਲਾਰੇ ਕੁਲਵਿੰਦਰ ਵੜੈਚ ਅਤੇ ਡਾ. ਅਜੀਤ ਪਾਲ ਐਮ.ਡੀ. ਜੀ ਨੇ ਪੰਜਾਬ ਅਤੇ ਪੂਰੇ ਭਾਰਤ ਦੇ ਹਾਲਾਤਾਂ ਬਾਰੇ ਹਾਜ਼ਰ ਦਰਸ਼ਕਾਂ ਨੂੰ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਅੱਜ ਦਾ ਇੰਡੀਆ ਸ਼ਹੀਦ ਭਗਤ ਦੇ ਸੁਪਨਿਆਂ ਦਾ ਇੰਡੀਆ ਨਹੀਂ ਹੈ ਅਤੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਭਾਰਤੀ ਮਜ਼ਦੂਰ ਸਭਾ ਦੇ ਬਰਮੀਘੰਮ ਬ੍ਰਾਂਚ ਦੇ ਪ੍ਰਧਾਨ ਸ਼ੀਰਾ ਜੌਹਲ ਨੇ ਇੰਗਲੈਂਡ 'ਚ ਹੰਢਾਏ ਨਸਲੀ ਵਿਤਕਰੇ ਅਤੇ ਸੰਘਰਸ਼ ਬਾਰੇ ਦਰਸ਼ਕਾਂ ਨੂੰ ਯਾਦ ਕਰਾਇਆ ਅਤੇ ਅੱਜ ਦਰਪੇਸ਼ ਸਮੱਸਿਆ ਬਾਰੇ ਸੰਘਰਸ਼ ਦੀ ਲੋੜ ਤੇ ਜੋਰ ਦਿੱਤਾ।

ਭਰੇ ਹਾਲ ਵਿੱਚ ਹਾਜ਼ਰੀਨ ਲਈ ਬਲਵੀਰ ਭੁਜੰਗੀ, ਜਸਵੰਤ ਲਖਨਪਾਲ, ਸੋਖਾ ਉੱਪਲ, ਮੰਗਾ ਉੱਪਲ, ਬੰਗੜ ਅਤੇ ਹਰਜਿੰਦਰ ਸੋਢੀ ਨੇ ਅਗਾਂਹਵਧੂ ਗੀਤ ਗਾ ਕੇ ਸ਼ਹੀਦ ਭਗਤ ਸਿੰਘ ਜੀ ਨੂੰ ਯਾਦ ਕੀਤਾ। ਰਾਜਿੰਦਰ ਦੂਲੇ ਦੀ ਕਵਿਤਾ ਨੇ ਲੋਕਾਂ ਦੀ ਵਾਹਵਾ ਵਾਹ-ਵਾਹ ਖੱਟੀ। ਗੁਰਦਿਆਲ ਖੁਸ਼ਦਿਲ ਦੀ ਜਾਦੂ ਦੀ ਕਲਾ ਵੇਖਕੇ ਦਰਸ਼ਕਾਂ ਦੀਆਂ ਅੱਖਾਂ ਹੈਰਾਨੀ ਨਾਲ ਅੱਡੀਆਂ ਰਹਿ ਗਈਆਂ। ਖੁਸ਼ਦਿਲ ਜੀ ਨੇ ਜਦੋਂ ਜਾਦੂ ਦੇ ਕੁਝ ਭੇਦ ਖੋਹਲੇ ਅਤੇ ਦੱਸਿਆ ਕਿ ਕਿਵੇਂ ਇਹੋ ਜਿਹੇ ਟਰਿੱਕ ਕਰਕੇ ਪਾਖੰਡੀ ਬਾਬੇ ਸਾਨੂੰ ਲੁੱਟਦੇ ਹਨ ਤਾਂ ਹਾਜ਼ਰੀਨ ਅਸ਼ ਅਸ਼ ਕਰ ਉੱਠੇ। ਹਮੇਸ਼ਾਂ ਦੀ ਤਰ੍ਹਾਂ ਇਸ ਵਾਰੀ ਵੀ ਸੁਸਾਇਟੀ ਨੇ ਮੁਫ਼ਤ ਕਿਤਾਬਾਂ ਦਾ ਸਟਾਲ ਲਗਾਇਆ ਜਿਥੋਂ ਦਰਸ਼ਕਾਂ ਨੇ ਕਾਫੀ ਕਿਤਾਬਾਂ ਖਰੀਦੀਆਂ।

ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧਰਮਿੰਦਰ ਸਿੰਘ, ਸੱਚਦੇਵ ਵਿਰਦੀ, ਭਗਵੰਤ ਸਿੰਘ, ਸੁਰਿੰਦਰਪਾਲ ਵਿਰਦੀ, ਅਸ਼ਵਨੀ ਕੁਮਾਰ, ਰਾਜਿੰਦਰ ਦੂਲੇ, ਹਰਜੀਤ ਸਿੰਘ, ਤਾਰੀ ਅਟਵਾਲ, ਬਲਵੀਰ ਰੱਤੂ, ਡਾ. ਹਰੀਸ਼ ਮਲਹੋਤਰਾ, ਬਲਵਿੰਦਰ ਸਿੰਘ ਮਿੱਠੂ, ਭੁਪਿੰਦਰਪਾਲ, ਪਰਮਜੀਤ ਸਿੰਘ, ਕਮਲਜੀਤ ਸਿੰਘ, ਸੁਖਵਿੰਦਰ ਕੰਦੋਲਾ, ਪ੍ਰੀਤਮਪਾਲ ਅਤੇ ਖਟਕੜ੍ਹ ਕਲਾਂ ਨਿਵਾਸੀਆਂ ਨੇ ਖਾਸ ਭੂਮਿਕਾ ਨਿਭਾਈ। ਪ੍ਰੋਗਰਾਮ 'ਚ ਆਉਣ ਵਾਲੇ ਲੋਕਾਂ ਲਈ ਚਾਹ ਪਾਣੀ ਦਾ ਪ੍ਰਬੰਧ ਬਲਵਿੰਦਰ ਸਿੰਘ ਮਿੱਠੂ, ਹਰਜਿੰਦਰ ਕਾਲਾ ਅਤੇ ਭੁਪਿੰਦਰਪਾਲ ਨੇ ਕੀਤਾ। ਹਮੇਸ਼ਾ ਦੀ ਤਰਾਂ ਫਰੀ ਹਾਲ ਅਤੇ ਖਾਣੇ ਦਾ ਪ੍ਰਬੰਧ ਹਾਲ ਦੇ ਮਾਲਕ ਮੰਗਤ ਰਾਏ ਸੋਨੀ ਵਲੋਂ ਕੀਤਾ ਗਿਆ ਸੀ। ਰਾਜਿੰਦਰ ਦੂਲੇ ਅਤੇ ਹਰਜੀਤ ਸਿੰਘ ਨੇ ਬੁਲਾਰਿਆਂ ਦੀ ਅਵਾਜ਼ ਦਰਸ਼ਕਾਂ ਤੱਕ ਪਹੁੰਚਦੀ ਕਰਨ ਲਈ ਸਾਉਂਡ ਸਿਸਟਮ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਪ੍ਰੋਗਰਾਮ ਦੀ ਸਮਾਪਤੀ ਸੁਸਾਇਟੀ ਦੇ ਪ੍ਰਧਾਨ ਸੱਚਦੇਵ ਵਿਰਦੀ ਜੀ ਵਲੋਂ ਸੁਸਾਇਟੀ ਦੇ ਹੁਣ ਤੀਕਰ ਕੀਤੇ ਕੰਮਾਂ ਅਤੇ ਭਵਿੱਖ ਦੇ ਪ੍ਰੋਜੈਕਟਾਂ ਬਾਰੇ ਦੱਸ ਕੇ ਅਤੇ ਆਏ ਸਭਨਾ ਲੋਕਾਂ ਦਾ ਧੰਨਵਾਦ ਕਰਕੇ ਕੀਤੀ ਗਈ। ਪ੍ਰੋਗਰਾਮ ਦੀ ਸਟੇਜ ਦਾ ਸੰਚਾਲਨ ਸੁਸਾਇਟੀ ਦੇ ਜਨਰਲ ਸਕੱਤਰ ਨਵਦੀਪ ਸਿੰਘ ਨੇ ਕੀਤਾ।

# ਲੇਖਕ ਕਦੇ ਜਲਾਵਤਨ ਨਹੀਂ ਹੁੰਦਾ: ਡਾ. ਸੁਖਦੇਵ ਸਿੰਘ ਸਿਰਸਾ

## 'ਸਮਕਾਲ ਅਤੇ ਪੰਜਾਬੀ ਸਾਹਿਤ' ਵਿਸ਼ੇ 'ਤੇ ਹੋਇਆ ਰਾਸ਼ਟਰੀ ਸੈਮੀਨਾਰ

ਸਿਰਸਾ: ਸਮਾਜ ਹਮੇਸ਼ਾ ਲੇਖਕ ਤੋਂ ਇਹ ਆਸ ਰੱਖਦਾ ਹੈ ਕਿ ਉਹ ਹਰ ਹਾਲ ਵਿੱਚ ਆਮ ਲੋਕਾਂ ਦੀਆਂ ਆਸਾਂ ਅਤੇ ਖਾਹਿਸ਼ਾਂ ਨੂੰ ਜ਼ੁਬਾਨ ਪ੍ਰਦਾਨ ਕਰੇ, ਇਸ ਲਈ ਹਰ ਸੰਕਟ ਦੀ ਘੜੀ ਵਿੱਚ ਲੇਖਕਾਂ ਨੂੰ ਸਮਾਜ ਦੀ ਇਸ ਉਮੀਦ 'ਤੇ ਖ਼ਰਾ ਉਤਰਨਾ ਚਾਹੀਦਾ ਹੈ। ਬਦਲੇ ਦੇ ਆਤੰਕ ਕਾਰਨ ਸਮਾਜ ਜੇਕਰ ਬੋਲਾ ਅਤੇ ਗੂੰਗਾ ਵੀ ਹੋ ਜਾਵੇ ਤਾਂ ਇਸ ਨੂੰ ਜਗਾਉਣ ਲਈ ਨਿਜ਼ਾਮ ਦੇ ਟਾਕਰੇ ਲਈ ਲੇਖਕ ਦੀ ਕੂਕ ਜ਼ਰੂਰੀ ਹੈ। ਲੇਖਕ ਨੂੰ ਹਰ ਹਾਲਾਤ ਵਿੱਚ ਆਮ ਲੋਕਾਂ ਦੇ ਸਰੋਕਾਰਾਂ ਪ੍ਰਤੀ ਪ੍ਰਤਿਬੱਧ ਰਹਿਣਾ ਚਾਹੀਦਾ ਹੈ, ਇਸ ਕਰਕੇ ਜ਼ੁਲਮ ਦੇ ਸਮੇਂ ਵੀ ਲੇਖਕ ਕਦੇ ਜਲਾਵਤਨ ਨਹੀਂ ਹੁੰਦਾ ਸਗੋਂ ਆਪਣੇ ਲੋਕਾਂ ਦੇ ਨਾਲ ਖੜਾ ਰਹਿੰਦਾ ਹੈ। ਇਹ ਵਿਚਾਰ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਲੇਖਕ ਸਭਾ, ਸਿਰਸਾ ਦੇ ਸਹਿਯੋਗ ਨਾਲ 'ਸਮਕਾਲ ਅਤੇ ਪੰਜਾਬੀ ਸਾਹਿਤ' ਵਿਸ਼ੇ 'ਤੇ ਪੰਚਾਇਤ ਭਵਨ, ਸਿਰਸਾ ਵਿਖੇ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਦੌਰਾਨ ਮੁੱਖ ਬੁਲਾਰੇ ਵਜੋਂ ਆਪਣੇ ਮੁੱਖ ਸੁਰ ਭਾਸ਼ਣ ਵਿੱਚ ਪ੍ਰਗਟ ਕੀਤੇ। ਉਹਨਾਂ ਅਜੋਕੇ ਸਮੇਂ ਵਿੱਚ ਲੇਖਕਾਂ ਦੀ ਸਮਾਜਕ ਜ਼ਿੰਮੇਵਾਰੀ ਨੂੰ ਰੇਖਾਂਕਿਤ ਕਰਦਿਆਂ ਕਿਹਾ ਕਿ ਈਡੀ ਅਤੇ ਬੁਲਡੋਜ਼ਰ ਦੇ ਇਸ ਦੌਰ ਵਿੱਚ ਵੀ ਲੇਖਕਾਂ ਨੇ ਲਿਖਣਾ ਬੰਦ ਨਹੀਂ ਕੀਤਾ। ਉਹਨਾਂ ਨੇ ਸਿੱਖ ਗੁਰੂਆਂ, ਨੇਰੂਦਾ, ਲੋਰਕਾ, ਬ੍ਰੈਖ਼ਤ, ਮਹਿਮੂਦ ਦਰਵੇਸ਼, ਨਿਖਿਲ ਸੁਚਾਨ, ਸਲਮਾਨ ਹੈਦਰ, ਅਹਿਮਦ ਬਦਰ, ਪੁਸ਼ਪਾ ਮਿੱਤਰਾ, ਜਾਵੇਦ ਅਖ਼ਤਰ, ਗ਼ਦਰ, ਸੁਰਜੀਤ ਜੱਜ, ਦੇਵਨੀਤ, ਪ੍ਰੋ. ਗੁਰਦਿਆਲ ਸਿੰਘ ਆਦਿ ਲੇਖਕਾਂ ਦੇ ਹਵਾਲੇ ਨਾਲ ਲੇਖਕ ਦੀ ਜਵਾਬਦੇਹੀ ਨੂੰ ਪਰਿਭਾਸ਼ਿਤ ਕੀਤਾ। ਇਸ ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਉੁਪਰ ਅਧਾਰਿਤ ਪ੍ਰਧਾਨਗੀਮੰਡਲ ਨੇ ਕੀਤੀ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ-ਪ੍ਰਧਾਨ ਅਤੇ ਸੈਮੀਨਾਰ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਵੱਲੋਂ ਪ੍ਰਧਾਨਗੀਮੰਡਲ ਅਤੇ ਬੁਲਾਰਿਆਂ ਨਾਲ ਜਾਣ-ਪਛਾਣ ਤੋਂ ਬਾਅਦ ਪਰਮਾਨੰਦ ਸ਼ਾਸਤਰੀ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਇਤਿਹਾਸਕ ਪਿਛੋਕੜ, ਇਸਦੀ ਕਾਰਜ-ਪ੍ਰਣਾਲੀ ਅਤੇ ਸੈਮੀਨਾਰ ਦੀ ਰੂਪ-ਰੇਖਾ ਬਾਰੇ ਜਾਣੂੰ ਕਰਵਾਏ ਜਾਣ ਉਪਰੰਤ ਪ੍ਰੋਗਰਾਮ ਦਾ ਆਗਾਜ਼ ਮਹਿਕ ਭਾਰਤੀ ਅਤੇ ਕੁਲਦੀਪ ਸਿਰਸਾ ਵੱਲੋਂ ਗੀਤ ਗਾਇਨ ਦੀ ਪੇਸ਼ਕਾਰੀ ਨਾਲ ਹੋਇਆ। ਸੈਮੀਨਾਰ ਵਿੱਚ ਚਰਚਾ ਨੂੰ ਅੱਗੇ ਤੋਰਦਿਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋ. ਸਰਬਜੀਤ ਸਿੰਘ ਨੇ ਪੰਜਾਬੀ ਸਮਾਜ, ਇਤਿਹਾਸਕ ਵੰਗਾਰਾਂ ਅਤੇ ਸਾਹਿਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।






ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Manpreet Singh Manager 780-604-0593
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

ਸੈਮੀਨਾਰ

# ਬਦਲਵਾਂ ਲੋਕਪੱਖੀ ਮੀਡੀਆ ਹੀ ਸਾਰਥਿਕਤਾ ਦਾ ਸਵਾਲ





**ਰਿਪੋਰਟ : ਬਲਜਿੰਦਰ ਸਿੰਘ ਪਟਿਆਲਾ**

ਨਾਗਰਿਗ ਅਖਬਾਰ ਵਲੋਂ 8 ਅਕਤੂਬਰ ਨੂੰ ਬਰਨਾਲੇ ਵਿਚ ਕਾਮਰੇਡ ਨਗੇਂਦਰ ਦੀ ਯਾਦ ਵਿਚ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ 'ਆਮ ਚੋਣਾਂ, ਵਧਦੇ ਫਾਸ਼ੀਵਾਦ ਹਮਲੇ ਅਤੇ ਮੀਡੀਆ'।

ਸੈਮੀਨਾਰ ਵਿਚ ਪੰਜਾਬ ਹਰਿਆਣਾ, ਦਿੱਲੀ, ਉਤਰ ਪ੍ਰਦੇਸ਼ ਅਤੇ ਉਤਰਾਖੰਡ ਤੋਂ ਆਏ ਵੱਖ ਵੱਖ ਇਨਕਲਾਬੀ, ਅਗਾਂਹਵਧੂ, ਪਰਚਿਆਂ ਦੇ ਸੰਪਾਦਕਾਂ, ਲੇਖਕਾਂ ਅਤੇ ਮਜ਼ਦੂਰਾਂ, ਔਰਤਾਂ ਅਤੇ ਨਾਗਰਿਕ ਤੇ ਸਮਾਜਿਕ ਸੰਗਠਨਾਂ ਦੇ ਕਾਰਕੁੰਨਾਂ ਨੇ ਹਿੱਸਾ ਲਿਆ। ਸੈਮੀਨਾਰ ਵਿਚ ਦੇਸ਼ ਭਰਦੇ ਪੱਤਰਕਾਰਾਂ ਉਤੇ ਵੱਧ ਰਹੇ ਹਮਲਿਆਂ, ਐਡੀਟਰ ਗਿੱਲਡ ਦੇ ਪੱਤਰਕਾਰਾਂ ਉਤੇ ਮੁਕੱਦਮੇ ਦਰਜ ਕੀਤੇ ਜਾਣ, ਪਿਛਲੇ ਦਿਨੀਂ ਨਿਊਜ਼ ਕਲਿਕ ਦੇ ਪ੍ਰਧਾਨ ਸੰਪਾਦਕ ਅਤੇ ਐਚ.ਆਰ. ਹੈਡ ਦੀਆਂ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀਆਂ ਅਤੇ ਦਰਜਨਾਂ ਪੱਤਰਕਾਰਾਂ ਦੇ ਘਰਾਂ ਵਿਚ ਕੀਤੀ ਛਾਪੇਮਾਰੀ ਉਨ੍ਹਾਂ ਦੇ ਮੋਬਾਇਲ ਫੋਨ 'ਤੇ ਲੈਪਟਾਪ ਜ਼ਬਤ ਕੀਤੇ ਜਾਣ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਮਤਾ ਵੀ ਪਾਸ ਕੀਤਾ ਗਿਆ।

ਸਭ ਤੋਂ ਪਹਿਲਾਂ ਕਾਮਰੇਡ ਨਗੇਂਦਰ ਦੀ ਜ਼ਿੰਦਗੀ ਉਤੇ ਚਾਣਨਾ ਪਾਇਆ ਗਿਆ ਕਿ 47 ਸਾਲ ਦੀ ਉਮਰ ਭੋਗਣ ਵਾਲੇ ਨਗੇਂਦਰ ਨੇਂ 27-28 ਸਾਲ ਇਨਕਲਾਬ ਦੇ ਉਦੇਸ਼ਾਂ ਨੂੰ ਅਰਪਤ ਕੀਤੇ। ਇਨਕਲਾਬ ਦੀ ਫਿਕਰਮੰਦੀ ਉਨ੍ਹਾਂ ਦੇ ਅੰਤਲੇ ਸਾਹਾਂ ਤੱਕ ਬਣੀ ਰਹੀ।

ਨਾਗਰਿਕ ਵਲੋਂ ਪੇਸ਼ ਪਰਚੇ ਨੂੰ ਸੰਪਾਦਕ ਰੋਹਿਤ ਨੇ ਰੱਖਦਿਆਂ ਕਿਹਾ ਕਿ ਪਿਛਲੇ ਇਕ ਦਹਾਕੇ ਤੋਂ ਫਾਸ਼ੀਵਾਦੀ ਤਾਕਤਾਂ ਦੇ ਉਭਾਰ ਪਿਛੋਂ ਜਿਥੇ ਮੁੱਖ ਧਾਰਾ ਦਾ ਮੀਡੀਆ ਹਿੰਦੂਤਵੀ ਫਾਸ਼ੀਵਾਦ ਨੂੰ ਸਥਾਪਤ ਕਰਨ ਦੀ ਭੂਮਿਕਾ ਨਿਭਾਅ ਰਿਹਾ ਹੈ, ਦਰਅਸਲ ਇਹ ਮੀਡੀਆ ਕਾਰਪੋਰੇਟੀ ਘਰਾਣਿਆਂ ਦਾ ਮੀਡੀਆ ਹੈ ਜਿਹੜਾ ਇਜ਼ਾਰੇਦਾਰ ਘਰਾਣਿਆਂ ਦੀ ਗੋਦੀ ਵਿਚ ਬੈਠਾ ਹੈ।

2014 ਅਤੇ 2019 ਦੀਆਂ ਲੋਕ ਸਭਾ ਸਭਾਈ ਚੋਣਾਂ ਵਾਂਗੂੰ 2024 ਦੀਆਂ ਹੋਣ ਜਾ ਰਹੀਆਂ ਲੋਕ ਭਲਾਈ ਚੋਣਾਂ ਵਿਚ ਵੀ ਕਾਰਪੋਰੇਟੀ ਮੀਡੀਆ ਇਨ੍ਹਾਂ ਤਾਕਤਾਂ ਦੇ ਪੱਖ ਵਿਚ ਭੁਗਤ ਰਿਹਾ ਹੈ। ਅੱਜ ਇਕ ਬਦਲਵੇਂ ਮੀਡੀਆ ਦੀ ਲੋੜ ਹੈ ਜਿਹੜਾ ਕਿ ਇਜ਼ਾਰੇਦਾਰ ਪੂੰਜੀਪਤੀਆਂ ਅਤੇ ਹਿੰਦੂਤਵੀ ਫਾਸ਼ਿਸ਼ਟ ਤਾਕਤਾਂ ਦੇ ਹੋਰ ਪਾਖੰਡ ਨੂੰ ਬੇਪਰਦ ਕਰੇ ਅਤੇ ਮਜ਼ਦੂਰਾਂ ਮਿਹਨਤਕਸ਼ ਲੋਕਾਂ ਅਤੇ ਨੌਜਵਾਨਾਂ, ਔਰਤਾਂ ਅਤੇ ਹਰ ਦੱਬੇ ਕੁਚਲੇ ਤਬਕਿਆਂ ਦੀ ਪੀੜਾ ਤੇ ਸੰਘਰਸ਼ਾਂ ਦੀ ਆਵਾਜ਼ ਬਣੇ। ਦਲਿਤਾਂ, ਆਦਿਵਾਸੀਆਂ ਦੀ ਲੁੱਟ ਘਸੁੱਟ ਅਤੇ ਧਾਰਮਿਕ ਘੱਟ ਗਿਣਤੀਆਂ ਉਤੇ ਹਮਲਿਆਂ ਦੀ ਹਰ ਘਟਨਾ ਦਾ ਵਿਰੋਧ ਕਰੇ, ਜਿਹੜਾ ਪੂੰਜੀਵਾਦ ਦੇ ਵਿਰੁੱਧ ਜਾਰੀ ਇਨਕਲਾਬੀ ਅੰਦੋਲਨ ਅਤੇ ਸਮਾਜਵਾਦ ਦੇ ਟੀਚੇ ਨੂੰ ਸੰਬੋਧਤ ਹੋਵੇ।

ਲਾਲ ਪਰਚਮ ਦੇ ਸੰਪਾਦਕ ਮੁਖਤਿਆਰ ਪੂਹਲਾ ਨੇ ਆਪਣੀ ਗੱਲ ਰੱਖਦਿਆਂ ਅਜੋਕੇ ਫਾਸ਼ੀਵਾਦ ਦੇ ਦੌਰ ਨੂੰ ਸਮਝਣ ਵਿਚ ਵੱਖ ਵੱਖ ਵਖਰੇਵਿਆਂ ਤੇ ਧਾਰਾਵਾਂ ਉਤੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ 'ਇੰਡੀਆ' ਗਠਜੋੜ ਨੂੰ ਵੀ ਬੇਪੜਦ ਕਰਦਿਆਂ ਸਾਫ਼ ਕੀਤਾ ਕਿ ਇਹ ਗਠਜੋੜ ਵੀ ਸੱਤਾ ਹਾਸਲ ਕਰਨ ਤੱਕ ਸਿਮਟਿਆ ਹੈ, ਆਮ ਲੋਕਾਈ ਦੇ ਹਿੱਤ ਦੀ ਨਾ ਇਹ ਰਾਖੀ ਕਰ ਸਕਦਾ ਹੈ ਨਾ ਪੂਰਤੀ। ਜੇ ਭਾਜਪਾ ਸੱਤਾ 'ਚੋਂ ਲਹਿ ਵੀ ਜਾਵੇ, ਲੋਕਾਂ ਦੀ ਬਦਤਰ ਜ਼ਿੰਦਗੀ 'ਚ ਕੋਈ ਤਬਦੀਲੀ ਨਹੀਂ ਆਉਣੀ ਸਗੋਂ ਜ਼ੁਰਮ ਤਸ਼ੱਦਦ ਹੋਰ ਵਧੇਗਾ। ਫਾਸ਼ੀਵਾਦ ਨੂੰ ਹਰਾਉਣ ਦਾ ਮਤਲਬ ਸਿਰਫ਼ ਮੋਦੀ ਨੂੰ ਜਾਂ ਭਾਜਪਾ ਨੂੰ ਸੱਤਾ ਤੋਂ ਬੇਦਖ਼ਲ ਕਰਨਾ ਨਹੀਂ ਸਗੋਂ ਸਭ ਤਾਕਤਾਂ ਨੂੰ ਮਿਲਕੇ ਫਾਸ਼ੀਵਾਦ ਦੀ ਆਧਾਰਸ਼ਿਲਾ ਫਿਰਕਾਪ੍ਰਸਤ ਤੇ ਮਨੂੰਵਾਦੀ ਵਿਚਾਰਧਾਰਾ 'ਤੇ ਇਨ੍ਹਾਂ ਦੇ ਪਾਲਣਹਾਰੀ ਕਾਰੋਪਰੇਟੀ ਪੂੰਜੀ ਦੇ ਵਿਰੁੱਧ ਇਕ ਲੰਮਾ ਲੋਕ ਸੰਘਰਸ਼ ਲੜਨ ਦੀ ਤਿਆਰੀ ਕਰਨੀ ਪਵੇਗੀ।



ਮੁਕਤੀ ਸੰਗਰਾਮ ਪਰਚੇ ਦੇ ਸੰਪਾਦਕ ਲਖਵਿੰਦਰ ਨੇ ਕਿਹਾ ਕਿ ਸਾਨੂੰ ਫਾਸ਼ੀਵਾਦ ਦੇ ਖਤਰੇ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ ਨਾ ਹੀ ਇਹਨੂੰ ਵਧਾ ਚੜ੍ਹਾ ਕੇ ਵੇਖਣਾ ਚਾਹੀਦਾ ਹੈ। ਕੇਂਦਰ ਦੀ ਸੱਤਾ ਉਤੇ ਫਾਸ਼ੀਵਾਦੀਆਂ ਦੇ ਕਾਬਜ਼ ਹੋਣ ਨਾਲ ਹਾਲਤ ਬੇਸ਼ੱਕ ਬਦਲੇ ਹਨ, ਪਰ ਹਕੀਕਤ ਇਹ ਹੈ ਕਿ ਸੱਤਾ 'ਤੇ ਕਾਬਜ਼ ਹੋਣ ਦੇ ਬਾਵਜੂਦ ਵੀ ਫਾਸ਼ੀਵਾਦੀ ਨਿਜ਼ਾਮ ਕਾਇਮ ਨਹੀਂ ਕਰ ਸਕੇ। ਆਰ.ਐਸ.ਐ.-ਭਾਜਪਾ ਹਿੰਦੂ ਰਾਸ਼ਟਰ ਸਥਾਪਤ ਕਰਨਾ ਚਾਹੁੰਦੇ ਹਨ, ਪਰ ਹਿੰਦੂ ਇਕ ਕੌਮ ਨਹੀਂ ਹੈ ਖ਼ੁਦ ਹਿੰਦੂ ਧਰਮ ਅਲੱਗ ਅਲੱਗ ਕੌਮਾਂ, ਬੰਗਾਲੀ, ਪੰਜਾਬੀ ਤਾਮਿਲ ਆਦਿ ਵਿਚ ਵੰਡਿਆ ਹੋਇਆ ਹੈ। ਉਨ੍ਹਾਂ ਦਾ ਸਵਾਲ ਸੀ ਕਿ ਅਜਿਹੀ ਹਾਲਤ ਵਿਚ ਹਿੰਦੂ ਰਾਸ਼ਟਰ ਕਿਵੇਂ ਕਾਇਮ ਹੋਵੇਗਾ।

ਸਮਾਜਿਕ ਤੇ ਇਨਕਲਾਬੀ ਕਾਰਕੁੰਨ ਜਗਜੀਤ ਚੀਮਾ ਨੇ ਕਿਹਾ ਕਿ ਆਰਥਿਕ ਸੰਕਟ ਦਾ ਮਤਲਬ ਇਹ ਨਹੀਂ ਕਿ ਫਾਸ਼ੀਵਾਦ ਆਵੇਗਾ ਹੀ, ਇਸ ਲਈ ਰਾਜਨੀਤਕ ਸੰਕਟ ਦਾ ਹੋਣਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿ ਅੱਜ ਜੇ ਮੁੱਖ ਧਾਰਾ ਦਾ ਮੀਡੀਆ ਆਰ.ਐ.ਐਸ.-ਭਾਜਪਾ ਦੇ ਏਜੰਡੇ ਨੂੰ ਫਾਸ਼ੀਵਾਦੀ ਤਾਕਤਾਂ ਦਾ ਗਠਜੋੜ ਕੰਮ ਕਰ ਰਿਹਾ ਹੈ। ਅਜਿਹੀ ਹਾਲਤ ਵਿਚ ਫਾਸ਼ੀਵਾਦੀ ਤਾਕਤਾਂ ਦਾ ਗਠਜੋੜ ਕੰਮ ਕਰ ਰਿਹਾ ਹੈ। ਅਜਿਹੀ ਹ ਾਲਤ ਵਿਚ ਫਾਸ਼ੀਵਾਦ ਦਾ ਮੁਕਾਬਲਾ ਸਿਰਫ਼ ਬਦਲਵੇਂ ਮੀਡੀਆ ਦੀ ਬਦੌਲਤ ਨਹੀਂ ਕੀਤਾ ਜਾ ਸਕਦਾ ਸਗੋਂ ਉਹਦੇ ਪਿਛੇ ਇਸ ਮਜ਼ਬੂਤ ਇਨਕਲਾਬੀ ਜਥੇਬੰਦੀ ਵੀ ਹੋਣੀ ਚਾਹੀਦੀ ਹੈ।

ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਵੀ ਕਿਹਾ ਕਿ ਅੱਜ ਸਭ ਤੋਂ ਵੱਡਾ ਫਾਸ਼ੀਵਾਦੀ ਹਮਲਾ ਵਿਦਿਆ ਦੇ ਖੇਤਰ ਵਿਚ ਹੋ ਰਿਹਾ ਹੈ। ਅੱਜ ਵਿਦਿਆ ਨੂੰ ਇਸ ਤਰ੍ਹਾਂ ਢਾਲਿਆ ਜਾ ਰਿਹਾ ਹੈ ਕਿ ਆਲੋਚਨਾਤਮਕ ਦਿਮਾਗਾ ਦੇ ਪ੍ਰਫੁੱਲਤ ਹੋਣ ਦੀ ਥਾਂ ਪੂੰਜੀਪਤੀਆਂ ਦੀਆਂ ਲੋੜਾਂ ਮੁਤਾਬਕ ਮਸ਼ੀਨੀ ਪੁਰਚੇ ਤਿਆਰ ਕੀਤੇ ਜਾਣ। 1991 ਤੋਂ ਦੇਸ਼ ਵਿਚ ਜਿਹੜੀਆਂ ਨੀਤੀਆਂ ਲਾਗੂ ਹੋ ਰਹੀਆਂ ਹਨ, ਉਹਦੇ ਸਿੱਟੇ ਵਜੋਂ ਰੋਜ਼ਗਾਰ ਸਿਮਟਦਾ ਜਾ ਰਿਹਾ ਹੈ ਅਤੇ ਉਹਦੀ ਥਾਂ ਅਸਥਾਈ ਰੋਜ਼ਗਾਰ ਲੈ ਰਿਹਾ ਹੈ। ਜਿਥੇ ਕੰਮ ਦੇ ਘੰਟੇ ਵਧਾ ਦਿੱਤੇ ਗਏ ਹਨ। ਸੱਤਾ 'ਚੋਂ ਮੋਦੀ ਪਾਸੇ ਕਰ ਵੀ ਦਿੱਤੇ ਜਾਵੇ ਹਾਲਾਤ ਨਹੀਂ ਬਦਲਣਗੇ।

ਕਿਸਾਲ ਪਰਚੇ ਦੇ ਸੰਪਾਦਕ ਪ੍ਰਵੀਨ ਨੇ ਸੈਮੀਨਾਰ 'ਚ ਆਪਣੀ ਗੱਲ ਰੱਖਦਿਆਂ ਕਿਹਾ ਕਿ ਲੋਕ ਇਨ੍ਹਾਂ ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਵੀ ਕਰ ਰਹੀ ਹੈ। ਹਿਹ ਮੁਜ਼ੱਫਰ ਨਗਰ ਦੇ ਦੰਗੇ ਕਰਵਾ ਕੇ ਸੱਤਾ ਵਿਚ ਆਏ ਪਰ ਕਿਸਾਨ ਅੰਦੋਲਨ ਦੇ ਦੌਰਾਨ ਇਨ੍ਹਾਂ ਦੇ ਸੰਸਦਾਂ ਅਤੇ ਵਿਧਾਇਕਾਂ ਨੂੰ ਪਿੰਡਾਂ ਵਿਚ ਵੜਨ ਨਹੀਂ ਦਿੱਤਾ ਗਿਆ। ਆਜਮਗੜ੍ਹ ਅਤੇ ਡੋਈਵਾਲਾ ਵਿਚ ਲੋਕ ਸੰਘਰਸ਼ਾਂ ਦੇ ਕਰਕੇ ਸਰਕਾਰ ਜ਼ਮੀਨ ਵੀ ਤਹਿ ਨਹੀਂ ਕਰ ਸਕੀ। ਹਰਿਆਣੇ ਦੀ ਸਰਕਾਰ ਨੂੰ ਕਿਸਾਨਾਂ ਦੀ ਤਾਕਤ ਕਰਕੇ ਸੂਰਜਮੁਖੀ ਦੀ ਕੀਮਤ ਤਹਿ ਕਰਨ ਤੋਂ ਪਿਛੇ ਹਟਣਾ ਪਿਆ। ਤਾਮਿਲਨਾਡੂ ਵਿਚ ਹਿੰਦੂ-ਹਿੰਦੂ-ਹਿੰਦੋਸਤਾਨ ਦੇ ਨਾਅਰੇ ਤੋਂ ਪਿਛੇ ਹਟਣਾ ਪਿਆ। ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਪਾਸ ਕਰਨ ਪਿਛੋਂ ਵੀ ਇਹ ਲਾਗੂ ਕਰਨ ਦੀ ਹਿੰਮਤ ਨਹੀਂ ਦਿਖਾ ਰਹੀ।

ਜਨ ਸੰਘਰਸ਼ ਮੰਚ ਹਰਿਆਣਾ ਦੇ ਸੋਮਨਾਥ ਨੇ ਆਜ਼ਾਦੀ ਦੇ ਅੰਦੋਲਨ ਵਿਚ ਕਾਂਗਰਸ ਤੇ ਗਾਂਧੀ ਦੀ ਧਾਰਾ, ਇਨਕਲਾਬੀਆਂ ਦੀ ਧਾਰਾ ਅਤੇ ਸੰਘ, ਹਿੰਦੂ ਮਹਾਂ ਸਭਾ ਵਰਗੀਆਂ ਤਾਕਤਾਂ ਦੇ ਵਿਚਕਾਰ ਫਰਕਾਂ ਉਤੇ ਆਪਣੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਪੂੰਜੀਵਾਦੀ ਸੰਸਦੀ ਪ੍ਰਬੰਧ ਵੀ ਉਨ੍ਹਾਂ ਦੀ ਤਾਨਾਸ਼ਾਹੀ ਹੀ ਹੁੰਦੀ ਹੈ ਜਦੋਂ ਕਿ ਫਾਸ਼ੀਵਾਦ ਵਿੱਤੀ ਪੂੰਜੀ ਦਾ ਸਭ ਤੋਂ ਜ਼ਿਆਦਾ ਪਿਛਾਂਹ ਖੜ੍ਹੀ, ਸਭ ਤੋਂ ਜ਼ਿਆਦਾ ਮੀਨਾ ਰਾਸ਼ਟਰਵਾਦ ਅਤੇ ਸਭ ਤੋਂ ਜ਼ਿਆਦਾ ਸਾਮਰਾਜਵਾਦੀ ਤੱਤਾਂ ਦੀ ਖੁੱਲ੍ਹੀ ਹਿੰਸਕ ਤਾਨਾਸਾਹੀ ਹੁੰਦਾ ਹੈ।

ਭਗਤੀਕਾਰੀ ਲੋਕ ਅਧਿਕਾਰ ਸੰਗਠਨ ਦੇ ਭੂਪਾਲ ਨੇ ਕਿਹਾ ਕਿ ਮੌਜੂਦਾ ਦੌਰ ਦਾ ਆਰਥਿਕ ਸੰਕਟ ਕੋਈ ਆਮ ਸੰਕਟ ਨਹੀਂ ਹੈ ਅਤੇ ਸਾਡੇ ਦੇਸ਼ ਵਿਚ ਹਿੰਦੂ ਫਾਸ਼ੀਵਾਦੀ ਤਾਕਤਾਂ ਜ਼ੋਰ ਫੜ ਰਹੀਆਂ ਹਨ। ਇਹ ਵਿਸ਼ਵੀ ਵਰਤਾਰਾ ਹੈ। ਇਹ ਬਿਲਕੁਲ ਦਰੁਸਤ ਹੈ। ਚੋਣ ਰਾਜਨੀਤੀ ਜਾਂ ਜਿੱਤ ਹਾਰ ਨਾਲ ਹਿੰਦੂ ਫਾਸ਼ੀਵਾਦ ਨੂੰ ਹਰਾਇਆ ਨਹੀਂ ਜਾ ਸਕਦਾ। ਸਾਨੂੰ ਵਰਤਾਰਿਆਂ ਨੂੰ ਸਰਸਰੀ ਨਜ਼ਰ ਨਾਲ ਨਹੀਂ ਸਗੋਂ ਵਿਗਿਆਨਕ ਦ੍ਰਿਸ਼ਟੀ ਨਾਲ ਵੇਖਣਾ ਚਾਹੀਦਾ ਹੈ। ਇਨ੍ਹਾਂ ਪਿਛੇ ਕੰਮ ਕਰਕੇ ਕਾਰਜਾਂ ਨੂੰ ਬੁਝਣਾਂ ਪਵੇਗਾ। ਉਨ੍ਹਾਂ ਕਿਹਾ ਕਿ ਫਾਸ਼ੀਵਾਦ ਨੂੰ ਪਿਛੇ ਧਕਣ ਲਈ ਤੇ ਹਰਾਉਣ ਲਈ ਲੋੜ ਹੈ ਇਨਕਲਾਬੀ ਤਾਕਤਾਂ ਇਕਜੁਟ ਹੋਣ। ਮੋਰਚਾ ਬਣਾਉਣ ਤੇ ਮਜ਼ਦੂਰ ਵਰਗ ਦੀ ਪਹਿਲ ਉਤੇ ਤੇ ਅਗਵਾਈ 'ਚ ਇਹਦਾ ਵਿਸਥਾਰ ਹੋਵੇਗਾ।

ਇਸ ਤੋਂ ਇਲਾਵਾ ਪ੍ਰਗਤੀਸ਼ੀਲ ਮਹਿਲਾ ਏਕਤਾ ਕੇਂਦਰ ਦੀ ਹੇਗਲਤਾ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਰਾਜਿੰਦਰ ਭਦੌੜ, ਜਮਹੂਰੀ ਅਧਿਕਾਰ ਸਭਾ ਹਰਿਆਣਾ ਦੇ ਡਾ. ਸੁਖਨੰਦ ਹੁੰਦਲ, ਵੈਲਫੇਅਰ ਪਾਰਟੀ ਆਫ਼ ਇੰਡੀਆ ਦੇ ਸਰਫਰਾਜ ਆਦਿ ਨੇ ਵੀ ਆਪਣੇ ਵਿਚਾਰ ਰੱਖੇ। ਸਾਥੀ ਅਜਮੇਰ ਅਕਲੀਆ ਤੇ ਇਕਬਾਲ ਉਦਾਸੀ ਅਤੇ ਇਨਕਲਾਬੀ ਮਜ਼ਦੂਰ ਕੇਂਦਰ ਦੀ ਟੀਮ ਨੇ ਇਨਕਲਾਬੀ ਗੀਤ ਰੱਖੇ। ਮੰਚ ਸੰਚਾਲਨ ਨਰਭਿੰਦਰ ਨੇ ਕੀਤਾ। ਜਿਨ੍ਹਾਂ ਨੇ ਸੈਮੀਨਾਰ ਨੂੰ ਸਫ਼ਲ ਬਣਾਉਣ ਵਿਚ ਲਾਲ ਪਰਚਮ ਤੇ ਹੋਰ ਸਹਿਯੋਗੀ ਸਾਥੀਆਂ ਦਾ ਧੰਨਵਾਦ ਵੀ ਕੀਤਾ।



# ਯਾਦਾਂ ਦੇ ਝਰੋਖੇਂ 'ਚੋਂ : ਕਾਲੇ ਦੌਰ ਦੇ ਅੰਗ-ਸੰਗ

**-ਅਮਨਦੀਪ ਹਾਂਸ**

ਪੰਜਾਬ ਪਤਾ ਨੀ ਕਿਉਂ ਅਕਸਰ ਕੁਝ ਦੇਰ ਬਾਅਦ ਤਰਾਸਦੀਆਂ ਸ਼ਾਇਦ ਹੰਢਾਉਣ ਲਈ ਹੀ ਸਿਰਜਿਆ ਗਿਆ ਹੋਵੇ। ਵਾਰ ਵਾਰ ਇਸ ਧਰਤੀ 'ਤੇ ਕਿਸੇ ਨਾ ਕਿਸੇ ਰੂਪ 'ਚ ਹਕੂਮਤਾਂ ਤੋਂ ਲੈ ਕੇ ਵੱਖ ਵੱਖ ਕਿਸਮ ਦੇ ਅੱਤਵਾਦੀ ਢੰਗਾਂ ਨਾਲ ਮਾਨਵੀ ਤਰਾਸਦੀ ਦੇ ਸਨਮੁੱਖ ਪੰਜਾਬ ਨੂੰ ਹੋਣਾ ਪਿਆ ਹੈ।

ਮੇਰੀ ਯਾਦ 'ਚ 8 ਅਕਤੂਬਰ 1991 ਦਾ ਵਾਕਿਆ ਮੈਨੂੰ ਬੜੀ ਵਾਰੀ ਬੇਚੈਨ ਕਰਦਾ ਹੈ। ਮੇਰੇ ਪਿਤਾ ਕਾਮਰੇਡ ਪਰਮਿੰਦਰ ਜੀਤ ਸਿੰਘ ਹਾਂਸ ਨੂੰ ਸਾਡੇ ਪਿੰਡ ਹਾਂਸ ਕਲਾਂ ਦੀ ਦਾਣਾ ਮੰਡੀ 'ਚ ਦੁਪਹਿਰੇ 12 ਵਜੇ ਇਕ ਅੱਤਵਾਦੀ ਗਰੁੱਪ ਨੇ ਸ਼ਹੀਦ ਕਰ ਦਿੱਤਾ ਸੀ। ਮੈਨੂੰ ਅੱਜ ਤੱਕ ਆਪਣੇ ਪਿਤਾ ਦੇ ਕਸੂਰ ਦੀ ਸਮਝਣ ਨਹੀਂ ਆਈ। ਕਿਉਂਕਿ ਉਹ ਤਾਂ ਸਦਾ ਹੀ ਲੋਕਾਂ ਦੇ ਦਰਦ ਨੂੰ ਦੂਰ ਕਰਨ ਵਾਸਤੇ ਦਿਨ ਰਾਤ ਇਕ ਕਰਦਾ ਸੀ ਅਤੇ ਇਕ ਚਾਨਣ ਦੀ ਕਿਰਨ ਬਿਖੇਰਣਾ ਚਾਹੁੰਦਾ ਸੀ। ਪ੍ਰੰਤੂ ਉਹ ਸਮਾਂ ਹਨੇਰ ਵੰਡਦੀ ਸੰਗੀਨਾਂ ਦੀ ਰੁੱਤ ਦਾ ਸੀ।

ਇਨ੍ਹਾਂ ਤੋਂ ਇਲਾਵਾ ਵੇਲੇ ਦੀ ਹਕੂਮਤ ਤੇ ਉਨ੍ਹਾਂ ਦੀ ਪੈਦਾਇਸ਼ ਵਾਲਿਆਂ ਨੇ ਕਿੰਨੇ ਹੀ ਬੇਕਸੂਰਾਂ ਨੂੰ ਸਦਾ ਲਈ ਆਪਣੇ ਪਰਿਵਾਰਾਂ ਤੋਂ ਦੂਰ ਕਰਕੇ ਖਤਮ ਕਰ ਦਿੱਤਾ ਸੀ। ਪਰ ਜਦੋਂ ਮੈਂ ਅੱਜ ਸੋਚਦਾ ਹਾਂ ਕਿ ਇੰਨਾ ਵੱਡਾ ਦਰਦ ਜੋ ਸਾਡੇ ਦਿਲਾਂ 'ਤੇ ਪਿਆ ਸੀ ਅੱਜ ਵੀ ਮੇਰੀ ਰਾਤਾਂ ਦੀ ਨੀਂਦ ਖਰਾਬ ਕਰ ਦਿੰਦਾ ਹੈ ਅਤੇ ਮੈਂ ਤਰਬਕੇ ਉਠਦਾ ਹਾਂ ਅਤੇ ਬੇਚੈਨ ਹੋ ਜਾਂਦਾ ਹਾਂ।

ਵੈਸੇ ਤਾਂ ਆਪਣੇ ਬਾਪ ਦੇ ਅਸੂਲਾਂ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦਿਆਂ ਹਰ ਸਾਹ ਉਹਨਾਂ ਲਈ ਜਿਉਂਈ ਦਾ ਹੈ। ਪਰ ਸਾਲ ਮਗਰੋਂ ਜਦੋਂ ਵੀ ਇਹ ਦਿਨ ਆਉਂਦਾ ਹੈ ਤਾਂ ਉਹਨਾਂ ਦੇ ਆਖਰੀ ਬੋਲ ਬੇਚੈਨ ਕਰ ਦਿੰਦੇ ਨੇ।



ਕਾਮਰੇਡ ਪਰਮਿੰਦਰਜੀਤ ਸਿੰਘ ਹਾਂਸ

ਵਾਕਿਆ ਇੰਝ ਵਾਪਰਿਆ ਉਸ ਦਿਨ ਸਿਖਰ ਦੁਪਹਿਰੇ ਮੰਡੀ ਜਾਣ ਲੱਗੇ ਰੋਟੀ ਖਾ ਕੇ ਸਕੂਟਰ ਚੁੱਕ ਕੇ ਘਰ ਦੇ ਦਰਵਾਜ਼ੇ ਚੋਂ ਬਾਹਰ ਕੱਢਦਿਆਂ ਪਹਿਲੀ ਵਾਰ ਉਹਨਾਂ ਪਿੱਛੇ ਮੁੜ ਕੇ ਦੇਖਿਆ, ਆਦਤਨ ਮੈਂ ਹੀ ਦਰਵਾਜ਼ਾ ਖੋਲਣਾ ਬੰਦ ਕਰਨਾ ਹੁੰਦਾ ਸੀ, ਮੇਰੇ ਵੱਲ ਮੁੜ ਕੇ ਵੇਖਿਆ ਤੇ ਕਿਹਾ, "ਜਿਹਨਾਂ ਦੀ ਕੋਈ ਨਹੀਂ ਸੁਣਦਾ ਉਹਨਾਂ ਨੂੰ ਸਾਡੀ ਲੋੜ ਹੁੰਦੀ ਹੈ, ਆਪਣਾ ਖਿਆਲ ਰੱਖੀਂ, ਹੋਰਨਾਂ ਦਾ ਵੀ ਖਿਆਲ ਰੱਖੀਂ.." ਝੁਕਣਾ ਲਿਫਣਾ ਸਾਡੇ ਲਹੂ 'ਚ ਨਹੀਂ ਹੈ....

ਉਦੋਂ ਬੜਾ ਅਜੀਬ ਲੱਗਿਆ ਸੀ, ਕਿ ਬਾਪੂ ਹੁਰਾਂ ਨੂੰ ਅੱਜ ਕੀ ਹੋ ਗਿਆ, ਅਚਾਨਕ ਗਿਆਨ ਦਾ ਪਾਠ ਪੜ੍ਹਾਉਣ ਲੱਗ ਪਏ, ਅਕਸਰ ਇਹ ਗੱਲਾਂ ਉਹ ਕੋਈ ਕਿਤਾਬ, ਮੈਗਜ਼ੀਨ ਪੜ੍ਹਦਿਆਂ ਕਰਿਆ ਕਰਦੇ ਸਨ, ਲਿਖਤ ਦਾ ਸਾਰ ਤੱਤ ਸਾਡੇ ਨਾਲ ਸਾਂਝੇ ਕਰਦਿਆਂ ਅਜਿਹੇ ਬੋਲ ਬੋਲਿਆ ਕਰਦੇ ਸਨ..

ਪਰ ਫੇਰ ਉਹਨਾਂ ਦੇ ਜਾਣ ਤੋਂ ਕੁਝ ਹੀ ਚਿਰ ਮਗਰੋਂ ਰੁਕ ਰੁਕ ਕੇ ਚੱਲੀਆਂ ਗੋਲੀਆਂ ਦੀ ਅਵਾਜ਼ ਆਈ ਤੇ ਕੁਝ ਮਿੰਟਾਂ ਮਗਰੋਂ ਜਦੋਂ ਮੰਡੀ ਚੋਂ ਝੋਨਾ ਹੂੰਝਣ ਗਈ ਗੁਆਂਢਣ ਵੈਣ ਪਾਉਂਦੀ ਦਰਵਾਜ਼ੇ ਮੂਹਰੇ ਦੁਹੱਥੜ ਮਾਰ ਕੇ ਪਿੱਟਣ ਲੱਗੀ ਸੀ ਤਾਂ ਘਰੌਂ ਤੁਰਦੇ ਬਾਪ ਦੇ ਬੋਲ ਸਮਝ ਆ ਗਏ ਸਨ .. ਹਾਲਾਂਕਿ ਉਦੋਂ ਸਮਝਣ ਜੋਗੀ ਉਮਰ ਨਹੀਂ ਸੀ..

ਜਿਸ ਸ਼ਖਸ ਨੂੰ ਪਹਿਲਾਂ ਹੀ ਪਤਾ ਹੋਵੇ ਕਿ 8 ਅਕਤੂਬਰ ਮੇਰੀ ਜ਼ਿੰਦਗੀ ਦਾ ਆਖਰੀ ਦਿਨ ਐਲਾਨਿਆ ਗਿਆ ਹੈ, ਪਰਚੀ ਮੁਤਾਬਕ.. ਓਸ ਸ਼ਖਸ ਦੇ ਚਿਹਰੇ 'ਤੇ ਕੋਈ ਸ਼ਿਕਨ ਨਹੀ, ਲੁਕਣ ਲਈ ਕੋਈ ਭੋਰਾ ਨਹੀ ਚੁਣਿਆ, ਓਸ ਸ਼ਖਸ ਦਾ ਅੰਸ਼ ਹੋਣ ਦਾ ਹਮੇਸ਼ਾ ਮਾਣ ਰਹੇਗਾ..।

ਤੇ ਮੈਂ ਆਖਰੀ ਦਮ ਤੱਕ ਕੋਸ਼ਿਸ਼ ਕਰੂੰ ਕਿ ਆਪਣਾ ਨਾ ਸਹੀ, ਹੋਰਨਾਂ ਦਾ ਜਿਹਨਾਂ ਦੀ ਕੋਈ ਨਹੀਂ ਸੁਣਦਾ, ਉਹਨਾਂ ਦਾ ਖਿਆਲ ਰੱਖ ਸਕਾਂ.. ਤੇ ਹਾਂ ਇਹ ਜ਼ਰੂਰ ਹੈ ਕਿ ਖੱਬੀ ਧਿਰ ਜੀਹਦੇ ਨਾਲ ਤੁਰਦਿਆਂ ਮੇਰੇ ਪਿਤਾ ਜੀ ਨੇ ਜਾਨ ਦਿੱਤੀ, ਉਹਦੇ ਵੱਡੇ ਨੇਤਾਵਾਂ ਦੀ ਸਾਡੇ ਵੱਲੇ ਕੀਤੀ ਕੰਡ ਵੱਲ ਕੰਡ ਕਰਨਾ ਤੇ ਵਿਅਕਤੀਗਤ ਤੌਰ 'ਤੇ ਸਾਡੇ ਲਈ ਦਿਨ ਰਾਤ ਡਟਣ ਵਾਲੇ ਸੁਹਿਰਦ ਸੱਜਣਾਂ ਲਈ ਵਕਤ ਬੇਵਕਤ ਨਿਭ ਜਾਣਾ, ਮੇਰੇ ਪਿਤਾ ਜੀ ਨੂੰ ਸ਼ਰਧਾਂਜਲੀ ਹੋਵੇਗੀ..


The Chaat Bar
& Parontha Place
403-460-0405 | 403-478-8324
2030-6004 Country Hills Blvd, NE
Calgary AB T3N 1A8
info@chaatbar.ca | www.chaatbar.ca
Contact For Catering

BEAUTY BLISS
Mediaesthetics
INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor

2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com
Desjardins Financial Security Independent Network, CPP, GREAT-WEST FINANCIAL, BMO, RBC Royal Bank, Equitable Life of Canada, iA Financial Group, Manulife Financial, Canada Life, Foresters, ivari

TAX & ACCOUNTING
- Personal, Business & Corporate Tax
- Book Keeping & Accounting Service
- RSEP & Education Saving Plan (Get Goverment Grants upto 40%)
- RRSP, TFSA & RDSP
- Payroll & HST Service
- Business & GST Registration
E-FILE
Special Discounts for Groups & Seniors
K.S.C. General SERVICES

Kirpal Cheema
I will help you understand the product and provide trusted service to choose the product that fits your needs and life style.
Give me a call for all your personal and business needs.
647-763-4862
www.kirpalcheema.com
INSURANCE
- Life Insurance (Permanent, Universal or Term)
- Disability & Critical Insurance (Money Back)
- Long Term Care Insurance
- Health, Dental & Drug Benefits
- Visitor & Super Visa Insurance (Monthly & Money Back Plan)
- Group Life, Health, Dental & Drug Plans

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

*ਪੀਐਸਯੂ ਦੇ ਇਤਿਹਾਸ ਦੀਆਂ ਝਲਕਾਂ ਤੇ ਗੋਸ਼ਟੀ*

# ਬੀਤੇ ਤੋਂ ਸਿੱਖੋ, ਅਗਲੇਰੀਆਂ ਚੁਣੌਤੀਆਂ ਨੂੰ ਕਬੂਲੋ : ਡਾ. ਕੁਲਦੀਪ

**ਰਿਪੋਰਟ : ਬਲਜਿੰਦਰ ਸਿੰਘ ਪਟਿਆਲਾ**











ਮਾਨਸਾ ਵਿਚ ਪ੍ਰੋ. ਅਜਾਇਬ ਸਿੰਘ ਦੀ ਕਿਤਾਬ 'ਪੀਐਸਯੂ ਦੇ ਇਤਿਹਾਸ ਦੀਆਂ ਝਲਕਾਂ' ਉਤੇ ਭਰਵੀਂ ਚਰਚਾ ਹੋਈ। ਇਸ ਚਰਚਾ ਦਾ ਆਯੋਜਨ ਰੈਡੀਕਲ ਪੀਪਲਜ ਫੋਰਮ ਅਤੇ ਜੁਟਾਨ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਕਿਤਾਬ ਉਤੇ ਤਿੰਨ ਪਰਚੇ ਪੜ੍ਹੇ ਗਏ ਅਤੇ ਦਰਜਨ ਤੋਂ ਵੱਧ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ।

ਡਾ. ਮੇਘਾ ਸਿੰਘ ਨੇ ਕਿਤਾਬ ਦੇ ਵਿਸ਼ੇ ਵਸਤੂ ਨਾਲ ਜਾਣ ਪਛਾਣ ਕਰਵਾਉਂਦਿਆਂ ਇਸ ਪੁਸਤਕ ਦੇ ਵੱਖ ਵੱਖ ਇਤਿਹਾਸਮਈ ਘਟਨਕ੍ਰਮ ਦੀ ਲੜੀਬੱਧ ਜਾਣਕਾਰੀ ਦਿੱਤੀ। ਇਸ ਸੈਮੀਨਾਰ ਦੇ ਅਹਿਮ ਅਤੇ ਚਰਚਿਤ ਬਹੁਪਰਤੀ ਪੇਪਰ ਪੇਸ਼ ਕਰਦਿਆਂ ਡਾ. ਕੁਲਦੀਪ ਸਿੰਘ ਨੇ ਵਿਸਥਾਰ ਵਿਚ ਕਿਤਾਬ ਉਤੇ ਬੋਲਦਿਆਂ ਕਿਹਾ ਕਿ ਅਜੇ ਤੱਕ ਅਸੀਂ ਕੋਈ ਵੀ ਅਜਿਹਾ ਮੁੱਲਵਾਨ ਖੋਜਕਾਰਜ ਨਹੀਂ ਕੀਤਾ ਜੋ ਵਿਦਿਆਰਥੀ ਸੰਘਰਸ਼ਾਂ, ਉਸ ਸਮੇਂ ਦੇ ਦੌਰਾਂ ਅਤੇ ਇਤਿਹਾਸਕ ਪ੍ਰਾਪਤੀਆਂ ਦੀ ਲੰਬੀ ਗਾਥਾ ਨੂੰ ਸਮਝ ਕੇ ਇਕ ਦ੍ਰਿਸ਼ਟੀ ਪ੍ਰਦਾਨ ਕਰਦਾ ਹੋਵੇ। ਹਾਲਾਂਕਿ 1968 ਤੋਂ ਬਾਅਦ ਪੱਛਮ ਦੇ ਬਹੁਤ ਵਿਦਵਾਨਾਂ ਨੇ ਆਪਣੀਆਂ ਵਿਦਿਆਰਥੀ ਲਹਿਰਾਂ ਦਾ ਸਮੇਂ ਅਤੇ ਸਥਿਤੀਆਂ ਅਨੁਸਾਰ ਅਧਿਐਨ ਕੀਤਾ ਅਤੇ ਭਵਿੱਖ ਲਈ ਦਿਸ਼ਾਵਾਂ ਪ੍ਰਦਾਨ ਕੀਤੀਆਂ। ਅਜੇ ਇਸ ਕਿਸਮ ਨਾਲ ਕਾਰਜ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਉਨ੍ਹਾਂ ਸ਼ੁਰੂਆਤ ਵਿਚ ਹੀ ਕਿਹਾ ਕਿ ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਸਬਕ ਸੀ ਕਿ ਅਸੀਂ ਇਕਜੁਟ ਹੋ ਕੇ ਜੇ ਲੜਾਈ ਲੜਦੇ ਹਾਂ ਤਾਂ ਵੱਡੀਆਂ ਪ੍ਰਾਪਤੀਆਂ ਕਰਦੇ ਹਾਂ। ਜੇ ਅਸੀਂ ਗੁੱਟਾਂ ਅਤੇ ਧੜੇਬੰਦੀਆਂ ਵਿਚ ਵੰਡੇ ਰਹਿੰਦੇ ਹਾਂ ਤਾਂ ਪ੍ਰਾਪਤੀਆਂ ਨਾਮਾਤਰ ਹੀ ਹੁੰਦੀਆਂ ਹਨ। ਇਸ ਸਬਕ ਤੋਂ ਸਿੱਖਣ ਦੀ ਜ਼ਰੂਰਤ ਹੈ। ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ ਕਿ 1960ਵਿਆਂ ਤੋਂ ਬਾਅਦ ਜਿਸ ਕਿਸਮ ਨਾਲ ਉਚੇਰੀ ਸਿੱਖਿਆ ਦਾ ਪਾਸਾਰ ਹੋਇਆ ਹੈ ਸਮੁੱਚਾ ਸਮਾਜ ਇਸ ਵਿਚ ਸ਼ਾਮਲ ਹੋ ਗਿਆ। ਗਰੀਬ ਤੋਂ ਲੈ ਕੇ ਮੱਧ ਵਰਗ ਤੇ ਅਮੀਰ ਵਰਗ ਨੂੰ ਪਤਾ ਲੱਗ ਗਿਆ ਹੈ ਕਿ ਵਿਦਿਆ ਤੋਂ ਬਿਨਾਂ ਉਨ੍ਹਾਂ ਦੀ ਹੋਣੀ ਦਾ ਕੋਈ ਭਵਿੱਖ ਨਹੀਂ ਇਸ ਕਰਕੇ ਪਿਛਲੇ 5 ਦਹਾਕਿਆਂ ਵਿਚ ਜਿਸ ਕਿਸਮ ਨਾਲ ਉਚੇਰੀ ਸਿੱਖਿਆ ਦੀਆਂ ਸਥਿਤੀਆਂ ਬਾਰੇ ਵਿਦਿਆਰਥੀ ਸੰਘਰਸ਼ ਹੋਏ ਹਨ ਉਨ੍ਹਾਂ ਨੂੰ ਸਮਝਣਾ ਅਤੇ ਉਨ੍ਹਾਂ ਤੋਂ ਸਬਕ ਕੱਢਣੇ ਸਾਡੇ ਲਈ ਬੜੇ ਜ਼ਰੂਰੀ ਹੈ ਕਿਉਂਕਿ ਅਸੀਂ ਵੰਨਗੀਆਂ ਅਤੇ ਟੁਕੜਿਆਂ ਵਿਚ ਆਪੋ ਆਪਣੀ ਯੂਨੀਅਨਾਂ ਨੂੰ ਅਹਿਮੀਅਤ ਦਿੰਦੇ ਹਾਂ ਅਤੇ ਏਕਤਾ ਹੌਲੀ ਹੌਲੀ ਫਰੰਟਾਂ ਵਿਚ ਬਦਲ ਜਾਂਦੀ ਹੈ ਅਤੇ ਸਮਾਜ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਸਕਦੇ। ਇਸ ਕਰਕੇ ਜੇ ਸਮਾਜ ਨੂੰ ਪ੍ਰਭਾਵਿਤ ਕਰਨਾ ਹੈ ਤਾਂ ਲਾਜ਼ਮੀ ਹੈ ਕਿ ਵੱਖ ਵੱਖ ਹੋਣ ਦੇ ਬਾਵਜੂਦ ਇਕ ਜਥੇਬੰਦੀ ਦਾ ਇਕਜੁਟ ਹੋ ਕੇ ਲੜਨਾ ਅਤੇ ਵਿਚਾਰਾਂ ਦੇ ਭੇੜ ਵਿਚ ਸ਼ਿਰਕਤ ਕਰਨਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਇਹ ਸਾਰਥਿਕ ਦਸਤਾਵੇਜ਼ ਹੈ ਜਿਸ ਦੇ ਆਧਾਰ ਉਤੇ 60ਵਿਆਂ ਤੋਂ ਲੈ ਕੇ 90ਵਿਆਂ ਤੱਕ ਵਿਦਿਆਰਥੀਆਂ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਇਤਿਹਾਸ ਅਤੇ ਗਤੀਵਿਧੀਆਂ ਨੂੰ ਸਮਝਿਆ ਜਾ ਸਕਦਾ ਹੈ, ਵਿਚਾਰਿਆ ਜਾ ਸਕਦਾ ਹੈ ਅਤੇ ਅਗਲੇਰੀ ਦਿਸ਼ਾ ਤਹਿ ਕੀਤੀ ਜਾ ਸਕਦੀ ਹੈ। ਉਨ੍ਹਾਂ ਵਿਸ਼ਵ ਦੀਆਂ ਵਿਦਿਆਰਥੀ ਲਹਿਰਾਂ ਵਲੋਂ ਆਪਣੇ ਆਪਣੇ ਦੇਸ਼ਾਂ ਵਿਚ ਨਿਭਾਈਆਂ ਸਮਾਜਿਕ ਤਬਦੀਲੀ ਹਿੱਤ ਭੂਮਿਕਾਵਾਂ ਦੀ ਚਰਚਾ ਕਰਦਿਆਂ ਪੀਐਸਯੂ ਦੇ ਰੋਲ ਨੂੰ ਪਹਿਚਾਨਣ 'ਤੇ ਜ਼ੋਰ ਦਿੱਤਾ। 60ਵਿਆਂ ਦਾ ਦਹਾਕਾ ਜਿਥੇ ਤਿੱਖੀਆਂ ਤਬਦੀਲੀਆਂ ਦਾ ਦੌਰ ਸੀ ਤੇ ਹਰ ਪਾਸੇ ਕਿਸੇ ਨਾ ਕਿਸੇ ਰੂਪ ਵਿਚ ਖੜੌਤ ਟੁੱਟ ਰਹੀ ਸੀ, ਐਨ ਉਸੇ ਸਮੇਂ ਪੰਜਾਬ ਵਿਚ ਵਿਦਿਆਰਥੀਆਂ ਨੇ ਜਿਹੜੀ ਅੰਗੜਾਈ ਲਈ ਉਸ ਵਿਚ ਇਸ ਜਥੇਬੰਦੀ ਦਾ ਜਨਮ ਹੋਇਆ ਅਤੇ ਜਿਸ ਨੇ ਆਪਣੇ ਪਹਿਲੇ 30 ਸਾਲਾਂ ਦੇ ਦੌਰ ਵਿਚ ਜਿਹੜੀ ਜਾਗਰੂਕਤਾ ਦੀ ਭੂਮਿਕਾ ਨਿਭਾਈ ਉਹਦੀ ਅਮਿੱਟ ਛਾਪ ਇਤਿਹਾਸ ਦੇ ਪੰਨਿਆਂ 'ਤੇ ਸਦਾ ਰਹੇਗੀ। ਵਿਦਿਆਰਥੀਆਂ ਦੀਆਂ ਸਥਾਨਕ ਸਮੱਸਿਆਵਾਂ ਉਤੇ ਸੰਘਰਸ਼ਾਂ ਤੋਂ ਲੈ ਕੇ ਵਿਸ਼ਵ ਵਿਚ ਚਲ ਰਹੇ ਵਰਤਾਰਿਆਂ ਅਤੇ ਸਾਮਰਾਜੀ ਜੰਗਾਂ ਤੱਕ ਵਿਦਿਆਰਥੀਆਂ ਨੂੰ ਜਿਹੜੀ ਚੇਨਤਾ ਦੇਣ ਦੀ ਭੂਮਿਕਾ ਇਸ ਜਥੇਬੰਦੀ ਨੇ ਨਿਭਾਈ ਇਸ ਨੇ ਸਮਾਜਿਕ ਚੇਤਨਾ ਨੂੰ ਵੀ ਪ੍ਰਭਾਵਤ ਕੀਤਾ। ਵਿਦਿਆਰਥੀਆਂ ਦੇ ਇਨ੍ਹਾਂ ਸੰਘਰਸ਼ਾਂ ਨੇ ਲੋਕਾਈ ਦੇ ਵੱਡੇ ਹਿੱਸੇ ਵਿਚ ਹਕੂਮਤ ਦੀਆਂ ਲੋਕ ਮਾਰੂ ਨੀਤੀਆਂ ਨੂੰ ਬੇਪੜਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਕਿਤਾਬ ਜਿਹਨੂੰ ਮਹੱਤਵਪੂਰਨ ਦਸਤਾਵੇਜ਼ਾਂ ਦਾ ਸੰਕਲਨ ਵੀ ਕਿਹਾ ਜਾ ਸਕਦਾ ਹੈ ਤੋਂ ਅਸੀਂ ਭਲੀ ਭਾਂਤ ਜਾਣ ਸਕਦੇ ਹਾਂ ਕਿ ਕਿਵੇਂ ਰੀਗਲ ਸਿਨੇਮਾ ਵਿਚ ਟਿਕਟਾਂ ਦੀ ਬਲੈਕ ਦੀ ਘਟਨਾ ਅਤੇ ਵਿਦਿਆਰਥੀਆਂ ਦੀ ਸ਼ਹਾਦਤ ਪਿਛੋਂ ਭਲੇ ਮਾਹੌਲ ਨੇ ਉਸ ਸਮੇਂ ਦੀ ਸਰਕਾਰ ਨੂੰ ਗੁਜਰਾਲ ਕਮਿਸ਼ਨ ਦੀ ਸਥਾਪਨਾ ਤੱਕ ਕਰਨ ਲਈ ਮਜ਼ਬੂਰ ਕੀਤਾ।

ਐਮਰਜੈਂਸੀ ਤੋਂ ਪਹਿਲਾਂ ਲੋਕ ਬੇਚੈਨੀ ਨੂੰ ਨਵਾਂ ਰਾਹ ਦਰਸਾਉਣ ਲਈ ਗੋਆ ਸੰਗਰਾਮ ਰੈਲੀ ਤੇ ਫਿਰ ਜੂਨ 1975 ਵਿਚ ਐਮਰਜੈਂਸੀ ਲੱਗਣ ਸਮੇਂ ਲੋਕਾ ਵਿਚ ਹਕੂਮਤਾਂ ਦੀਆਂ ਨੀਤੀਆਂ ਬੇਪੜਦ ਕਰਨ ਦੀ ਭੂਮਿਕਾ ਜਾਂ ਫਿਰ ਵਧੇ ਹੋਏ ਬਸ ਕਿਰਾਇਆਂ ਵਿਰੁੱਧ ਲੜੇ ਗਏ ਇਤਿਹਾਸਕ ਘੋਲ ਨੇ ਸਮਾਜਿਕ ਚੇਤਨਾ ਪੈਦਾ ਕਰਨ ਵਿਚ ਨਿਭਾਈ ਭੂਮਿਕਾ, ਮਹਿਜ ਇਤਿਹਾਸ ਦੇ ਪੰਨਿਆਂ ਉਤੇ ਦਰਜ ਘਟਨਾਵਾਂ ਹੀ ਨਹੀਂ, ਸਗੋਂ ਅਗਲੇਰੀ ਵਿਦਿਆਰਥੀ ਲਹਿਰ ਲਈ ਸਿਖਣ ਅਤੇ ਪ੍ਰੇਰਣਾ ਲੈਣ ਦੇ ਅਹਿਮ ਪੰਨੇ ਹਨ।

ਡਾ. ਕੁਲਦੀਪ ਸਿੰਘ ਨੇ ਆਪਣੇ ਪਰਚੇ ਵਿਚ ਜਥੇਬੰਦੀ ਵਿਚ ਵੱਖ-ਵੱਖ ਸਿਧਾਂਤਕ ਵਿਚਾਰਾਂ ਦੇ ਵਖਰੇਵਿਆਂ ਨੂੰ ਵੀ ਚਿੰਤਨ ਕਰਦਿਆਂ ਇਸ ਨੂੰ ਪਿਛਲੇ ਸਾਲਾਂ 'ਚ ਚੱਲੇ ਸਾਂਝੇ ਕਿਸਾਨ ਸੰਘਰਸ਼ ਦੀ ਰੋਸ਼ਲੀ 'ਚ ਸਿੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੇਸ਼ੱਕ ਵਿਚਾਰਾਂ ਦੇ ਮਤਭੇਦ ਵੀ ਕਿਉਂ ਨਾ ਹੋਣ ਪਰ ਕੁੜੱਤਣ ਦਾ ਮਾਹੌਲ, ਲਹਿਰਾਂ ਦੇ ਵਿਕਾਸ ਤੇ ਪਸਾਰ ਲਈ ਇਕ ਰੁਕਾਵਟ ਬਣਿਆ ਰਹਿੰਦਾ ਹੈ। ਸਿਧਾਂਤਕ ਵਖਰੇਵੇਂ 'ਤੇ ਪਹੁੰਚਾਂ ਪ੍ਰਤੀ ਦੋਸਤਾਨਾ ਤੇ ਸਿਖਣੇ ਸਿਖਾਉਣ ਵਾਲੀ ਉਸਾਰੂ ਪਹੁੰਚ ਅਪਣਾਉਣ ਦੀ ਲੋੜ ਹੈ। ਅਜਾਇਬ ਟਿਵਾਣਾ ਨੇ ਤਿੰਨ ਦਹਾਕਿਆਂ ਦੀ ਇਨਕਲਾਬੀ ਵਿਦਿਆਰਥੀ ਲਹਿਰ ਦੀ ਅੰਦਰੂਨੀ ਟੁੱਟ ਭੱਜ ਤੇ ਪਹੁੰਚਾਂ ਨੂੰ ਇਕ ਦਸਤਾਵੇਜ਼ੀ ਰੂਪ ਦੇ ਕੇ ਸਾਨੂੰ ਇਹੀ ਸੰਦੇਸ਼ ਦਿੱਤਾ ਹੈ ਕਿ ਅਸੀਂ ਆਪਣੇ ਬੀਤੇ ਨੂੰ ਫਰੋਲੀਏ, ਵਾਚੀਏ ਅਤੇ ਇਸ ਤੋਂ ਸਿੱਖਦਿਆਂ ਹੋਇਆਂ ਅਗਲੇਰੀਆਂ ਚੁਣੌਤੀਆਂ ਦੇ ਸਨਮੁੱਖ ਹੋਈਏ।

ਉਨ੍ਹਾਂ ਵਲੋਂ ਪੜ੍ਹੇ ਗਏ ਪੇਪਰ ਵਿਚ ਅਜੋਕੇ ਦੌਰ ਦੀਆਂ ਵਿਦਿਆਰਥੀ ਲਹਿਰਾਂ ਦੇ ਸਨਮੁੱਖ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਸਭ ਤੋਂ ਵੱਡਾ ਤੇ ਖਤਰਨਾਕ ਹਮਲਾ ਕੌਮੀ ਸਿੱਖਿਆ ਨੀਤੀ ਵਜੋਂ ਹਕੂਮਤ ਵਲੋਂ ਵਿਦਿਆ 'ਤੇ ਵੱਡਾ ਹਮਲਾ ਹੈ, ਜਿਸ ਨਾਂਲ ਜਿਥੇ ਆਬਾਦੀ ਦਾ ਵੱਡਾ ਹਿਸਾ ਵਿਦਿਆ ਤੋਂ ਦੂਰ ਹੋ ਜਾਵੇਗਾ ਅਤੇ ਉਚ ਵਿਦਿਆ, ਇਕ ਤਕਨੀਕੀ ਤੇ ਮਸ਼ੀਨੀ ਪੁਰਜੇ ਤਾਂ ਪੈਦਾ ਕਰੇਗੀ, ਸਮਾਜ ਲਈ ਗੰਭੀਰ ਵਿਚਾਰਵਾਨ ਪੈਦਾ ਕਰਨਾ ਬੰਦ ਕਰ ਦੇਵੇਗੀ। ਕਾਰਪੋਰੇਟ ਪੂੰਜੀ ਤੇ ਹਿੰਦੂਤਵੀ ਫਾਸ਼ਿਸ਼ਟ ਤਾਕਤਾਂ ਵਲੋਂ ਵਿੱਢੇ ਗਏ ਇਸ ਹਮਲੇ ਨੂੰ ਜੇ ਅਸੀਂ ਪਿਛਲੇ ਹਿਤਿਹਾਸ ਤੋਂ ਸਿੱਖ ਕੇ ਅੱਜ ਸੰਬੋਧਤ ਨਾ ਹੋਏ ਤਾਂ ਸਮਾਜ ਇਕ ਭਿਆਨਕ ਕਾਲੇ ਦੌਰ ਵੱਲ ਧੱਕਿਆ ਜਾਵੇਗਾ। ਪੀਐਸਯੂ ਦਾ ਪਿਛਲੇਰਾ 50 ਸਾਲ ਦਾ ਇਤਿਹਾਸ ਸਾਡੇ ਲਈ ਇਸ ਪੱਖੋਂ ਅੱਜ ਪ੍ਰੇਰਣਾਦਾਹਿਕ ਹੈ ਕਿ ਸਾਡੇ ਵਿਦਿਆਰਥੀ ਅਗਲੇਰੀ ਵੱਡੀ ਚੁਣੌਤੀ ਨੂੰ ਸਵੀਕਾਰ ਕਰਨ ਅਤੇ ਇਸ ਵਿਰੁੱਧ ਸਾਂਝਾ ਸੰਘਰਸ਼ ਵਿੱਢਣ ਜਿਸ ਵਿਚ ਸਮਾਜ ਦੇ ਸਾਰੇ ਵਰਗਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ।

ਇਸ ਮੌਕੇ ਜਗਦੇਵ ਸਿੰਘ ਜੱਗਾ ਨੇ ਵੀ ਆਪਣਾ ਪੇਪਰ ਪੜ੍ਹਿਆ ਜਿਸ ਵਿਚ ਜਥੇਬੰਦੀ ਦੇ ਅੰਦਰ ਵੱਖ ਵੱਖ ਵਿਚਾਰਾਂ ਦੇ ਆਧਾਰ ਉਤੇ ਖਿੰਡਾਅ ਦੇ ਵਰਤਾਰੇ ਉਤੇ ਗੰਭੀਰ ਚਿੰਤਾ ਪ੍ਰਗਟਾਈ। ਹਿਸ ਤੋਂ ਛੁੱਟ ਕੰਵਲਜੀਤ ਖੰਨਾ, ਡਾ. ਅਵਤਾਰ, ਬਲਵਿੰਦਰ ਚਹਿਲ, ਮਿੱਠੂ ਸਿੰਘ ਕਾਹਨੇਕੇ, ਹਰਦੀਪ ਸਿੰਘ, ਸੁਖਦੇਵ ਭੂਦਛੀ, ਬਲਵਿੰਦਰ ਸੇਖੋਂ, ਹਰਿੰਦਰ ਸਿੰਘ ਜ਼ੀਰਾ, ਸੁਰਜੀਤ ਦੌਧਰ, ਮਾਲਵਿੰਦਰ ਮਾਲੀ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

ਅਜਾਇਬ ਟਿਵਾਣਾ ਨੇ ਰੂਸ ਅਤੇ ਚੀਨ ਦੇ ਸਮਾਜਵਾਦੀ ਢਾਚਿਆਂ ਦੀਆਂ ਹਾਰਾਂ ਤੋਂ ਪਿਛੋਂ ਜਿੰਨਾ ਵੱਡਾ ਸੰਕਟ ਤੇ ਚੁਣੌਤੀਆਂ ਹਨ ਉਸ ਉਤੇ ਦਰਜਨਾਂ ਨਹੀਂ ਸੈਂਕੜੇ ਗੋਸ਼ਟੀਆਂ ਦੀ ਲੋੜ ਹੈ। ਵਿਚਾਰ ਚਰਚਾ ਨੂੰ ਸਮੇਟਦੇ ਹੋਏ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿ ਅੱਜ ਹਰ ਕਿਰਤੀ ਕਾਮਾ ਉਂਝ ਹੀ ਸੋਚਦਾ ਹੈ ਜਿਵੇਂ ਮੱਧ ਵਰਗੀ ਪੂੰਜੀਪਤੀ ਵਾਂਗੂੰ ਹੀ ਸੋਚਣ ਲੱਗ ਗਿਆ ਹੈ। ਪੂੰਜੀਵਾਦੀ ਪ੍ਰਬੰਧ ਨੇ ਆਪਣੀ ਸੋਚ ਨੂੰ ਆਮ ਲੋਕਾਈ ਦੇ ਦਿਮਾਗਾਂ ਵਿਚ ਜਿਵੇਂ ਭਰ ਦਿੱਤਾ ਹੈ ਇਹ ਇਕ ਖਤਰਨਾਕ ਵਰਤਾਰਾ ਹੈ। ਇਹਨੇ ਇਨਸਾਨ ਦੇ ਦਿਮਾਗਾਂ ਨੂੰ ਉਸਾਰੂ ਤੇ ਇਕ ਚੰਗੇਰੇ ਸਮਾਜ ਸਿਰਜਨ ਦੇ ਵਿਚਾਰਾਂ ਦੀ ਥਾਂ ਪੂੰਜੀਵਾਦੀ ਮੁੱਲਾਂ, ਕਦਰਾਂ ਕੀਮਤਾਂ ਤੇ ਮੁਨਾਫ਼ੇ ਦੀ ਪ੍ਰਵਿਰਤੀ ਨੂੰ ਭਰ ਕੇ ਪ੍ਰਦੂਸ਼ਤ ਕਰ ਦਿੱਤਾ ਹੈ। ਇਹ ਇਕ ਵੱਡੀ ਚੁਣੌਤੀ ਹੈ। 60ਵਿਆਂ ਵਿਦਿਆਰਥੀ ਲਹਿਰ ਨੇ ਸਮਾਜ ਨੂੰ ਜੋ ਨਵਾਂ ਸਮਾਜ ਸਿਰਜਨ ਦੀ ਰੌਸ਼ਨੀ ਦਿੱਤੀ ਸੀ, ਨੂੰ ਅੱਗੇ ਵਧਾਉਣ ਦੀ ਲੋੜ ਹੈ ਜਿਸ ਲਈ ਦਰਜਨਾਂ ਗੋਸ਼ਟੀਆਂ ਤੇ ਚਰਚਾਵਾਂ ਦੀ ਲੋੜ ਹੈ। ਇਸ ਗੋਸ਼ਟੀ ਦੇ ਸ਼ੁਰੂ ਵਿਚ ਕਾ. ਸੁਖਦਰਸ਼ਨ ਨੈਤ ਨੇ ਜੀ ਆਇਆਂ ਕਹਿੰਦਿਆਂ ਕਿਤਾਬ 'ਤੇ ਗੋਸ਼ਟੀ ਦੇ ਮਹੱਤਵ ਉਤੇ ਚਾਨਣਾ ਪਾਇਆ। ਅਜਮੇਰ ਅਕਲੀਆ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਰਾਜਵਿੰਦਰ ਮੀਰ ਨੇ ਮੰਚ ਸੰਚਾਲਨ ਕੀਤਾ। ਇਸ ਗੋਸ਼ਟੀ ਨੂੰ ਸਫ਼ਲ ਬਣਾਉਣ ਵਿਚ ਸੁਖਦਰਸ਼ਨ ਨਤ ਤੋਂ ਇਲਾਵਾ, ਅਮੋਲ ਡੇਲੂਆਣਾ, ਹਰਗਿਆਨ ਤੇ ਜਸਪਾਲ ਖੋਖਰ ਦੀ ਟੀਮ ਨੇ ਅਹਿਮ ਭੂਮਿਕਾ ਨਿਭਾਈ।

**ਪੁਸਤਕ ਰਿਲੀਜ਼**


# ਪੰਜਾਬ ਦੇ ਵਾਤਾਵਰਣ ਸੰਕਟ ਅਤੇ ਉਸ ਦੇ ਸਰੋਕਾਰ






ਡਾ. ਚਰਨਜੀਤ ਸਿੰਘ ਨਾਭਾ ਨੇ ਪੰਜਾਬ ਦੇ ਵਾਤਾਵਰਣ ਸੰਕਟ ਦੀਆਂ ਵੱਖ ਵੱਖ ਪਰਤਾਂ ਜਿਨ੍ਹਾਂ ਵਿਚ ਦਰਿਆਵਾਂ ਤੋਂ ਲੈ ਕੇ ਹਵਾਵਾਂ ਤੱਕ ਜਿਸ ਕਿਸਮ ਨਾਲ ਹਰੀ ਕ੍ਰਾਂਤੀ ਤੋਂ ਬਾਅਦ ਵਿਗਾੜ ਆਏ ਹਨ, ਇਥੋਂ ਤੱਕ ਦਰਿਆ ਸਤਲੁਜ ਅਤੇ ਘੱਗਰ ਦਰਿਆ ਵੀ ਤਬਾਹੀਆਂ ਵੱਲ ਨੂੰ ਵਧ ਗਏ ਹਨ ਅਤੇ ਪਾਣੀਆਂ ਦਾ ਸੰਕਟ ਬੇਹੱਦ ਡੂੰਘਾ ਹੋ ਗਿਆ ਹੈ। ਕਣਕ ਅਤੇ ਝੋਨੇ ਦੇ ਫਸਲੀ ਚੱਕਰ ਨੇ ਪੰਜਾਬ ਦੀ ਆਬੋ ਹਵਾ ਵੀ ਖਰਾਬ ਕਰ ਦਿੱਤੀ ਹੈ। ਇਸ ਪੁਸਤਕ 'ਵਾਤਾਵਰਣਿਕ ਸਰੋਕਾਰ' ਵਿਚ ਪੰਜਾਬ ਦੇ ਵਾਤਾਵਰਣਿਕ ਸੰਕਟ, ਹੱਲ ਅਤੇ ਬਦਲਦੀ ਤਲਾਸ਼ ਬਾਰੇ ਅਹਿਮ ਲਿਖਤਾਂ ਲਿਖਦਿਆਂ ਅਤੇ ਪੁਸਤਕ ਨੂੰ ਸੰਪਾਦਿਤ ਕਰਦਿਆਂ ਪ੍ਰਸਿੱਧ ਵਿਦਵਾਨ ਡਾ. ਕੁਲਦੀਪ ਸਿੰਘ ਨੇ ਵਿਚਾਰ ਪ੍ਰਦਾਨ ਕੀਤੇ ਹਨ ਕਿ ਆਉਣ ਵਾਲੇ 20 ਸਾਲਾਂ ਵਿਚ ਦੁਨੀਆ ਦੇ ਪਹਿਲੇ ਪੰਜਾਹ ਵਾਤਾਵਰਣਿਕ ਸੰਕਟ ਵਾਲੇ ਖੇਤਰਾਂ ਵਿਚ ਪੰਜਾਬ ਵੀ ਸ਼ਾਮਲ ਹੋ ਰਿਹਾ ਹੈ। ਇਹ ਦੁਨੀਆ ਦੀਆਂ ਰਿਪੋਰਟਾਂ ਦਰਸਾ ਰਹੀਆਂ ਹਨ ਕਿ ਜੇ ਪੰਜਾਬੀਆਂ ਨੇ ਇਕਜੁਟ ਹੋ ਕੇ ਅਜੋਕੇ ਵਿਕਾਸ ਮਾਡਲ ਨੂੰ ਤਬਦੀਲ ਨਾ ਕੀਤਾ ਤਾਂ ਪੰਜਾਬ ਦੀ ਤਬਾਹੀ ਨੂੰ ਕੋਈ ਵੀ ਨਹੀਂ ਰੋਕ ਸਕਦਾ। ਕੋਈ ਵੀ ਕੋਨਾ ਪੰਜਾਬ ਦਾ ਬਚਿਆ ਨਹੀਂ ਜਿਹੜਾ ਇਸ ਸੰਕਟ ਤੋਂ ਪ੍ਰਭਾਵਿਤ ਨਾ ਹੋਇਆ ਹੋਵੇ। ਸਿਹਤ ਤੋਂ ਲੈ ਕੇ ਵਾਤਾਵਰਣ ਤੱਕ ਹਰ ਕੋਈ ਇਸ ਗ੍ਰਿਫ਼ਤ ਵਿਚ ਆ ਗਿਆ ਹੈ। ਇਸ ਪੁਸਤਕ ਦਾ ਰਿਲੀਜ਼ ਸਮਾਰੋਹ ਰੋਟਰੀ ਕਲੱਬ ਨਾਭਾ ਤੇ ਫੋਕਲੋਰ ਰਿਸਰਚ ਅਕਾਦਮੀ ਸ੍ਰੀ ਅੰਮ੍ਰਿਤਸਰ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਪੁਸਤਕ ਨੂੰ ਫੋਕਲੋਰ ਰਿਸਰਚ ਅਕਾਦਮੀ ਸ੍ਰੀ ਅੰਮ੍ਰਿਤਸਰ, ਇੰਡੋਜ਼ ਪੰਜਾਬੀ ਸਾਹਿਤ ਅਕਾਦਮੀ ਆ.ਫ ਆਸਟ੍ਰੇਲੀਆ ਅਤੇ ਪ੍ਰੋਪ. ਪਿਊਪਲਜ਼ ਆਰਟ ਪ੍ਰੋਜੈਕਟ ਮੀਡੀਆ ਗਰੁੱਪ (ਸਰੋਕਾਰਾਂ ਦੀ ਆਵਾਜ਼) ਵਲੋਂ ਸਾਂਝੇ ਰੂਪ ਵਿਚ ਪ੍ਰਕਾਸ਼ਤ ਕੀਤੀ ਗਈ। ਇਹ ਅਹਿਮ ਦਸਤਾਵੇਜ਼ ਕਿਸਮ ਦੀ ਕਿਤਾਬ ਪੰਜਾਬ ਦੇ ਵਾਤਾਵਰਣ ਸੰਕਟ ਨੂੰ ਸਮਝਣ ਅਤੇ ਇਸ ਦੇ ਹੱਲ ਲਈ ਲੜਾਈਆਂ ਲੜਨ ਦੀ ਸਹੀ ਸਮਝਦਾਰੀ ਪ੍ਰਦਾਨ ਕਰਦੀ ਹੈ। ਇਸ ਪੁਸਤਕ ਦੇ ਰਿਲੀਜ਼ ਸਮਾਰੋਹ ਵਿਚ ਡਾ. ਕੁਲਦੀਪ ਸਿੰਘ, ਦਰਸ਼ਨ ਬੁੱਟਰ, ਰਤਨ ਚੰਦ, ਸ੍ਰੀਮਤੀ ਗੁਰਵਿੰਦਰ ਕੌਰ, ਕਾ. ਕਸ਼ਮੀਰ ਸਿੰਘ ਗਦਾਈਆ, ਸ੍ਰ. ਨਾਜਰ ਸਿੰਘ ਮਾਨਸਾਹੀਆ, ਕਵੀ ਸੁਰਜੀਤ ਜੱਜ, ਸ੍ਰੀ ਰਾਮੇਸ਼ ਯਾਦਵ, ਪ੍ਰੋ. ਬਾਵਾ ਸਿੰਘ ਅਤੇ ਸਿੱਖਿਆ ਚਿੰਤਕ ਸਵਰਣ ਸਿੰਘ ਭੰਗੂ ਹਾਜ਼ਰ ਸਨ।

# ਆਤਮ-ਕਥਾ ਤੇ ਇਤਿਹਾਸ ਦਾ ਸ਼ਾਨਦਾਰ ਸੁਮੇਲ - 'ਸਲਾਮ ਬੰਗਾ'














ਡਾ. ਸੁਖਦੇਵ ਸਿੰਘ ਝੰਡ
647-567-9128

ਹੱਥਲੀ ਪੁਸਤਕ 'ਸਲਾਮ ਬੰਗਾ', ਜਿਵੇਂ ਕਿ ਇਸ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੈ, ਬੰਗਾ ਸ਼ਹਿਰ ਨੂੰ ਨਹੀਂ, ਸਗੋਂ ਸਮੂਹ 'ਬੰਗਾ ਇਲਾਕੇ' ਨੂੰ ਸਤਿਕਾਰ-ਸਹਿਤ 'ਸਲਾਮ' ਕਹਿੰਦੀ ਹੋਈ ਇਸ ਇਲਾਕੇ ਦੇ ਬਸ਼ਿੰਦਿਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਪਾਏ ਗਏ ਮਹਾਨ ਯੋਗਦਾਨ ਨੂੰ ਬੜੀ ਖ਼ੂਬਸੂਰਤੀ ਨਾਲ ਦਰਸਾਉਂਦੀ ਹੈ। ਇਹ ਲੇਖਕ ਦੀ ਆਤਮ-ਕਥਾ ਨੂੰ ਨਾਵਲ ਵਾਂਗ ਬੜੇ ਰੌਚਕ ਢੰਗ ਨਾਲ ਪੇਸ਼ ਕਰਦੀ ਹੈ ਅਤੇ ਨਾਲ ਦੀ ਨਾਲ ਬੰਗਾ ਇਲਾਕੇ ਦਾ ਇਤਿਹਾਸ ਬਿਆਨ ਕਰੀ ਜਾਂਦੀ ਹੈ। ਇਸ ਤਰ੍ਹਾਂ ਇਹ ਪੁਸਤਕ ਲੇਖਕ ਦੀ ਆਤਮ-ਕਥਾ ਅਤੇ ਬੰਗਾ ਏਰੀਏ ਦੇ ਇਤਿਹਾਸ ਦਾ ਵਧੀਆ 'ਸੁਮੇਲ' ਬਣ ਕੇ ਉੱਭਰੀ ਹੈ।

ਬੰਗਾ ਇਲਾਕੇ ਦੇ ਕਾਮਰੇਡਾਂ ਦਾ ਜ਼ਿਕਰ ਕਰਦਿਆਂ ਲੇਖਕ ਦੱਸਦਾ ਹੈ ਕਿ ਰਾਜ ਹਲਵਾਈ ਦਾ ਵੱਡਾ ਭਰਾ 'ਬਿਜਲੀ' (ਕ੍ਰਿਸ਼ਨ ਕੁਮਾਰ) ਬੰਗਾ ਸ਼ਹਿਰ ਦਾ ਪਹਿਲਾ ਕਾਮਰੇਡ ਸੀ। ਇਲਾਕੇ ਦੇ ਹੋਰ ਕਾਮਰੇਡਾਂ ਵਿਚ ਭਾਈ ਰਤਨ ਸਿੰਘ 'ਰਾਏਪੁਰ ਡੱਬਾ', ਹਰਬੰਸ ਸਿੰਘ ਕਰਨਾਣਾ, ਕਾਮਰੇਡ ਬੂਝਾ ਸਿੰਘ, ਕਾਮਰੇਡ ਵਿਸ਼ਨੂੰ ਦੱਤ ਸ਼ਰਮਾ, ਉਸ ਦੀ ਭੈਣ ਕਾਮਰੇਡ ਕਾਂਤਾ, ਕਾਮਰੇਡ ਵਤਨ ਸਿੰਘ ਮਾਹਿਲ ਗਹਿਲਾਂ, ਕਾਮਰੇਡ ਨਰਿੰਦਰ ਦੋਸਾਂਝ, ਜੀਂਦੋਵਾਲ ਦੇ ਕਾਮਰੇਡ ਪ੍ਰੀਤਮ ਸਿੰਘ ਪੂੰਨੀ ਤੇ ਹਰਿਦਆਲ ਸਿੰਘ ਪੂੰਨੀ, ਡਾ. ਪ੍ਰੀਤਮ ਸਿੰਘ ਖ਼ਾਨਖ਼ਾਨਾ, ਧਰਮ ਸਿੰਘ ਸੁਜੋਂ ਅਤੇ ਕਈ ਹੋਰਨਾਂ ਦਾ ਵਿਸਥਾਰ ਪੂਰਵਕ ਜ਼ਿਕਰ ਕਰਦਾ ਹੈ। ਇਸ ਤੋਂ ਅਗਲੇ ਅਧਿਆਏ ਵਿਚ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਚਰਨ ਕੰਵਲ ਬੰਗਾ ਦਾ ਜ਼ਿਕਰ ਹੈ ਜਿੱਥੇ ਗੁਰੂ ਸਾਹਿਬ 19 ਜੂਨ 1634 (ਮੁਤਾਬਿਕ 21 ਹਾੜ 1692) ਨੂੰ ਆਏ ਸਨ ਅਤੇ ਬੰਗੇ ਦੇ ਨੇੜੇ ਲੇਖਕ ਦੇ ਪਿੰਡ ਜੀਂਦੋਵਾਲ ਲੱਗਭੱਗ ਇਕ ਮਹੀਨਾ ਠਹਿਰੇ ਸਨ।

ਪੁਸਤਕ ਦਾ ਅਗਲਾ ਅਧਿਆਇ ਬੰਗਾ ਇਲਾਕੇ ਦੇ ਆਜ਼ਾਦੀ ਘੁਲਾਟੀਆਂ ਨਾਲ ਸਬੰਧਿਤ ਹੈ ਅਤੇ ਆਜ਼ਾਦੀ ਘੁਲਾਟੀਆਂ ਦਾ ਨਾਂ ਸਾਹਮਣੇ ਆਉਂਦਿਆਂ ਸੱਭ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੀ ਤਸਵੀਰ ਅੱਖਾਂ ਅੱਗੇ ਘੁੰਮ ਜਾਂਦੀ ਹੈ। ਭਗਤ ਸਿੰਘ ਦੇ ਦਾਦਾ ਜੀ ਸ. ਅਰਜਨ ਸਿੰਘ, ਬਾਪ ਸ. ਕਿਸ਼ਨ ਸਿੰਘ, ਚਾਚੇ ਅਜੀਤ ਸਿੰਘ ਤੇ ਸਵਰਨ ਸਿੰਘ ਯਾਦ ਆਓਦੇ ਹਨ ਅਤੇ ਨਾਲ ਹੀ ਚਾਚੀਆਂ ਹਰਨਾਮ ਕੌਰ ਤੇ ਹੁਕਮ ਕੌਰ ਵੀ। ਝਨਾਂ ਦਰਿਆ ਵਿੱਚੋਂ ਨਹਿਰ ਕੱਢ ਕੇ 1892 ਵਿਚ ਅੰਗਰੇਜ਼ਾਂ ਨੇ 'ਬਾਰ' ਆਬਾਦ ਕੀਤੀ। ਹੋਰ ਬਹੁਤ ਸਾਰੇ ਲੋਕਾਂ ਵਾਂਗ ਬੰਗਾ ਇਲਾਕੇ ਦੇ ਲੋਕ ਵੀ ਇਸ ਨਵੀਂ ਆਬਾਦ ਹੋਈ 'ਬਾਰ' ਦੇ ਚੱਕ ਨੰਬਰ 105 (ਜ਼ਿਲਾ ਲਾਇਲਪੁਰ, ਹੁਣ ਫ਼ੈਸਲਾਬਾਦ) ਵਿਚ ਆ ਵੱਸੇ ਅਤੇ ਉਨ੍ਹਾਂ ਨੇ ਇਸ ਨੂੰ 'ਬੰਗਾ' ਦਾ ਨਾਂ ਦਿੱਤਾ। ਭਗਤ ਸਿੰਘ ਦੇ ਦਾਦਾ ਜੀ ਅਰਜਨ ਸਿੰਘ ਹੁਰਾਂ ਨੇ ਵੀ ਉੱਥੇ ਜ਼ਮੀਨ ਖ਼ਰੀਦ ਲਈ ਅਤੇ ਖਟਕੜ ਕਲਾਂ ਤੋਂ ਉੱਥੇ ਜਾ ਕੇ ਵਾਹੀ-ਖੇਤੀ ਕਰਨ ਲੱਗੇ। ਭਗਤ ਸਿੰਘ ਦਾ ਜਨਮ ਇੱਥੇ 1907 ਵਿਚ ਹੋਇਆ। ਉਸ ਦੇ ਜੀਵਨ, ਵਿਚਾਰਧਾਰਾ ਅਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਗਈ ਕੁਰਬਾਨੀ ਤੋਂ ਸਾਰੇ ਭਲੀ-ਭਾਂਤ ਵਾਕਿਫ਼ ਹਨ ਅਤੇ ਇਸ ਦੇ ਵਿਸਥਾਰ 'ਚ ਜਾਣ ਦੀ ਲੋੜ ਨਹੀਂ।

1947 ਵਿਚ ਹੋਈ ਭਾਰਤ-ਪਾਕਿ ਵੰਡ ਸਮੇਂ ਇਨਸਾਨ ਹੈਵਾਨ ਬਣ ਗਏ ਸਨ। ਦੋਵੇਂ ਪਾਸੇ ਬੜੀ 'ਵੱਢਾ-ਟੁੱਕ' ਹੋਈ। ਨਿਰਦੋਸ਼ ਲੋਕ ਗੱਡੀਆਂ ਵਿੱਚੋਂ ਬਾਹਰ ਕੱਢ-ਕੱਢ ਕੇ ਮਾਰੇ ਗਏ। ਇਸ ਦੌਰਾਨ ਆਪਸੀ ਕਟਾ-ਵੱਢ ਵਿਚ 10 ਲੱਖ ਦੇ ਕਰੀਬ ਲੋਕ ਮਾਰੇ ਗਏ ਅਤੇ ਲੱਗਭੱਗ 30 ਲੱਖ ਘਰੋਂ ਬੇ-ਘਰ ਹੋ ਕੇ 'ਸ਼ਰਨਾਰਥੀ' ਅਤੇ 'ਪਨਾਹਗੀਰ' ਅਖਵਾਏ। ਪਰ ਇਸ ਸਮੇਂ ਬੰਗੇ ਦੇ ਬਹੁਤੇ ਲੋਕ 'ਇਨਸਾਨ' ਹੀ ਬਣੇ ਰਹੇ। ਹੋਰ ਇਲਾਕਿਆਂ ਦੇ ਮੁਕਾਬਲੇ ਇੱਥੇ 'ਮਾਰ-ਧਾੜ' ਬਹੁਤ ਘੱਟ ਹੋਈ। ਪਰ ਫਿਰ ਵੀ ਇੱਥੇ ਵਿਰਲੇ-ਵਿਰਲੇ ਕੁਝ ਧਾਰਮਿਕ ਜਨੂੰਨੀਏ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਵੀ ਸਨ। ਇਨ੍ਹਾਂ ਦਰਿੰਦਿਆਂ ਹੱਥੋਂ ਮਾਰੇ ਗਏ ਲੋਕਾਂ ਨੂੰ ਬੰਗਾ-ਨਵਾਂ ਸ਼ਹਿਰ ਸੜਕ ਦੇ ਦੱਖਣ ਵਾਲੇ ਪਾਸੇ ਖ਼ਤਾਨਾਂ ਵਿਚ ਦੋ ਡੂੰਘੇ ਟੋਏ ਪੁੱਟ ਕੇ ਦਫ਼ਨਾਇਆ ਗਿਆ। ਲੇਖਕ ਦੇ ਦੱਸਣ ਮੁਤਾਬਿਕ ਇਕ 'ਲਾਸ਼' ਨੂੰ ਜਦੋਂ ਕੁਝ ਲੋਕ ਘਸੀਟ ਕੇ ਇੱਕ ਟੋਏ ਵੱਲ ਲਿਜਾਣ ਲੱਗੇ ਤਾਂ ਉਹ ਅੱਗੋਂ ਕਹਿਣ ਲੱਗਾ; ਉਏ ਮੈਂ ਤਾਂ ਜਿਉਂਦਾ ਹਾਂ।" ਪਰ ਉਸ ਦੀ ਕਿਸੇ ਨਾ ਸੁਣੀ ਅਤੇ ਜਿਊਂਦੇ ਨੂੰ ਹੀ ਟੋਏ ਵਿਚ ਸੁੱਟ ਕੇ ਉੱਪਰ ਮਿੱਟੀ ਪਾ ਦਿੱਤੀ ਗਈ...

ਹਾਈ ਸਕੂਲ ਦੀ ਪੜ੍ਹਾਈ ਦੌਰਾਨ ਨਾਲਾਇਕ ਸਾਇੰਸ ਮਾਸਟਰ 'ਬੁੱਚੜ' ਦਾ ਜ਼ਿਕਰ ਪੁਸਤਕ ਵਿਚ ਬਹੁਤ ਵਧੀਆ ਕੀਤਾ ਗਿਆ ਹੈ ਜੋ ਵਿਦਿਆਰਥੀਆਂ ਨੂੰ ਬਿਨਾਂ ਵਜ੍ਹਾ ਤੰਦ ਕਰਦਾ ਸੀ। ਲੇਖਕ ਵੱਲੋਂ ਉਸ ਦੇ ਨਾਲ 'ਪੇਚਾ' ਪੈਣ ਦੀ ਗੱਲ ਬਾਖ਼ੂਬੀ ਕੀਤੀ ਗਈ ਹੈ ਜਦੋਂ ਉਹ ਉਸ ਨੂੰ ਹਾਕੀ ਦੀ ਖੇਡ ਵੱਲ ਜਾਣ ਤੋਂ ਬਾਅਦ ਫੁੱਟਬਾਲ ਖੇਡਣ ਵਾਲੇ 'ਸੌਕਰ ਸ਼ੂਅ' ਵਾਪਸ ਕਰਨ ਲਈ ਕਹਿੰਦਾ ਹੈ ਤਾਂ ਉਹ ਅੱਗੋਂ ਆਖ ਦਿੰਦਾ ਹੈ, ਇਸ ਵਿਚ ਮੇਰੇ ਵੀ ਦਸ ਰੁਪਏ ਲੱਗੇ ਹੋਏ ਹਨ। ਇਸ 'ਤੇ 'ਬੁੱਚੜ' ਦੇ ਗਾਲ੍ਹ ਕੱਢਣ 'ਤੇ ਉਹ ਦੋਵੇਂ 'ਗਾਲ੍ਹੋ-ਗਾਲ੍ਹੀ' ਹੋ ਜਾਂਦੇ ਹਨ ਅਤੇ ਗੱਲ ਵਿਗੜ ਜਾਂਦੀ ਹੈ। ਇਸ ਦੇ ਨਾਲ ਹੀ ਸਕੂਲ ਦੇ ਮਾਸਟਰ ਗਿਆਨੀ ਸੁਰੈਣ ਸਿੰਘ ਕਾਹਲੋਂ ਦਾ ਵਿਦਿਆਰਥੀਆਂ ਪ੍ਰਤੀ 'ਹਾਂ-ਪੱਖੀ' ਰਵੱਈਆ ਲੇਖਕ ਨੂੰ ਸਕੂਲੋਂ ਕੱਢਣ ਤੋਂ ਬਚਾਉਂਦਾ ਹੈ। ... ਤੇ ਇਹੋ 'ਗਿਆਨੀ ਜੀ' ਸੁਜੋਂ ਪਿੰਡ ਦੀ ਪੰਚਾਇਤ ਦੀ ਇਲੈੱਕਸ਼ਨ ਵੀ ਪੂਰੀ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਕਰਵਾਉਂਦੇ ਹਨ।

ਲੇਖਕ ਪੂੰਨੀ ਕਾਲਜ ਸਮੇਂ ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਹੋਇਆਂ ਮਹਾਨ ਵਿੱਦਿਆ ਦਾਨੀ ਹਰਗੁਰਨਾਦ ਸਿੰਘ ਨੂੰ ਬਾਖ਼ੂਬੀ ਯਾਦ ਕਰਦਾ ਹੈ ਜਿਸ ਨੇ ਗੁਰੂ ਹਰਗੋਬਿੰਦ ਖ਼ਾਲਸਾ ਹਾਈ ਸਕੂਲ ਉਸ ਦੇ ਪਿੰਡ ਦੀ ਜੂਹ ਵਿਚ ਬਣਵਾਇਆ। ਇਸ ਸ਼ੁਭ ਕੰਮ ਵਿਚ ਅਮਰੀਕਾ ਤੋਂ ਗਏ ਰਲ਼ਾ ਸਿੰਘ ਪੂੰਨੀ ਨੇ ਉਸ ਸਮੇਂ (1950 ਵਿਚ) ਦਸ ਹਜ਼ਾਰ ਰੁਪਏ ਸਕੂਲ ਦਾ ਵੱਡਾ ਹਾਲ ਬਨਾਉਣ ਲਈ ਦਿੱਤੇ ਸਨ। ਸਿੱਖ ਨੈਸ਼ਨਲ ਕਾਲਜ ਬੰਗਾ ਦੀਆਂ ਮੁੱਢਲੀਆਂ ਕਲਾਸਾਂ 1953 ਵਿਚ ਇਸ ਸਕੂਲ ਵਿਚ ਹੀ ਲੱਗਦੀਆਂ ਰਹੀਆਂ ਸਨ। ਇਸ ਤਰ੍ਹਾਂ ਇਸ ਇਲਾਕੇ ਦੇ ਅੰਮ੍ਰਿਤਸਰ ਤੇ ਜਲੰਧਰ ਪੜ੍ਹਦੇ ਲੜਕੇ ਇਸ ਕਾਲਜ ਵਿਚ ਆ ਕੇ ਪੜ੍ਹਨ ਲੱਗ ਪਏ। ਇੱਥੇ ਪੜ੍ਹਦਿਆਂ ਕਾਲਜ ਦੇ ਵਿਦਿਆਰਥੀਆਂ ਨੇ 'ਖ਼ੁਸ਼ਹੈਸੀਅਤੀ ਟੈਕਸ ਦੇ ਮੋਰਚੇ' ਦੌਰਾਨ ਕਮਿਉਨਿਸਟਾਂ ਦਾ ਪੂਰਾ ਸਾਥ ਦਿੱਤਾ। ਬੰਗਾ ਕਾਲਜ ਦੀ ਵਿਦਿਆਰਥਣ ਹਰਸ਼ਰਨ ਕੌਰ ਕਾਲਜ ਵਿਚ 'ਨਾਨ-ਮੈਡੀਕਲ' ਗਰੁੱਪ ਲੈ ਕੇ 1961 ਵਿਚ ਐੱਫ਼.ਐੱਸ.ਸੀ. ਕਰਨ ਵਾਲੀ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿਚੋਂ ਇਲੈੱਕਟਰੀਕਲ ਇੰਜੀਨੀਅਰਿੰਗ ਵਿਚ ਬੀ.ਈ. ਦੀ ਡਿਗਰੀ ਲੈਣ ਵਾਲੀ ਪਹਿਲੀ ਲੜਕੀ ਸੀ।

ਕਾਲਜ ਵਿਚ ਪੜ੍ਹਦਿਆਂ ਲੇਖਕ ਦਾ ਪੰਜਾਬ ਪੁਲੀਸ ਨਾਲ ਵੀ ਪੇਚਾ ਪੈਂਦਾ ਹੈ ਜਿਸ ਨੂੰ ਕਾਲਜ ਦੇ ਤਤਕਾਲੀ ਪ੍ਰਿੰਸੀਪਲ ਗੁਰਬਖ਼ਸ਼ ਸਿੰਘ ਸ਼ੇਰਗਿੱਲ ਹੱਲ ਕਰਦੇ ਹਨ। ਨਕਸਲੀ ਲਹਿਰ ਦਾ ਵੀ ਕਾਲਜ ਦੇ ਵਿਦਿਆਰਥੀਆਂ 'ਤੇ ਪ੍ਰਭਾਵ ਪੈਂਦਾ ਹੈ ਅਤੇ ਦਰਸ਼ਨ ਖਟਕੜ ਇੱਥੇ ਇਸ ਦਾ ਮੋਢੀ ਬਣਦਾ ਹੈ। ਇਸ ਨਕਸਲੀ ਲਹਿਰ ਦੀਆਂ ਹਮਦਰਦ ਲੜਕੀਆਂ ਵੀ ਬਣੀਆਂ ਜਿਨ੍ਹਾਂ ਵਿਚ ਜਸਵੀਰ ਕੌਰ ਮਾਹਿਲ ਕਲਾਂ ਅਤੇ ਗੁਰਬਖ਼ਸ਼ ਕੌਰ ਰਾਏਪੁਰ ਦੇ ਨਾਂ ਵਰਨਣਯੋਗ ਹਨ। 1966 ਵਿਚ ਬੰਗਾ ਵਿਚ ਗੁਰੂ ਨਾਨਕ ਕਾਲਜ ਫ਼ਾਰ ਵਿਮੈੱਨ ਬਣਿਆਂ, ਕਿਉਂਕਿ ਬਹਤ ਸਾਰੇ ਮਾਪੇ ਆਪਣੀਆਂ ਬੇਟੀਆਂ ਨੂੰ ਮੁੰਡਿਆਂ ਵਾਲੇ ਕਾਲਜ ਵਿਚ ਭੇਜਣੋਂ ਝਿਜਕਦੇ ਸਨ।

ਬੰਗਾ ਕਾਲਜ ਵਿਚ ਬੀ.ਏ. ਕਰਨ ਤੋਂ ਬਾਅਦ ਐੱਮ.ਏ. (ਹਿਸਟਰੀ) ਦੀ ਪੜ੍ਹਾਈ ਲੇਖਕ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਇੱਥੇ ਉਸ ਨੂੰ ਸੋਹਣ ਸਿੰਘ ਪਰਮਾਰ ਅਤੇ ਗੁਰਸ਼ਰਨਜੀਤ ਧਾਮੀ ਦਾ ਸਾਥ ਮਿਲਿਆ ਜੋ ਉੱਥੇ ਉਸ ਸਮੇਂ ਬੌਟਨੀ ਅਤੇ ਜ਼ੂਆਲੋਜੀ ਵਿਚ ਐੱਮ.ਐੱਸ.ਸੀ. ਕਰ ਰਹੇ ਸਨ। ਇੱਥੇ ਐੱਮ.ਏ. ਵਿਚ ਡਾ. ਜੇ.ਐੱਸ. ਗਰੇਵਾਲ ਹੁਰਾਂ ਕੋਲ ਸਿੱਖ ਹਿਸਟਰੀ ਦਾ ਪੇਪਰ ਪ੍ਰਿੰਸੀਪਲ ਸ਼ੇਰਗਿਲ ਦੀ ਸਿਫ਼ਾਰਸੀ ਚਿੱਠੀ ਨਾਲ ਮਿਲਣ ਦਾ ਬਹੁਤ ਵਧੀਆ ਜ਼ਿਕਰ ਕੀਤਾ ਗਿਆ ਹੈ। ਇਸ ਦੌਰਾਨ ਪੀ. ਜੀ. ਆਈ. ਵਿਚ ਤਾਇਨਾਤ ਡਾ. ਜਸਬੀਰ ਸਿੰਘ ਮਾਨ ਕੋਲੋਂ ਸੋਹਣ ਸਿੰਘ ਪਰਮਾਰ ਆਪਣੇ ਇਲਾਕੇ ਦੇ ਬਹੁਤ ਸਾਰੇ ਲੋਕਾਂ ਦਾ ਮੁਫ਼ਤ ਇਲਾਜ ਕਰਾਉਣ ਦਾ ਬ੍ਰਿਤਾਂਤ ਲੇਖਕ ਬਾਖ਼ੂਬੀ ਬਿਆਨ ਕਰਦਾ ਹੈ। ਐੱਮ. ਏ. ਕਰਨ ਤੋਂ ਬਾਅਦ ਲੇਖਕ ਨੂੰ ਬੇਅਰਿੰਗ ਕਾਲਜ ਬਟਾਲਾ ਵਿਖੇ ਲੈੱਕਚਰਾਰ ਦੀ ਨੌਕਰੀ ਡਾ. ਗਰੇਵਾਲ ਵੱਲੋਂ ਸਿਫਾਰਸ਼ ਕਰਨ 'ਤੇ ਮਿਲਦੀ ਹੈ ਜਿੱਥੇ ਉਹ ਡੇਢ ਸਾਲ ਨੌਕਰੀ ਕਰਦਾ ਹੈ ਅਤੇ ਫਿਰ ਨੌਕਰੀ ਛੱਡ ਕੇ ਵਿਜ਼ਟਰ ਵਜੋਂ 1972 ਦੇ ਅਖੀਰ ਵਿਚ ਵਿਚ ਕੈਨੇਡਾ ਆ ਜਾਂਦਾ ਹੈ, ਕਿਉਂਕਿ ਉਸ ਸਮੇਂ ਕਾਲਜ ਵਿਚ ਮਿਲਦੀ 456 ਰੁਪਏ ਮਹੀਨਾ ਤਨਖਾਹ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਅਤੇ ਘਰ ਦੇ ਲਈ ਲਿਆ ਕਰਜ਼ਾ ਉਤਾਰਨਾ ਮੁਸ਼ਕਲ ਸੀ। ਇਸ ਦੌਰਾਨ ਲੇਖਕ ਵਿਭਾਗ ਦੇ ਮੁਖੀ ਰਹੇ ਵਿਦਵਾਨ ਇਤਿਹਾਸਕਾਰ ਡਾ. ਜੌਹਨ ਸੀ.ਬੀ. ਵੈੱਬਸਟਰ ਨਾਲ ਬਿਤਾਏ ਹੋਏ ਦਿਨਾਂ ਨੂੰ ਬਹੁਤ ਯਾਦ ਕਰਦਾ ਹੈ। ਕੈਨੇਡਾ ਦੇ ਸ਼ਹਿਰ ਵੈਨਕੂਵਰ ਆ ਕੇ ਲੇਖਕ ਆਪਣੇ ਦੋਸਤ ਅਮਰੀਕ ਸਿੰਘ ਕੋਲ ਸੱਭ ਤੋਂ ਪਹਿਲਾਂ ਉੱਥੋਂ ਦਾ 1908 ਵਿਚ ਭਾਈ ਅਰਜਨ ਸਿੰਘ ਮਲਿਕ, ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਭਾਈ ਮੇਵਾ ਸਿੰਘ ਵੱਲੋਂ ਬਣਵਾਇਆ ਗਿਆ ਇਤਿਹਾਸਕ ਗੁਰਦੁਆਰਾ ਵੇਖਣ ਦੀ ਇੱਛਾ ਪ੍ਰਗਟ ਕਰਦਾ ਹੈ ਜੀਹਦੇ ਕਰਕੇ ਹਿੰਦੋਸਤਾਨੀ ਕਨੇਡਾ ਵਿਚੋਂ ਉੱਜੜਨੋਂ ਬਚੇ ਸਨ, ਪਰ ਉਹ ਉਸ ਦੇ ਕੋਲੋਂ ਇਹ ਜਾਣ ਕੇ ਬੜਾ ਦੁਖੀ ਹੁੰਦਾ ਕਿ ਉਹ ਗੁਰਦੁਆਰਾ ਤਾਂ ਬਹੁਤ ਪਹਿਲਾਂ ਵੇਚ ਦਿੱਤਾ ਗਿਆ ਸੀ। ਇਸ ਗੁਰਦੁਆਰੇ ਵਿੱਚੋਂ ਹੀ ਕਨੇਡਾ ਵਿਚ ਆਪਣੇ ਟੱਬਰ ਲਿਆਉਣ ਦਾ ਘੋਲ ਲੜਿਆ ਗਿਆ ਸੀ ਅਤੇ ਇਹ ਗ਼ਦਰ ਲਹਿਰ ਦੀਆਂ ਸਰਗ਼ਰਮੀਆਂ ਦਾ ਕੇਂਦਰ ਰਿਹਾ ਸੀ। ਉਹ ਉਸ ਦੇ ਨਾਲ ਸਟੈਨਲੇ ਪਾਰਕ ਵਿਚ ਸਮੁੰਦਰ ਦੇ ਕਿਨਾਰੇ ਉਹ ਜਗ੍ਹਾ ਵੀ ਵੇਖਣ ਗਿਆ ਜਿੱਥੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਪਟੇ 'ਤੇ ਲਿਆ ਗਿਆ 'ਕਾਮਾਗਾਟਾ ਮਾਰੂ' ਜਹਾਜ਼ ਦੋ ਮਹੀਨੇ ਸਮੁੰਦਰ ਵਿਚ ਦੋ ਮਹੀਨੇ ਖੜਾ ਰਿਹਾ ਸੀ ਅਤੇ ਫਿਰ ਉਸ ਨੂੰ ਤਤਕਾਲੀ ਕੈਨੇਡਾ ਸਰਕਾਰ ਵੱਲੋਂ ਭਾਰਤ ਵਾਪਸ ਮੋੜ ਦਿੱਤਾ ਗਿਆ ਸੀ।

ਪੁਸਤਕ ਦੇ ਆਖ਼ਰ ਵੱਲ ਵੱਧਦਿਆਂ ਇਸ ਦੇ ਅਗਲੇ ਛੇ ਅਧਿਆਵਾਂ ਵਿਚ ਲੇਖਕ ਮਾਝੇ ਵਿਚ ਹੋਏ ਆਪਣੇ ਵਿਆਹ, ਪਤਨੀ ਨਾਲ ਦੁਨੀਆਂ ਦੇ ਵੱਖ-ਵੱਖ ਦੇਸਾਂ ਦੀ ਕੀਤੀ ਗਈ ਸੈਰ, ਕੈਨੇਡਾ ਤੇ ਅਮਰੀਕਾ ਵਿਚ ਵੱਸੇ ਬੰਗਾ ਇਲਾਕੇ ਦੇ ਲੋਕਾਂ, ਲੇਖਕਾਂ ਅਤੇ ਖਿਡਾਰੀਆਂ ਅਤੇ ਵਿਦੇਸਾਂ ਵਿਚ ਰਹਿੰਦੇ ਬੰਗਾ ਇਲਾਕੇ ਦੇ ਲੋਕਾਂ ਵੱਲੋਂ ਲੋਕ-ਭਲੀ ਦੇ ਕੰਮਾਂ ਬਾਰੇ ਦੱਸਦਾ ਹੈ ਅਤੇ ਅਖੀਰਲੇ ਇਕ ਪੰਨੇ ਦੇ ਉਨੀਵੇਂ ਅਧਿਆਇ ਵਿਚ ਬੰਗੇ ਏਰੀਏ ਨੂੰ ਸਲਾਮ ਕਰਦਾ ਹੈ।

ਪੁਸਤਕ ਦੇ ਕਈ ਕਾਂਡਾਂ ਵਿਚ 'ਤੁਲਨਾ' ਅਤੇ 'ਉਲਟਾ' (Comparison and Contrast) ਵੇਖਣ ਨੂੰ ਮਿਲਦਾ ਹੈ। ਇਸ ਦਾ ਦੂਸਰਾ ਅਧਿਆਇ ਵਿਚ ਬੰਗਾ ਇਲਾਕੇ ਦੇ ਕਾਮਰੇਡਾਂ ਬਾਰੇ ਹੈ ਜੋ ਪ੍ਰਮਾਤਮਾ ਦੀ ਹੋਂਦ 'ਤੇ 'ਕਿੰਤੂ-ਪਰੰਤੂ' ਕਰਦੇ ਹਨ ਅਤੇ ਇਸ ਤੋਂ ਅਗਲੇ ਅਧਿਆਏ ਤੀਸਰੇ ਅਧਿਆਇ ਵਿਚ ਗੁਰਦੁਆਰਾ ਚਰਨ ਕੰਵਲ ਬੰਗਾ ਦੇ ਇਤਿਹਾਸ ਬਾਰੇ ਵਿਸਥਾਰ ਵਿਚ ਜ਼ਿਕਰ ਕੀਤਾ ਗਿਆ ਹੈ। ਏਸੇ ਤਰ੍ਹਾਂ ਹਾਈ ਸਕੂਲ ਨਾਲ ਸਬੰਧਿਤ ਸੱਤਵੇਂ ਅਧਿਆਇ ਵਿਚ ਹਾਈ ਪੜ੍ਹਦਿਆਂ ਸਾਇੰਸ ਮਾਸਟਰ 'ਬੁੱਚੜ'ਦਾ ਕਿਰਦਾਰ ਵਿਦਿਆਰਥੀ-ਵਿਰੋਧੀ ਹੈ ਅਤੇ ਉਸ ਨਾਲ ਲੇਖਕ ਦਾ ਪੇਚਾ ਵੀ ਪੈਂਦਾ ਹੈ ਪਰ ਇਸ ਦੇ ਨਾਲ ਹੀ ਓਸੇ ਸਕੂਲ ਵਿਚ ਗਿਆਨੀ ਸੁਰੈਣ ਸਿੰਘ ਕਾਹਲੋਂ ਇਕ ਵਧੀਆ ਅਧਿਆਪਕ ਵੀ ਹੈ ਜਿਸ ਦਾ ਰਵੱਈਆ ਵਿਦਿਆਰਥੀਆਂ ਅਤੇ ਸਮਾਜ ਪ੍ਰਤੀ ਬੜਾਂ 'ਹਾਂ-ਪੱਖੀ' ਹੈ।

ਸਭ ਤੋਂ ਵਧੀਆ ਤੁਲਨਾ ਲੇਖਕ ਆਪਣੇ ਵਿਆਹ ਵਾਲੇ ਤੇਰ੍ਹਵੇਂ ਅਧਿਆਇ ਵਿਚ ਮਾਝੇ ਅਤੇ ਦੁਆਬੇ ਵਿਚ ਉਸ ਸਮੇਂ ਦੇ ਵਿਆਹਾਂ ਬਾਰੇ ਕਰਦਾ ਹੈ । ਉਹ ਦੱਸਦਾ ਹੈ ਕਿ ਉਦੋਂ ਮਾਝੇ ਵਾਲੇ ਥੋੜ੍ਹੇ ਕੀਤਿਆਂ ਆਪਣੀਆਂ ਲੜਕੀਆਂ ਦੁਆਬੇ ਵਿਚ ਨਹੀਂ ਵਿਆਹੁੰਦੇ ਸਨ, ਕਿਉਂਕਿ ਉਹ ਦੁਆਬੀਆਂ ਨੂੰ 'ਹੁੱਕੇ ਪੀਣੇ' ਸੱਦਿਆ ਕਰਦੇ ਸਨ। ਇਸ ਦਾ ਕਾਰਨ ਲੇਖਕ ਕਵੀ ਕਰਤਾਰ ਸਿੰਘ 'ਕਲਾਸਵਾਲੀਏ' ਦੇ ਸ਼ਬਦਾਂ ਵਿਚ "ਡਰੂ ਦੇਸ਼ ਦੁਆਬਾ ਕਰਤਾਰ ਸਿੰਘਾ, ਦੱਬ-ਘੁੱਟ ਕੇ ਝੱਟ ਲੰਘਾਵਦਾ ਜੀ" ਦੱਸਦਾ ਹੈ, ਜਦਕਿ ਉਸ ਅਨੁਸਾਰ ਮਝੈਲ ਮੁੱਢ ਤੋਂ ਹੀ ਬਹਾਦਰ, ਦਲੇਰ ਅਤੇ ਅਣਖੀਲੇ ਸਨ। ਉਂਜ, ਵੇਖਿਆ ਜਾਏ ਤਾਂ ਦੁਆਬੀਏ ਬਹਾਦਰੀ ਵਿਚ ਮਝੈਲਾਂ ਨਾਲੋਂ ਕਿਸੇ ਤਰ੍ਹਾਂ ਘੱਟ ਵੀ ਨਹੀਂ ਸਨ। ਵੀਹਵੀਂ ਸਦੀ ਵਿਚ ਚੱਲੀਆਂ ਇਨਕਲਾਬੀ ਲਹਿਰਾਂ ਵਿਚ ਦੁਆਬੀਆਂ ਦਾ ਰੋਲ ਮਝੈਲਾਂ ਦੇ ਬਰਾਬਰ ਹੀ ਸੀ। ਮਾਝੇ ਤੇ ਦੁਆਬੇ ਵਿਚਲੇ ਇਸ 'ਫ਼ਰਕ' ਦਾ ਇਕ ਹੋਰ ਮੁੱਖ ਕਾਰਨ ਲੇਖਕ ਅਨੁਸਾਰ ਉਸ ਸਮੇਂ ਦੁਆਬੇ ਵਾਲਿਆਂ ਦਾ 'ਸੁਲਤਾਨੀਏ' ਹੋਣਾ ਵੀ ਸੀ। ਉਹ 'ਸਖੀ ਸਰਵਰ' ਨੂੰ ਮੰਨਦੇ ਸਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ 'ਧੀਰ ਮੱਲੀਏ' ਤੇ 'ਰਾਮਰਾਈਏ' ਪਰੰਪਰਾਵਾਂ ਦੇ ਸ਼ਰਧਾਲੂ ਸਨ ਅਤੇ ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਸਿੱਖ ਘੱਟ ਸਨ।

ਇਹ ਵੱਖਰੀ ਗੱਲ ਹੈ ਕਿ ਦੁਆਬੇ ਦੇ ਪਿਛੋਕੜ ਵਾਲੇ ਕੈਨੇਡਾ ਦੇ ਸਾਬਕਾ ਹੈੱਲਥ ਮਨਿਸਟਰ ਤੇ ਉਸ ਤੋਂ ਪਹਿਲਾਂ ਬੀ.ਸੀ. ਦੇ ਰਹਿ ਚੁੱਕੇ ਪ੍ਰੀਮੀਅਰ ਉੱਜਲ ਦੋਸਾਂਝ ਦਾ ਵਿਆਹ ਮਾਝੇ ਦੇ ਇਤਿਹਾਸਕ ਪਿੰਡ 'ਅਟਾਰੀ' ਦੇ 'ਪਿਤਾ-ਪੁਰਖ਼ੀ ਸਰਦਾਰ' ਮੇਜਰ ਬਲਰਾਮ ਸਿੰਘ ਸੰਧੂ ਜੋ 'ਮਜੀਠੀਏ ਸਰਦਾਰਾਂ' ਵਿਚ ਵਿਆਹੇ ਹੋਏ ਸਨ, ਦੀ ਧੀ ਰਮਿੰਦਰ ਰੰਮੀ ਨਾਲ ਹੋਇਆ। ਪਰ ਇਹ ਤਾਂ ਪ੍ਰੇਮ-ਵਿਆਹ ਸੀ, ਕਿਉਂਕਿ ਉੱਜਲ ਦੋਸਾਂਝ ਤੇ ਰੰਮੀ ਕਾਲਜ ਵਿਚ ਇਕੱਠੇ ਪੜ੍ਹਦੇ ਸਨ ਅਤੇ ਉੱਥੇ ਹੀ ਉਨ੍ਹਾਂ ਦਾ 'ਅੱਖ-ਮਟੱਕਾ' ਹੋ ਗਿਆ ਸੀ। ਲੇਖਕ ਸੋਹਣ ਸਿੰਘ ਪੂੰਨੀ ਦਾ ਵਿਆਹ ਮਾਝੇ ਵਿਚ ਹੋਣ ਦਾ ਸਬੱਬ ਵੀ ਇਹ 'ਜੋੜੀ' ਹੀ ਬਣੀ ਅਤੇ ਏਹੀ ਜੋੜੀ ਉਸ ਦੀ 'ਵਿਚੋਲਾ' ਬਣੀ। ਵਿਆਹ ਤੋਂ ਪਹਿਲਾਂ ਲੇਖਕ ਜਦੋਂ ਉੱਜਲ ਦੋਸਾਂਝ ਦੀ ਪਤਨੀ ਰੰਮੀ ਨਾਲ ਮਾਝੇ ਦੇ 'ਮਜੀਠੀਏ ਸਰਦਾਰਾਂ' ਦੇ ਵਡੱਪਣ ਬਾਰੇ ਆਪਣਾ ਖ਼ਦਸ਼ਾ ਜ਼ਾਹਿਰ ਕਰਦਾ ਹੈ ਜਿਨ੍ਹਾਂ ਦੀ ਲੜਕੀ 'ਵਿੰਨੀ' ਨਾਲ ਉਸ ਦਾ ਵਿਆਹ ਹੋਣਾ ਹੁੰਦਾ ਹੈ, ਤਾਂ ਉੱਜਲ ਦੋਸਾਂਝ ਇਸ ਦਾ ਜੁਆਬ ਦਿੰਦਿਆਂ ਕਹਿੰਦਾ ਹੈ, "ਮਾਝੇ ਵਾਲੇ ਸਰਦਾਰ ਤਾਂ ਪਹਿਲਾਂ ਹੁੰਦੇ ਸਨ, ਹੁਣ ਤਾਂ ਉਹ ਆਪਣੇ ਵਰਗੇ ਈ ਆ।"

# ਲੋਕ ਦਰਦਾਂ ਲਈ ਜੂਝਣ ਵਾਲੇ ਬਾਰੂ ਸਤਵਰਗ ਨੂੰ ਸਲਾਮ

*ਜਿਨ੍ਹਾਂ ਦਾ ਕਣ ਕਣ ਕਿਰਤ ਨਾਲ ਬਣਿਆ ਅਤੇ ਉਸਰਿਆ ਹੋਵੇ ਉਹ ਕਿਰਤੀਆਂ ਦੇ ਵਿਹੜਿਆਂ ਵਿਚ ਚਾਨਣ ਦੀ ਤਿਆਰੀ ਉਤਪੰਨ ਕਰਨਾ ਚਾਹੁੰਦੇ ਹਨ । ਉਨ੍ਹਾਂ ਦੀ ਸਮੁੱਚੀ ਉਮਰ ਲੋਕ ਜੀਵਨ ਅਤੇ ਸੰਘਰਸ਼ਾਂ ਦੇ ਰੂਪ ਵਿਚ ਗੁਜ਼ਰਦੀ ਹੈ । ਆਰਥਿਕ ਤੰਗੀਆਂ ਤਾਂ ਉਨ੍ਹਾਂ ਨੂੰ ਵਿਰਾਸਤ ਵਿਚੋਂ ਮਿਲੀਆਂ ਹੁੰਦੀਆਂ ਹਨ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੋਰ ਸੰਤਾਪ ਨਾ ਹੰਢਾਉਣਾ ਪਵੇ । ਇਸ ਕਰਕੇ ਉਹ ਸਦਾ ਇਕ ਕ੍ਰਾਂਤੀ ਦੀ ਜੋਤ ਆਪਣੇ ਸੀਨੇ ਵਿਚ ਬਾਲ ਕੇ ਰੱਖਦੇ ਹਨ ਅਤੇ ਹੋਰਾਂ ਵਿਚ ਬਾਲਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ । ਕਾ. ਸਤਵਰਗ ਦੀ ਕਲਮ, ਆਵਾਜ਼, ਸੰਘਰਸ਼ ਅਤੇ ਲੜਾਈ ਦੀ ਦਿਸ਼ਾ ਜੀਵਨ ਜਾਚ ਦਾ ਅਟੁੱਟ ਅੰਗ ਸੀ । ਜੀਵਨ ਦੇ ਪਹਿਲੇ ਕਦਮਾਂ ਤੋਂ ਲੈ ਕੇ ਅੰਤਲੇ ਕਦਮਾਂ ਤੱਕ ਅਜਿਹਾ ਕੁਝ ਹੀ ਉਨ੍ਹਾਂ ਦਾ ਸੰਗੀ ਸਾਥੀ ਰਿਹਾ । – ਸੰਪਾਦਕ*

ਕਾਮਰੇਡ ਬਾਰੂ ਸਤਵਰਗ ਦਾ ਜਨਮ 13 ਅਕਤੂਬਰ 1945 ਨੂੰ ਪੰਜਾਬ ਦੇ ਸਭ ਤੋਂ ਵੱਡੇ ਪਿੰਡਾਂ ਵਿਚੋਂ ਇਕ ਮਹਿਰਾਜ, ਜ਼ਿਲ੍ਹਾ ਬਠਿੰਡਾ, ਤਹਿਸੀਲ ਰਾਮਪੁਰਾ ਫੂਲ ਵਿੱਚ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਢਿਲਵਾਂ ਮੌੜ ਸੀ। ਉਨ੍ਹਾਂ ਦੀ ਮਾਤਾ ਦਾ ਨਾਮ ਭਗਵਾਨ ਕੌਰ ਅਤੇ ਪਿਤਾ ਦਾ ਨਾਮ ਭਗਤ ਸਿੰਘ ਸੀ। 25 ਅਗਸਤ 2023 ਨੂੰ ਉਹ ਇਨਕਲਾਬੀ ਲਹਿਰ ਨੂੰ ਆਖਰੀ ਸਲਾਮ ਕਹਿ ਕੇ ਸਦਾ ਲਈ ਅਲਵਿਦਾ ਆਖ ਗਏ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਪੰਜਾਹ ਵਰ੍ਹੇ ਨਕਸਲਬਾੜੀ ਲਹਿਰ ਦੇ ਲੇਖੇ ਲਾਏ। ਉਨ੍ਹਾਂ ਵੱਲੋਂ ਲਿਖੀਆਂ ਕਹਾਣੀਆਂ, ਕਵਿਤਾਵਾਂ, ਨਾਵਲ, ਰਸਾਲੇ ਅਤੇ ਲੇਖ ਹਮੇਸ਼ਾ ਦੱਬੇ-ਕੁਚਲੇ ਲੋਕਾਂ ਨੂੰ ਲਮਕਵੇਂ ਲੋਕ-ਯੁੱਧ ਲਈ ਪ੍ਰੇਰਿਤ ਕਰਦੇ ਰਹਿਣਗੇ।

ਉਹ ਸਿਰਫ਼ ਇੱਕ ਸਾਹਿਤਕਾਰ ਹੀ ਨਹੀਂ ਸਨ, ਉਹ ਕਮਿਊਨਿਸਟ ਇਨਕਲਾਬੀ ਸਨ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਦੀ ਲੇਖਣੀ 'ਤੇ ਸ਼ੁਰੂ ਤੋਂ ਹੀ ਯੇਨਾਨ ਕਲਾ ਗੋਸ਼ਟੀ ਵਿੱਚ ਕਾਮਰੇਡ ਮਾਓ ਵੱਲੋਂ ਦਿੱਤੇ ਗਏ ਭਾਸ਼ਣ ਦਾ ਅਸਰ ਸੀ। ਉਮਰ ਦੇ ਆਖ਼ਰੀ ਪੜਾਅ 'ਤੇ ਵੀ ਉਹ ਕਦੇ ਨਵੇਂ ਲੇਖਕ ਨੂੰ ਉਸ ਦੀ ਮਹੱਤਤਾ ਦੱਸਣ ਤੋਂ ਨਹੀਂ ਖੁੰਝੇ। ਯੇਨਾਨ ਕਲਾ ਗੋਸ਼ਟੀ ਦੇ ਭਾਸ਼ਣ ਦਾ ਸਾਰ ਇਹ ਹੈ ਕਿ- ਇਨਕਲਾਬ ਨੂੰ ਸਾਹਿਤਕਾਰਾਂ ਦੀ ਨਹੀਂ, ਇਨਕਲਾਬੀ ਸਾਹਿਤਕਾਰਾਂ ਦੀ ਲੋੜ ਹੈ। ਜੋ ਸਾਹਿਤ ਲੋਕਾਂ ਨੂੰ ਹਥਿਆਰਬੰਦ ਲੋਕ-ਯੁੱਧ ਲਈ ਪ੍ਰੇਰਿਤ ਕਰੇ। ਦੂਸਰਾ, ਸਾਹਿਤਕਾਰ ਨੂੰ ਇਨਕਲਾਬੀ ਲੋਕਾਂ ਅਤੇ ਇਨਕਲਾਬੀ ਲੋਕ ਲਹਿਰਾਂ ਨਾਲ ਜੁੜਿਆ ਹੋਣਾ ਚਾਹੀਦਾ ਹੈ ਤਾਂ ਹੀ ਉਹ ਲੋਕਾਂ ਦਾ ਸਾਹਿਤਕਾਰ ਅਤੇ ਇਨਕਲਾਬੀ ਸਾਹਿਤਕਾਰ ਬਣ ਸਕਦਾ ਹੈ।

ਕਾਮਰੇਡ ਬਾਰੂ ਸਤਵਰਗ ਨੇ ਸਾਰੀ ਉਮਰ ਇਸ ਗੱਲ ਨੂੰ ਆਪਣੇ ਪੱਲੇ ਨਾਲ ਬੰਨ੍ਹੀਂ ਰੱਖਿਆ। ਉਹ ਕਾਮਰੇਡ ਚਾਰੂ ਮਜ਼ੂਮਦਾਰ ਦੀ ਅਗਵਾਈ ਹੇਠ ਉੱਠੀ ਨਕਸਲਬਾੜੀ ਲਹਿਰ ਨਾਲ ਸਿੱਧੇ ਤੌਰ 'ਤੇ ਜੁੜੇ, ਇਸ ਦੇ ਕਾਰਕੁਨ ਬਣੇ, ਅਤੇ ਇਸ ਦੀ ਅਗਵਾਈ ਕਰਨ ਵਾਲੇ ਦਸਤੇ ਵਿੱਚ ਸ਼ਾਮਲ ਹੋਏ। ਉਹ ਇੱਕ ਕਾਰਕੁਨ ਵਜੋਂ ਹਮੇਸ਼ਾ ਤਿਆਰ ਰਹੇ। ਉਹ ਮਜ਼ਦੂਰ ਲਹਿਰ ਦੇ ਆਗੂ ਵੀ ਬਣੇ ਅਤੇ ਦੂਜੇ ਹੱਥ ਵਿੱਚ ਕਲਮ ਫੜ ਕੇ ਸਾਹਿਤਕਾਰ ਵੀ ਬਣੇ। ਇੱਕ ਪਾਸੇ ਉਹ ਮਜ਼ਦੂਰਾਂ ਦੀ ਕਹਾਣੀ ਲਿਖ ਰਹੇ ਸਨ, ਦੂਜੇ ਪਾਸੇ ਕਿਰਤੀ ਮਜ਼ਦੂਰ ਯੂਨੀਅਨ ਬਣਾ ਕੇ ਉਨ੍ਹਾਂ ਦੇ ਸੰਘਰਸ਼ਾਂ ਦੀ ਅਗਵਾਈ ਵੀ ਕਰਦੇ ਸਨ।

ਕਾਮਰੇਡ ਬਾਰੂ ਸਤਵਰਗ 1964-65 ਵਿੱਚ ਆਪਣੇ ਸਕੂਲ ਦੇ ਦਿਨਾਂ ਦੌਰਾਨ ਅਗਾਂਹਵਧੂ ਰਾਜਨੀਤੀ ਦੇ ਸੰਪਰਕ ਵਿੱਚ ਆਏ। ਆਪਣੇ ਅਧਿਆਪਕਾਂ ਤੋਂ ਪ੍ਰੇਰਿਤ ਹੋ ਕੇ ਅਗਾਂਹਵਧੂ ਸਾਹਿਤ ਪੜ੍ਹਨਾ ਸ਼ੁਰੂ ਕੀਤਾ। ਖੁਦ ਵੀ ਕਲਮ ਵਾਹੁਣੀ ਸ਼ੁਰੂ ਕੀਤੀ। ਸ਼ਹੀਦ ਭਗਤ ਸਿੰਘ ਦੇ ਜਮਾਤੀ ਮਾਸਟਰ ਗੁਰਨਾਮ ਉਨ੍ਹਾਂ ਦਾ ਅਧਿਆਪਕ ਸੀ। ਸੀ.ਪੀ.ਐਮ ਵੱਲੋਂ ਖੁਸ਼ਹੈਸੀਅਤ ਟੈਕਸ ਖਿਲਾਫ਼ ਚਲਾਏ ਅੰਦੋਲਨ ਦੌਰਾਨ ਕਾਮਰੇਡ ਬਾਰੂ ਸਤਵਰਗ ਦਾ ਮੁੱਖ ਅਧਿਆਪਕ ਗ੍ਰਿਫਤਾਰ ਹੋ ਗਿਆ ਸੀ। ਜਦੋਂ ਜੇਲ੍ਹ ਤੋਂ ਰਿਹਾਅ ਕੇ ਆਇਆ ਉਨ੍ਹਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਹ ਉਨ੍ਹਾਂ ਦਾ ਪਹਿਲਾ ਪ੍ਰਦਰਸ਼ਨ ਸੀ।

ਕਾਮਰੇਡ ਬਾਰੂ ਸਤਵਰਗ ਨੇ ਆਪਣੇ ਸਕੂਲੀ ਦਿਨਾਂ ਦੌਰਾਨ ਹੀ ਕਹਾਣੀਆਂ ਅਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਦੇ ਅਧਿਆਪਕ ਕਾਮਰੇਡ ਗੁਰਨਾਮ ਨੇ ਸਕੂਲ ਵਿੱਚ ਬੱਚਿਆਂ ਲਈ ਇੱਕ ਹੱਥ ਲਿਖਤ ਮੈਗਜ਼ੀਨ ਸ਼ੁਰੂ ਕੀਤਾ ਸੀ। ਕਾਮਰੇਡ ਬਾਰੂ ਨੂੰ ਉਸ ਮੈਗਜ਼ੀਨ 'ਜੋਤੀ' ਦਾ ਸੰਪਾਦਕ ਬਣਾਇਆ ਗਿਆ। ਉਸ ਸਮੇਂ ਉਹ 10ਵੀਂ ਜਮਾਤ ਵਿੱਚ ਪੜ੍ਹਦੇ ਸਨ।

ਜੇਬੀਟੀ ਕਰਨ ਤੋਂ ਬਾਅਦ ਉਹ ਅਧਿਆਪਕ ਬਣ ਗਏ। ਜਦੋਂ ਕਾਮਰੇਡ ਸਤਵਰਗ ਪਿੰਡ ਰਾਏਪੁਰ ਵਿੱਚ ਅਧਿਆਪਕ ਸਨ ਤਾਂ ਨਕਸਲਬਾੜੀ ਤੋਂ ਪ੍ਰੇਰਿਤ ਕਾਮਰੇਡ ਬੰਤ ਰਾਏਪੁਰੀ ਅਤੇ ਪ੍ਰੋ. ਹਰਭਜਨ ਸੋਹੀ ਦੇ ਸੁਨੇਹੇ 'ਤੇ ਉਹ ਬਾਬਾ ਬੂਝਾ ਸਿੰਘ ਵੱਲੋਂ ਲਈ ਗਈ ਕਲਾਸ ਵਿੱਚ ਸ਼ਾਮਲ ਹੋਣ ਲਈ ਬਠਿੰਡਾ ਗਏ। ਇਸ ਤੋਂ ਬਾਅਦ ਉਹ ਅਖ਼ੀਰ ਤੱਕ ਨਕਸਲਬਾੜੀ ਲਹਿਰ ਨਾਲ ਜੁੜੇ ਰਹੇ। ਉੱਥੇ ਉਨ੍ਹਾਂ ਦੀ ਦੋਸਤੀ ਕਾਮਰੇਡ ਭੋਲਾ ਸਿੰਘ ਗੁਰੂਸਰ ਨਾਲ ਹੋਈ ਸੀ। ਸੀ.ਪੀ.ਆਈ.(ਐਮ.ਐਲ.) ਦੀ ਸੂਬਾ ਕਮੇਟੀ ਵਿੱਚ ਕਾਮਰੇਡ ਭੋਲਾ ਸਿੰਘ ਸਭ ਤੋਂ ਘੱਟ ਉਮਰ ਦੇ ਸਾਥੀ ਸਨ। ਭੋਲਾ ਸਿੰਘ 1971 ਵਿੱਚ ਸ਼ਹੀਦ ਹੋ ਗਿਆ ਸੀ।

ਪਾਰਟੀ ਬਣਾਉਣ ਦੇ ਸਵਾਲ 'ਤੇ ਬਠਿੰਡਾ ਜ਼ਿਲ੍ਹਾ ਕਾਨਫਰੰਸ ਵਿੱਚ ਫੁੱਟ ਪੈ ਗਈ। ਪ੍ਰੋ. ਹਰਭਜਨ ਸੋਹੀ ਸੀਪੀਆਈ (ਐਮਐਲ) ਬਣਾਉਣ ਦੇ ਹੱਕ ਵਿੱਚ ਨਹੀਂ ਸਨ। ਕਈ ਲੋਕ ਕਾਨਫਰੰਸ ਛੱਡ ਕੇ ਚਲੇ ਗਏ। ਪਰ ਕਾਮਰੇਡ ਬਾਰੂ ਸਤਵਰਗ ਪਾਰਟੀ ਬਣਾਉਣ ਦੇ ਹਾਮੀ ਸਨ ਅਤੇ ਉਹ ਪਾਰਟੀ ਨਾਲ ਖੜ੍ਹੇ ਹੋ ਗਏ। ਤਾਉਮਰ ਕਾਮਰੇਡ ਬਾਰੂ ਸਤਵਰਗ ਨਕਸਲਬਾੜੀ ਲਾਈਨ ਅਤੇ ਸੀਪੀਆਈ (ਐਮਐਲ), ਫਿਰ ਸੀਪੀਆਈ (ਐਮਐਲ) ਸੀਓਸੀ ਚਾਰੂ ਗਰੁੱਪ, ਫਿਰ ਸੀਪੀਆਈ (ਐਮਐਲ) (ਪਾਰਟੀ ਯੂਨਿਟੀ), ਫਿਰ ਸੀਪੀਆਈ (ਐਮਐਲ) (ਪੀਡਬਲਯੂ) ਅਤੇ ਅਖ਼ੀਰ ਵਿੱਚ ਮਾਓਵਾਦੀ ਪਾਰਟੀ ਦੀ ਵਿਚਾਰਧਾਰਾ 'ਤੇ ਡਟੇ ਰਹੇ। ਉਨ੍ਹਾਂ ਨੇ ਆਪਣੀ ਜ਼ਿੰਦਗੀ 'ਚ ਹਮੇਸ਼ਾ ਆਧੁਨਿਕ ਸੋਧਵਾਦ ਵਿਰੁੱਧ ਸਟੈਂਡ ਲਿਆ।



1970-80 ਦੇ ਦਹਾਕੇ ਤੱਕ ਹਮੇਸ਼ਾ ਗ੍ਰਿਫਤਾਰੀਆਂ, ਝੂਠੇ ਮੁਕਾਬਲਿਆਂ, ਜੇਲ੍ਹਾਂ ਵਿੱਚ ਡੱਕਣ ਦਾ ਖ਼ਤਰਾ ਰਹਿੰਦਾ ਸੀ। ਉਨ੍ਹਾਂ ਨਾਲ ਕੰਮ ਕਰਨ ਵਾਲੇ ਦਰਜਨਾਂ ਸਾਥੀ ਸ਼ਹੀਦ ਹੋ ਗਏ। ਪਰ ਕਾਮਰੇਡ ਬਾਰੂ ਦ੍ਰਿੜ ਇਰਾਦੇ ਨਾਲ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਅਡੋਲ ਚੱਲਦੇ ਰਹੇ।

ਕਾਮਰੇਡ ਬਾਰੂ ਸਤਵਰਗ ਸ਼ੁਰੂ ਤੋਂ ਹੀ ਨਕਸਲਬਾੜੀ ਰਾਜਨੀਤੀ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੇ ਰਸਾਲਿਆਂ ਦੇ ਸੰਪਾਦਕੀ ਕਾਰਜਾਂ ਵਿੱਚ ਜੁੱਟ ਗਏ ਸਨ। ਉਨ੍ਹਾਂ ਨੇ 1977 ਤੋਂ 2017 ਤੱਕ ਵੱਖ-ਵੱਖ ਇਨਕਲਾਬੀ ਰਸਾਲਿਆਂ ਦਾ ਸੰਪਾਦਨ ਕੀਤਾ ਜਾਂ ਇਨ੍ਹਾਂ ਦੇ ਸੰਪਾਦਕੀ ਬੋਰਡ ਵਿੱਚ ਰਹੇ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ, 1975 ਯਾਨੀ ਐਮਰਜੈਂਸੀ ਤੱਕ 'ਕਿਰਤੀ ਕਿੱਸਾ', 'ਕਿਰਤੀ ਯੁੱਗ', 'ਮਸ਼ਾਲ' (1977-78), 'ਪ੍ਰਚੰਡ ਲਹਿਰ' ਅਤੇ 'ਪ੍ਰਚੰਡ' (1981 ਤੋਂ 1983), ਅਗਨਵਾਣ (ਕਾਵਿ-ਸੰਗ੍ਰਹਿ), 'ਸਮਕਾਲੀ ਦਿਸ਼ਾ' (1991 ਤੋਂ 1996), 'ਸੁਲਗਦੇ ਪਿੰਡ' ਅਤੇ ਲੋਕ ਕਾਫ਼ਲਾ (2012 ਤੋਂ 2017)। ਇਸ ਤੋਂ ਇਲਾਵਾ ਅੱਧੀ ਦਰਜਨ ਦੇ ਕਰੀਬ ਲਿਖਤਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ। ਜਦੋਂ ਵੀ ਕਲਮ ਚੱਲੀ ਤਾਂ ਨਕਸਲਬਾੜੀ ਅੰਦੋਲਨ ਉਨ੍ਹਾਂ ਦੀਆਂ ਲਿਖਤਾਂ ਦਾ ਕੇਂਦਰ ਰਿਹਾ।

ਨਕਸਲਬਾੜੀ ਵਿਚਾਰਧਾਰਾ 'ਤੇ ਆਧਾਰਿਤ ਪਹਿਲਾ ਪੰਜਾਬੀ ਸਾਹਿਤਕ ਮੈਗਜ਼ੀਨ 'ਕਿਰਤੀ ਕਿੱਸਾ' ਛਪਣਾ ਸ਼ੁਰੂ ਹੋਇਆ। ਇਹ 1970 ਤੋਂ ਪਹਿਲਾਂ ਦੀ ਗੱਲ ਹੈ। ਕਾਮਰੇਡ ਸੰਤ ਰਾਮ ਉਦਾਸੀ ਇਸ ਦੇ ਪ੍ਰੇਰਨਾ ਸਰੋਤ ਸਨ। ਉਨ੍ਹਾਂ ਦਾ ਸੁਝਾਅ ਸੀ ਕਿ ਬਹੁਤ ਸਾਰੇ ਨਵੇਂ-ਨਵੇਂ ਕਾਮਰੇਡ ਗੀਤ ਅਤੇ ਕਵਿਤਾਵਾਂ ਲਿਖ ਰਹੇ ਹਨ। ਇਸ ਲਈ ਉਨ੍ਹਾਂ ਲਈ ਕੋਈ ਨਾ ਕੋਈ ਪਲੇਟਫਾਰਮ ਬਣਾਉਣਾ ਚਾਹੀਦਾ ਹੈ। ਇਸ ਤੋਂ ਬਾਅਦ 1970 ਵਿਚ ਜਬਰ ਕਾਰਨ, ਇਸ ਮੈਗਜ਼ੀਨ ਦਾ ਨਾਂ ਬਦਲ ਕੇ 'ਕਿਰਤੀ ਯੁੱਗ' ਕਰ ਦਿੱਤਾ ਗਿਆ। ਹਰਿਆਣਾ ਤੋਂ ਇਸ ਦਾ ਰਜਿਸਟ੍ਰੇਸ਼ਨ ਕਰਵਾਇਆ ਗਿਆ। ਪਿੰਡ ਅਧੋਈ, ਤਹਿਸੀਲ ਬਰਾੜਾ, ਜ਼ਿਲ੍ਹਾ ਅੰਬਾਲਾ ਦੇ ਸੰਤੋਖ ਸਿੰਘ ਬਾਜਵਾ ਇਸ ਦੇ ਪਹਿਲੇ ਸੰਪਾਦਕ ਅਤੇ ਬਾਰੂ ਸਤਵਰਗ ਇਸ ਦੇ ਉਪ ਸੰਪਾਦਕ ਬਣੇ। ਕਈ ਸਾਲਾਂ ਤੱਕ ਇਹ ਅਧੋਈ ਪਿੰਡ ਤੋਂ ਛਪਦਾ ਰਿਹਾ।

ਇਸ ਵਿੱਚ ਲਾਲ ਸਿੰਘ ਦਿਲ, ਪਾਸ਼, ਉਦਾਸੀ, ਬੋਘੜ ਸਿੰਘ, ਬਾਰੂ ਸਤਵਰਗ, ਦਰਸ਼ਨ ਖਟਕੜ, ਸੁਰਜੀਤ ਅਰਮਾਨੀ ਆਦਿ ਦੀਆਂ ਰਚਨਾਵਾਂ ਲਗਾਤਾਰ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਇਸ ਮੈਗਜ਼ੀਨ ਨੇ ਨਵੀਆਂ ਕਲਮਾਂ ਨੂੰ ਉਭਾਰਨ ਵਿੱਚ ਬਹੁਤ ਮਦਦ ਕੀਤੀ।

ਕਾਮਰੇਡ ਬਾਰੂ ਸਤਵਰਗ ਨੇ ਆਪਣੇ ਨਾਵਲਾਂ ਵਿੱਚ ਨਕਸਲਬਾੜੀ ਲਹਿਰ ਵਿੱਚ ਸ਼ਹੀਦ ਹੋਏ ਆਪਣੇ ਸਾਥੀਆਂ ਦੇ ਜੀਵਨ ਅਤੇ ਸੰਘਰਸ਼ ਨੂੰ ਕਲਮਬੱਧ ਕੀਤਾ। ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਆਵਾਜ਼ ਦਿੱਤੀ। ਉਨ੍ਹਾਂ ਨੇ ਆਪਣੇ ਨਾਵਲਾਂ ਰਾਹੀਂ ਨਵੀਂ ਪੀੜ੍ਹੀ ਨੂੰ ਨਕਸਲਬਾੜੀ ਲਹਿਰ ਦੀਆਂ ਕਹਾਣੀਆਂ ਉਸੇ ਤਰ੍ਹਾਂ ਸੁਣਾਈਆਂ ਜਿਵੇਂ ਬਜ਼ੁਰਗ ਬਾਤਾਂ ਪਾਉਂਦੇ ਹਨ। ਉਨ੍ਹਾਂ ਦੇ ਨਾਵਲ ਸਿਰਫ਼ ਕਹਾਣੀਆਂ ਹੀ ਨਹੀਂ ਸਗੋਂ ਸਿਆਸੀ ਦਸਤਾਵੇਜ਼ ਵੀ ਹਨ। ਉਹ ਕਹਾਣੀ ਦੇ ਨਾਲ ਨਾਲ ਉਸ ਸਮੇਂ ਲਹਿਰ ਵਿੱਚ ਉੱਠੀਆਂ ਬਹਿਸਾਂ ਨੂੰ ਬੇਝਿਜਕ ਸਥਾਨ ਦਿੰਦੇ ਹਨ ਅਤੇ ਲਹਿਰ ਨੂੰ ਸਮਝਣ ਵਿੱਚ ਮਦਦ ਕਰਦੇ ਹਨ।

ਸ਼ਹੀਦਾਂ ਦੀ ਯਾਦ ਵਿੱਚ ਉਨ੍ਹਾਂ ਦਾ ਪਲੇਠਾ ਨਾਵਲ ਅਪ੍ਰੈਲ 1979 ਵਿੱਚ 'ਲਹੂ ਪਾਣੀ ਨਹੀਂ ਬਣਿਆ' ਪ੍ਰਕਾਸ਼ਿਤ ਹੋਇਆ ਸੀ। ਇਹ ਨਾਵਲ ਸੱਚੀ ਘਟਨਾ 'ਤੇ ਆਧਾਰਿਤ ਸੀ, ਜਿਸ ਵਿੱਚ ਪਿੰਡ ਦੇ ਜ਼ਿਮੀਂਦਾਰ, ਗੁੰਡੇ ਅਤੇ ਪੁਲੀਸ ਮਿਲ ਕੇ ਦੋ ਕਾਮਰੇਡਾਂ ਨੂੰ ਘੇਰ-ਘੇਰ ਕੇ ਫੜਦੇ ਹਨ ਅਤੇ ਮਾਰ ਦਿੰਦੇ ਹਨ। ਇਸ ਵਿੱਚ ਉਨ੍ਹਾਂ ਦੇ ਸੁਪਨਿਆਂ ਨੂੰ ਅੱਗੇ ਲੈ ਕੇ ਚੱਲਣ ਦੀ ਪ੍ਰੇਰਨਾ ਹੈ। ਫਿਰ ਅਪ੍ਰੈਲ 1990 ਵਿੱਚ ਦੂਜਾ ਨਾਵਲ 'ਨਿੱਘੀ ਬੁੱਕਲ' ਛਪਿਆ। ਇਸ ਵਿੱਚ ਦਿਖਾਇਆ ਗਿਆ ਕਿ ਪੰਜਾਬ ਦੇ ਲੋਕ ਨਕਸਲਬਾੜੀ ਪਾਰਟੀ ਅਤੇ ਇਸ ਦੇ ਕਾਰਕੁਨਾਂ ਨੂੰ ਕਿੰਨਾ ਪਿਆਰ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਤੈਅ ਨਿਸ਼ਾਨੇ ਲਈ ਇਨਕਲਾਬੀਆਂ ਦੇ ਮਰ ਮਿਟਣ ਦੇ ਜਜ਼ਬੇ ਦਾ ਵੀ ਪ੍ਰਦਰਸ਼ਨ ਕੀਤਾ ਹੈ। ਨਾਵਲ ਵਿੱਚ 'ਬੁੱਕਲ' ਦਾ ਅਰਥ ਮਾਰਕਸਵਾਦੀ-ਲੈਨਿਨਵਾਦੀ-ਮਾਓਵਾਦੀ ਵਿਚਾਰਧਾਰਾ ਨੂੰ ਪ੍ਰਣਾਈ ਕਮਿਊਨਿਸਟ ਪਾਰਟੀ ਤੋਂ ਹੈ। ਕਮਿਊਨਿਸਟ ਪਾਰਟੀ ਨੂੰ ਉਸ ਮਾਂ ਵਾਂਗ ਦਿਖਾਇਆ ਗਿਆ ਹੈ ਜੋ ਆਪਣੇ ਕਾਰਕੁਨਾਂ ਨੂੰ ਪਿਆਰ ਕਰਦੀ ਹੈ। ਜਦੋਂ ਉਹ ਬੁੱਕਲ 'ਚੋਂ ਨਿਕਲ (ਪਾਰਟੀ ਛੱਡ) ਜਾਂਦੇ ਹਨ ਤਾਂ ਉਨ੍ਹਾਂ ਨੂੰ ਉਹ 'ਨਿੱਘ' ਨਹੀਂ ਮਿਲਦਾ। ਉਨ੍ਹਾਂ ਨੇ ਇਸੇ ਕਲਮ ਤੋਂ 'ਫੱਟੜ ਸ਼ੀਹਣੀ' (90 ਦੇ ਦਹਾਕੇ), 'ਸ਼ਰਧਾ ਦੇ ਫੁੱਲ' (1990) ਵੀ ਲਿਖੇ। ਉਨ੍ਹਾਂ ਨੇ ਦੋ ਨਾਟਕ ਲਿਖੇ। ਉਨ੍ਹਾਂ ਦੇ ਨਾਟਕ-ਸੰਗ੍ਰਹਿ 'ਸਜ਼ਾ ਸੱਚ ਨੂੰ' 'ਚ ਸ਼ਾਮਲ ਨਾਟਕ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਵੱਲੋਂ ਕਈ ਥਾਵਾਂ 'ਤੇ ਖੇਡੇ ਗਏ। ਉਨ੍ਹਾਂ ਦੀ ਕਲਮ ਨੇ ਨਾਵਲ 'ਪੰਨਾ ਇਕ ਇਤਿਹਾਸ ਦਾ' (2012) ਵੀ ਲਿਖਿਆ। 'ਪੰਨਾ ਇਕ ਇਤਿਹਾਸ ਦਾ' ਪੰਜਾਬ ਦੀ ਨਕਸਲਬਾੜੀ ਲਹਿਰ ਨੂੰ ਲੜੀਬੱਧ ਰੂਪ ਵਿਚ ਸਮਝਣ, ਉਸ ਵਿੱਚ ਪਈਆਂ ਟੁੱਟਾਂ-ਫੁੱਟਾਂ ਨੂੰ ਸਮਝਣ ਲਈ, ਉਸ ਵਿੱਚ ਪੈਦਾ ਹੋਈਆਂ ਰਾਜਨੀਤਕ-ਜਥੇਬੰਦਕ ਬਹਿਸਾਂ ਨੂੰ ਸਮਝਣ ਲਈ ਸਭ ਤੋਂ ਮਹੱਤਵਪੂਰਨ ਨਾਵਲ ਹੈ । 2018 ਵਿੱਚ, ਇਸਦਾ (ਪੰਨਾ ਏਕ ਇਤਿਹਾਸ ਕਾ) ਹਿੰਦੀ ਅਨੁਵਾਦ ਪ੍ਰਕਾਸ਼ਿਤ ਕੀਤਾ ਗਿਆ ਹੈ। ਕਾਮਰੇਡ ਸਤਵਰਗ ਆਪਣੇ ਨਾਵਲਾਂ ਦੇ ਲਿਖਣ ਅਤੇ ਪ੍ਰਕਾਸ਼ਨ ਵਿੱਚ ਉਨ੍ਹਾਂ ਦੇ ਸਾਥੀਆਂ ਵੱਲੋਂ ਦਿੱਤੇ ਗਏ ਸੁਝਾਅ, ਵਿੱਤੀ ਸਹਾਇਤਾ ਅਤੇ ਉਨ੍ਹਾਂ ਦੇ ਸਹਿਯੋਗ ਨੂੰ ਬਿਲਕੁਲ ਨਹੀਂ ਭੁੱਲਦੇ। ਉਹ ਹਰ ਨਾਵਲ ਦੇ ਪਹਿਲੇ ਪੰਨੇ 'ਤੇ ਉਸ ਦਾ ਜ਼ਿਕਰ ਕਰਦੇ ਹਨ। ਕਾਮਰੇਡ ਬਾਰੂ ਸਤਵਰਗ ਪੰਜਾਬ ਦੇ ਅਜਿਹੇ ਇਕਲੌਤੇ ਸਾਹਿਤਕਾਰ ਹਨ ਜਿਨ੍ਹਾਂ ਨੇ ਜਿੰਨੇ ਵੀ ਨਾਵਲ ਲਿਖੇ, ਉਨ੍ਹਾਂ ਦਾ ਵਿਸ਼ਾ-ਵਸਤੂ ਨਕਸਲਬਾੜੀ ਲਹਿਰ ਅਤੇ ਇਸ ਵਿੱਚ ਆਏ ਉਤਰਾਅ-ਚੜ੍ਹਾਅ ਰਹੇ ਹਨ। ਉਨ੍ਹਾਂ ਦੇ ਨਾਵਲ ਹਮੇਸ਼ਾ ਨਕਸਲਬਾੜੀ ਲਾਈਨ ਦੇ ਹੱਕ ਵਿੱਚ ਖੜ੍ਹੇ ਰਹੇ ਹਨ।

ਕਾਮਰੇਡ ਬਾਰੂ ਸਤਵਰਗ ਸੋਧਵਾਦੀ ਤੇ ਬੁਰਜੂਆ ਲੇਖਕ ਜਥੇਬੰਦੀਆਂ ਅਤੇ ਅਕਾਦਮੀਆਂ ਦੇ ਵਰਗ ਸਮਝੌਤਾਵਾਦੀ ਰੁਝਾਨਾਂ ਖਿਲਾਫ਼ ਮਜ਼ਬੂਤੀ ਨਾਲ ਖੜ੍ਹੇ ਹੋਏ। ਉਨ੍ਹਾਂ ਨੇ ਮਜ਼ਦੂਰ-ਕਿਸਾਨ ਜਮਾਤ ਦਾ ਪੱਖ ਚੁਣਿਆ ਅਤੇ ਕਦੇ ਵੀ ਬੁਰਜੂਆ, ਸੋਧਵਾਦੀ ਲੇਖਕਾਂ ਦੀਆਂ ਜਥੇਬੰਦੀਆਂ ਦਾ ਹਿੱਸਾ ਨਹੀਂ ਬਣੇ, ਸਗੋਂ ਉਨ੍ਹਾਂ ਖ਼ ?ਲਾਫ਼ ਜੁਝਾਰਵਾਦੀ, ਜੁਝਾਰੂ ਲੇਖਕਾਂ ਦੀ ਜਥੇਬੰਦੀ ਬਣਾਈ, ਜੋ ਦੇਸ਼ ਵਿੱਚ ਚੱਲ ਰਹੀਆਂ ਇਨਕਲਾਬੀ ਹਥਿਆਰਬੰਦ ਲਹਿਰਾਂ ਦੀ ਹਮਾਇਤ ਕਰਦੀ ਸੀ। ਜੋ ਜਗੀਰੂ ਅਤੇ ਸਾਮਰਾਜਵਾਦੀ ਸੱਭਿਆਚਾਰ ਨੂੰ ਨਕਾਰਦੀ ਸੀ। ਉਨ੍ਹਾਂ ਆਪਣੀ ਕਲਮ ਨਵ-ਜਮਹੂਰੀ ਸੱਭਿਆਚਾਰ ਸਿਰਜਣ ਲਈ ਚਲਾਈ।

ਇਸ ਤਰ੍ਹਾਂ ਨਕਸਲਬਾੜੀ ਲਹਿਰ ਵਿਚੋਂ ਉਭਰੇ ਸਾਹਿਤਕਾਰਾਂ ਗੁਰਸ਼ਰਨ ਸਿੰਘ, ਬਾਰੂ ਸਤਵਰਗ, ਸੰਤੋਖ ਸਿੰਘ ਬਾਜਵਾ, ਗੁਰਪ੍ਰੀਤ ਕੌਰ, ਬਾਬਾ ਦੇਵਾ ਸਿੰਘ ਮਾਹਲਾ, ਗੁਰਦਾਸ ਘਾਰੂ (ਉਦਾਸੀ ਦਾ ਭਰਾ), ਰਾਜਿੰਦਰ ਰਾਹੀ, ਕਰਮਜੀਤ ਜੋਗਾ, ਨਰਭਿੰਦਰ, ਡਾ. ਸਾਧੂ ਸਿੰਘ ਆਦਿ ਲੇਖਕਾਂ ਨੇ ਮਿਲ ਕੇ 22 ਅਪ੍ਰੈਲ 1981 ਨੂੰ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਦਾ ਗਠਨ ਕੀਤਾ। ਨਾਟਕਕਾਰ ਗੁਰਸ਼ਰਨ ਸਿੰਘ ਇਸ ਦੇ ਪ੍ਰਧਾਨ ਅਤੇ ਨਾਵਲਕਾਰ ਬਾਰੂ ਸਤਵਰਗ ਜਨਰਲ ਸਕੱਤਰ ਚੁਣੇ ਗਏ।

ਕੇਂਦਰੀ ਪੱਧਰ 'ਤੇ ਉਹ ਆਲ ਇੰਡੀਆ ਰੈਵੋਲਿਊਸ਼ਨਰੀ ਕਲਚਰਲ ਲੀਗ (ਏਆਈਐਲਆਰਸੀ) ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦੇ ਰਹੇ। ਜਿੱਥੇ ਉਨ੍ਹਾਂ ਨੂੰ ਭਾਰਤ ਦੇ ਮਹਾਨ ਕ੍ਰਾਂਤੀਕਾਰੀ ਸਾਹਿਤਕਾਰ ਅਤੇ ਸੱਭਿਆਚਾਰਕ ਹਸਤੀਆਂ ਕੇ.ਵੀ.ਆਰ., ਵਰਵਰਾ ਰਾਓ, ਅਨੁਰਾਧਾ ਗਾਂਧੀ, ਗਦਰ ਵਰਗੀਆਂ ਸ਼ਖਸੀਅਤਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ।

ਸਾਲ 1984 ਵਿੱਚ ਆਂਧਰਾ ਪ੍ਰਦੇਸ਼ ਕ੍ਰਾਂਤੀਕਾਰੀ ਲੇਖਕ ਸੰਘ ਦੇ ਪ੍ਰਧਾਨ ਕੇ.ਵੀ.ਆਰ. ਵਰਵਰਾ ਰਾਓ, ਗਦਰ, ਬਿਹਾਰ ਤੋਂ ਰਾਜਕਿਸ਼ੋਰ, ਮਹਾਰਾਸ਼ਟਰ ਤੋਂ ਅਨੁਰਾਧਾ ਗਾਂਧੀ, ਬੰਗਾਲ ਤੋਂ ਕੰਚਨ ਕੁਮਾਰ, ਪੰਜਾਬ ਤੋਂ ਬਾਰੂ ਸਤਵਰਗ ਅਤੇ ਗੁਰਸ਼ਰਨ ਆਦਿ ਦੇ ਯਤਨਾਂ ਨਾਲ ਆਲ ਇੰਡੀਆ ਲੀਗ ਫਾਰ ਰੈਵੋਲਿਊਸ਼ਨਰੀ ਕਲਚਰ (ਏਆਈਐਲਆਰਸੀ) ਹੋਂਦ ਵਿੱਚ ਆਈ। ਇਸ ਦੀ ਸਥਾਪਨਾ 1984 ਵਿੱਚ ਦਿੱਲੀ ਅੰਦਰ ਕਰਵਾਏ ਰੰਗਕਰਮੀਆਂ ਅਤੇ ਲੇਖਕਾਂ ਦੇ ਇੱਕ ਸੰਮੇਲਨ ਵਿੱਚ ਕੀਤੀ ਗਈ। ਇਸ ਲੀਗ ਨਾਲ ਭਾਰਤ ਦੀਆਂ ਉਹ ਸਾਰੀਆਂ ਸੱਭਿਆਚਾਰਕ-ਲੇਖਕ ਜਥੇਬੰਦੀਆਂ ਜੁੜੀਆਂ, ਜੋ ਨਕਸਲਬਾੜੀ ਦੀ ਰਾਜਨੀਤੀ ਦਾ ਸਮਰਥਨ ਕਰਦੀਆਂ ਸਨ। ਜੋ ਸਾਮਰਾਜਵਾਦੀ-ਜਗੀਰੂ ਸੱਭਿਆਚਾਰ ਨੂੰ ਨੇਸਤਨਾਬੂਦ ਕਰਨ ਦਾ ਟੀਚਾ ਰੱਖਦੀਆਂ ਸਨ। ਕਾਮਰੇਡ ਬਾਰੂ ਸਤਵਰਗ ਇਸ ਨਾਲ ਅਖ਼ੀਰ ਤੱਕ ਜੁੜੇ ਰਹੇ।

ਕਾਮਰੇਡ ਬਾਰੂ ਸਤਵਰਗ ਦੀ ਨਿੱਜੀ ਫੋਟੋ ਐਲਬਮ ਜਿਸ ਵਿੱਚ ਕਾਮਰੇਡ ਵਰਵਰਾ ਰਾਓ, ਕੇਵੀਆਰ, ਕੰਚਨ ਕੁਮਾਰ, ਅਨੁਰਾਧਾ ਗਾਂਧੀ, ਗਦਰ, ਗੁਰਸ਼ਰਨ ਸਿੰਘ, ਗੁਰਦਾਸ ਘਾਰੂ, ਮੇਘ ਰਾਜ ਮਿੱਤਰ, ਪ੍ਰੋ. ਮੇਘ ਰਾਜ ਅਤੇ ਹੋਰ ਬਹੁਤ ਸਾਰੇ ਲੇਖਕ, ਕਵੀ, ਸੱਭਿਆਚਾਰਕ ਕਾਰਕੁਨ ਹਾਜ਼ਰ ਹਨ।

ਸਾਹਿਤਕ-ਸੱਭਿਆਚਾਰਕ ਜਥੇਬੰਦੀਆਂ ਤੋਂ ਇਲਾਵਾ ਉਹ ਜਮਹੂਰੀ ਮੋਰਚਾ ਪੰਜਾਬ, ਲੋਕ ਟਾਕਰਾ ਮੰਚ ਪੰਜਾਬ ਦੇ ਆਗੂ ਵੀ ਰਹੇ। ਉਨ੍ਹਾਂ ਨੇ 90ਵਿਆਂ ਵਿੱਚ ਮਜ਼ਦੂਰ ਅੰਦੋਲਨ ਦੀ ਅਗਵਾਈ ਕੀਤੀ। ਉਹ ਕਿਰਤੀ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਰਹੇ ਅਤੇ ਕਈ ਅੰਦੋਲਨਾਂ ਦੀ ਅਗਵਾਈ ਕੀਤੀ।

ਨਕਸਲਬਾੜੀ ਦੇ ਇਨਕਲਾਬੀ ਵਿਚਾਰਧਾਰਕ-ਰਾਜਨੀਤਕ ਪੱਖ ਕਾਰਨ ਭਾਰਤੀ ਸਮਾਜ ਵਿੱਚ ਸਦੀਆਂ ਤੋਂ ਦਬਾਏ ਗਏ ਆਦਿਵਾਸੀ, ਬੇਜ਼ਮੀਨੇ ਦਲਿਤ-ਮਜ਼ਦੂਰ, ਗ਼ਰੀਬ ਕਿਸਾਨ ਆਦਿ ਭਾਰਤੀ ਸਾਹਿਤ ਦੇ ਦ੍ਰਿਸ਼ 'ਤੇ ਉੱਭਰ ਕੇ ਸਾਹਮਣੇ ਆਏ। ਇਨ੍ਹਾਂ ਲੋਕਾਂ ਵਿੱਚ ਇਸ ਅੰਦੋਲਨ ਕਾਰਨ ਕਹਾਣੀਕਾਰ, ਨਾਵਲਕਾਰ, ਨਾਟਕਕਾਰ, ਲੇਖਕ ਆਦਿ ਪੈਦਾ ਹੋਣੇ ਸ਼ੁਰੂ ਹੋਏ। ਗਦਰ, ਗੁਰਸ਼ਰਨ ਵਰਗੇ ਨਿਰਦੇਸ਼ਕਾਂ ਕਾਰਨ, ਜੋ ਨਕਸਲੀ ਲਹਿਰ ਦੀ ਪੈਦਾਵਾਰ ਸਨ, ਨਾਟਕ ਅਤੇ ਗੀਤ ਪਿੰਡਾਂ ਤੋਂ ਹੁੰਦੇ ਹੋਏ ਸ਼ਹਿਰਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਮਜ਼ਦੂਰ ਬਸਤੀਆਂ ਤੱਕ ਪਹੁੰਚੇ।

ਕਾਮਰੇਡ ਬਾਰੂ ਜੀ ਇਨਕਲਾਬੀ ਸੱਭਿਆਚਾਰਕ ਲਹਿਰ ਦਾ ਉਹ ਚਮਕਦਾ ਸਿਤਾਰਾ ਹਨ ਜੋ ਆਪਣੀਆਂ ਲਿਖਤਾਂ ਰਾਹੀਂ ਹਮੇਸ਼ਾ ਦੱਬੇ-ਕੁਚਲੇ ਲੋਕਾਂ ਦਾ ਮਾਰਗਦਰਸ਼ਨ ਕਰਦੇ ਰਹਿਣਗੇ।

**ਪਰਿਵਾਰਕ ਜੀਵਨ**

ਕਾਮਰੇਡ ਬਾਰੂ ਸਤਵਰਗ ਦਾ ਪਰਿਵਾਰ ਬਹੁਤ ਗਰੀਬ ਸੀ। ਉਨ੍ਹਾਂ ਦੇ ਦਾਦਾ ਜੀ ਜ਼ਿਮੀਂਦਾਰਾਂ ਨਾਲ ਸੀਰੀ ਰਲੇ ਹੋਏ ਸਨ ਯਾਨੀ ਬੰਧੂਆ ਮਜ਼ਦੂਰ ਸਨ। ਪਿਤਾ ਜੀ ਭੇਡਾਂ ਚਾਰਦੇ ਸਨ। ਉਨ੍ਹਾਂ ਦੇ ਤਿੰਨ ਭਰਾ ਤੇ ਇੱਕ ਭੈਣ ਸੀ। ਇੱਕ ਭਰਾ ਸੁਖਦੇਵ ਸਿੰਘ ਅੰਮ੍ਰਿਤ ਛੱਕ ਕੇ ਨਿਹੰਗ ਸਿੰਘ ਸਜ ਗਿਆ ਸੀ। ਅੱਤ ਦੀ ਗ਼ਰੀਬੀ 'ਚੋਂ ਨਿਕਲਣ ਲਈ ਉਨ੍ਹਾਂ ਦੇ ਮਾਤਾ-ਪਿਤਾ ਨੇ ਹਰ ਮੁਸੀਬਤ ਝੱਲ ਕੇ ਕਾਮਰੇਡ ਸਤਵਰਗ ਨੂੰ ਪੜ੍ਹਾਇਆ। ਕਾਮਰੇਡ ਬਾਰੂ ਨੇ ਵੀ ਪੜ੍ਹਾਈ ਵਿੱਚ ਸਖ਼ਤ ਮਿਹਨਤ ਕੀਤੀ ਅਤੇ 10ਵੀਂ ਜਮਾਤ ਤੋਂ ਬਾਅਦ ਜੇ.ਬੀ.ਟੀ. ਕਰਨ ਉਪਰੰਤ ਅਧਿਆਪਕ ਲੱਗ ਗਏ।

ਆਂਧਰਾ, ਬਿਹਾਰ, ਝਾਰਖੰਡ ਆਦਿ ਤੋਂ ਆਉਣ ਵਾਲੀਆਂ ਨਾਟਕ ਮੰਡਲੀਆਂ, ਲੇਖਕ ਅਤੇ ਸਾਹਿਤਕਾਰ ਹਮੇਸ਼ਾ ਉਨ੍ਹਾਂ ਦੇ ਘਰ ਆਉਂਦੇ-ਜਾਂਦੇ ਰਹਿੰਦੇ ਸਨ। ਖਾਲਿਸਤਾਨੀ ਦੌਰ ਦੌਰਾਨ, ਇਨਕਲਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਇੱਕ ਟੀਮ ਇਸ ਲਹਿਰ ਦਾ ਅਧਿਐਨ ਕਰਨ ਲਈ ਪੰਜਾਬ ਆਈ। ਇਸ ਟੀਮ ਵਿੱਚ ਕਾਮਰੇਡ ਵਰਾਵਰਾ ਰਾਓ, ਕੇਵੀਆਰ, ਅਨੁਰਾਧਾ ਗਾਂਧੀ ਸਮੇਤ ਕਈ ਨਾਮਵਰ ਬੁੱਧੀਜੀਵੀ ਸਨ। ਉਹ ਕਾਮਰੇਡ ਬਾਰੂ ਜੀ ਦੇ ਘਰ ਠਹਿਰੇ। ਉਦੋਂ ਤੋਂ ਨਾ ਸਿਰਫ਼ ਬਾਰੂ ਜੀ, ਸਗੋਂ ਪੂਰੇ ਪਰਿਵਾਰ ਦਾ ਰਿਸ਼ਤਾ ਉਨ੍ਹਾਂ ਨਾਲ ਜੁੜ ਗਿਆ।

2018 ਵਿੱਚ ਕਾਮਰੇਡ ਬਾਰੂ ਸਤਵਰਗ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਹੋ ਗਏ ਅਤੇ ਗੰਭੀਰ ਬਿਮਾਰ ਹੋ ਗਏ। ਹੌਲੀ-ਹੌਲੀ ਉਨ੍ਹਾਂ ਦੀ ਯਾਦਾਸ਼ਤ ਵੀ ਕਮਜ਼ੋਰ ਪੈਣ ਲੱਗੀ। ਬ੍ਰੇਨ ਸਟ੍ਰੋਕ ਹੋਇਆ, ਜਿਸ ਦਾ ਬਾਅਦ ਵਿੱਚ ਪਤਾ ਚੱਲਿਆ। ਸਾਲ 2022 ਦੇ ਅਖੀਰ ਵਿੱਚ ਗੁਰਦੇ ਫੇਲ੍ਹ ਹੋ ਗਏ। ਉਨ੍ਹਾਂ ਦਾ ਅਗਲਾ ਸਾਰਾ ਸਾਲ (2023) ਬਿਸਤਰੇ ਵਿੱਚ ਬੀਤਿਆ। ਰੋਟੀ ਖਾਣੀ ਛੱਡ ਦਿੱਤੀ। ਸਿਰਫ ਤਰਲ ਪਦਾਰਥ 'ਤੇ ਹੀ ਜ਼ਿੰਦਗੀ ਟਿਕੀ ਹੋਈ ਸੀ। ਅਜਿਹੀ ਨਾਜ਼ੁਕ ਸਥਿਤੀ ਵਿਚ ਉਨ੍ਹਾਂ ਦੇ ਪਰਿਵਾਰ, ਖਾਸ ਕਰ ਉਨ੍ਹਾਂ ਦੀ ਵੱਡੀ ਧੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਪੂਰੀ ਸ਼ਿੱਦਤ ਨਾਲ ਦੇਖਭਾਲ ਕੀਤੀ। ਕਈ ਦੋਸਤਾਂ ਨੇ ਵੀ ਕੁੱਝ ਨਾ ਕੁੱਝ ਮਦਦ ਕੀਤੀ। ਲੋਕ ਮਿਲਣ ਲਈ ਆਉਂਦੇ ਸਨ। ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਉਨ੍ਹਾਂ ਦੀ ਕਾਫੀ ਇੱਛਾ ਸੀ। ਉਨ੍ਹਾਂ ਨੂੰ ਭਾਰਤ ਪੱਧਰੀ ਕਈ ਪ੍ਰੋਗਰਾਮਾਂ ਲਈ ਸੱਦਾ-ਪੱਤਰ ਮਿਲੇ ਪਰ ਸਿਹਤ ਖ਼ਰਾਬ ਹੋਣ ਕਾਰਨ ਉਹ ਹਿੱਸਾ ਨਹੀਂ ਲੈ ਸਕੇ। ਪਰ ਉਨ੍ਹਾਂ ਦੀ ਪ੍ਰੋਗਰਾਮਾਂ ਵਿੱਚ ਜਾਣ ਦੀ ਬਹੁਤ ਇੱਛਾ ਹੁੰਦੀ ਸੀ। ਕਿਸਾਨ ਅੰਦੋਲਨ ਵਿੱਚ ਖੁਦ ਨਹੀਂ ਜਾ ਸਕੇ ਪਰ ਉਨ੍ਹਾਂ ਨੇ ਵਿਸ਼ੇਸ਼ ਗੱਡੀ ਦਾ ਪ੍ਰਬੰਧ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿੱਲੀ ਭੇਜਿਆ।


ਉਮਰ ਦੇ ਆਖ਼ਰੀ ਪੜਾਅ ਵਿੱਚ ਉਹ ਆਪਣੀ ਜੀਵਨੀ ਲਿਖਣ ਦਾ ਕੰਮ ਕਰ ਰਹੇ ਸਨ ਪਰ ਸਿਹਤ ਖ਼ਰਾਬ ਹੋਣ ਕਾਰਨ ਉਹ ਪੂਰੀ ਨਹੀਂ ਕਰ ਸਕੇ। ਉਹ ਆਪਣੀ ਜ਼ਿੰਦਗੀ ਦਾ ਸਿਰਫ਼ ਸ਼ੁਰੂਆਤੀ ਹਿੱਸਾ ਹੀ ਲਿਖ ਸਕੇ ਸਨ। ਆਖ਼ੀਰ ਵਿੱਚ ਉਹ ਪੰਜਾਬ ਦੀ ਇਨਕਲਾਬੀ ਲਹਿਰ ਅੰਦਰ ਆਈਆਂ ਕਮਜ਼ੋਰੀਆਂ ਕਾਰਨ ਬਹੁਤ ਦੁਖੀ ਅਤੇ ਚਿੰਤਤ ਸਨ। ਉਨ੍ਹਾਂ ਨੇ ਆਪਣੀ ਇੰਟਰਵਿਊ ਵਿੱਚ ਬਹੁਤ ਸਾਰੇ ਗੰਭੀਰ ਸਿਧਾਂਤਕ ਨੁਕਤਿਆਂ ਨੂੰ ਉਭਾਰਿਆ ਹੈ। ਉਨ੍ਹਾਂ ਦੇ ਦੋ ਲੰਬੇ ਇੰਟਰਵਿਊ ਹੇਠਾਂ ਦਿੱਤੇ ਗਏ ਹਨ। ਛੇਤੀ ਹੀ ਉਨ੍ਹਾਂ ਦੀ ਵੀਡੀਓ ਵੀ ਉਪਲਬਧ ਕਰਵਾਈ ਜਾਵੇਗੀ। ਉਨ੍ਹਾਂ ਵੱਲੋਂ ਰਚਿਆ ਸਾਹਿਤ ਸਾਂਭਣ ਲਈ ਵੈੱਬਸਾਈਟ ਬਣਾਈ ਗਈ ਹੈ। ਇਸ ਦਾ ਲਿੰਕ https://barusatwarag.wordpress.com/ ਹੈ। ਕਾਮਰੇਡ ਬਾਰੂ ਸਤਵਰਗ ਲੰਬੀ ਬਿਮਾਰੀ ਮਗਰੋਂ 25 ਅਗਸਤ 2023 ਨੂੰ ਇਨਕਲਾਬੀ ਲਹਿਰ ਤੋਂ ਵਿੱਛੜ ਗਏ। ਉਹ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਮੌਜੂਦ ਨਹੀਂ ਹਨ ਪਰ ਉਨ੍ਹਾਂ ਵੱਲੋਂ ਲਿਖੀਆਂ ਕਵਿਤਾਵਾਂ, ਗੀਤ, ਕਹਾਣੀਆਂ ਅਤੇ ਨਾਵਲ ਨਵੀਂ ਪੀੜ੍ਹੀ ਨੂੰ ਇਨਕਲਾਬੀ ਲਹਿਰ ਨਾਲ ਜੁੜਨ ਲਈ ਹਮੇਸ਼ਾ ਪ੍ਰੇਰਿਤ ਕਰਦੇ ਰਹਿਣਗੇ।

**ਅਦਾਰਾ ਸਰੋਕਾਰਾਂ ਦੀ ਆਵਾਜ਼**

*ਹੱਡ ਬੀਤੀ ਤਰਾਸਦੀ ਦੇ ਅੰਗ-ਸੰਗ*

# ਇੱਕ ਨਵੰਬਰ ਉਨੀ ਸੌ ਚੁਰਾਸੀ

ਉਜਾਗਰ ਲਲਤੋਂ
98724-48221



ਨਵੰਬਰ 1984 ਦੇ ਪਹਿਲੇ ਹਫ਼ਤੇ ਇੰਡੀਅਨ ਪੀਪਲਜ਼ ਫਰੰਟ ਦੀ ਦੂਜੀ ਕੌਮੀ ਕਾਨਫਰੰਸ ਕਲਕੱਤਾ ਵਿਖੇ ਹੋ ਰਹੀ ਸੀ। ਮੈਨੂੰ ਉਸ ਵਿੱਚ ਦਰਸ਼ਕ ਵਜੋਂ ਸ਼ਾਮਲ ਹੋਣ ਦਾ ਸੱਦਾ ਸੀ ਤੇ ਮੇਰੀ ਰੇਲ ਗੱਡੀ ਦੀ ਸੀਟ ਬੁੱਕ ਕਰਵਾ ਦਿੱਤੀ ਗਈ ਸੀ। ਅਸੀਂ ਕਲਕੱਤੇ ਲਈ ਚੰਡੀਗੜ੍ਹ ਤੋਂ 31 ਅਕਤੂਬਰ ਰਾਤ ਨੂੰ ਕਾਲਕਾ ਮੇਲ ਫੜਨੀ ਸੀ। 31 ਅਕਤੂਬਰ ਨੂੰ ਹੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਹੋ ਗਈ, ਜਿਸ ਨੇ ਸਾਰੇ ਦੇਸ਼ ਨੂੰ ਹੀ ਸੁੰਨ ਕਰਕੇ ਰੱਖ ਦਿੱਤਾ ਸੀ।

ਮੈਂ ਦੋ ਚਿੱਤੀ 'ਚ ਸੀ ਪਰ ਫੇਰ ਵੀ ਮੈਂ ਮਿਥੇ ਸਮੇਂ 'ਤੇ ਜੱਥੇਬੰਦੀ ਦੇ ਆੱਗੂ ਕਾਮਰੇਡ ਤੇਜਿੰਦਰ ਸੰਧੂ ਦੇ ਚੰਡੀਗੜ੍ਹ ਸਥਿਤ ਘਰ ਪਹੁੰਚ ਗਿਆ। ਪੰਜਾਬ ਦੇ ਪ੍ਰਮੁੱਖ ਨਕਸਲੀ ਆੱਗੂ ਕਾਮਰੇਡ ਹਾਕਮ ਸਿੰਘ ਸਮਾਂਓ, ਕਾਮਰੇਡ ਅਮਰ ਸਿੰਘ ਅੱਚਰਵਾਲ ਤੇ ਚਾਰ ਹੋਰ ਡੈਲੀਗੇਟ ਸਾਥੀ ਪਹਿਲਾਂ ਹੀ ਉੱਥੇ ਪਹੁੰਚੇ ਹੋਏ ਸੀ।

ਗੰਭੀਰ ਜਹੇ ਮਾਹੌਲ ਵਿੱਚ ਹੋ ਰਹੀਆਂ ਗੱਲਾਬਾਤਾਂ ਵਿੱਚ ਸਾਡਾ ਸਾਰਿਆਂ ਦਾ ਵਿਚਾਰ ਸੀ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਪ੍ਰਤੀਕਰਮ ਵਜੋਂ ਦਿੱਲੀ ਵਿੱਚ ਸਿੱਖਾਂ ਤੇ ਹਿੰਸਕ ਹਮਲੇ ਹੋ ਸਕਦੇ ਹਨ, ਪਰ ਸਾਡੇ ਕਿਸੇ ਦੇ ਵੀ ਦਿਮਾਗ ਵਿੱਚ ਇਹ ਨਹੀ ਆਇਆ ਕਿ ਸਾਡੀ ਰੇਲਗੱਡੀ 'ਤੇ ਵੀ ਕੋਈ ਹਮਲਾ ਹੋ ਸਕਦਾ ਹੈ, ਪਰ ਉੱਤਰ ਪ੍ਰਦੇਸ਼ ਦੇ ਟੁੰਡਲਾ ਸਟੇਸ਼ਨ 'ਤੇ ਸਾਡੇ ਵਾਲੀ ਰੇਲ-ਗੱਡੀ 'ਤੇ ਹੋਏ ਹਮਲੇ ਵਿੱਚ ਸਾਡਾ ਤਾਂ ਕਿਵੇਂ ਵੀ ਬਚਾ ਹੋ ਗਿਆ ਪਰ ਹੋਰ ਡੱਬਿਆਂ ਵਿੱਚ ਇੱਕ ਸਿੱਖ ਯਾਤਰੀਆਂ ਨਾਲ ਜੋ ਬੀਤੀ, ਉਹ ਇੱਕ ਵੱਖਰੀ ਕਹਾਣੀ ਸੀ।

ਰੇਲ ਦੇ ਇਸ ਸਫ਼ਰ ਦੌਰਾਨ ਜੋ ਕੁੱਝ ਅਸੀਂ ਝੱਲਿਆ ਤੇ ਦੇਖਿਆ, ਉਸਦੇ ਕਈ ਦ੍ਰਿਸ਼ ਤੇ ਵਿਅਕਤੀਆਂ ਦੇ ਚਿਹਰੇ ਅੱਜ ਵੀ ਮੇਰੇ ਜ਼ਹਿਨ ਵਿੱਚ ਇਉਂ ਸਾਖਿਆਤ ਹਨ,ਜਿਵੇਂ ਇਹ ਸਾਰਾ ਕੁੱਝ ਇੱਕ ਦੋ ਦਿਨ ਪਹਿਲਾਂ ਹੀ ਵਾਪਰਿਆ ਹੋਵੇ। ਸਾਡੀ ਗੱਡੀ ਇੱਕ ਨੰਵਬਰ ਨੂੰ ਦਿਨ ਚੜ੍ਹਦੇ ਨਾਲ ਦਿੱਲੀ ਪਹੁੰਚ ਗਈ। ਭਾਰੀ ਭੀੜ ਭੜੱਕੇ ਵਾਲੇ ਪਲੇਟ ਫਾਰਮ 'ਤੇ ਸੁੰਨ ਪਸਰੀ ਹੋਈ ਸੀ, ਪਰ ਚਾਹ ਤੇ ਹੋਰ ਖਾਣ ਪੀਣ ਦਾ ਸਮਾਨ ਵੇਚਣ ਵਾਲੇ ਪਲੇਟਫਾਰਮ 'ਤੇ ਹੋਕੇ ਦਿੰਦੇ ਫਿਰਦੇ ਸੀ।

ਚਾਹ ਪੀਣ ਵਾਸਤੇ ਪਲੇਟਫਾਰਮ 'ਤੇ ਉਤਰਨ ਲਈ ਅਜੇ ਅਸੀਂ ਸੀਟਾਂ ਤੋਂ ਉੱਠ ਹੀ ਰਹੇ ਸੀ ਕਿ ਜੱਥੇਬੰਦੀ ਦਾ ਇੱਕ ਹੋਰ ਆੱਗੂ ਕਾਮਰੇਡ ਪਾਂਡੇ ਸਾਡੇ ਕੋਲ ਆ ਪ੍ਰਗਟ ਹੋਇਆ। ਉਹ ਦਿੱਲੀ ਤੋਂ ਹੀ ਗੱਡੀ ਚੜ੍ਹਿਆ ਸੀ। ਉਹਨੇ ਮੈਨੂੰ ਤੇ ਕਾਮਰੇਡ ਸੰਧੂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਗੱਡੀ 'ਚੋਂ ਉਤਰਨ ਤੋਂ ਰੋਕ ਦਿੱਤਾ।

ਕਾਮਰੇਡ ਹਾਕਮ ਸਿੰਘ ਸਮਾਂਓ ਤੋਂ ਬਿਨ੍ਹਾਂ ਅਸੀਂ ਸਾਰੇ ਹੀ ਸਿਰੋਂ ਰੋਡੇ ਤੇ ਕੁਤਰੀਆਂ ਦਾੜ੍ਹੀਆਂ ਵਾਲੇ ਸੀ, ਪਰ ਮੈਨੂੰ ਤੇ ਸੰਧੂ ਨੂੰ ਛੱਡ ਕੇ ਬਾਕੀ ਸਾਰੇ ਆਪਣੇ ਪਹਿਰਾਵੇ ਤੋਂ ਪੰਜਾਬੀ ਕਿਸਾਨ ਦਿਖਾਈ ਦੇ ਰਹੇ ਸੀ। ਮੈਂ ਤੇ ਸੰਧੂ ਪਲੇਟਫਾਰਮ 'ਤੇ ਉੱਤਰ ਗਏ। ਪਹਿਲਾਂ ਅਸੀਂ ਅਖਬਾਰਾਂ ਵਾਲੇ ਵੱਲ ਗਏ ਉਹਦੇ ਕੋਲ ਉਰਦੂ ਅਖਬਾਰ ਦਾ ਸਿਰਫ਼ ਇੱਕ ਹੀ ਪਰਚਾ ਪਿਆ ਸੀ ਤੇ ਉਹ ਕਾਪੀ ਦੇ ਪੰਜਾਹ ਰੁਪਿਏ ਮੰਗ ਰਿਹਾ ਸੀ।

ਸਾਡੇ ਵਿੱਚੋਂ ਕਾਮਰੇਡ ਅਮਰ ਸਿੰਘ ਹੀ ਉਰਦੂ ਪੜ੍ਹ ਸਕਦੇ ਸੀ, ਉਸਨੇ ਸਾਨੂੰ ਬਲੈਕ ਵਿੱਚ ਅਖ਼ਬਾਰ ਲੈਣ ਤੋਂ ਰੋਕ ਦਿੱਤਾ (ਪਰ ਸਾਡੇ ਨੇੜਲੀ ਸੀਟ ਤੇ ਬੈਠੇ ਇੱਕ ਮੱਖੀ ਮੁੱਛਾਂ ਵਾਲੇ ਸੱਜਣ ਨੇ ਅਖਬਾਰ ਖਰੀਦ ਲਿਆ) ਅਸੀਂ ਚਾਹ ਵਾਲੀ ਸਟਾਲ ਵੱਲ ਆ ਗਏ, ਜਿੱਥੇ ਇੱਕ ਸਰਦਾਰ ਜੀ ਚਾਹ ਪੀ ਰਹੇ ਸੀ। ਉਹ ਸਾਡੇ ਨਾਲ ਗੱਲਾਂ ਕਰਨ ਲੱਗ ਪਏ। ਉਹ ਪ੍ਰਧਾਨ ਮੰਤਰੀ ਦੀ ਹੱਤਿਆ ਨੂੰ ਸਿੱਖਾਂ ਦਾ ਸਿਰ ਉੱਚਾ ਹੋਇਆ ਦੱਸ ਰਹੇ ਸੀ। ਕਾਮਰੇਡ ਸੰਧੂ ਨੇ ਆਪਣੇ ਪੈਰ ਨਾਲ ਮੇਰੇ ਪੈਰ ਨੂੰ ਦਬਾਇਆ, ਮੈਂ ਚੌਕੰਨਾ ਹੋ ਗਿਆ। ਗੱਲ ਕਰ ਰਹੇ ਸਰਦਾਰ ਜੀ, ਸੀ.ਆਈ.ਡੀ. ਦੇ ਵੀ ਹੋ ਸਕਦੇ ਸੀ। ਪਰ ਮੈਂ ਉਹਨਾਂ ਦੀ ਗੱਲ ਸੁਣੀ ਜਾ ਰਿਹਾ ਸੀ। ਉਹ ਦੱਸ ਰਹੇ ਸੀ ਕਿ ਉਹਨਾਂ ਨੇ ਘਰੇ ਲੱਗੀ ਲੇਬਰ ਨੂੰ ਬਰਫ਼ੀ ਵੰਡ ਕੇ ਤੇ ਕੱਪੀ-ਕੱਪੀ ਦੁੱਧ ਪੱਤੀ ਦੀ ਪਿਆ ਕੇ ਦੋ ਘੰਟੇ ਪਹਿਲਾਂ ਹੀ ਛੁੱਟੀ ਕਰ ਦਿੱਤੀ ਸੀ ਤੇ ਆਪ ਕਲਕੱਤੇ ਲਈ ਗੱਡੀ ਚੜ੍ਹ ਆਏ ਸੀ। ਸਾਡੀ ਚਾਹ ਬਣ ਗਈ ਤਾਂ ਮੈਂ ਤੇ ਕਾਮਰੇਡ ਸੰਧੂ ਡੱਬੇ ਅੰਦਰ ਬੈਠੇ ਸਾਥੀਆਂ ਨੂੰ ਚਾਹ ਫੜਾਈ ਤੇ ਆਪਣੀ ਚਾਹ ਲੈਕੇ ਸੀਟਾਂ 'ਤੇ ਆ ਬੈਠੇ।

ਕੁੱਝ ਚਿਰ ਮਗਰੋਂ ਕਾਮਰੇਡ ਹਾਕਮ ਸਿੰਘ ਚਾਦਰ ਲੈਕੇ ਉੱਪਰਲੀ ਸੀਟ 'ਤੇ ਲੰਬਾ ਪੈ ਗਿਆ। ਉਰਦੂ ਦਾ ਅਖਬਾਰ ਕਾਮਰੇਡ ਅਮਰ ਸਿੰਘ ਦੇ ਹੱਥਾਂ ਵਿੱਚ ਆ ਗਿਆ ਸੀ। ਬਾਕੀ ਸਾਥੀ ਵੀ ਆਪੋ ਆਪਣੀਆਂ ਪੱਗਾਂ ਉਤਾਰ ਕੇ ਸੌਖੇ ਜਹੇ ਹੋ ਕੇ ਬੈਠ ਗਏ ਸਨ।

ਉੱਤਰ ਪ੍ਰਦੇਸ਼ ਦੇ ਟੁੰਡਲਾ ਸਟੇਸ਼ਨ ਨੇੜ੍ਹੇ ਪਹੁੰਚਦੇ ਹੀ, ਪਟੜੀ ਦੇ ਨਾਲ-ਨਾਲ ਭੜਕੇ ਹੋਏ ਲੋਕਾਂ ਦੇ ਟੋਲੇ ਦਿਖਾਈ ਦੇਣ ਲੱਗੇ। ਕੁੱਝ ਲੋਕ ਗੱਡੀ ਤੇ ਪੱਥਰਬਾਜ਼ੀ ਕਰਨ ਲੱਗੇ। ਸਾਰੇ ਡੱਬੇ ਵਿੱਚ "ਖਿੜਕੀਆਂ ਬੰਦ ਕਰੋ-ਬੰਦ ਕਰੋ" ਦਾ ਰੌਲਾ ਪੈ ਗਿਆ ਤੇ ਦੇਖਦੇ ਹੀ ਦੇਖਦੇ ਸਾਰੀਆਂ ਖਿੜਕੀਆਂ ਤੇ ਦਰਵਾਜੇ ਬੰਦ ਹੋ ਗਏ। ਡੱਬੇ ਅੰਦਰ ਹੱਫੜਾ-ਦੱਫੜੀ ਜਹੀ ਪੈ ਗਈ।

ਗੱਡੀ ਦੇ ਪਲੇਟਫਾਰਮ ਤੇ ਰੁਕਦੇ ਹੀ ਖਿੜਕੀਆਂ ਦਰਵਾਜਿਆਂ ਨੂੰ ਬਾਹਰੋਂ ਜ਼ੋਰ-ਜ਼ੋਰ ਦੀ ਖੜਕਾਇਆ ਜਾਣ ਲੱਗਿਆ,ਜਿਸ ਨਾਲ ਸਿੱਖ ਯਾਤਰੀਆਂ ਵਿੱਚ ਹੋਰ ਵੀ ਘਬਰਾਹਟ ਪੈਦਾ ਹੋ ਗਈ ਤੇ ਉਹ ਸੀਟਾਂ ਦੇ ਉੱਪਰ ਥੱਲੇ ਲੁਕਣ ਲੱਗੇ।

ਅਸੀਂ ਵੀ ਚੌਕੰਨੇ ਹੋ ਕੇ ਬੈਠ ਗਏ। ਸਾਡੇ ਵਿੱਚ ਇਕੱਲਾ ਕਾਮਰੇਡ ਹਾਕਮ ਸਿੰਘ ਹੀ ਦਾੜ੍ਹੀ ਕੇਸਾਂ ਵਾਲਾ ਸੀ ਤੇ ਉਹ ਉੱਪਰਲੀ ਸੀਟ 'ਤੇ ਲੰਮਾਂ ਪਿਆ ਸੀ,ਉਸਦਾ ਮੂੰਹ ਸਿਰ ਵੀ ਚਾਦਰ ਨਾਲ ਢੱਕ ਦਿੱਤਾ ਗਿਆ। ਕਾਮਰੇਡ ਅਮਰ ਸਿੰਘ ਆਪਣੀ ਸੀਟ 'ਤੇ ਸ਼ਾਂਤ ਬੈਠਾ ਉਰਦੂ ਅਖਬਾਰ ਪੜ੍ਹੀ ਜਾ ਰਿਹਾ ਸੀ।

ਤਦੇ ਇੱਕ ਟੋਲਾ ਸਾਡੇ ਕੈਬਿਨ ਮੂਹਰੇ ਆ ਖੜ੍ਹਾ ਹੋਇਆ। ਮੈਂ ਤੇ ਕਾਮਰੇਡ ਸੰਧੂ ਵੀ ਉੱਠ ਖੜ੍ਹੇ ਹੋਏ।

"ਯੇ ਹੈਂ ਸਰਦਾਰ" ਉਹਨਾਂ ਦਾ ਮੋਹਰੀ ਬੋਲਿਆ।

"ਯਹਾਂ ਕੋਈ ਸਰਦਾਰ ਨਹੀਂ" ਅਸੀਂ ਕਿਹਾ।

ਤਦੇ ਕਮਾਲ ਦੀ ਫੁਰਤੀ ਨਾਲ ਬੰਗਾਲੀ ਕੁੜੀ ਉਹਨਾਂ ਦੇ ਵਿੱਚੀਂ ਲੰਘ ਕੇ ਸਾਡੇ ਮੂਹਰੇ ਆ ਖੜ੍ਹੀ ਹੋਈ ਤੇ ਟੋਲੇ ਦੇ ਮੋਹਰੀ ਨੂੰ ਬੋਲੀ, "ਨਹੀਂ ਬ੍ਰਦਰ ਯਹਾਂ ਕੋਈ ਸਰਦਾਰ ਨਹੀਂ ਹੈ। (ਇਹ ਬੰਗਾਲੀ ਕੁੜੀ ਵੀ ਸਾਡੇ ਨਾਲ ਹੀ ਚੰਡੀਗੜ੍ਹ ਸਟੇਸ਼ਨ ਤੋਂ ਗੱਡੀ ਚੜ੍ਹੀ ਸੀ। ਪੰਜਾਬ ਯੂਨੀਵਰਸਟੀ ਦੀ ਵਿਦਿਆਰਥਣ ਸੀ। ਉਹਨੂੰ ਇੱਕ ਸਰਦਾਰ ਜੀ ਤੇ ਉਨ੍ਹਾਂ ਦੀ ਪਤਨੀ ਗੱਡੀ ਚੜ੍ਹਾਉਣ ਆਏ ਸੀ ਤੇ ਸਾਨੂੰ ਸਫ਼ਰ ਦੌਰਾਨ ਉਸ ਬੱਚੀ ਖਿਆਲ ਰੱਖਣ ਨੂੰ ਕਹਿ ਕੇ ਗਏ ਸੀ। ਪਰ ਹੁਣ ਉਹ ਸਾਡੀ ਰਾਖੀ ਲਈ ਸਾਡੇ ਮੂਹਰੇ ਖੜ੍ਹੀ ਸੀ।)

ਤੇ ਉਸੇ ਵੇਲੇ ਐਨਕਾਂ ਵਾਲਾ ਇੱਕ ਹਿੰਦੂ ਨੌਜਵਾਨ ਵੀ ਸਾਡੀ ਹਮਾਇਤ ਤੇ ਆ ਖੜ੍ਹਾ ਹੋਇਆ ਤੇ ਉਹਨਾਂ ਨੂੰ ਸਮਝਾਉਣ ਲੱਗਿਆ ਕਿ ਏਥੇ ਕੋਈ ਸਰਦਾਰ ਨਹੀਂ ਹੈ।

ਉਹਨਾਂ ਦੋਹਾਂ ਦੇ ਆਉਣ ਨਾਲ ਮੈਂ ਤੇ ਕਾਮਰੇਡ ਸੰਧੂ ਹੋਰ ਵੀ ਹੌਂਸਲੇ ਵਿੱਚ ਹੋ ਗਏ। ਮੈਨੂੰ ਉਮੀਦ ਸੀ ਕਿ ਸਾਡੇ ਨੇੜ੍ਹੇ ਬੈਠੇ ਮੱਖੀ ਮੁੱਛਾਂ ਵਾਲੇ ਸੱਜਨ ਵੀ ਸਾਡੀ ਹਮਾਇਤ ਤੇ ਆਉਣਗੇ, ਮੈਂ ਕਈ ਵਾਰ ਉਹਨਾਂ ਵੱਲ ਦੇਖਿਆ ਵੀ; ਪਰ ਉਹ ਬੜੇ ਸਾਂਤ ਚਿੱਤ ਬੈਠੇ ਖਿੜਕੀ ਥਾਈਂ ਬਾਹਰ ਦੇਖਦੇ ਰਹੇ।

ਤਦੇ ਟੋਲੇ ਵਾਲਿਆਂ ਵਿੱਚੋਂ ਇੱਕ ਨੇ ਕਾਮਰੇਡ ਅਮਰ ਸਿੰਘ ਨੂੰ ਪੁੱਛਿਆ, "ਆਪ ਸਰਦਾਰ ਹੈਂ?"

ਉਹਦੀ ਗੱਲ ਅਣਸੁਣੀ ਕਰਕੇ ਕਾਮਰੇਡ ਅਖਬਾਰ ਪੜ੍ਹਦਾ ਰਿਹਾ। ਉਹਨੇ ਆਪਣਾ ਸਵਾਲ ਹੋਰ ਉੱਚੀ ਆਵਾਜ਼ ਵਿੱਚ ਦੁਹਰਾਇਆ ਤੇ ਕਾਮਰੇਡ ਨੇ ਫਿਰ ਉਸਨੂੰ ਅਣਸੁਣਿਆ ਕਰ ਦਿੱਤਾ।

ਉਹਦੇ ਨਾਲ ਦੇ ਇੱਕ ਹੋਰ ਜਾਣੇ ਨੇ ਕਾਮਰੇਡ ਅਮਰ ਸਿੰਘ ਦੇ ਰੋਡੇ ਸਿਰ,ਠੋਡੀ ਤੋਂ ਚੱਪਾ ਕੁ ਵਧੀ ਹੋਈ ਕੁਤਰੀ ਦਾੜ੍ਹੀ ਅਤੇ ਹੱਥ ਵਿੱਚ ਉਰਦੂ ਦੇ ਅਖਬਾਰ ਵੱਲ ਦੇਖਦੇ ਹੋਏ ਪਹਿਲੇ ਨੂੰ ਸਮਝਾਇਆ, "ਦਿਖਤਾ ਨਹੀਂ, ਮੁੰਹਮਡਨ ਹੈ।"

ਹੁਣ ਸਾਰੇ ਟੋਲੇ ਦਾ ਧਿਆਨ ਉੱਪਰਲੀ ਸੀਟ 'ਤੇ ਪਏ ਕਾਮਰੇਡ ਹਾਕਮ ਸਿੰਘ ਵੱਲ ਹੋ ਗਿਆ ਸੀ। ਉਹ ਚਾਦਰ ਹੇਠ ਲੰਮੇਂ ਪਏ ਕਾਮਰੇਡ ਦਾ ਮੂੰਹ ਦੇਖਣ ਦੀ ਗੱਲ 'ਤੇ ਅੜੇ ਹੋਏ ਸੀ ਤੇ ਸਾਡਾ ਕਹਿਣਾ ਸੀ ਕਿ ਉਹ ਬਿਮਾਰ ਆਦਮੀ ਹੈ, ਉਸਨੂੰ ਸੌਣ ਦਿੱਤਾ ਜਾਵੇ।

ਸਾਡੀ ਇਹ ਕਸ਼ਮਕਸ਼ ਚੱਲ ਹੀ ਰਹੀ ਸੀ ਕਿ ਕਾਮਰੇਡ ਅਮਰ ਸਿੰਘ ਦੀ ਆਵਾਜ਼ ਸੁਣਾਈ ਦਿੱਤੀ, "ਦੇਖ ਲੈਣ ਦੋ ਕਾਮਰੇਡ, ਕੀ ਉਹ ਮੂੰਹ 'ਚ ਪਾ ਲੈਣਗੇ?"

ਤਦੇ ਕਾਮਰੇਡ ਹਾਕਮ ਸਿੰਘ ਆਪਣੇ ਮੂੰਹ ਤੋਂ ਚਾਦਰ ਲਾਹ ਕੇ ਉੱਠ ਕੇ ਬੈਠ ਗਿਆ। ਉਹਦੀ ਚਿੱਟੀ ਦਾੜ੍ਹੀ ਕੇਸ ਦੇਖਦੇ ਹੋਏ ਟੋਲੇ ਦਾ ਮੋਹਰੀ ਬੋਲਿਆ, "ਯੇ ਤੋ ਬੁੱਢਾ ਹੈ।" ਤੇ ਉਹ ਸਾਡਾ ਖਿਹੜਾ ਛੱਡ ਕੇ ਅੱਗੇ ਚਲੇ ਗਏ।

ਉਹਨਾਂ ਦੇ ਜਾਣ ਨਾਲ ਮੈਂ ਸ਼ੁਕਰ ਕੀਤਾ, ਜਿਵੇਂ ਮਸੀਂ ਸੌਖਾ ਸਾਹ ਆਇਆ ਹੋਵੇ। ਗੱਡੀ ਚੱਲ ਪਈ ਤਾਂ ਉਹ ਲੋਕ ਗੱਡੀ ਚੋਂ ਉੱਤਰ ਗਏ।

ਗੱਡੀ ਨੇ ਗਤੀ ਫੜ੍ਹ ਲਈ ਤਾਂ ਖਿੜਕੀਆਂ ਦੇ ਸ਼ਟਰ ਫਿਰ ਤੋਂ ਖੁੱਲ੍ਹ ਗਏ, ਪਰ ਖਤਰਾ ਅਜੇ ਟਲਿਆ ਨਹੀਂ ਸੀ। ਸਾਡੀ ਹਮਾਇਤ ਤੇ ਆਏ ਐਨਕਾਂ ਵਾਲੇ ਹਿੰਦੂ ਨੌਜਵਾਨ ਨੇ ਆਪਣੇ ਬੈਗ 'ਚੋਂ ਕੱਢ ਕੇ ਸੇਫਟੀ ਤੇ ਛੋਟੀ ਕੈਂਚੀ ਸਾਨੂੰ ਦਿੱਤੀ।

ਦੋ ਕੁ ਘੰਟਿਆ ਵਿੱਚ ਹੀ, ਕਾਮਰੇਡ ਹਾਕਮ ਸਿੰਘ ਸਮੇਤ ਸਾਡਾ ਸਾਰਿਆਂ ਦਾ ਹੁਲੀਆ ਬਦਲਿਆ ਹੋਇਆ ਸੀ। ਹੁਣ ਅਸੀਂ ਸਾਰੇ ਸਫਾਚੱਟ ਚਿਹਰਿਆਂ ਨਾਲ ਸੌਖੇ ਹੋ ਕੇ ਬੈਠ ਗਏ ਸੀ।

ਕੁਝ ਚਿਰ ਮਗਰੋਂ ਮੈਂ ਬਾਥਰੂਮ ਜਾਣ ਵਾਸਤੇ ਉੱਠਿਆ। ਅੱਗੇ ਲਾਂਘੇ 'ਚ ਇੱਕ ਹਿੰਦੂ ਨੌਜਵਾਨ ਆਪਣੇ ਭਾਰੀ ਬੈਗ 'ਤੇ ਬੈਠਾ, ਸਾਹਮਣੇ ਕੈਬਨ 'ਚ ਬੈਠੀਆਂ ਸਵਾਰੀਆਂ ਨਾਲ ਹੱਥ ਮਾਰ-ਮਾਰ ਕੇ ਇਉਂ ਗੱਲ ਕਰ ਰਿਹਾ ਸੀ, ਜਿਵੇਂ ਉਹ ਆਪਣੀ ਸਫ਼ਾਈ ਦੇ ਰਿਹਾ ਹੋਵੇ। ਮੈਂ ਨੇੜ੍ਹੇ ਹੋਇਆ, ਤਾਂ ਮੇਰੇ ਵੱਲ ਦੇਖਦੇ ਹੋਏ ਉਹਨੇ ਮੈਨੂੰ ਵੀ ਆਪਣੀ ਗੱਲ-ਬਾਤ ਵਿੱਚ ਸ਼ਾਮਲ ਕਰ ਲਿਆ ਤੇ ਆਪਣੇ ਮੂੰਹ-ਸਿਰ ਵੱਲ ਇਸ਼ਾਰਾ ਕਰਦਾ ਹੋਇਆ ਬੋਲਿਆ, "ਇਹ ਤਾਂ ਭਾਪਾ ਜੀ, ਮੈਂ ਪਹਿਲਾਂ ਈ ਕਟਵਾ ਦੇਣੇ ਸੀ, ਵੈਸੇ ਈ ਰੱਖੇ ਹੋਏ ਸੀ, ਮੇਰੀ ਮੰਮੀ ਨੇ ਸੁੱਖ ਸੁੱਖੀ ਹੋਈ ਸੀ ਤਾਂ ਹੀ ਰੱਖੇ ਹੋਏ ਸੀ।" ਉਹ ਇਸੇ ਗੱਲ ਨੂੰ ਵਾਰ-ਵਾਰ ਦੁਹਰਾਈ ਜਾ ਰਿਹਾ ਸੀ।

ਤਦੇ ਮੈਨੂੰ ਯਾਦ ਆਇਆ ਕਿ ਇਹ ਤਾਂ ਉਹੀ ਨੌਜਵਾਨ ਸੀ, ਜਿਹੜਾ ਚੰਡੀਗੜ੍ਹ ਸਟੇਸ਼ਨ 'ਤੇ ਸਾਡੇ ਨਾਲ ਹੀ ਗੱਡੀ ਚੜ੍ਹਿਆ ਸੀ, ਫਿਕਸੋ ਨਾਲ ਸੈੱਟ ਕਰਕੇ ਜਮਾਈ ਕਾਲੀ ਦਾੜ੍ਹੀ, ਰੰਗ-ਬਰੰਗੀ ਫਿਫਟੀ ਤੇ ਮਾਵੇ ਵਾਲੀ ਪੱਗੜੀ ਦੇ ਆਖਰੀ ਲੜ ਹੇਠ ਚਮਕਦਾ ਚਮਕੀਲਾ ਕਾਗਜ਼; ਅਸੀਂ ਅਜੇ ਆਪਣੀ ਸੀਟਾਂ ਤੇ ਬੈਠੇ ਵੀ ਨਹੀਂ ਸੀ ਕਿ ਭਾਰੀ ਬੈਗ ਮੋਢੇ 'ਤੇ ਲਟਕਾਈ, ਉਹ ਤੇਜ਼ੀ ਨਾਲ ਆਇਆ,ਪੋਲੇ ਜਹੇ ਹੱਥ ਨਾਲ ਕਾਮਰੇਡ ਅਮਰ ਸਿੰਘ ਨੂੰ ਇੱਕ ਪਾਸੇ ਕਰਕੇ ਸੀਟ ਨੰਬਰ ਦੇਖਿਆ ਤੇ "ਸੌਰੀ ਭਾਪਾ ਜੀ...ਮੇਰੀ ਸੀਟ ਅੱਗੇ ਹੈ, ਕਹਿੰਦਾ ਹੋਇਆ ਅੱਗੇ ਚਲਾ ਗਿਆ। ਉਸਦੀ ਦਿੱਖ, ਬੋਲ ਚਾਲ ਤੇ ਫੁਰਤੀਲਾਪਣ; ਕਈ ਸਾਥੀਆਂ ਦੇ ਬੁੱਲਾਂ 'ਤੇ ਮੱਲੋ-ਮੱਲੀ ਮੁਸਕਾਨ ਆ ਗਈ ਸੀ। ਪਰ ਹੁਣ ਉਹ ਆਪਣੇ ਬਦਲੇ ਹੋਏ ਹੁਲੀਏ ਵਿੱਚ ਜਿਵੇਂ ਸਫ਼ਾਈਆਂ ਦੇ ਰਿਹਾ ਸੀ, ਮੈਨੂੰ ਝਟਕਾ ਜਿਹਾ ਲੱਗਿਆ ਤੇ ਮੈਂ ਆਪਣੇ ਕਾਲਜ਼ੇ ਵਿੱਚ ਅਜੀਬ ਜਿਹੀ ਹਿੱਲ-ਜੁੱਲ ਮਹਿਸੂਸ ਕੀਤੀ। ਮੈਨੂੰ ਉਹਦੇ ਕੋਲ ਹੋਰ ਖੜ੍ਹੇ ਰਹਿਣਾ ਔਖਾ ਹੋ ਗਿਆ। ਵਾਪਸ ਆ ਕੇ ਮੈਂ ਆਪਣੇ ਸਾਥੀਆਂ ਨਾਲ ਗੱਲ ਕੀਤੀ ਤਾਂ ਉਹ ਵੀ ਗੰਭੀਰ ਜਿਹੇ ਹੋ ਕੇ ਬਹਿ ਗਏ। (ਮਗਰੋਂ ਪਤਾ ਲੱਗਿਆ ਕਿ ਉਹਦੇ ਨਾਲ ਦੀਆਂ ਸੀਟਾਂ ਤੇ ਇੱਕ ਹਿੰਦੂ ਪਰਿਵਾਰ ਸਫ਼ਰ ਕਰ ਰਿਹਾ ਸੀ, ਜਿਨ੍ਹਾਂ 'ਚ ਤਿੰਨ-ਚਾਰ ਔਰਤਾਂ ਸੀ। ਉਹਨੇ ਔਰਤਾਂ ਦੀਆਂ ਸੀਟਾਂ ਹੇਠ ਲੁੱਕ ਕੇ ਆਪਣੀ ਜਾਨ ਬਚਾਈ ਸੀ ਤੇ ਉਸੇ ਪਰਿਵਾਰ ਦੀ ਮਦਦ ਨਾਲ ਆਪਣਾ ਹੁਲੀਆ ਬਦਲਿਆ ਸੀ।)

ਅੱਗੇ ਕਿਸੇ ਛੋਟੇ ਸਟੇਸ਼ਨ ਤੋਂ ਪਹਿਲਾਂ ਗੱਡੀ ਖੇਤਾਂ ਵਿੱਚ ਹੀ ਰੁਕ ਗਈ। ਸ਼ਾਇਦ ਸਿੰਗਨਲ ਨਹੀਂ ਸੀ ਹੋਇਆ। ਅਚਾਨਕ ਉਹ ਨੌਜਵਾਨ ਉੱਛਲ ਕੇ ਖੜ੍ਹਾ ਹੋਇਆ, ਬੈਗ ਮੋਢੇ 'ਤੇ ਪਾਇਆ ਤੇ ਕਾਹਲੀ-ਕਾਹਲੀ ਗੱਡੀ 'ਚੋਂ ਉੱਤਰ ਕੇ ਦੌੜਦਾ ਹੋਇਆ ਔਹ ਗਿਆ, ਔਹ ਗਿਆ ਹੋ ਗਿਆ। ਡੱਬੇ ਵਿੱਚਲੀਆਂ ਸਵਾਰੀਆਂ ਉਸਨੂੰ ਹਾਕਾ ਮਾਰ ਦੀਆਂ ਰਹਿ ਗਈਆਂ। ਗੱਡੀ ਚੱਲ ਪਈ ਅਸੀਂ ਉਸਨੂੰ ਉਦੋਂ ਤੱਕ ਦੇਖਦੇ ਰਹੇ, ਜਦੋਂ ਤੱਕ ਉਸਦੀ ਹਲਕੀ ਜਹੀ ਝਲਕ ਵੀ ਦਿਖਾਈ ਦਿੰਦੀ ਰਹੀ।

ਸ਼ੁਕਰ-ਸ਼ੁਕਰ ਕਰਕੇ ਗੱਡੀ ਪੱਛਮੀ ਬੰਗਾਲ ਵਿੱਚ ਦਾਖਲ ਹੋਈ। ਬੰਗਾਲੀ ਕੁੜੀ ਤੇ ਐਨਕਾਂ ਵਾਲਾ ਨੌਜਵਾਨ ਵਰਧਮਾਨ ਉੱਤਰ ਗਏ। ਜਦੋਂ ਸਾਡੀ ਗੱਡੀ ਹਾਵੜਾ ਪਲੇਟਫਾਰਮ ਤੇ ਲੱਗੀ ਤਾਂ ਅਸੀਂ ਆਪਣੇ ਬੈਗ ਸੰਭਾਲਦੇ ਹੋਏ ਦਰਵਾਜੇ ਨੇੜ੍ਹੇ ਹੋਏ, ਉਥੇ ਉੱਤਰਨ ਵਾਲਿਆਂ ਦੀ ਪਹਿਲਾਂ ਹੀ ਭੀੜ ਹੋ ਗਈ ਸੀ।

ਅਸੀਂ ਆਪਸ ਚ ਗੱਲਾਂ ਕਰ ਰਿਹੇ ਸੀ, ਮੇਰੇ ਕੋਲ ਖੜ੍ਹੇ ਇੱਕ ਹਿੰਦੂ ਵਿਅਕਤੀ ਤੇ ਮੱਧਮ ਆਵਾਜ਼ ਵਿੱਚ ਮੈਨੂੰ ਸਮਝਾਇਆ, "ਹਿੰਦੀ ਬੋਲੋ-ਹਿੰਦੀ"। ਮੈਂ ਉਹਨਾਂ ਵੱਲ ਦੇਖਿਆ ਚਿਹਰਾ ਤਾਂ ਜਾਣਿਆ ਪਛਾਣਿਆ ਲੱਗਿਆ ਪਰ ਮੈਂ ਉਹਨਾਂ ਨੂੰ ਪਛਾਣ ਨਹੀਂ ਸਕਿਆ। ਅਸੀਂ ਉਹਨਾਂ ਦੇ ਮਗਰ ਹੀ ਗੱਡੀ ਚੋਂ ਉੱਤਰ ਆਏ। ਕਾਮਰੇਡ ਸੰਧੂ ਨੇ ਉਸ ਭਲੇ ਪੁਰਸ਼ ਵੱਲ ਇਸ਼ਾਰਾ ਕਰਦੇ ਹੋਏ ਮੈਨੂੰ ਪੁਛਿਆ, "ਪਛਾਣਿਆ?"

ਮੇਰੇ ਨਹੀਂ ਚ ਸਿਰ ਫੇਰਨ ਤੇ ਉਹਨੇ ਦਸਿਆ, "ਉਹੀ ਮੁਹਾਲੀ ਵਾਲੇ ਸ੍ਰੀਮਾਨ, ਲੇਬਰ ਨੂੰ ਬਰਫੀ ਵੰਡਣ ਵਾਲੇ।"

ਮੈਂ ਚੌਂਕ ਗਿਆ, ਹਾਂ ਇਹ ਉਹੀ ਸ਼੍ਰੀਮਾਨ ਸੀ। ਮੈਂ ਆਪਣੇ ਮੂਹਰੇ ਤੁਰੇ ਜਾ ਰਹੇ ਉਸ ਵਿਅਕਤੀ ਵੱਲ ਦੇਖਿਆ,ਪਰ ਉਹ ਪਲੇਟਫਾਰਮ ਦੀ ਭੀੜ ਵਿੱਚ ਗੁੰਮ ਹੋ ਚੁੱਕਿਆ ਸੀ।


# ਜਤਿੰਦਰ ਹਾਂਸ ਦਾ ਕਹਾਣੀ ਸੰਗ੍ਰਹਿ: ਅੱਖਾਂ 'ਚ ਸੂਰਜ..



ਹਰੀਪਾਲ
403-714-4816

ਜਤਿੰਦਰ ਹਾਂਸ ਪੰਜਾਬੀ ਸਾਹਿਤ ਵਿੱਚ ਉਹ ਥਾਂ ਬਣਾ ਚੁੱਕਿਆ ਹੈ, ਜਿਸ ਦੀ ਤਮੰਨਾ ਹਰ ਲੇਖਕ ਕਰਦਾ ਹੈ। ਕਹਿੰਦੇ ਹਨ ਕਿ ਜਦ ਕੋਈ ਲੇਖਕ ਕਿਸੇ ਵਿਚਾਰਧਾਰਕ ਗਰੁੱਪ ਨਾਲ਼ ਸੰਬੰਧਤ ਹੋ ਜਾਂਦਾ ਹੈ ਤਾਂ ਉਸਦੀ ਰਚਨਾ ਆਪਣੇ ਵਿੱਚ ਸਮਾਜ ਦਾ ਵੱਡਾ ਦਾਇਰਾ ਨਹੀਂ ਸਮਾ ਸਕਦੀ। ਉਹ ਇੱਕ ਸਰਕਲ ਵਿੱਚ ਹੀ ਘੁੰਮ ਜਾਂਦਾ ਹੈ। ਲੇਖਕ ਸੁਭਾਅ ਤੋਂ ਹੀ ਬਾਗੀ ਹੁੰਦਾ ਹੈ। ਇਸੇ ਕਰਕੇ ਮੈਕਸਿਮ ਗੋਰਕੀ, ਪਾਸ਼ ਜਾਂ ਗਦਰ ਵਰਗੇ ਲੇਖਕ ਕਿਸੇ ਵਿਚਾਰਧਾਰਕ ਗਰੁੱਪ ਨਾਲ਼ ਜੁੜ ਕੇ ਨਹੀਂ ਰਹੇ। ਜਤਿੰਦਰ ਦੀ ਵੀ ਵੱਡੀ ਖੂਬਸੂਰਤੀ ਇਹੀ ਹੈ ਕਿ ਉਹ ਧਰਤੀ ਨਾਲ਼ ਜੁੜਿਆ ਹੋਇਆ ਜਾਂ ਇਉਂ ਕਹਿ ਲਈਏ ਕਿ ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਨਾਲ਼ ਜੁੜਿਆ ਹੋਇਆ ਲੇਖਕ ਹੈ। ਉਹ ਸਹਿਜ ਸੁਭਾਅ ਹੀ ਸਮਾਜ ਵਿੱਚ ਵਿੱਚਰਦਾ ਤਾਈਆਂ ਚਾਚੀਆਂ ਨਾਲ਼ ਗੱਲਾਂ ਕਰਦਾ, ਸੱਥ ਵਿੱਚ ਤਾਸ਼ ਖੇਡਦਾ ਜਾਂ ਕਿਸੇ ਦੋਸਤ ਮਿੱਤਰ ਨਾਲ਼ ਗੱਲਾ ਕਰਦਾ ਹੀ ਪਾਤਰ ਸਿਰਜ ਲੈਂਦਾ ਹੈ। ਇਸੇ ਕਰਕੇ ਪਾਠਕ ਨੂੰ ਬਹੁਤ ਵਾਰ ਕਿਸੇ ਪਾਤਰ ਵਿੱਚੋਂ ਆਪਦਾ ਆਪ ਦਿਸਦਾ ਹੈ। ਇਹੀ ਉਸਦਾ ਪਾਠਕਾਂ ਵਿੱਚ ਮਕਬੂਲ ਹੋਣ ਦਾ ਵੱਡਾ ਕਾਰਨ ਹੈ। ਇੱਕ ਗੱਲ ਹੋਰ ਉਸਦੇ ਵਾਰੇ ਬਹੁਤ ਮਸ਼ਹੂਰ ਹੈ ਕਿ ਉਹ ਜਦ ਵੀ ਗੱਲ ਕਰਦਾ ਹੈ ਬਹੁਤ ਘੱਟ ਬੋਲਦਾ ਹੈ ਪਰ ਬਹੁਤਾ ਸਮਾਂ ਦੂਜਿਆਂ ਦੀਆਂ ਗੱਲਾਂ ਸੁਣਨ ਤੇ ਲਾਂਉਦਾ ਹੈ। ਉਸਦੀਆਂ ਮਿਕਨਾਤੀਸੀ ਅੱਖਾਂ ਸਾਹਮਣੇ ਬੈਠ ਇਨਸਾਨ ਦਾ ਐਕਸਰੇਅ ਕਰ ਦਿੰਦੀਆਂ ਹਨ। ਇਸੇ ਕਰਕੇ ਉਸ ਦੇ ਬਹੁਤ ਪਾਤਰ ਪਾਠਕਾਂ ਦੇ ਚੇਤਿਆਂ ਚੋਂ ਨਹੀਂ ਭੁੱਲਦੇ। ਉਸਦੀ ਹਰ ਕਹਾਣੀ ਸਮਾਜ ਦੇ ਕਿਸੇ ਨਾ ਕਿਸੇ ਵਿਸ਼ੇ ਨਾਲ਼ ਸੰਬੰਧਤ ਹੁੰਦੀ ਹੈ। ਉਸਨੇ ਆਪਦੀ ਕਿਸੇ ਰਚਨਾ ਵਿੱਚ ਕੋਈ ਆਦਰਸ਼ਵਾਦੀ ਪਾਤਰ ਨਹੀਂ ਸਿਰਜਿਆ ਕਿਉਂਕਿ ਆਦਰਸ਼ਵਾਦ ਪਰੈਕਟੀਕਲ ਜਿੰਦਗੀ ਵਿੱਚ ਚੱਲ ਹੀ ਨਹੀਂ ਸਕਦਾ। ਉਸਦੇ ਪਾਤਰ ਮਨੁੱਖੀ ਲੋੜਾਂ, ਥੁੜਾਂ ਲਾਲਚਾਂ, ਇਛਾਵਾਂ ਨੂੰ ਪੂਰਾ ਕਰਨ ਦੀ ਦੌੜ ਵਿੱਚ ਭੱਜੇ ਫਿਰਦੇ ਹਨ ਤੇ ਇਹੀ ਦੌੜ ਤਾਂ ਸਮਾਜ ਨੂੰ ਘੁਮਾਈ ਫਿਰਦੀ ਹੈ। ਬਹੁਤੀ ਵਾਰ ਉਹ ਜਿਹੜੀ ਗੱਲ ਕਹਿੰਦਾ ਹੈ, ਉਸਦੀ ਰਚਨਾ ਪਹਿਲੀ ਵਾਰ ਪੜ੍ਹਕੇ ਪੱਲੇ ਨਹੀਂ ਪੈਂਦੀ। ਇੱਕ ਦੋ ਵਾਰ ਪੜ੍ਹਕੇ ਹੀ ਪਤਾ ਲੱਗਦਾ ਹੈ ਕਿ ਪਾਠਕ ਤਾਂ ਕੋਈ ਹੋਰ ਹੀ ਨਤੀਜੇ ਕੱਢੀ ਬੈਠਾ ਸੀ ਪਰ ਅਸਲ ਵਿੱਚ ਜਤਿੰਦਰ ਕੁੱਝ ਇਸਤੋਂ ਵੱਖਰਾ ਸੁਨੇਹਾ ਦੇ ਰਿਹਾ ਹੈ। ਇਸੇ ਕਰਕੇ ਮੈਂ ਉਸਦੀਆਂ ਸਾਰੀਆਂ ਕਹਾਣੀਆਂ ਦਾ ਨਹੀਂ ਬੱਸ ਦੋ ਚਾਰ ਕਹਾਣੀਆਂ ਦਾ ਹੀ ਜ਼ਿਕਰ ਕਰਾਂਗਾ। ਕਿਉਂਕਿ ਸਾਰੀਆਂ ਕਹਾਣੀਆਂ ਦਾ ਜ਼ਿਕਰ ਕਰਨਾ ਹੋਵੇ ਤਾਂ ਇਹ ਲੇਖ ਬਹੁਤ ਲੰਬਾ ਹੋ ਜਾਵੇਗਾ।

ਉਸਦੀ ਇੱਕ ਕਹਾਣੀ ਹੈ 'ਬੰਦਾ ਮਰਦਾ ਕਿੱਥੇ ਦੇਖ ਹੁੰਦਾ', ਇੱਕ ਵਾਰ ਤਾਂ ਕਹਣੀ ਪੜ੍ਹਕੇ ਪਾਠਕ ਨੂੰ ਲੱਗਦਾ ਹੈ ਕਿ ਕਹਣੀ ਦੇ ਪਾਤਰ ਪਰਮਜੀਤ ਤੋਂ ਆਪਦੀ ਮਾਂ ਦਾ ਮਰਨਾ ਦੇਖਿਆ ਨਹੀਂ ਜਾਂਦਾ। ਸ਼ਾਇਦ ਪਾਠਕ ਨੂੰ ਪਰਮਜੀਤ ਤੇ ਬੜਾ ਤਰਸ ਜਿਹਾ ਵੀ ਆਂਉਦਾ ਹੈ ਪਰ ਅਸਲ ਗੱਲ ਹੋਰ ਹੈ, ਜਤਿੰਦਰ ਇਸ ਕਹਾਣੀ ਰਾਹੀਂ ਪੂੰਜੀਵਾਦੀ ਸਿਸਟਮ ਵਿੱਚ ਜ਼ਰਜ਼ਰੇ ਹੋ ਰਹੇ ਰਿਸ਼ਤਿਆਂ ਦੀ ਗੱਲ ਕਰਦਾ ਹੈ। ਸਭ ਤੋਂ ਪਵਿੱਤਰ ਰਿਸ਼ਤਾ 'ਮਾਂ ਦਾ ਰਿਸ਼ਤਾ ਵੀ ਨਫ਼ੇ ਨੁਕਸਾਨ ਦੀ ਤੱਕੜੀ ਵਿੱਚ ਤੁਲ ਜਾਂਦਾ ਹੈ। ਪਰਮਜੀਤ ਨੂੰ ਆਪਦੀ ਮਾਂ ਇੱਕ ਬੋਝ ਲੱਗਣ ਲੱਗਦੀ ਹੈ ਕਿਉਂਕਿ ਮਾਂ ਹੁਣ ਪਰੋਡੱਕਟਿਵ ਨਹੀਂ ਰਹੀ ਅਤੇ ਪੂੰਜੀਵਾਦ ਵਿੱਚ ਜੋ ਪਰੋਡੱਕਟਿਵ ਨਹੀਂ ਹੁੰਦਾ ਉਸ ਨੂੰ ਡਿਸਮੈਂਟਲ ਜਾਂ ਖਤਮ ਕੀਤਾ ਜਾਂਦਾ ਹੈ, ਇਹੀ ਸੋਚ ਪਰਮਜੀਤ ਤੇ ਭਾਰੂ ਹੋ ਗਈ ਹੈ। ਪਰਮਜੀਤ ਵੀ ਆਪਦੀ ਨਾਨ-ਪ੍ਰੋਡਕਟਿਵ ਮਾਂ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਹੈ। ਇਸੇ ਕਰਕੇ ਪੂੰਜੀਵਾਦੀ ਮੁਲਕਾਂ ਵਿੱਚ ਓਲਡ ਏਜ ਹੋਮ ਹੋਂਦ ਵਿੱਚ ਆਏ ਹਨ। ਪਰਮਜੀਤ ਦੀ ਮਾਂ ਮਰ ਰਹੀ ਹੈ ਜਾਂ ਉਸ ਨੇ ਮਰ ਹੀ ਜਾਣਾ ਹੈ। ਪਰ ਵਾਰ ਵਾਰ ਕਹਾਣੀ ਪੜ੍ਹ ਕੇ ਕਹਾਣੀ ਦਾ ਸੱਚ ਸਾਹਮਣੇ ਆਂਉਦਾ ਹੈ ਕਿ ਅਸਲ ਵਿੱਚ ਪਰਮਜੀਤ ਮਰ ਰਿਹਾ ਹੈ ਜਦ ਉਹ ਮੈਡਮ ' ਪਿੰਡ ਦੇ ਸਕੂਲ ਦੀ ਟੀਚਰ ਨੂੰ ਦੱਸਦਾ ਹੈ ਕਿ ਮੇਰਾ ਜੀਅ ਕਰਦਾ ਹੈ ਕਿ 'ਮਾਂ ਨੂੰ ਸਿਰ ਨਿਲ੍ਹਾਅ ਦੇਵਾਂ'। ਪਹਿਲਾਂ ਤਾਂ ਮੈਡਮ ਖੁਸ਼ ਹੁੰਦੀ ਹੈ ਕਿ ਮਾਂ ਦੀ ਸੇਵਾ ਕਰਨੀ ਚੰਗਾ ਕੰਮ ਹੈ ਪਰ ਅਸਲ ਵਿੱਚ ਪਰਮਜੀਤ ਜਦ ਮੈਡਮ ਨੂੰ ਦੱਸਦਾ ਹੈ ਕਿ ਮੇਰਾ ਮਤਲਬ 'ਸਿਰ ਨਿਲ੍ਹਾਉਣ' ਤੋਂ ਮਾਂ ਦੀ ਮੁਕਤੀ ਕਰਨਾ ਹੈ ਫਿਰ ਮੈਡਮ ਨੂੰ ਪਰਮਜੀਤ ਵਿਚਲਾ ਇਨਸਾਨ ਮਰਦਾ ਦੇਖਣਾ ਔਖਾ ਹੋ ਜਾਂਦਾ ਹੈ ਤੇ ਉਸ ਨੂੰ ਉਥੇ ਬੈਠਣਾ ਵੀ ਔਖਾ ਲੱਗਦਾ ਹੈ ਤੇ ਮੈਡਮ ਉਥੋਂ ਉਠਣ ਦਾ ਬਹਾਨਾ ਸੋਚਣ ਲੱਗਦੀ ਹੈ ਕਿ ਜਿਸ ਬੰਦੇ ਦਾ ਉਹ ਐਨਾ ਸਤਿਕਾਰ ਕਰਦੀ ਸੀ ਕਿੰਨੀ ਘਟੀਆ ਮੌਤ ਮਰ ਰਿਹਾ ਹੈ। ਜਤਿੰਦਰ ਦੀ ਇੱਕ ਹੋਰ ਕਹਣੀ ਹੈ 'ਅਰਘ', ਔਰਤ ਦੀ ਵੇਦਨਾ ਨਾਲ਼ ਭਰਪੂਰ ਇਹ ਕਹਾਣੀ ਇੱਕ ਮਰਦ ਲੇਖਕ ਨੇ ਸਿਰਜੀ ਹੈ ਬੜੀ ਹੈਰਾਨਕੁੰਨ ਗੱਲ ਲਗਦੀ ਹੈ। ਇੱਥੇ ਇੱਕ ਔਰਤ ਦੀ ਦਾਸਤਾਨ ਹੈ ਜਿਸਦਾ ਬਾਣੀਆਂ ਪਤੀ ਦੁਕਾਨ ਤੇ ਆਏ ਗਾਹਕਾਂ ਦੀਆਂ




ਲੋੜਾਂ ਤਾਂ ਸਮਝ ਸਕਦਾ ਹੈ ਪਰ ਆਪਦੀ ਜੀਵਨ ਸਾਥਣ ਦੀ ਵੇਦਨਾ ਨੂੰ ਨਹੀਂ ਸਮਝਦਾ। ਉਸਦੀ ਪਤਨੀ ਇੱਕ ਬੱਚੇ ਦੀ ਮਾਂ ਹੋ ਕੇ ਵੀ ਆਪਦੇ ਆਪ ਨੂੰ ਅਣਵਿਆਹੀ ਸਮਝਦੀ ਹੈ। ਉਹ ਆਪਦੇ ਅਰਮਾਨਾਂ ਨੂੰ ਆਪਦੀਆਂ ਜਿਸਮਾਨੀ ਲੋੜਾਂ ਨੂੰ ਪੂਰਾ ਕਰਨ ਲਈ ਸੱਜਦੀ ਸੰਵਰਦੀ ਹੈ, ਬਣ ਠਣ ਕੇ ਆਪਦੇ ਮਰਦ ਅੱਗੇ ਪੇਸ਼ ਹੁੰਦੀ ਹੈ ਪਰ ਉਸਦਾ ਪਤੀ ਤਾਂ ਬਰਫ਼ ਦੀ ਸਿੱਲ ਹੈ, ਉਸ ਬਰਫ਼ ਦੀ ਸਿੱਲ ਅੱਗੇ ਉਸਦੇ ਸਾਰੇ ਯਤਨ ਫੇਲ ਹੋ ਜਾਂਦੇ ਹਨ ਤੇ ਉਹ ਹਰ ਰੋਜ਼ ਸੁਹਾਗਣ ਤੋਂ ਵਿਧਵਾ ਹੋਣ ਦਾ ਸਫਰ ਹੰਢਾਉਦੀ ਹੈ। ਉਹ ਸੁਪਨੇ ਵਿੱਚ ਆਪਦੇ ਕਾਲਜ ਦੇ ਦੋਸਤ ਨਾਲ਼ ਰਾਸਲੀਲਾ ਰਚਾ ਕੇ ਇੱਕ ਬੱਚੇ ਨੂੰ ਜਨਮ ਦਿੰਦੀ ਹੈ ਤੇ ਸੁਪਨਾ ਟੁੱਟਣ ਤੇ ਬਹੁਤ ਦੁਖੀ ਵੀ ਹੁੰਦੀ ਹੈ। ਕਦੇ ਉਹ ਆਪਦੇ ਕਾਲਜ ਵਾਲ਼ੇ ਦੋਸਤ ਮਿਲਣ ਵਾਰੇ ਵੀ ਸੋਚਦੀ ਹੈ, ਉਸਦੇ ਸਾਰੇ ਅਰਮਾਨ, ਸਮਾਜਿਕ ਬੰਧਣਾਂ ਜਾਂ ਬੱਚੇ ਦੀ ਪਰਵਰਸ਼ ਦੀ ਜਿੰਮੇਵਾਰੀ ਦੀ ਭੇਟ ਚੜ੍ਹ ਜਾਂਦੇ ਹਨ। ਇੱਥੇ ਇੱਕ ਗੱਲ ਸੋਚਣ ਵਾਲ਼ੀ ਹੈ ਕਿ ਜਿੰਨੀਆਂ ਵੀ ਔਰਤਾਂ ਨੇ ਵਿਆਹ ਤੋਂ ਬਾਦ ਆਪਦੇ ਪਤੀ ਨੂੰ ਛੱਡਿਆ ਹੈ, ਬੱਚਿਆਂ ਦੀ ਪਰਵਰਸ਼ ਤੋਂ ਬਾਦ ਹੀ ਛੱਡਿਆ ਹੈ। ਜਾਨਵਰਾਂ ਵਿੱਚ ਵੀ ਇਹ ਵਰਤਾਰਾ ਹੈ ਕਿ ਮੇਲ ਅਤੇ ਫੀਮੇਲ ਬੱਚੇ ਜੰਮਦੇ ਹਨ, ਪਾਲ਼ਦੇ ਹਨ ਉਹਨਾਂ ਨੂੰ ਚੋਗਾ ਚੁਗਣਾ ਅਤੇ ਉਡਣਾ ਸਿਖਾਉਂਦੇ ਹਨ ਤੇ ਫੇਰ ਆਪਸ ਵਿੱਚ ਵੀ ਬਹੁਤ ਵਾਰ ਅਲਹਿਦਾ ਹੋ ਜਾਂਦੇ ਹਨ। ਅਗਲੇ ਬੱਚੇ ਫੀਮੇਲ ਕਿਸੇ ਹੋਰ ਮੇਲ ਤੋਂ ਲੈਂਦੀ ਹੈ। ਪਰ ਇਹ ਦੇਖਣ ਵਿੱਚ ਆਇਆ ਹੈ ਕਿ ਮਰਦ ਤਲਾਕ ਦੇਣ ਲੱਗੇ ਬੱਚਿਆਂ ਦੀ ਉਮਰ ਦੀ ਪਰਵਾਹ ਨਹੀਂ ਕਰਦੇ ਪਰ ਔਰਤਾਂ ਕਰਦੀਆਂ ਹਨ, ਇਸ ਕਰਕੇ ਬਹੁਤ ਵਾਰੀ ਔਰਤਾਂ ਬੱਚੇ ਪਲਣ ਤੋਂ ਬਾਦ ਹੀ ਤਲਾਕ ਵਾਰੇ ਸੋਚਦੀਆਂ ਹਨ। ਪਰ ਇਸ ਸਦੀ ਦੇ ਅੰਤ ਤੱਕ ਆਉਣ ਵਾਲ਼ਾ ਸਮਾਂ ਸਮਾਜ ਦੀਆਂ ਇਹਨਾਂ ਬੰਧਨਾਂ ਨੂੰ ਤੋੜ ਦੇਵੇਗਾ। ਲੋਕ ਵਿਆਹ ਦੇ ਬੰਧਨਾਂ ਤੋਂ ਮੁਕਤ 'ਲਿਵ ਇਨ ਰਿਲੇਸ਼ਨ' ਵਿੱਚ ਰਹਿਣਾਂ ਪਸੰਦ ਕਰਨਗੇ ਜਿਸਦੀ ਸ਼ੁਰੂਆਤ ਪੱਛਮੀ ਕਲਚਰ ਨੇ ਕਰ ਦਿੱਤੀ ਹੈ।

ਇੱਕ ਹੋਰ ਕਹਾਣੀ 'ਸਰੀਂਹ ਦੇ ਪੱਤ' ਦਾ ਜਿਕਰ ਕਰਨਾ ਜਰੂਰ ਬਣਦਾ ਹੈ ਕਿ ਕਹਾਣੀ ਕਿਵੇਂ ਰਿਸ਼ਤਿਆਂ ਨੂੰ ਨਵਾਂ ਮੋੜ ਦੇ ਦਿੰਦੀ ਹੈ। ਪੰਜਾਬੀ ਜੱਟਾਂ ਵਿੱਚ ਇਹ ਆਮ ਵਰਤਾਰਾ ਹੈ ਕਿ ਜਦ ਇੱਕ ਭਾਈ ਦੇ ਮੁੰਡਾ ਨਹੀਂ ਹੁੰਦਾ ਜਾਂ ਉਸਦਾ ਇਕਲੌਤਾ ਮੁੰਡਾ ਮਰ ਜਾਂਦਾ ਹੈ ਤਾਂ ਦੂਜਾ ਭਾਈ ਜਿਸਦੇ ਦੋ ਮੁੰਡੇ ਹੁੰਦੇ ਹਨ, ਆਪਦਾ ਇੱਕ ਮੁੰਡਾ ਆਪਦੇ ਦੂਜੇ ਭਾਈ ਨੂੰ ਦੇ ਦਿੰਦਾ ਹੈ ਜਿਸਦੇ ਮੁੰਡਾ ਨਹੀਂ ਹੁੰਦਾ, ਇਸ ਵਿੱਚ ਜ਼ਮੀਨ ਦਾ ਲਾਲਚ ਵੀ ਛੁਪਿਆ ਹੁੰਦਾ ਹੈ। ਜਦ ਭਾਗ ਆਪਦੇ ਭਰਾਅ ਨੇਕ ਨੂੰ ਆਪਦਾ ਇੱਕ ਮੁੰਡਾ ਦੇਣ ਵਾਰੇ ਗੱਲ ਕਰਨ ਜਾਂਦਾ ਹੈ ਕਿਉਂਕਿ ਨੇਕ ਦਾ ਮੁੰਡਾ ਬਿੰਨੀ ਮਰ ਜਾਂਦਾ ਹੈ ਤਾਂ ਰਾਹ ਵਿੱਚ ਜਾਂਦਾ ਜਾਂਦਾ ਭਾਗ ਆਪਦਾ ਇਰਾਦਾ ਬਿੱਲਕੁਲ ਬਦਲ ਲੈਂਦਾ ਹੈ। ਨੇਕ ਦੇ ਘਰ ਪਹੁੰਚ ਕੇ ਉਹ ਨੇਕ ਨੂੰ ਕਹਿੰਦਾ ਹੈ ਕਿ ਡਾਕਟਰ ਦੇ ਚੱਲ ਆਪਾਂ ਤੇਰਾ ਅਪਰੇਸ਼ਨ ਰਿਵਰਸ ਕਰਾ ਲਈਏ ਤਾਂ ਕਿ ਆਪਣਾ ਬਿੰਨੀ ਵਾਪਸ ਆ ਜਾਵੇ। ਐਥੇ ਪਾਠਕ ਹੈਰਾਨ ਹੋ ਜਾਂਦਾ ਹੈ ਕਿਉਂਕਿ ਪਾਠਕ ਨੇ ਤਾਂ ਕਹਾਣੀ ਦਾ ਅੰਤ ਕੁੱਝ ਹੋਰ ਹੀ ਕਿਆਸਿਆ ਸੀ। ਇਹੀ ਜਤਿੰਦਰ ਦੀ ਖੂਬੀ ਹੈ ਜਾਂ ਕਲਾ ਹੈ ਕਿ ਉਹ ਪਾਠਕ ਨੂੰ ਕਹਾਣੀ ਦੇ ਅੰਤ ਦਾ ਪਤਾ ਨਹੀ ਲੱਗਣ ਦਿੰਦਾ। ਉਸਦੀ ਕਹਾਣੀ 'ਖੰਨਾ -ਖੰਨਾ ਈ ਆ' ਸਾਡੇ ਰਿਸ਼ਤਿਆਂ ਤੇ ਪੈ ਰਹੇ ਪੂੰਜੀਵਾਦ ਦੇ ਪਰਭਾਵ ਨੂੰ ਦਰਸਾਂਉਦੀ ਹੈ ਕਿ ਕੋਮਲ ਅਤੇ ਸੱਚੇ ਸੁੱਚੇ ਰਿਸ਼ਤੇ ਕਿਵੇਂ ਪੂੰਜੀਵਾਦੀ ਸੋਚ ਦੀ ਭੇਂਟ ਚੜ੍ਹ ਜਾਂਦੇ ਹਨ ਕਿਉਂਕਿ ਪੂੰਜੀਵਾਦ ਮਨੁੱਖ ਨੂੰ ਇਹੋ ਜਿਹੀ ਚੂਹੇ ਦੌੜ ਵਿੱਚ ਫਸਾਂਉਦਾ ਹੈ ਕਿ ਜਿਸ ਵਿੱਚੋਂ ਨਿਕਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਚੂਹੇ ਦੌੜ ਦਾ ਮਰੀਜ ਸਿਰਫ ਉਪਰ ਨੂੰ ਦੇਖਦਾ ਹੈ ਅਤੇ ਉਹ ਅਹਿਸਾਸਾਂ ਨੂੰ, ਕੋਮਲ ਭਾਵਾਂ ਨੂੰ ਦਰੜਦਾ ਚਲਾ ਜਾਂਦਾ ਹੈ । ਇਕ ਉਮਰ ਹੁੰਦੀ ਹੈ ਪੰਦਰਾਂ ਸੋਲ੍ਹਾਂ ਸਾਲ ਦੀ ਜਦ ਮੁੰਡਿਆਂ ਨੂੰ ਆਪਦੀ ਕੋਈ ਅਧਿਆਪਕਾ ਚੰਗੀ ਲੱਗਣ ਲੱਗਦੀ ਹੈ ਅਤੇ ਕੁੜੀਆਂ ਨੂੰ ਆਪਦਾ ਕੋਈ ਮਾਸਟਰ ਚੰਗਾ ਲੱਗਣ ਲੱਗਦਾ ਹੈ। ਇਸ ਕਰਕੇ ਆਪਦੀ ਟੀਚਰ 'ਪ੍ਰਵੇਸ਼' ਨੂੰ ਦਿਲੋਂ ਪਿਆਰ ਕਰਨ ਵਾਲ਼ਾ ਅਵਤਾਰ ਸਿੰਘ, ਅਵਤਾਰ ਸਿੰਘ ਨਹੀਂ ਰਿਹਾ ਸਗੋਂ 'ਪਾਸ਼' ਬਣ ਗਿਆ, ਪ੍ਰਵੇਸ਼ ਦਾ ਪਹਿਲਾ ਅਤੇ ਆਖਰੀ ਅੱਖਰ। ਇਸ ਉਮਰ ਵਿੱਚ ਕੋਈ ਆਂਢ ਗੁਆਂਢ ਦਾ ਮੁੰਡਾ ਕੁੜੀ ਵੀ ਆਪਸ ਵਿੱਚ ਖਿੱਚੇ ਜਾਂਦੇ ਹਨ। ਇਹ ਨਿਰਛਲ ਪਿਆਰ ਜਾਂ ਬੇਗਰਜ਼ ਖਿੱਚ ਹੁੰਦੀ ਹੈ। ਇਸੇ ਖਿੱਚ ਦੇ ਅਧਿਕਾਰ ਸਮਝਦਾ ਕੁਲਵਿੰਦਰ, ਆਪਦੀ ਬਚਪਨ ਦੀ ਖਿੱਚ ਕਨੇਡਾ ਗਈ 'ਸਵੀਟੀ' ਬਾਰੇ ਕਹਿੰਦਾ ਹੈ ਕਿ ਜੇਕਰ ਕਨੇਡਾ ਵਿੱਚੋਂ 'ਸਵੀਟੀ' ਕੱਢ ਲਈਏ ਤਾਂ ਕਨੇਡਾ ਕੋਲ਼ ਕੀ ਰਹਿ ਜਾਵੇਗਾ। ਪਰ ਜਦ ਆਪਦੇ ਕਨੇਡਾ ਗਏ ਬੇਟੇ ਬਾਰੇ ਸਵੀਟੀ ਨਾਲ਼ ਕਨੇਡਾ ਦੀ ਪੀ.ਆਰ. ਵਾਰੇ ਗੱਲ ਕਰਦਾ ਹੈ ਤਾਂ ਸਵੀਟੀ ਵੀ ਟੇਢੇ ਢੰਗ ਨਾਲ਼ ਐਲ.ਐਮ.ਆਈ.ਓ ਦੇ ਪੈਸੇ ਮੰਗ ਲੈਂਦੀ ਹੈ। ਜਤਿੰਦਰ ਨੇ ਬੜੇ ਹੀ ਕਲਾਤਮਿਕ ਤਰੀਕੇ ਨਾਲ਼ ਇੱਕ ਨਿਰਛਲ਼ ਰਿਸ਼ਤੇ ਦਾ ਵਪਾਰ ਹੁੰਦਾ ਦਿਖਾਇਆ ਹੈ। ਇਸ ਸੰਗ੍ਰਹਿ ਵਿੱਚ ਜਤਿੰਦਰ ਨੇ ਰਾਜਨੀਤੀ, ਧਾਰਮਿਕ ਕੱਟੜਤਾ, ਨਸ਼ਿਆਂ ਦਾ ਜੁਆਨੀ ਤੇ ਅਸਰ, ਕੁੜੀਆਂ ਨਾਲ਼ ਹੁੰਦੇ ਧੱਕਿਆ ਵਾਰੇ ਵਰਗੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਹੈ। ਅਖੀਰ ਵਿੱਚ ਕਹਾਂਗੇ ਕਿ ਸਾਹਿਤ ਹਮੇਸ਼ਾ ਸੱਭਿਆਚਾਰ ਨੂੰ ਮੋੜਾ ਦਿੰਦਾ ਹੈ। ਜਿਸਤਰਾਂ ਦਾ ਸਾਹਿਤ ਸਾਡੇ ਲੇਖਕ ਸਿਰਜਦੇ ਹਨ, ਉਸੇ ਤਰਧ ਦਾ ਹੀ ਸਾਡਾ ਸਮਾਜ ਬਣਦਾ ਜਾਂਦਾ ਹੈ। ਨਿਰੋਲ ਕਿਸੇ ਘਟਨਾਂ ਨੂੰ ਹੂ-ਬਹੂ ਚਿਤਰਨਾ ਸਾਹਿਤ ਨਹੀਂ ਹੁੰਦਾ ਪਰ ਕਲਾ ਦੀ ਪੁੱਠ ਕਿਸੇ ਵੀ ਘਟਨਾ ਨੂੰ ਸਾਹਿਤ ਬਣਾ ਦਿੰਦੀ ਹੈ। ਸਾਡਾ ਜਤਿੰਦਰ ਇਸ ਕਲਾ ਵਿੱਚ ਪੂਰੀ ਮੁਹਾਰਤ ਰੱਖਦਾ ਹੈ, ਪੰਜਾਬੀ ਦੀ ਇੱਕ ਕਹਾਵਤ ਹੈ ਕਿ ਸੁਰਮਾ ਪਾਉਣਾ ਤਾਂ ਸਭ ਨੂੰ ਆਂਉਦਾ ਹੈ ਪਰ ਮਟਕਾਉਣਾ ਕਿਸੇ ਕਿਸੇ ਨੂੰ ਹੀ ਆਉਂਦਾ ਹੈ ਪਰ ਜਤਿੰਦਰ ਦੇ ਹਿੱਸੇ ਆਇਆ ਹੈ ਕਿ ਮਟਕਾਈਦਾ ਕਿਵੇਂ ਹੈ। ਪੰਜਾਬੀ ਸਾਹਿਤ ਵਿੱਚ ਜਤਿੰਦਰ ਨੇ ਇੱਕ ਹੋਰ ਮੀਲ-ਪੱਥਰ ਸਿਰਜਿਆ ਹੈ। ਉਮੀਦ ਹੈ ਕਿ ਪੰਜਾਬੀ ਪਾਠਕਾਂ ਨੂੰ ਜਤਿੰਦਰ ਦੀ ਸੱਭਿਆਚਰਕ ਦਸਤਾਵੇਜ਼ ਨੂੰ ਭਰਪੂਰ ਹੁੰਗਾਰਾ ਦੇਣਗੇ।


# ਗੁਰਚਰਨ ਕੌਰ ਥਿੰਦ ਦੀ ਵਾਰਤਕ ਪੁਸਤਕ 'ਸਮਾਜ ਤੇ ਸਭਿਆਚਾਰ ਦੀ ਗਾਥਾ' ਪਾਠਕਾਂ ਦੀ ਨਜ਼ਰ ਵਿੱਚ

ਹਰੀਪਾਲ

ਕਹਿੰਦੇ ਹਨ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਅਸਲ ਵਿੱਚ ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਬਲਕਿ ਸਾਹਿਤ ਸਮਾਜ ਦਾ ਸਟੇਰਿੰਗ-ਵੀਲ ਵੀ ਹੁੰਦਾ ਹੈ। ਸਾਹਿਤ ਨੇ ਸਮਾਜ ਨੂੰ ਉੱਬੜ ਖੁੱਬੜ ਰਾਹਾਂ 'ਚੋਂ ਕੱਢ ਕੇ ਸ਼ਾਹ-ਰਾਹ ਤੇ ਲਿਆਉਣਾ ਹੁੰਦਾ ਹੈ। ਸਾਹਿਤ ਆਪਦੇ ਸਮੇਂ ਨੂੰ ਹੀ ਰੂਪਮਾਨ ਨਹੀਂ ਕਰਦਾ ਬਲਕਿ ਸਾਹਿਤ ਇੱਕ ਸੁਚੱਜੇ ਸਮਾਜ ਦੀ ਸਿਰਜਣਾ ਲਈ ਵੀ ਰਾਹ ਦਸੇਰਾ ਬਣਦਾ ਹੈ। ਜਦੋਂ ਤੱਕ ਮਨੁੱਖੀ ਲੋੜਾਂ ਬੜੀਆਂ ਸੀਮਿਤ ਰਹੀਆਂ, ਸਮਾਜ ਬੜਾ ਸ਼ਾਂਤ ਤੇ ਸਬਰ ਭਰਪੂਰ ਰਿਹਾ। ਉਸ ਸਮੇਂ ਸਾਡੇ ਸਾਹਿਤਕਾਰਾਂ ਨੇ ਬੜੇ ਰੁਮਾਂਟਿਕ ਕਿੱਸੇ ਲਿਖੇ। ਉਦੋਂ ਹੀਰ-ਰਾਂਝਾ, ਸੱਸੀ-ਪੁਨੂੰ, ਲੈਲਾ-ਮਜਨੂੰ, ਮਿਰਜ਼ਾ-ਸਾਹਿਬਾਂ, ਸੱਸੀ-ਪੁਨੂੰ ਦੇ ਕਿੱਸੇ ਸਾਡੇ ਸਭਿਆਚਾਰ ਦਾ ਅੰਗ ਬਣੇ। ਕਿਉਂਕਿ ਉਸ ਸਮੇਂ ਮਨੁੱਖ ਨੇ ਅਜੇ ਇਛਾਵਾਂ ਦੀ ਪੂਰਤੀ ਲਈ ਚੂਹੇ-ਦੌੜ ਵਿੱਚ ਹਿੱਸਾ ਲੈਣਾ ਸ਼ੁਰੂ ਨਹੀਂ ਸੀ ਕੀਤਾ। ਅਸਲ ਵਿੱਚ ਉਹ ਸਮਾਂ ਕੁੱਝ ਹੱਦ ਤੱਕ ਇੱਕ ਸਮਾਜਿਕ ਸੰਤੁਸ਼ਟਤਾ ਦਾ ਯੁੱਗ ਸੀ। ਸਾਡੇ ਸਾਹਿਤ ਨੂੰ ਭਗਤ ਕਬੀਰ, ਗੁਰੂ ਨਾਨਕ, ਭਗਤ ਰਵੀਦਾਸ, ਬੁਲ੍ਹੇ ਸ਼ਾਹ ਵਰਗੇ ਸ਼ਾਇਰਾਂ ਨੇ ਮਾਲਾ ਮਾਲ ਕੀਤਾ। ਜਦ ਰਾਜਿਆਂ ਦਾ ਜ਼ੁਲਮ ਜ਼ੋਰ ਫੜਨ ਲਗਾ ਅਤੇ ਰਾਜਿਆਂ ਦੇ ਜ਼ੁਲਮਾਂ ਦਾ ਵਿਰੋਧ ਵੀ ਹੋਣ ਲਗਾ ਤਾਂ ਚੰਡੀ ਦੀ ਵਾਰ ਦੀ ਰਚਨਾ ਹੋਈ। ਪੰਜਾਬੀ ਸਾਹਿਤ ਵਿੱਚ ਜੇ ਸਮਝੀਏ ਤਾਂ ਪਹਿਲੇ ਇਨਕਲਾਬੀ ਲੇਖਕ ਗੁਰੂ ਗੋਬਿੰਦ ਸਿੰਘ ਜੀ ਸਨ।

ਅੰਗਰੇਜ਼ਾਂ ਦੇ ਰਾਜ ਦੇ ਵਿਰੋਧ ਵਿੱਚ ਵੀ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਲਾਲ ਹਰਦਿਆਲ ਵਰਗੇ ਲੇਖਕ ਪੰਜਾਬੀ ਸਾਹਿਤ ਨੂੰ ਦਿੱਤੇ। ਅਜ਼ਾਦੀ ਤੋਂ ਬਾਦ 'ਮੁਜਾਰਾ ਘੋਲ' ਵੇਲੇ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਇੱਕ ਇਤਿਹਾਸਕ ਦਸਤਾਵੇਜ਼ ਬਣ ਗਿਆ। ਅਸਲ ਵਿੱਚ ਸਾਡੇ ਦੇਸ਼ ਦੀ ਅਜ਼ਾਦੀ ਜਿਹੜੀ ਕਿ ਬਦੇਸ਼ੀ ਅਜਾਰੇਦਾਰੀ ਅਤੇ ਦੇਸੀ ਸਰਮਾਏਦਾਰੀ ਵਿੱਚ ਸਮਝੌਤਾ ਸੀ, ਜਦ ਇਸ ਨੇ ਆਪਣਾ ਲੋਕ-ਵਿਰੋਧੀ ਰੰਗ ਵਿਖਾਉਣਾ ਸ਼ੁਰੂ ਕੀਤਾ ਤਾਂ ਪੰਜਾਬੀ ਸਾਹਿਤ ਵਿੱਚ ਪਾਸ਼, ਲਾਲ ਸਿੰਘ ਦਿੱਲ, ਹਰਭਜਨ ਹਲਵਾਰਵੀ, ਸੰਤ ਰਾਮ ਉਦਾਸੀ ਨੇ ਸਤ੍ਹਾ ਵਿਰੋਧੀ ਕਾਵਿ ਦੀ ਰਚਨਾ ਕੀਤੀ।

ਸਾਡੇ ਸਮਿਆਂ ਦੀ ਬਦਕਿਸਮਤੀ ਇਹ ਹੈ ਕਿ ਹੁਣ ਕਾਰਪੋਰੇਟ ਸਿਸਟਮ ਹੌਲੀ ਹੌਲੀ ਦੁਨੀਆਂ ਭਰ ਦੀ ਰਾਜਨੀਤੀ ਤੇ ਕਾਬਜ਼ ਹੋ ਗਿਆ ਹੈ। ਹੁਣ ਇਹ ਨਫ਼ੇ ਦੀ ਰਾਜਨੀਤੀ ਇਥੋਂ ਤੱਕ ਅਗਾਂਹ ਲੰਘ ਗਈ ਹੈ ਕਿ ਇਸ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਐਨਾ ਦਖ਼ਲ ਸ਼ੁਰੂ ਕਰ ਦਿੱਤਾ ਕਿ 'ਲੋਕ ਕੀ ਖਾਣ ?' 'ਕੀ ਪਹਿਨਣ ?' ਇਹ ਕਾਰਪੋਰੇਟ ਜਗਤ ਨਿਸ਼ਚਤ ਕਰਦਾ ਹੈ। ਚੇਤੰਨ ਤਬਕੇ ਵਲੋਂ ਇਸ ਦਾ ਵਿਰੋਧ ਹੋਣਾ ਲਾਜ਼ਮੀ ਸੀ। ਅੱਜ ਕਾਰਪੋਰੇਟ ਸਿਸਟਮ ਐਨਾ ਸ਼ਕਤੀਸ਼ਾਲੀ ਹੈ ਕਿ ਦੁਨੀਆਂ ਭਰ ਵਿੱਚ ਹਜ਼ਾਰਾਂ ਹੀ ਵਿਰੋਧੀ ਲੇਖਕ, ਐਕਟਵਿਸਟ, ਵਾਤਾਵਰਣ ਪ੍ਰੇਮੀ ਜੇਲ੍ਹ ਦੀ ਹਵਾ ਖਾ ਰਹੇ ਹਨ, ਫਿਰ ਵੀ ਦੁਨੀਆਂ ਭਰ ਵਿੱਚ ਇਸ ਦਾ ਵਿਰੋਧ ਜਾਰੀ ਹੈ। ਇਸ ਦੇ ਵਿਰੋਧ ਵਿੱਚ ਜਿਹੜੀ ਵਾਰਤਕ ਰਚੀ ਗਈ ਹੈ ਉਸ ਦੇ ਮੁੱਖ ਲੇਖਕ ਅਰੁੰਧਤੀ ਰਾਏ, ਨਿਊਪੀਕਲਾਈਨ, ਬੂਟਾ ਸਿੰਘ ਨਵਾਂ ਸ਼ਹਿਰ ਅਤੇ ਹੋਰ ਕਿੰਨ੍ਹੇ ਹੀ ਆਪਣੇ ਫ਼ਰਜ਼ ਦੀ ਪੂਰਤੀ ਲਈ ਕਲਮ ਅਜ਼ਮਾਈ ਕਰ ਰਹੇ ਹਨ, ਕਿਉਂਕਿ ਸਾਹਿਤ ਰਚਨਾ ਸ਼ੌਕ ਨਹੀਂ ਫ਼ਰਜ਼ ਹੈ। ਇੱਕ ਅਜਿਹਾ ਯਤਨ ਸਾਡੇ ਸ਼ਹਿਰ ਦੀ ਲੇਖਕਾ ਮੈਡਮ ਗੁਰਚਰਨ ਕੌਰ ਥਿੰਦ ਨੇ ਕੀਤਾ ਹੈ। ਉਸ ਨੇ ਆਪਣੀ ਕਿਤਾਬ 'ਸਮਾਜ ਤੇ ਸਭਿਆਚਾਰ ਦੀ ਗਾਥਾ' ਵਿੱਚ ਆਪਣੇ ਛਪੇ ਅਣਛਪੇ 28 ਦੇ ਕਰੀਬ ਲੇਖ ਇਕੱਠੇ ਕੀਤੇ ਹਨ। ਮੈਡਮ ਥਿੰਦ ਨੇ 'ਪਗੜੀ ਸੰਭਾਲ ਜੱਟਾ' '2021-




22 ਦਾ ਕਿਸਾਨ ਅੰਦੋਲਨ' ਪੰਜਾਬੀ ਬੋਲੀ ਦਾ ਭਵਿੱਖ' 'ਘਰੇਲੂ ਹਿੰਸਾ' 'ਪਰਿਵਾਰਾਂ ਦੀ ਟੁੱਟ ਭੱਜ' ਵਰਗੇ ਵਿਸ਼ਿਆਂ ਨੂੰ ਹੱਥ ਪਾਇਆ ਹੈ। ਇਹ ਵੀ ਪਹਿਲੀ ਵਾਰ ਹੈ ਕਿ ਕਿਸੇ ਔਰਤ ਲੇਖਕਾ ਨੇ ਮਰਦਾਂ ਨਾਲ ਹੁੰਦੇ ਧੱਕੇ ਬਾਰੇ ਵੀ ਲਿਖਿਆ ਹੈ। ਨਹੀਂ ਤਾਂ ਹੁਣ ਤੱਕ ਔਰਤਾਂ ਨਾਲ ਹੁੰਦੇ ਧੱਕੇ ਬਾਰੇ ਹੀ ਲਿਖਿਆ ਜਾਂਦਾ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤਾਂ ਬਹੁਤੀ ਵਾਰ ਮਰਦਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀਆਂ ਹਨ। ਪਰ ਪੱਛਮੀ ਮੁਲਕਾਂ ਵਿੱਚ ਔਰਤਾਂ ਨੂੰ ਮਿਲੀ ਅਜ਼ਾਦੀ ਜਾਂ ਹਰ ਪਹਿਲੂ ਤੇ ਪਹਿਲਾਂ ਔਰਤ ਦੀ ਸੁਣਵਾਈ ਹੋਣ ਨਾਲ ਮਰਦ ਨਾਲ ਹੁੰਦੇ ਧੱਕੇ ਨੂੰ ਹਾਸ਼ੀਏ ਤੇ ਲਿਆ ਦੇਂਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤਾਂ ਨੂੰ ਮਿਲੀ ਅਜ਼ਾਦੀ ਦੀ ਹਰ ਕੋਈ ਤਾਰੀਫ਼ ਕਰਦਾ ਹੈ, ਕਿਉਂਕਿ ਹਰ ਮਰਦ ਚਾਹੁੰਦਾ ਹੈ ਕਿ ਉਸ ਦੀ ਧੀ ਵੀ ਉਸ ਅਜ਼ਾਦੀ ਦਾ ਨਿੱਘ ਮਾਣੇ ਜੋ ਉਸ ਦੀ ਪਤਨੀ ਜਾਂ ਭੈਣ ਨੂੰ ਨਹੀਂ ਮਿਲੀ। ਪਰ ਬਹੁਤ ਵਾਰੀ ਇਹ ਹੁੰਦਾ ਦੇਖਿਆ ਗਿਆ ਹੈ ਕਿ ਘਰ ਵਿੱਚ ਜਦ ਕੋਈ ਕਲੇਸ਼ ਪਿਆ ਤਾਂ ਸਭ ਤੋਂ ਪਹਿਲਾਂ ਪੁਲਿਸ ਨੇ ਮਰਦ ਨੂੰ ਬਾਹੋਂ ਫੜ ਘਰੋਂ ਬਾਹਰ ਕੀਤਾ ਚਾਹੇ ਉਸ ਘਰ ਨੂੰ ਬਣਾਉਣ ਵਿੱਚ ਮਰਦ ਦਾ ਕਿੰਨਾ ਵੀ ਵੱਡਾ ਹਿੱਸਾ ਕਿਉਂ ਨਾ ਹੋਵੇ। ਘਰ ਪਰਿਵਾਰ ਅਤੇ ਬੱਚਿਆਂ ਤੋਂ ਦੂਰ ਮਰਦ ਬਹੁਤ ਵਾਰ ਸ਼ਰਾਬ-ਰੋਗ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਥੋਂ ਤੱਕ ਕਿ ਆਤਮ-ਹੱਤਿਆ ਵੀ ਕਰ ਲੈਂਦੇ ਹਨ। ਪਰਵਾਸੀ ਪਰਿਵਾਰਾਂ ਵਿੱਚ ਇਸ ਕਲੇਸ਼ ਦੇ ਹੋਰ ਵੀ ਬਹੁਤ ਕਾਰਨ ਹਨ, ਜਿਨ੍ਹਾਂ ਦਾ ਜ਼ਿਕਰ ਲੇਖਕਾ ਵਲੋਂ ਲਿਖੇ ਲੇਖਾਂ ਵਿੱਚ ਦਰਸਾਇਆ ਗਿਆ ਹੈ। ਪਰਵਾਸੀ ਪਰਿਵਾਰਾਂ ਵਿੱਚ ਤਲਾਕਾਂ ਦੀ ਦਿਨੋ ਦਿਨ ਵੱਧ ਰਹੀ ਗਿਣਤੀ ਇਸ ਦਾ ਹੀ ਨਤੀਜਾ ਹੈ। ਮੇਰਾ ਨਿੱਜੀ ਵਿਚਾਰ ਹੈ ਕਿ ਸਾਡੇ ਸਭਿਆਚਾਰ ਅਨੁਸਾਰ ਕੀਤੀਆਂ ਜਾਣ ਵਾਲੀਆਂ 'ਅਰੇਂਜਡ ਮੈਰਿਜ' ਇਸ ਦਾ ਵੱਡਾ ਕਾਰਨ ਹਨ। ਇੱਥੇ ਦੋ ਅਣਜਾਣ ਵਿਅਕਤੀ ਵਿਆਹ ਦੇ ਕਰੜੇ ਰੱਸੇ ਨਾਲ ਬੰਨ੍ਹ ਦਿੱਤੇ ਜਾਂਦੇ ਹਨ। 'ਪਿਆਰ ਵਿਆਹ' ਇਸ ਦਾ ਇੱਕ ਹੀ ਹੱਲ ਹੈ ਜਾਂ 'ਲਿਵ ਇਨ ਰਿਲੇਸ਼ਨ'। ਪਿਆਰ ਵਿਆਹਾਂ ਵਿੱਚ ਬੇਸ਼ਕ ਤਲਾਕ ਹੁੰਦੇ ਹਨ ਪਰ ਐਨੀ ਲੜਾਈ ਨਹੀਂ ਹੁੰਦੀ ਜਿੰਨੀ ਅਰੇਂਜਡ ਵਿਆਹਾਂ ਦੀ ਟੁੱਟ-ਭੱਜ ਵੇਲੇ ਪੈਂਦੀ ਹੈ।

ਪਰਿਵਾਰਾਂ ਦੀ ਟੁੱਟ-ਭੱਜ ਵੀ ਦਿਨੋਂ ਦਿਨ ਲੋੜਾਂ ਦੀ ਜਾਂ ਇਛਾਵਾਂ ਦੀ ਪੂਰਤੀ ਵਿਚੋਂ ਨਿਕਲਦੀ ਹੈ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਰਿਵਾਰ ਦੀ ਜਿਹੜੀ ਪਰਿਭਾਸ਼ਾ ਪੰਜਾਹ ਸਾਲ ਪਹਿਲਾਂ ਸੀ ਹੁਣ ਨਹੀਂ ਰਹੀ। 'ਬਜ਼ੁਰਗਾਂ ਨੂੰ ਵਾਧੂ ਭਾਰ ਸਮਝਣ' ਨੇ ਹੀ 'ਓਲਡ ਏਜ ਕੇਅਰ ਹੋਮ' ਦੀ ਲੋੜ ਨੂੰ ਵਧਾ ਦਿੱਤਾ ਹੈ। ਹੁਣ ਦਾ ਸਮਾਂ ਅਜੋਕੇ ਸਮੇਂ ਵਿੱਚ ਬਜ਼ੁਰਗ ਹੋ ਰਹੇ ਲੋਕਾਂ ਦੇ ਸੋਚਣ ਦਾ ਸਮਾਂ ਹੈ ਕਿ ਉਹ ਆਉਣ ਵਾਲੀਆਂ ਪੀੜ੍ਹੀਆਂ ਦਾ ਫ਼ਿਕਰ ਕਰਨ ਦੀ ਬਜਾਏ ਥੋੜ੍ਹਾ ਸਮਾਂ ਆਪਣੇ ਲਈ ਵੀ ਕੱਢ ਲੈਣ।

'ਸਮਾਜ ਤੇ ਸਭਿਆਚਾਰ ਦੀ ਗਾਥਾ' ਵਿੱਚ ਘੱਟੋ ਘੱਟ ਸੱਤ ਅੱਠ ਲੇਖ 'ਕਿਸਾਨੀ ਸੰਘਰਸ਼' ਬਾਰੇ ਹਨ ਜੋ ਬਹੁਤ ਪ੍ਰਭਾਵਸ਼ਾਲੀ ਹਨ। ਇਹ ਕਿਸਾਨੀ ਸੰਘਰਸ਼ ਐਨਾ ਜਥੇਬੰਧਕ ਸੀ ਕਿ ਦੁਨੀਆਂ ਭਰ ਦਾ ਮੀਡੀਆ ਇਸ ਨੂੰ ਕਵਰ ਕਰਦਾ ਰਿਹਾ। ਅਮਰੀਕਾ ਵਿੱਚ ਬੈਠੇ 'ਨੋਆਮ ਚੋਮਿਸਕੀ' ਵਰਗੇ ਚਿੰਤਕ ਇਸ ਨੂੰ ਫ਼ਾਲੋ ਕਰਦੇ ਰਹੇ। 'ਨੋਆਮ ਚਮਿਸਕੀ' ਨੇ ਤਾਂ ਇਥੋਂ ਤੱਕ ਕਿਹਾ ਕਿ ਦੁਨੀਆਂ ਭਰ ਦੇ ਕਿਸਾਨਾਂ ਨੂੰ ਭਾਰਤ ਦੇ ਕਿਸਾਨਾਂ ਤੋਂ ਸਿੱਖਣਾ ਚਾਹੀਦਾ ਹੈ। ਇਸ ਸੰਘਰਸ਼ ਨੇ ਕੀ ਕੀ ਮੋੜ ਕੱਟਿਆ, ਕੀ ਕੀ ਦੁਸ਼ਵਾਰੀਆਂ ਝੱਲੀਆਂ ਅਤੇ ਕਿੰਵੇਂ ਆਪਣੇ ਨਿਸ਼ਾਨੇ ਤੇ ਪਹੁੰਚਿਆ ? ਇਸ ਨੂੰ ਮੈਡਮ ਥਿੰਦ ਨੇ ਬੜੀ ਡੀਟੇਲ ਵਿੱਚ ਆਪਣੇ ਲੇਖਾਂ ਵਿੱਚ ਕਲਮ-ਬੰਧ ਕੀਤਾ ਹੈ। 'ਕੱਲੇ 'ਕੱਲੇ ਲੇਖ ਦਾ ਜ਼ਿਕਰ ਕਰਨਾ ਕਿਸੇ ਕਿਤਾਬ ਦਾ ਰੀਵਿਊ ਨਹੀਂ ਹੁੰਦਾ। ਕਿਤਾਬ ਕਹਿੰਦੀ ਕੀ ਹੈ ਅਤੇ ਲੇਖਕਾ ਕੀ ਕਹਿਣਾ ਚਾਹੁੰਦੀ ਹੈ ਇਹ ਪਾਠਕਾਂ ਨੇ ਜਾਨਣਾ ਹੈ। ਲੇਖਕਾ ਆਪਣੀ ਗੱਲ ਕਹਿਣ ਵਿੱਚ ਕਿੰਨੀ ਕਾਮਯਾਬ ਹੈ ਇਸ ਦਾ ਫੈਸਲਾ ਵੀ ਪਾਠਕ ਹੀ ਕਰ ਸਕਦੇ ਹਨ। ਅਖੀਰ ਵਿੱਚ ਮੈਂ ਇਹ ਕਹਿਣਾ ਚਾਹਾਂਗਾ ਕਿ ਲੇਖਕਾਂ ਨੂੰ ਇਨਾਮਾਂ-ਸਨਮਾਨਾਂ ਤੋਂ ਉਪਰ ਉੱਠ ਕੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝ ਕੇ ਲਿਖਣਾ ਚਾਹੀਦਾ ਹੈ। ਇਹ ਯੁੱਗ ਰੁਮਾਂਸ ਦਾ ਯੁੱਗ ਨਹੀਂ, ਇਹ ਯੁੱਗ ਜਾਤੀ ਰੋਣੇ ਰੋਣ ਦਾ ਯੁੱਗ ਨਹੀਂ, ਇਹ ਯੁੱਗ ਧਰਤੀ ਨੂੰ, ਹਵਾ-ਪਾਣੀ ਨੂੰ, ਜ਼ਿੰਦਗੀ ਨੂੰ, ਵਾਤਾਵਰਣ ਨੂੰ ਬਚਾਉਣ ਦਾ ਯੁੱਗ ਹੈ। ਹੁਣ ਜਦੋਂ ਦੁਨੀਆਂ ਭਰ ਤੇ ਹਾਵੀ ਇਹ ਨਫ਼ੇ ਦੀ ਰਾਜਨੀਤੀ ਸਭ ਕੁੱਝ ਖਤਮ ਕਰਨ ਤੇ ਤੁੱਲੀ ਹੈ ਤਾਂ ਇਹ ਯੁੱਗ ਹੋਂਦ ਅਤੇ ਨਾ ਹੋਂਦ ਵਿਚਕਾਰ ਟੱਕਰ ਦਾ ਯੁੱਗ ਹੈ। ਲੋਕ ਉਸੇ ਕਲਮ ਨੂੰ ਸਲਾਮ ਕਰਨਗੇ ਜਿਹੜੀ ਉਨ੍ਹਾਂ ਦੇ ਦੁੱਖਾਂ ਦੀ ਬਾਤ ਹੀ ਨਹੀਂ ਪਾਉਂਦੀ ਬਲਕਿ ਉਨ੍ਹਾਂ ਵਲੋਂ ਲੜੇ ਗਏ ਸੰਘਰਸ਼ਾਂ ਨਾਲ ਖੜ੍ਹੇਗੀ। ਮੈਡਮ ਥਿੰਦ ਦੀ ਇਹ ਕਿਤਾਬ ਇਸ ਆਸ਼ੇ ਨਾਲ ਖੜ੍ਹਦੀ ਨਜ਼ਰ ਆਉਂਦੀ ਹੈ।

# ਕੈਨੇਡਾ ਪੜ੍ਹਦੇ ਵਿਦਿਆਰਥੀਆਂ ਨੂੰ ਦਰਪੇਸ਼ ਚੁਣੌਤੀਆਂ



**ਰਵਿੰਦਰ ਕੌਰ**

ਸਾਲ 2022 ਦੇ ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਲਗਭਗ 5.51 ਲੱਖ ਵਿਦਿਆਰਥੀ ਹੋਰਾਂ ਮੁਲਕਾਂ ਤੋਂ ਪ੍ਰਵਾਸ ਕਰਕੇ ਆਏ ਹਨ। ਜਿਸ ਵਿੱਚੋਂ ਲੱਗਭੱਗ 41 ਫੀਸਦੀ ਵਿਦਿਆਰਥੀ ਭਾਰਤ ਤੋਂ ਹਨ। 31 ਦਸੰਬਰ 2022 ਤੱਕ 3.19 ਲੱਖ ਭਾਰਤ ਤੋਂ ਆਏ ਵਿਦਿਆਰਥੀ ਪਹਿਲਾਂ ਹੀ ਕੈਨੇਡਾ ਰਹਿ ਰਹੇ ਹਨ। ਵਿਦੇਸ਼ੀ ਧਰਤੀ ’ਤੇ ਨਵੀਂ ਜਿੰਦਗੀ ਸ਼ੁਰੂ ਕਰਨਾ ਮੁਕਾਬਲਤਨ ਔਖਾ ਹੀ ਹੁੰਦਾ ਹੈ, ਪਰ ਇਹਨਾਂ ਦਿਨਾਂ ਵਿੱਚ ਵਿਦਿਆਰਥੀਆਂ ਦਾ ਕੈਨੇਡਾ ਰਹਿਣਾ ਬਹੁਤ ਖਵਾਰ ਹੋਇਆ ਪਿਆ ਹੈ। ਵਿਦਿਆਰਥੀਆਂ ਲਈ ਲੱਗਭੱਗ ਹਰ ਦਿਨ ਹੀ ਸੰਘਰਸ਼ ਭਰਿਆ ਹੈ। ਇਹ ਸੰਘਰਸ਼ ਆਰਥਿਕਤਾ ਦੇ ਖੇਤਰ ਵਿੱਚ ਤਾਂ ਹੈ ਹੀ, ਉਸਦੇ ਨਾਲ਼ ਹੀ ਸਮਾਜਿਕ ਸਮੱਸਿਆਵਾਂ ਨਾਲ਼ ਵੀ ਨੌਜਵਾਨ ਜੂਝ ਰਹੇ ਹਨ। ਇਹਨਾਂ ਦਿਨਾਂ ਵਿੱਚ ਨੌਕਰੀ ਲੱਭਣਾ, ਰਹਿਣ ਲਈ ਕਮਰੇ ਦਾ ਇੰਤਜਾਮ ਕਰਨਾ, ਮਹਿੰਗਾਈ ਕਾਰਨ ਖਾਣ-ਪੀਣ ਦੀਆਂ ਵਸਤਾਂ ਮਹਿੰਗੀਆਂ ਹੋਣ ਕਾਰਨ, ਵਧੇ ਹੋਏ ਖਰਚਿਆਂ ਨੂੰ ਪੂਰਾ ਕਰਨਾ ਹੀ ਵੱਡੀ ਸਮੱਸਿਆਂ ਬਣਿਆਂ ਹੋਇਆ ਹੈ। ਇਸ ਤੋਂ ਬਿਨਾਂ ਵਿਦਿਆਰਥੀਆਂ ਨੂੰ ਇਕਲਾਪੇ ਵਿੱਚੋਂ ਲੰਘਣਾ ਪੈ ਰਿਹਾ ਹੈ। ਕੰਮ ਨਾ ਲੱਭਣ ਕਾਰਨ ਖਾਲੀ ਸਮਾਂ ਵੀ ਜਿਆਦਾ ਹੈ, ਪਰ ਕੋਈ ਸਮਾਜਿਕ ਦਾਇਰਾ ਨਾ ਹੋਣ ਕਾਰਨ ਮਨੋਵਿਗਿਆਨਿਕ ਸਮੱਸਿਆਵਾਂ ਵਿੱਚੋਂ ਗੁਜਰਨਾ ਪੈ ਰਿਹਾ ਹੈ, ਜਿਸ ਦੀ ਕੁੱਲ ਵਿੱਚ ਹੀ ਘੱਟ ਚਰਚਾ ਕੀਤੀ ਜਾ ਰਹੀ ਹੈ। ਸਟੱਡੀ ਵੀਜਾ ’ਤੇ ਜਾਣ ਕਾਰਨ, ਮਹਿੰਗੀਆਂ ਫੀਸਾਂ ਨੂੰ ਤਾਰਨ ਦਾ ਦਬਾਅ, ਕੰਮ ਦੇ ਨਾਲ਼ ਪੜ੍ਹਾਈ ਦਾ ਦਬਾਅ ਅਤੇ ਜਨਤਕ ਥਾਵਾਂ ’ਤੇ ਨਸਲੀ ਵਿਤਕਰੇ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਰਿਹਾਇਸ਼ ਦੀ ਗੱਲ ਕਰੀਏ ਤਾਂ ਵੈਨਕੂਵਰ ਦੇ ਸਰੀ ਇਲਾਕੇ ਵਿੱਚ ਰਹਿਣ ਵਾਲ਼ੇ ਰਾਕੇਸ਼ ਕੁਮਾਰ ਨੇ ਕਿਹਾ, “ਵਿਆਜ ਦਰਾਂ ਵਿੱਚ ਵਾਧਾ ਹੋਣ ਨਾਲ਼ ਘਰਾਂ ਦਾ ਸੰਕਟ ਪੈਦਾ ਹੋਇਆ ਹੈ। ਪਿਛਲੇ ਦੋ ਸਾਲਾਂ ਦੌਰਾਨ ਘਰਾਂ ਦੇ ਕਰਜੇ ’ਤੇ ਫਲੋਟਿੰਗ ਵਿਆਜ ਦਰ 1.45 ਫੀਸਦ ਤੋਂ ਵਧ ਕੇ ਕਰੀਬ 7 ਫੀਸਦ ’ਤੇ ਪਹੁੰਚ ਗਈ ਹੈ। ਦੋ ਸਾਲ ਪਹਿਲਾਂ ਬੇਸਮੈਂਟ ਦਾ ਦੋ ਕਮਰਿਆਂ ਦੇ ਸੈੱਟ ਦਾ ਕਿਰਾਇਆ 1200 ਡਾਲਰ ਹੁੰਦਾ ਸੀ ਜੋ ਅੱਜ 2000 ਡਾਲਰ ਹੋ ਗਿਆ ਹੈ। ਰਿਹਾਇਸ਼ ਤੋਂ ਇਲਾਵਾ ਪੂਰੇ ਕੈਨੇਡਾ ਵਿੱਚ ਕਿਰਾਏ ਦਾ ਸੰਕਟ ਚੱਲ ਰਿਹਾ ਹੈ। ਕਿਰਾਏ ਦੇ ਨਾਂ ’ਤੇ ਘਪਲੇ ਸਾਹਮਣੇ ਆ ਰਹੇ ਹਨ। ਐਡਮੰਟਨ ਦੀ ਅਲਬਰਟਾ ਯੂਨੀਵਰਸਿਟੀ ਵਿੱਚ ਤਿੰਨ ਸਾਲਾਂ ਦੇ ਕੰਪਿਊਟਰ ਕੋਰਸ ਦੇ ਵਿਦਿਆਰਥੀ ਸਮਰਥਜੀਤ ਸਿੰਘ ਸੰਧੂ ਨੇ ਦੱਸਿਆ, “ਮੇਰੇ ਇੱਕ ਮਿੱਤਰ ਨਾਲ਼ ਹਾਲ ਹੀ ਵਿੱਚ ਇਹ ਘਪਲਾ ਹੋਇਆ ਹੈ ਜਿਸ ਨੂੰ ਇੱਕ ਔਰਤ ਨੇ 1900 ਡਾਲਰ ਲੈ ਕੇ ਚਾਰ ਮਹੀਨੇ ਲਈ ਆਪਣਾ ਅਪਾਰਟਮੈਂਟ ਸਬ-ਲੀਜ ’ਤੇ ਦਿੱਤਾ ਸੀ। ਇੱਕ ਦਿਨ ਪਹਿਲਾਂ ਉਸ ਨੂੰ ਇੱਕ ਈਮੇਲ ਭੇਜ ਕੇ ਦੱਸਿਆ ਗਿਆ ਕਿ ਲੀਜ ਗੈਰ-ਕਨੂੰਨੀ ਹੈ ਅਤੇ ਉਸ ਨੂੰ ਪ੍ਰਸ਼ਾਸਨ ਵੱਲੋਂ ਸਕਿਓਰਿਟੀ ਦੀ ਅੱਧੀ ਰਕਮ ਹੀ ਮੁੜਵਾਈ ਗਈ। ਸਮਰਥਜੀਤ ਨੇ ਦੱਸਿਆ ਕਿ ਜਦੋਂ ਉਹ ਇੱਥੇ ਆਇਆ ਸੀ ਤਾਂ ਤਿਆਰ-ਬਰ-ਤਿਆਰ ਕਮਰਾ 600 ਡਾਲਰ ਦੇ ਕਿਰਾਏ ’ਤੇ ਮਿਲ਼ਦਾ ਸੀ ਤੇ ਹੁਣ ਇਹੀ ਉਸ ਨੂੰ 760 ਡਾਲਰ ਵਿੱਚ ਪੈ ਰਿਹਾ ਹੈ। ਆਉਣ ਸਾਰ ਰੈਫਰਲ ਨਾ ਹੋਣ ਕਰਕੇ ਘੱਟੋ-ਘੱਟ ਉਜਰਤ ’ਤੇ ਵੀ ਕੰਮ ਨਹੀਂ ਮਿਲ਼ਦਾ ਜਿਸ ਕਰਕੇ ਕੌਮਾਂਤਰੀ ਵਿਦਿਆਰਥੀਆਂ ਦੇ ਹਲਾਤ ਬਹੁਤ ਔਖੇ ਬਣੇ ਪਏ ਹਨ।”

ਕੈਨੇਡਾ ਦੇ ਉੱਤਰ-ਪੂਰਬੀ ਸੂਬੇ ਓਂਟਾਰੀਓ ਦੇ ਸ਼ਹਿਰ ਨੌਰਥ ਬੇਅ ਵਿੱਚ ਮੌਜੂਦ ਸਾਂਝੇ ਕੈਂਪਸ ਵਾਲ਼ੇ ਕੈਨਾਡੋਰ ਕਾਲਜ ਅਤੇ ਨਿਪਿਸਿੰਗ ਯੂਨੀਵਰਸਿਟੀ ਦੇ ਸਤੰਬਰ ਸੈਸ਼ਨ ਵਿੱਚ ਜੋ ਦਾਖਲੇ ਹੋਏ ਉਸ ਦੇ ਲੱਗਭੱਗ 300 ਕੌਮਾਂਤਰੀ ਵਿਦਿਆਰਥੀਆਂ ਨੂੰ ਰਾਤਾਂ ਖੁੱਲ੍ਹੇ ਅਸਮਾਨ ਹੇਠ ਕੱਟਣੀਆਂ ਪਈਆਂ ਕਿਉਂਕਿ ਇਨ੍ਹਾਂ ਅਦਾਰਿਆਂ ਨੇ ਉਨ੍ਹਾਂ ਲਈ ਰਹਿਣ ਦਾ ਪ੍ਰਬੰਧ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ। ਇਨ੍ਹਾਂ ’ਚੋਂ ਜਿਆਦਾਤਰ ਵਿਦਿਆਰਥੀ ਪੰਜਾਬ ਤੋਂ ਹਨ। ਇਸ ਇਲਾਕੇ ਵਿੱਚ ਰਿਹਾਇਸ਼ੀ ਸਹੂਲਤਾਂ ਸੀਮਤ ਹੋਣ ਕਰਕੇ ਕਿਰਾਇਆ ਬਹੁਤ ਵਧ ਗਿਆ ਹੈ। ਕਈ ਵਿਦਿਆਰਥੀ ਪੁਲਾਂ ਹੇਠ ਟੈਂਟ ਲਾ ਕੇ ਰਾਤਾਂ ਕੱਟ ਰਹੇ ਹਨ ਜਾਂ ਬੱਸ ਟਰਮੀਨਲਾਂ ਜਾਂ ਕਾਰਾਂ ਵਿੱਚ ਹੀ ਰਾਤਾਂ ਕੱਟਣੀਆਂ ਪਈਆਂ ਹਨ। ਕੁੱਝ ਵਿਦਿਆਰਥੀ ਭਾਰੀ ਕਿਰਾਇਆ ਦੇ ਕੇ ਟੋਰਾਂਟੋ ਤੋਂ ਆਉਂਦੇ ਹਨ ਜੋ 300 ਕਿਲੋਮੀਟਰ ਦੂਰ ਹੈ।

ਪੰਜਾਬ ਤੋਂ ਜਦੋਂ ਵੀਜੇ ਲੱਗਦੇ ਹਨ, ਜੋ ਯੂਨੀਵਰਸਿਟੀ ਜਾਂ ਕਾਲਜ ਏਜੰਟ ਵੱਲੋਂ ਚੁਣ ਕੇ ਭੇਜੇ ਜਾਂਦੇ ਹਨ, ਉਸ ਬਾਰੇ ਨਾ ਤਾਂ ਵਿਦਿਆਰਥੀ ਨੂੰ, ਨਾ ਹੀ ਮਾਂ-ਪਿਓ ਨੂੰ ਕੋਈ ਜਾਣਕਾਰੀ ਹੁੰਦੀ ਹੈ। ਕਿ ਇਹ ਕਿਸੇ ਸ਼ਹਿਰ ਵਿੱਚ ਹੈ ਜਾਂ ਕਿਸੇ ਪਿੰਡ ਵਿੱਚ! ਰਹਿਣ ਦਾ ਪ੍ਰਬੰਧ ਕਿਵੇਂ ਤੇ ਕਿੱਥੇ ਹੋਵੇਗਾ? ਜਿੱਥੇ ਵਿੱਦਿਅਕ ਅਦਾਰਾ ਹੈ ਉੱਥੇ ਕੰਮ ਲੱਭਣ ਦੀ ਕਿੰਨੀ ਕੁ ਸੰਭਾਵਨਾ ਹੈ ਆਦਿ ਬਾਰੇ ਕੁੱਝ ਨਹੀਂ ਪਤਾ ਹੁੰਦਾ! ਮਾਂ-ਪਿਓ ਏਜੰਟ ਤੋਂ ਪੁੱਛ ਪੜਤਾਲ ਕਰਨ ਵੀ ਤਾਂ ਏਜੰਟ ਮਾਮਲਾ ਗੋਲ਼ ਕਰ ਜਾਂਦਾ ਹੈ ‘ਸਾਡੇ ਹੁੰਦੇ ਕਾਹਦਾ ਫਿਕਰ, ਅਸੀਂ ਬੈਠੇ ਆ’, ‘ਤੁਹਾਡਾ ਬੱਚਾ ਸਾਡਾ ਬੱਚਾ, ਸਾਡੇ ਹੁੰਦਿਆਂ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ’, ‘ਹੁਣ ਤਾਂ ਮੌਜਾਂ ਕਰੂ, ਲੱਗ ਗਿਆ ਵੀਜਾ, ਤੁਹਾਡੀ ਐਸ਼ ਹੈ’ ਆਦਿ ਫਿਕਰੇ ਏਜੰਟਾਂ ਵੱਲੋਂ ਬੋਲੇ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਭਾਰਤ ਵਿੱਚ ਸਿੱਖਿਆ ਸਲਾਹਕਾਰਾਂ ਦਾ ਮੁੱਖ ਸਰੋਕਾਰ ਕਾਲਜਾਂ ਵੱਲੋਂ ਦਿੱਤੇ ਜਾਂਦੇ ਪ੍ਰਤੀ ਵਿਦਿਆਰਥੀ ਕਮਿਸ਼ਨ ਨਾਲ਼ ਹੁੰਦਾ ਹੈ। ਇੱਕ ਮੁਕਾਮੀ ਕਾਲਜ ਦੇ ਹਾਲੀਆ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਸਾਲ 2016-17 ਵਿੱਚ ਏਜੰਟ ਹਿੱਸੇਦਾਰ ਦਾ ਪ੍ਰਤੀ ਵਿਦਿਆਰਥੀ ਕਮਿਸ਼ਨ 561 ਡਾਲਰ ਹੁੰਦਾ ਸੀ ਜੋ 2020-21 ਵਿੱਚ ਵਧ ਕੇ 3399 ਡਾਲਰ ਹੋ ਗਿਆ ਹੈ। ਆਮ ਤੌਰ ’ਤੇ ਏਜੰਟ ਵਿਦਿਆਰਥੀਆਂ ਦੇ ਮਾਪਿਆਂ ਨੂੰ ਇੱਥੋਂ ਦੀ ਅਸਲ ਤਸਵੀਰ ਨਹੀਂ ਦਿਖਾਉਂਦੇ ਜਿਸ ਕਰਕੇ ਵਿਦਿਆਰਥੀਆਂ ਨੂੰ ਕੋਈ ਜਾਣਕਾਰੀ ਹੀ ਨਹੀਂ ਹੁੰਦੀ ਕਿ ਅੱਗੇ ਚੱਲ ਕੇ ਉਨ੍ਹਾਂ ਦੀ ਜਿੰਦਗੀ ਕਿਹੋ ਜਿਹੀ ਹੋਣ ਵਾਲ਼ੀ ਹੈ!

ਕੈਨੇਡਾ ਵਿੱਚ ਜਿੱਥੇ ਘਰ ਮਹਿੰਗੇ ਹੋਏ ਹਨ ਉੱਥੇ ਖਾਣ ਪੀਣ ਦੇ ਸਮਾਨ ਦੀਆਂ ਕੀਮਤਾਂ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਅਰਸੇ ਦੌਰਾਨ ਹੀ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ ਵਿੱਚ 9.7 ਫੀਸਦੀ ਦਾ ਵਾਧਾ ਹੋਇਆ ਹੈ ਜੋ ਸਤੰਬਰ 1981 ਤੋਂ ਲੈ ਕੇ ਹੁਣ ਤੱਕ ਸਭ ਤੋਂ ਵੱਡਾ ਵਾਧਾ ਹੈ। ਵਧੀ ਮਹਿੰਗਾਈ ਕਾਰਨ ਹੀ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਔਖੀਆਂ ਹੋਈਆਂ ਪਈਆਂ ਹਨ। ਬਹੁਤੇ ਮਾਲਕ 40 ਘੰਟਿਆਂ ਦੇ ਕੰਮ ਨੂੰ ਤਰਜੀਹ ਦਿੰਦੇ ਹਨ ਪਰ ਕੌਮਾਂਤਰੀ ਵਿਦਿਆਰਥੀਆਂ ਨੂੰ ਇੱਕ ਹਫਤੇ ਵਿੱਚ ਵੀਹ ਘੰਟੇ ਹੀ ਕੰਮ ਕਰਨ ਦੀ ਇਜਾਜਤ ਹੈ। ਬਹੁਤ ਸਾਰੇ ਵਿਦਿਆਰਥੀ ਨਕਦੀ ’ਤੇ ਕੰਮ ਕਰ ਕੇ ਗੁਜਾਰਾ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਮਾਲਕ ਦੇ ਰਹਿਮੋ ਕਰਮ ’ਤੇ ਕੰਮ ਕਰਨਾ ਪੈਂਦਾ ਹੈ। ਉਜਰਤਾਂ ਬਹੁਤ ਹੀ ਘਟ ਹਨ, ਪ੍ਰਤੀ ਘੰਟੇ ਦੇ ਮੁਸ਼ਕਿਲ ਨਾਲ਼ ਹੀ 9-10 ਡਾਲਰ ਦਿੱਤੇ ਜਾਂਦੇ ਹਨ ਜੋ ਕਿ ਸਰਕਾਰ ਵੱਲੋਂ ਨਿਰਧਾਰਤ ਉਜਰਤ ਦਰਾਂ ਤੋਂ ਬਹੁਤ ਹੀ ਘੱਟ ਹੈ।

ਕਈ ਮਾਲਕ ਕੰਮ ਕਰਵਾਉਂਦੇ ਰਹਿੰਦੇ ਹਨ, ਪਰ ਕਾਮਿਆਂ ਨੂੰ ਤਨਖਾਹਾਂ ਨਾ ਦੇਣੀਆਂ ਪੈਣ ਇਸ ਲਈ ਆਪਣੇ ਆਪ ਨੂੰ ਦਿਵਾਲੀਆ ਐਲਾਨ ਦਿੰਦੇ ਹਨ! ਵਿਦਿਆਰਥੀਆਂ ਦੀ ਮਿਹਨਤ ਦੀ ਕਮਾਈ ਖਾ ਜਾਂਦੇ ਹਨ। ਪਿੱਛੇ ਜਹੇ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿੱਚ ਇੱਕ ਬੇਕਰੀ ਮਾਲਕ ਦੁਆਰਾ ਖੁਦ ਨੂੰ ਦਿਵਾਲੀਆ ਐਲਾਨ ਕੇ ਅਨੇਕਾਂ ਕਾਮਿਆਂ ਦੀ ਦੋ ਲੱਖ ਡਾਲਰ ਦੇ ਕਰੀਬ ਤਨਖਾਹ ਹੜੱਪ ਲਈ ਗਈ ਸੀ। ਇਸ ਲਈ ਲੱਗਭੱਗ ਇੱਕ ਮਹੀਨਾ ਕਾਮਿਆਂ ਨੂੰ ਧਰਨਾ ਲਾਉਣਾ ਪਿਆ, ਇਸ ਸੰਘਰਸ਼ ਕਾਰਨ ਹੀ, ਏਕੇ ਸਦਕਾ ਹੀ ਕਾਮਿਆਂ ਨੂੰ ਉਹਨਾਂ ਦੀਆਂ ਤਨਖਾਹਾਂ ਮਿਲ਼ੀਆਂ। ਕੈਨੇਡਾ ਵਿੱਚ ਬਹੁਗਿਣਤੀ ਕੰਮ ਕਰਦੇ ਨੌਜਵਾਨ ਗੈਰ ਜਥੇਬੰਦ ਹਨ। ਇਹਨਾਂ ਗੈਰ-ਜਥੇਬੰਦ ਕਾਮਿਆਂ ਦੇ ਨਿੱਕੇ-ਵੱਡੇ ਮਾਲਕ ਅਕਸਰ ਇਹਨਾਂ ਦੀਆਂ ਉਜਰਤਾਂ ਹੜੱਪ ਜਾਂਦੇ ਹਨ। ਇਹਨਾਂ ਕਾਮਿਆਂ ਨੂੰ ਘੱਟ ਤਨਖਾਹ, ਮਾੜੀਆਂ ਕੰਮ ਹਾਲਤਾਂ, ਭੇਦਭਾਵ ਤੇ ਅਸੁਰੱਖਿਅਤ ਨੌਕਰੀਆਂ ਆਦਿ ਅਨੇਕਾਂ ਮੁਸ਼ਕਲਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ।

ਆਈਆਰਸੀਸੀ (ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ) ਦੀ ਰਿਪੋਰਟ ਮੁਤਾਬਿਕ ਕੌਮਾਂਤਰੀ ਵਿਦਿਆਰਥੀ ਕੈਨੇਡੀਆਈ ਅਰਥਚਾਰੇ ਵਿੱਚ ਹਰ ਸਾਲ 22.3 ਅਰਬ ਡਾਲਰ ਦਾ ਯੋਗਦਾਨ ਪਾਉਂਦੇ ਹਨ। ਇਹ ਰਕਮ ਵਾਹਨਾਂ ਦੇ ਪੁਰਜਿਆਂ, ਲੱਕੜ ਜਾਂ ਹਵਾਈ ਜਹਾਜ ਦੀ ਕੁੱਲ ਬਰਾਮਦ ਨਾਲ਼ੋਂ ਵੀ ਜਿਆਦਾ ਹੈ। ਓਂਟਾਰੀਓ ਦੇ ਆਡੀਟਰ ਜਨਰਲ ਦੇ ਦਫਤਰ ਵੱਲੋਂ ਜਾਰੀ ਕੀਤੇ ਗਏ ਹਾਲੀਆ ਅੰਕੜਿਆਂ ਵਿੱਚ ਕਿਹਾ ਗਿਆ ਹੈ ਕਿ ਸਾਲ 2012-13 ਅਤੇ 2020-21 ਦੌਰਾਨ ਘਰੇਲੂ ਵਿਦਿਆਰਥੀਆਂ ਦੇ ਦਾਖਲਿਆਂ ਵਿੱਚ 15 ਫੀਸਦੀ ਕਮੀ ਆਈ

(ਬਾਕੀ ਸਫ਼ਾ 29 ’ਤੇ)

# ਪਨਾਮਾ ਪੇਪਰ ਲੀਕ ਕਰਨ ਵਾਲੀ ਨਿਧੜਕ ਪੱਤਰਕਾਰ ਡਾਫਨੇ ਕਾਰੂਆਨਾ ਗਾਲਿਜ਼ਿਆ

**-ਜਸਬੀਰ ਦੀਪ**



ਦੁਨੀਆਂ ਭਰ ਦੇ ਟੈਕਸ ਚੋਰਾਂ ਨੂੰ ਨੰਗਾ ਕਰਨ ਵਾਲੀ ਖੋਜੀ ਅਤੇ ਨਿਧੱੜਕ ਪੱਤਰਕਾਰ, ਪਨਾਮਾ ਪੇਪਰ ਲੀਕਜ ਲਈ ਕੰਮ ਕਰਨ ਵਾਲੀ ਡਾਫਨੇ ਕਾਰੂਆਨਾ ਗਾਲਿਜਿਆ ਦੀ 16 ਅਕਤੂਬਰ 2017 ਨੂੰ ਮਾਲਟਾ ਵਿਚ ਇਕ ਕਾਰ ਬੰਬ ਧਮਾਕੇ ਵਿਚ ਹੱਤਿਆ ਕਰ ਦਿੱਤੀ ਗਈ ਸੀ। ਮੌਤ ਤੋਂ ਠੀਕ ਅੱਧਾ ਘੰਟਾ ਪਹਿਲਾਂ ਉਸਨੇ ਮਾਲਟਾ ਆਰਮੀ ਦੇ ਚੀਫ ਸਟਾਫ ਬਾਰੇ ਇਕ ਬਲਾਗ ਲਿਖਿਆ ਸੀ, ਬਲਾਗ ਵਿਚ ਸੇਂਬਰੀ ਦੇ ਖਿਲਾਫ਼ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਗਏ ਸਨ-ਡੈਫਨੇ ਕਾਰੂਆਨਾ ਗਲੀਜ਼ੀਆ ਫਾਊਂਡੇਸ਼ਨ

**ਡੈਫਨੇ ਕਾਰੂਆਨਾ ਗਲੀਜ਼ੀਆ ਕੌਣ ਸੀ?** - ਡੈਫਨੇ ਕਾਰੂਆਨਾ ਗਲੀਜ਼ੀਆ ਤੀਹ ਸਾਲਾਂ ਤੋਂ ਮਾਲਟਾ ਵਿੱਚ ਇੱਕ ਪੱਤਰਕਾਰ ਵਜੋਂ, ਇੱਕ ਰਿਪੋਰਟਰ, ਸੰਪਾਦਕ, ਕਾਲਮਨਵੀਸ ਅਤੇ ਬਲੌਗਰ ਵਜੋਂ ਸਰਗਰਮ ਸੀ। ਇਹ ਉਸਦੇ ਬਲੌਗ ’ਤੇ ਸੀ ਜਿੱਥੇ ਇੱਕ ਪੱਤਰਕਾਰ ਦੇ ਰੂਪ ਵਿੱਚ ਉਸਦੇ ਖੋਜੀ ਹੁਨਰ ਨੂੰ ਸਨਮਾਨਿਆ ਗਿਆ ਅਤੇ ਸਾਹਮਣੇ ਲਿਆਂਦਾ ਗਿਆ।

ਲਗਭਗ ਆਪਣੀ ਪੂਰੀ ਬਾਲਗ ਜ਼ਿੰਦਗੀ ਲਈ ਉਸਨੇ ਆਪਣੇ ਪਤੀ ਪੀਟਰ ਨਾਲ ਤਿੰਨ ਬੱਚਿਆਂ ਦੀ ਪਰਵਰਿਸ਼ ਕਰਦੇ ਹੋਏ ਕੰਮ ਕੀਤਾ।

16 ਅਕਤੂਬਰ 2017 ਨੂੰ ਡੈਫਨੇ ਦੀ ਬਿਡਨੀਜਾ, ਮਾਲਟਾ ਵਿੱਚ ਉਸਦੇ ਘਰ ਦੇ ਬਾਹਰ ਉਸਦੀ ਕਾਰ ਸੀਟ ਦੇ ਹੇਠਾਂ ਇੱਕ ਵਿਸਫੋਟਕ ਯੰਤਰ ਲਗਾਕੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਕਤਲੇਆਮ ਬਾਰੇ ਕੀ ਜਾਣਿਆ ਜਾਂਦਾ ਹੈ ਇਸ ਬਾਰੇ ਦੱਸਦੀਆਂ ਲੰਬੀਆਂ ਅਤੇ ਛੋਟੀਆਂ ਦਸਤਾਵੇਜ਼ੀ ਫਿਲਮਾਂ ਫਰਾਂਸ 2 ਐਂਵੋਏ ਸਪੈਸ਼ਲ, ਦਿ ਗਾਰਡੀਅਨ, ਲਾ ਰਿਪਬਲਿਕਾ ਅਤੇ ਸੀਬੀਐਸ 60 ਮਿੰਟ ਦੁਆਰਾ ਬਣਾਈਆਂ ਗਈਆਂ ਹਨ।

ਇਹ ਦੇਖਣ ਲਈ ਕਿ ਡੈਫਨੀ ਲਈ ਪੱਤਰਕਾਰੀ ਕਿੰਨੀ ਮਹੱਤਵਪੂਰਨ ਸੀ ਅਤੇ ਉਹ ਮਾਲਟਾ ਅਤੇ ਉਸਦੇ ਪਰਿਵਾਰ ਲਈ ਕਿੰਨੀ ਮਹੱਤਵਪੂਰਣ ਸ਼ਖਸੀਅਤ ਸੀ, ਅਸੀਂ ਡੈਫਨੇ ਪ੍ਰੋਜੈਕਟ ਤੋਂ ਦਸ ਮਿੰਟ ਦੇ ਵੀਡੀਓ ਦੀ ਸਿਫ਼ਾਰਿਸ਼ ਕਰਦੇ ਹਾਂ: ‘ਪੱਤਰਕਾਰਤਾ ਉਸਦੀ ਜ਼ਿੰਦਗੀ ਸੀ’: ਡੈਫਨੇ ਕਾਰੂਆਨਾ ਗਲੀਜ਼ੀਆ ਦਾ ਪਰਿਵਾਰ ਬੋਲਦਾ ਹੈ ਕੰਮ ਦੀ ਇੱਕ ਜ਼ਿੰਦਗੀ ਅਤੇ ਇੱਕ ਚੋਰੀ ਭਵਿੱਖ

ਆਪਣੇ ਸਾਰੇ ਸਾਲਾਂ ਦੇ ਲੇਖਣ ਦੌਰਾਨ, ਡੈਫਨੇ ਨੂੰ ਧਮਕੀਆਂ ਮਿਲੀਆਂ ਅਤੇ ਉਸਦੀ ਪੱਤਰਕਾਰੀ ਕਾਰਨ ਉਹ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਨਿਸ਼ਾਨਾ ਰਹੀ। ਉਸਦੇ ਘਰ ਨੂੰ ਦੋ ਵਾਰ ਅੱਗ ਲਗਾ ਦਿੱਤੀ ਗਈ ਸੀ, ਉਸਦੇ ਪਰਿਵਾਰ ਦੇ ਤਿੰਨ ਕੁੱਤੇ ਮਾਰੇ ਗਏ ਸਨ। ਇਕ ਦਾ ਗਲਾ ਵੱਢਿਆ ਗਿਆ ਸੀ ਅਤੇ ਉਸ ਨੂੰ ਦਰਵਾਜ਼ੇ ’ਤੇ ਛੱਡ ਦਿੱਤਾ ਗਿਆ ਸੀ, ਦੂਜੇ ਨੂੰ ਜ਼ਹਿਰ ਦਿੱਤਾ ਗਿਆ ਸੀ ਅਤੇ ਤੀਜੇ ਨੂੰ ਗੋਲੀ ਮਾਰ ਦਿੱਤੀ ਗਈ ਸੀ। ਸਰਕਾਰ ਅਤੇ ਸੰਸਦ ਦੇ ਵਿਰੋਧੀ ਧਿਰ ਦੇ ਮੈਂਬਰਾਂ ਦੁਆਰਾ ਲਗਭਗ ਵਿਸ਼ੇਸ਼ ਤੌਰ ’ਤੇ ਦਾਇਰ ਕੀਤੇ ਗਏ ਘਿਣਾਉਣੇ ਮਾਣਹਾਨੀ ਦੇ ਮੁਕੱਦਮੇ ਅਤੇ ਸੰਪਤੀ ਫ ?ਰੀਜ਼, ਨੂੰ ਡਰਾਉਣ ਦੇ ਸਾਧਨ ਵਜੋਂ ਵਰਤਿਆ ਗਿਆ ਸੀ। ਫਿਰ ਵੀ ਡੈਫਨੇ ਨੇ ਦ੍ਰਿੜਤਾ ਨਾਲ ਕੰਮ ਕੀਤਾ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਕੰਮ ਲਈ ਸਮਰਪਿਤ ਕੀਤਾ, ਉਨ੍ਹਾਂ ਲੋਕਾਂ ਨੂੰ ਛੱਡ ਦਿੱਤਾ ਜੋ ਚਾਹੁੰਦੇ ਸਨ ਕਿ ਉਹ ਉਸਦੀ ਹੱਤਿਆ ਕਰਨ ਤੋਂ ਇਲਾਵਾ ਕੋਈ ਬਦਲ ਨਾ ਛੱਡੇ। ਡੈਫਨੀ ਦੇ ਪਰਿਵਾਰ ਲਈ, ਪਨਾਮਾ ਪੇਪਰਸ ’ਤੇ ਕੰਮ ਕਰਨ ਵਾਲੇ ਪੱਤਰਕਾਰਾਂ ਲਈ ਅਤੇ ਡੈਫਨੀ ਦੇ ਪਾਠਕਾਂ ਲਈ, ਉਸਦੀ ਹੱਤਿਆ ਇੱਕ ਸਦਮੇ ਵਜੋਂ ਆਈ ਪਰ ਹੈਰਾਨੀ ਵਾਲੀ ਨਹੀਂ।

ਡੈਫਨੇ ਨੇ ਕਦੇ ਵੀ ਕਿਸੇ ਪੁਰਸਕਾਰ ਲਈ ਅਰਜ਼ੀ ਨਹੀਂ ਦਿੱਤੀ, ਕਦੇ ਆਪਣੇ ਆਪ ਨੂੰ ਨਾਮਜ਼ਦ ਨਹੀਂ ਕੀਤਾ ਜਾਂ ਕਿਸੇ ਨੂੰ ਉਸ ਨੂੰ ਨਾਮਜ਼ਦ ਕਰਨ ਲਈ ਨਹੀਂ ਕਿਹਾ। ਉਸਦੀ ਹੱਤਿਆ ਤੋਂ ਬਾਅਦ ਉਸਨੇ ਬਹੁਤ ਸਾਰੇ ਪੁਰਸਕਾਰ ਅਤੇ ਸਨਮਾਨ ਜਿੱਤੇ।

ਸਟ੍ਰਾਸਬਰਗ ਵਿੱਚ ਯੂਰਪੀਅਨ ਪਾਰਲੀਮੈਂਟ ਵਿੱਚ ਪ੍ਰੈਸ ਰੂਮ ਡੈਫਨੇ ਨੂੰ ਸਮਰਪਿਤ ਹੈ, ਲਿਬੇਰਾ ਦੇ ਰਾਗੁਸਾ ਅਧਿਆਏ, ਮਾਫੀਆ ਵਿਰੋਧੀ ਸੰਗਠਨ, ਦਾ ਨਾਮ ਡੈਫਨੇ ਦੇ ਨਾਮ ਤੇ ਰੱਖਿਆ ਗਿਆ ਹੈ, ਹਰ ਸਾਲ GUE/NGL ਦੁਆਰਾ ਦਿੱਤਾ ਜਾਣ ਵਾਲਾ ਇੱਕ ਇਨਾਮ ਡੈਫਨੇ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ, ਅਤੇ ਪ੍ਰੀਮਿਓ ਲੀਲੀ ਡੇਲੇ ਨੋਟੀਜ਼ੀ, ਹਰ ਸਾਲ ਇਟਲੀ ਵਿੱਚ ਸਨਮਾਨਿਤ ਕੀਤਾ ਜਾਂਦਾ ਹੈ, ਡੈਫਨੇ ਨੂੰ ਸਮਰਪਿਤ ਹੈ। 2020 ਵਿੱਚ ਡੈਫਨੇ ਨੇ ਅੰਤਰਰਾਸ਼ਟਰੀ ਅਖੰਡਤਾ ਲਈ ਐਲਾਰਡ ਪੁਰਸਕਾਰ ਜਿੱਤਿਆ।

ਹਾਲਾਂਕਿ ਡੈਫਨੇ ਨੇ ਇੱਕ ਛੋਟੇ ਜਿਹੇ ਦੇਸ਼ ਵਿੱਚ ਕੰਮ ਕੀਤਾ, ਉਸਨੇ ਸਭ ਤੋਂ ਵੱਡੀਆਂ, ਸਭ ਤੋਂ ਮੁਸ਼ਕਲ ਸਮੱਸਿਆਵਾਂ ਦਾ ਸਾਹਮਣਾ ਕੀਤਾ ਜਿਸ ਸਮਾਜ ਦਾ ਹਰ ਕੋਈ ਸਾਹਮਣਾ ਨਹੀਂ ਕਰ ਸਕਦਾ । ਸੱਚਾਈ ਅਤੇ ਨਿਆਂ ਪ੍ਰਤੀ ਉਸਦਾ ਸਮਰਪਣ, ਆਪਣੀਆਂ ਸਾਰੀਆਂ ਰੁਚੀਆਂ ਦਾ ਪਿੱਛਾ ਕਰਨ ਅਤੇ ਉਹਨਾਂ ਲੋਕਾਂ ਨਾਲ ਘਿਰਿਆ ਹੋਇਆ ਜੀਵਨ ਬਤੀਤ ਕਰਨ ਦਾ ਪ੍ਰਬੰਧ ਕਰਦੇ ਹੋਏ ਜਿਨ੍ਹਾਂ ਨੂੰ ਉਹ ਪਿਆਰ ਕਰਦੀ ਸੀ ਅਤੇ ਜੋ ਉਸਦੀ ਪਿੱਠ ਨੂੰ ਪਿਆਰ ਕਰਦੇ ਸਨ, ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਿਤ ਕਰਦੇ ਹਨ। ਦਿ ਵਾਸ਼ਿੰਗਟਨ ਪੋਸਟ, ਦਿ ਗਾਰਡੀਅਨ, ਦਿ ਟੈਲੀਗ੍ਰਾਫ, ਦਿ ਟਾਈਮਜ਼ ਅਤੇ ਦਿ ਇੰਡੀਪੈਂਡੈਂਟ ਦੁਆਰਾ ਸ਼ਰਧਾਂਜਲੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ।

ਡੈਫਨੀ ਦੀ ਮੌਤ ਤੋਂ ਬਾਅਦ ਉਸ ਦੇ ਜੀਵਨ ਬਾਰੇ ਬਹੁਤ ਸਾਰੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਜਿਸ ਵਿੱਚ ਸ਼ਾਮਲ ਹਨ: ਦੀ’ ਲਾ ਵੇਰੀਟਾ ਆਂਚੇ ਸੇ ਲਾ ਟੂਆ ਵੋਸੇ ਟਰੇਮਾ, ਰੋਬਰਟੋ ਸਾਵਿਆਨੋ ਦੀ ਮੁਨੀਜ਼ੀਓਨੀ ਲੜੀ ਦੇ ਹਿੱਸੇ ਵਜੋਂ ਪ੍ਰਕਾਸ਼ਿਤ ਡੈਫਨੀ ਦੀ ਲਿਖਤ ਦਾ ਸੰਗ੍ਰਹਿ ਅਤੇ ਕਾਰਲੋ ਬੋਨੀਨੀ, ਜੌਨ ਦੁਆਰਾ ਮਰਡਰ ਆਨ ਮਾਲਟਾ ਐਕਸਪ੍ਰੈਸ। ਉਹ ਮਾਲਟਾ ਵਿੱਚ ਇੱਕ ਰਾਜਨੀਤਿਕ ਕਾਲਮ ਲਿਖਣ ਵਾਲੀ ਪਹਿਲੀ ਔਰਤ ਸੀ ਅਤੇ ਗੁਮਨਾਮ ਦੀ ਬਜਾਏ ਆਪਣੇ ਨਾਮ ਵਿੱਚ ਲਿਖਣ ਵਾਲੀ ਪਹਿਲੀ ਵਿਅਕਤੀ ਸੀ। ਉਹ ਉਹ ਵਿਅਕਤੀ ਸੀ ਜਿਸਨੇ ਲਿਖਣਾ ਸ਼ੁਰੂ ਕਰਨ ਤੋਂ ਬਾਅਦ ਦੇਸ਼ ਦੀ ਹਰ ਵੱਡੀ ਕਹਾਣੀ ਨੂੰ ਤੋੜਿਆ। ਉਹ ਉਹ ਔਰਤ ਸੀ ਜਿਸਨੇ ਚਾਰ ਸਾਲ ਬਾਅਦ ਦੇਸ਼ ਦੇ ਇੱਕ ਰੋਜ਼ਾਨਾ ਅਖਬਾਰ ਦੀ ਸਹਿ-ਸਥਾਪਨਾ ਕੀਤੀ ਅਤੇ ਨਵ-ਨਾਜ਼ੀਆਂ, ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੇ ਤਸਕਰਾਂ, ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਅਤੇ ਜੱਜਾਂ ਦੀ ਜਾਂਚ ਕੀਤੀ।

ਡੈਫਨੇ ਸਭ ਤੋਂ ਵਧੀਆ ਕਿਸਮ ਦਾ ਪੱਤਰਕਾਰ, ਸਭ ਤੋਂ ਵਧੀਆ ਕਿਸਮ ਦਾ ਵਿਅਕਤੀ ਸੀ; ਅਤਿਅੰਤ ਬਹਾਦਰ, ਭਾਵੁਕ, ਬੇਇਨਸਾਫ਼ੀ ਦੇ ਪਿੱਛਾ ਵਿੱਚ ਅਟੁੱਟ, ਪਰ ਇੱਕ ਸੁਣਨ ਵਾਲਾ, ਸੰਤੁਲਿਤ ਅਤੇ ਕਿਸੇ ਵੀ ਪੱਖ ਤੋਂ ਦਲੀਲਾਂ ਸੁਣਨ ਲਈ ਤਿਆਰ ਅਤੇ ਦਿਆਲੂ।

# Canadian Inflation and Un-employment Crisis

## Survival efforts by Job seekers, New Immigrants and New International students



-Dr Hardeep Singh Atwal, Toronto




Canadian job market is facing a recorded un-employment and inflation rate. Canada's strong pace of population growth is having a notable effect on these numbers. StatsCan recently reported that the country's population had increased by nearly 1.2 million, or 3 per cent, over the previous year, largely driven by the arrival of temporary residents, many of whom are workers. The increasing population is a boon for the employers who are getting plenty of labour and getting job seekers agreed on lesser wage rate. More population is not in favour of 'Job seekers' in the market who are facing hardship to get a new job and getting lower wage rate as a compromise to the un-employment. As a result, so many cases of employment frauds, wage theft and selling of LIMA by employers has surfaced in the media. 'Naujawan Support Network', 'Montreal students Union' representing Many international student's organizations have raised an alarm against the wage theft and fraudulent means of the employers.

According to Experts, the increasing population in Canada is not only single factor but ongoing international capitalist recession also playing major role on Canadian market. Gross domestic product data also shows the Canadian economy has effectively stalled in recent months. The signs of this recession can be seen in Canada as well where we can notice, less jobs in market, rising prices of daily living market, rising inflation, lay off in jobs, rising mortgage rates by Bank of Canada and many more signs. Every Canadian is waiting for a hope to get out of this tunnel with crossed hands, but it is unpredictable to declare the future end of this recession. Canadian government is struggling hard to cop with the crisis, but panic is still prevailing in the community. For a little hope, economic experts are keeping close look on the market and trying to analyse heat of the crisis. Every day some analytic prediction for the end date of this crisis can be seen in the media.



There was a net gain of 64,000 jobs in September, up from an increase of 40,000 in August, Statistics Canada said in a recent report. This easily surpassed an estimate of 20,000 from Bay Street economists. The unemployment rate held steady at 5.5 per cent for the third consecutive month, as the country's strong, immigration-driven population growth offset the employment gains.

The numbers in Friday's report were decidedly mixed. Employment in educational services increased by 66,000 in September, after a drop of 44,000 in August - a volatile result that economists dismissed as a statistical quirk. Part-time roles accounted for most of the employment growth last month. And total hours worked across the economy fell 0.2 per cent.

Even so, compensation is climbing at elevated rates for employees. Average hourly wages rose 5 per cent in September on a year-over-year basis, in line with increases in July and August.

This combination of sturdy job creation and strong wage growth is an encouraging trend for workers, who have been stung by high inflation for the past two years.

But it's unlikely to bring comfort to the Bank of Canada, which is trying to take some steam out of the labour market as part of its fight against inflation. It will need to consider whether recent economic figures - including an upturn in the inflation rate - are worrisome enough to justify a resumption in interest-rate hikes, which lead to increased borrowing costs throughout the economy.

The number of people working in finance, insurance and real estate fell by 20,000 in September, and there was a drop of 18,000 in construction. Both industries are especially vulnerable to sharply higher interest rates.

The largest jump in employment during the month was in Quebec, which added 39,000 jobs. Next was British Columbia, at 26,000. Employment fell by 38,000 in Alberta, undoing the province's gains in the previous two months.

Over the past 18 months, the Bank of Canada has hiked its benchmark rate to 5 per cent from crisis lows of 0.25 per cent, the quickest pace of policy tightening in decades. The bank held its key interest rate steady at its September rate decision.

But that pause is being tested by the latest flare-up in consumer price growth. Canada's annual inflation rate rose to 4 per cent in August, from 2.8 per cent in June, largely because of higher fuel prices. The next inflation report is set to be published on Oct. 17. It will give the central bank more data to consider, to reshape the economy as well as the future of common man. Economic growth has effectively stalled in recent months, while consumers appear to be pulling back on spending as higher borrowing rates eat into their budgets. The direct compromise and adjustments by common men is on the kitchen, housing, and other daily needs. These all are efforts by families are only to linger on the survival, it is not a solution.

There are some reports about cooling down of Inflation to 3.8 per cent nationally last month, Statistics Canada said, down from 4.0 per cent in August and snapping a streak of two consecutive monthly accelerations. Chrystia Freeland, Canada's finance minister and deputy prime minister, said that Canadians struggling to keep up with the rising cost of living should be encouraged by progress on the inflation front. "The trend is in the right direction, and that is good news for Canadians," she told reporters on Tuesday. Freeland announced plans to push banks to expand offerings for low- and no-cost bank accounts to make financial services more affordable.

Industry Minister Francois-Philippe Champagne, speaking alongside Freeland on Tuesday, acknowledged that efforts to bring inflation back under control will take "weeks" or "months." He said "It's not as if there's an on-off switch here to inflation. We can't just stabilize prices overnight".

The annual rate of inflation saw a "broad-based" slowdown in September amid signs of continuing relief at the grocery store, the agency said.

StatCan said Canadians saw prices at the grocery store rise 5.8 per cent in September, cooling from the 6.9 per cent increase in August.

Price growth for meat, dairy products, vegetables and coffee and tea all shhoting up month-to-month, though edible fats and oils, bakery products, fish and fresh fruit saw costs rise quicker.

Higher costs for mortgages and rents were the main factors fuelling inflation in the September, StatCan said. At the fuel pumps, gasoline prices rose 7.5 per cent year-over-year, but they declined slightly on a monthly basis, according to the agency.


Canadians also saw outright declines in the cost of airfare in the month, with prices down 21.1 per cent year-over-year. StatCan noted the price drop coincided with a gradual increase in flights on offer from airlines over the past year. Canadians also saw prices drop annually on durable goods including furniture and appliances. New passenger vehicles saw prices grow at a slower rate in September, which StatCan attributed to better stock for new cars in the market.

The Liberal government has put grocery affordability at the top of its agenda in the House's fall sitting, with Champagne putting pressure on grocers to come up with plans to stabilize food prices in recent weeks. The Canada Government is claiming that they are busy to curtail the crisis, but this little hope is not enough for Canadian community. It should come up with a strong plan to take care of its community and people coming to this land with more hopes and opportunities.

ਪੁਸਤਕ ਸਮੀਖਿਆ

# ਜ਼ਮੀਨ, ਜਾਤ, ਬੰਦੂਕਾਂ ਤੇ ਔਰਤ ਦੀਆਂ ਵਿਰੋਧਤਾਈਆਂ ਤੇ ਨਵੇਂ ਦ੍ਰਿਸ਼ਟੀਕੋਣ ਤੋਂ ਸੋਚਣ ਦੀ ਲੋੜ

*ਇਤਿਹਾਸ ਦੇ ਪੰਨਿਆਂ 'ਤੇ ਪਈਆਂ ਪੈੜਾਂ ਉਪਰ ਮੁੜ ਝਾਤੀ ਮਾਰਨ ਨਾਲ ਜਿਥੇ ਸਾਨੂੰ ਅਸਫ਼ਲਤਾਵਾਂ ਬਾਰੇ ਪਤਾ ਲੱਗਦਾ ਹੈ, ਉਥੇ ਰਹਿ ਗਏ ਖੱਪਿਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ ਤਾ ਕਿ ਭਵਿੱਖ ਵਿਚ ਕਿਸ ਕਿਸਮ ਨਾਲ ਅਗਾਹ ਵਧਿਆ ਜਾਵੇ। ਇਹ ਪੁਸਤਕ ਅਜਿਹਾ ਕਾਰਜ ਕਰਦੀ ਹੈ ਕਿ 1970 'ਚ ਸ਼ੁਰੂ ਹੋਈ ਗੜਕਵੀਂ ਆਵਾਜ਼ ਵਾਲੀ ਲਹਿਰ ਨੇ ਇਤਿਹਾਸ ਦੇ ਪੰਨਿਆਂ 'ਤੇ ਆਪਣੇ ਕ੍ਰਾਂਤੀਕਾਰੀ ਵਿਚਾਰ ਤਾਂ ਉਤਪੰਨ ਕੀਤੇ ਹਨ ਪ੍ਰੰਤੂ ਜਿਸ ਕਿਸਮ ਦੀ ਤਬਦੀਲੀ ਹੋਣੀ ਸੀ ਉਸ ਵਿਚ ਕਿਸ ਕਿਸਮ ਦੀਆਂ ਊਣਤਾਈਆਂ ਰਹੀਆਂ। ਅਸੀਂ ਹਿੰਦੋਸਤਾਨ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਜ਼ਮੀਨੀ ਹਕੀਕਤ ਤੋਂ ਨਹੀਂ ਸਮਝ ਸਕੇ ਜਿਸ ਕਰਕੇ ਸੰਘਰਸ਼ਾਂ ਦੇ ਰੂਪ ਵਿਚ ਸਹੀ ਦਿਸ਼ਾ ਨਹੀਂ ਫੜ ਸਕੇ। ਇਹ ਸੋਚਣ ਦਾ ਸਵਾਲ ਹੈ। ਇਹ ਪੁਸਤਕ ਵਾਰ ਵਾਰ ਸੋਚਣ ਲਈ ਮਜਬੂਰ ਕਰਦੀ ਹੈ ਕਿ ਇਸ ਗੁੰਝਲਦਾਰ ਮੁਲਕ ਵਿਚ ਜਿਥੇ ਬਹੁਤ ਜਾਤਾਂ, ਧਰਮਾਂ ਅਤੇ ਵਖਰੇਵਿਆਂ ਵਿਚ ਟਕਰਾਅ ਹਨ ਉਨ੍ਹਾਂ ਨੂੰ ਕਿਹੜੇ ਕਿਹੜੇ ਦ੍ਰਿਸ਼ਟੀਕੋਣਾਂ ਤੋਂ ਸਮਝਿਆ ਅਤੇ ਸਮਝ ਕੇ ਲੜਿਆ ਜਾਵੇ। – ਸੰਪਾਦਕ*




**ਸੀਤਾ**

ਗੀਤਾਰਾਮਾ ਸਵਾਮੀ ਦੀ ਜ਼ਿੰਦਗੀ ਅਤੇ ਸੰਘਰਸ਼ ਦੀਆਂ ਵੱਖ ਵੱਖ ਪਰਤਾਂ ਨੂੰ ਦਰਸਾਉਂਦੀ ਪੁਸਤਕ ਜ਼ਮੀਨ, ਜਾਤ, ਬੰਦੂਕਾਂ ਤੇ ਔਰਤ ਦਾ ਅੰਗਰੇਜ਼ੀ 'ਚੋਂ ਅਨੁਵਾਦ ਦੋ ਬੜੀਆਂ ਸੰਜੀਦਾ ਅਤੇ ਸੰਵੇਦਨਸ਼ੀਲ ਸ਼ਖਸੀਅਤਾਂ ਰਾਜਪਾਲ ਸਿੰਘ ਅਤੇ ਅਵਤਾਰ ਗੋਂਦਾਰਾ ਨੇ ਕਰਕੇ ਇਕ ਕਿਸਮ ਨਾਲ ਪੰਜਾਬੀਆਂ ਸਿਰ ਕਰਜ਼ ਚਾੜ੍ਹਿਆ ਹੈ। ਸ਼ੁਰੂਆਤ ਵਿਚ ਹੀ ਲੇਖਕਾ ਦਰਸਾਉਂਦੀ ਹੈ ਕਿ ਮੈਨੂੰ ਇਹ ਕਿਤਾਬ ਕਿਉਂ ਲਿਖਣੀ ਪਈ। ਹਾਲਾਂਕਿ ਹਰ ਕੋਈ ਇਸ ਨੂੰ ਸਵੈ ਜੀਵਨੀ ਵੀ ਕਹਿ ਸਕਦਾ ਹੈ ਪ੍ਰੰਤੂ ਇਸ ਵਿਚ ਉਸ ਨੇ ਆਪਣੇ ਬਾਰੇ ਘੱਟ ਅਤੇ ਆਪਣੇ ਆਲੇ ਦੁਆਲੇ ਦੇ ਸਮਾਜ, ਸਮਾਜਿਕ ਹਾਲਤਾਂ ਅਤੇ ਉਨ੍ਹਾਂ ਨੂੰ ਤਬਦੀਲ ਕਰਨ ਵਿਚ ਜੁਟੇ ਲੋਕਾਂ ਅਤੇ ਉਨ੍ਹਾਂ ਵਿਚ ਖ਼ੁਦ ਆਪ ਸ਼ਾਮਲ ਹੋ ਕੇ ਜੀਵਨ ਅਤੇ ਚੌਗਿਰਦੇ ਦੇ ਆਪਸੀ ਵਿਰੋਧਾਭਾਸ ਅਤੇ ਹਕੀਕਤਾਂ ਨੂੰ ਵਿਸਥਾਰ ਨਾਲ ਲਿਖਿਆ ਹੈ। ਬੇਬਾਕੀ ਨਾਲ ਉਸ ਨੇ ਵੱਖ ਵੱਖ ਵੰਨਗੀ ਦੀਆਂ ਰਾਜਨੀਤਕ ਅਤੇ ਖੱਬੀਆਂ ਧਿਰਾਂ ਦੇ ਕੰਮ ਢੰਗਾਂ ਅਤੇ ਉਨ੍ਹਾਂ ਦੀ ਦ੍ਰਿਸ਼ਟੀ ਸਮੇਤ ਸੋਚ ਦੀ ਆਲੋਚਨਾ ਕਰਦਿਆਂ ਆਪਣੇ ਪ੍ਰਤੀ ਵੀ ਕੋਈ ਰਿਆਇਤ ਦਿਲੀ ਨਹੀਂ ਵਰਤੀ। ਲੇਖਕਾ ਹਾਲਾਂਕਿ ਇਕ ਚੰਗੇ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਈ। ਮਾਂ ਬਾਪ ਦੀਆਂ ਤਿੰਨ ਧੀਆਂ ਵਿਚੋਂ ਸਭ ਤੋਂ ਛੋਟੀ, ਬੇਹੱਦ ਜ਼ਹੀਨ ਅਤੇ ਬਾਗੀ ਤਬੀਅਤ ਦੀ ਮਾਲਕ ਸੀ। ਛੋਟੀ ਉਮਰੇ ਹੀ ਰੂੜੀਵਾਦੀ ਰਸਮੋਰਿਵਾਜ਼ ਉਪਰ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ। ਵੱਖ ਵੱਖ ਬ੍ਰਾਹਮਣੀ ਪਰਿਵਾਰਾਂ ਵਿਚ ਪਾਈਆਂ ਜਾਂਦੀਆਂ ਰਹੁ-ਰੀਤਾਂ ਨੂੰ ਮੰਨਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਉਮਰ ਦੇ ਵਧਦਿਆਂ ਹੀ ਇਨਕਲਾਬੀ ਵਿਚਾਰਾਂ ਦੀ ਧਾਰਨੀ ਹੋਣ ਦੇ ਨਾਲ ਨਾਲ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਗਈ। ਜਿਸ ਕਾਰਨ ਪਰਿਵਾਰ ਨਾਲ ਰਿਸ਼ਤੇ ਵਿਗੜਣੇ ਸ਼ੁਰੂ ਹੋਏ ਜੋ 1979 ਵਿਚ ਜਾ ਕੇ ਥੋੜ੍ਹੇ ਬਹੁਤੇ ਸੁਧਰੇ।

ਗੀਤਾਰਾਮਾ ਸਵਾਮੀ ਨੇ ਉਸਮਾਨੀਆ ਯੂਨੀਵਰਸਿਟੀ ਪੜ੍ਹਾਈ ਦੌਰਾਨ ਹੀ ਵੱਖ ਵੱਖ ਕ੍ਰਾਂਤੀਕਾਰੀ ਗਰੁੱਪਾਂ ਵਿਚੋਂ ਸਟੂਡੈਂਟ ਯੂਨੀਅਨ ਪ੍ਰੋਗਰੈਸਿਵ ਸਟੂਡੈਂਟਸ ਆਰਗੇਨਾਈਜੇਸ਼ਨ ਵਿਚ ਕੰਮ ਸ਼ੁਰੂ ਕੀਤਾ। ਉਹ ਵਿਸ਼ੇਸ਼ ਜ਼ਿਕਰ ਕਰਦੀ ਹੈ ਕਿ ਵਿਦਿਆਰਥੀ ਕੋਈ ਸੋਚ ਸਮਝ ਕੇ ਜਥੇਬੰਦੀ ਦੀ ਚੋਣ ਨਹੀਂ ਕਰਦੇ। ਇਕ ਕਿਸਮ ਨਾਲ ਜਿਧਰ ਉਨ੍ਹਾਂ ਦੇ ਹੋਰ ਸਾਥੀ ਜਾਂਦੇ ਹਨ ਉਨ੍ਹਾਂ ਦੇ ਨਾਲ ਹੀ ਤੁਰ ਪੈਂਦੇ ਹਨ। ਹਾਲਾਂਕਿ ਵੱਖੋ ਵੱਖਰੀਆਂ ਸਟੂਡੈਂਟਸ ਜਥੇਬੰਦੀਆਂ, ਵੱਖ ਵੱਖ ਸਿਆਸੀ ਪਾਰਟੀਆਂ ਦੇ ਅੰਗਾਂ ਦੇ ਤੌਰ 'ਤੇ ਹੀ ਕੰਮ ਕਰਦੀਆਂ ਹਨ। ਹਰ ਜਥੇਬੰਦੀ ਆਪਣੇ ਪਾਸੇ ਵੱਲ ਖਿੱਚਣ ਲਈ ਜ਼ੋਰ ਅਜਮਾਉਂਦੀਆਂ ਹਨ। ਉਸ ਨੇ 1973 ਵਿਚ ਕ੍ਰਾਂਤੀਕਾਰੀ ਗਰੁੱਪ (ਪੂਹਲਾ ਰੈਡੀ ਗਰੁੱਪ) ਵਿਚ ਕੰਮ ਕਰਨਾ ਸ਼ੁਰੂ ਕੀਤਾ। 1975 ਵਿਚ ਜਦੋਂ ਸਿਆਸੀ ਕਾਰਕੁੰਨਾਂ ਦੀ ਫੜੋਫੜੀ ਸ਼ੁਰੂ ਹੋਈ ਤਾਂ ਉਹ ਵੀ ਹੋਰ ਲੋਕਾਂ ਵਾਂਗ ਰੂਪੋਸ਼ ਹੋ ਗਈ। 1975 ਵਿਚ ਉਸ ਨੇ ਆਪਣੇ ਸਾਥੀ ਸਾਈਰਲ ਨਾਲ ਵਿਆਹ ਕਰਵਾ ਕੇ ਪਹਿਲਾਂ ਚੰਡੀਗੜ੍ਹ ਤੇ ਫੇਰ ਦਿੱਲੀ ਰਹਿਣ ਦਾ ਫੈਸਲਾ ਕੀਤਾ। ਲੇਖਕਾ ਦੱਸਦੀ ਹੈ ਕਿ 1977 ਵਿਚ ਜਦੋਂ ਹੀ ਐਮਰਜੈਂਸੀ ਖਤਮ ਹੋਣ ਪਿਛੋਂ ਕੁਝ ਸਾਥੀ ਪੁਰਾਣੇ ਕੰਮਾਂ ਵਿਚ ਚਲੇ ਗਏ ਅਤੇ ਕੁਝ ਵਾਪਸ ਘਰਾਂ ਨੂੰ ਪਰਤ ਗਏ। ਉਸ ਕੋਲ ਹੈਦਰਾਬਾਦ ਪਰਤਣ ਲਈ ਨਾ ਪਾਰਟੀ ਵਲੋਂ ਕੋਈ ਮਦਦ ਸੀ ਅਤੇ ਨਾ ਹੀ ਪਰਿਵਾਰ ਸੀ ਜਿਸ ਕੋਲ ਵਾਪਸ ਜਾਇਆ ਜਾ ਸਕੇ। ਇਸ ਲਈ ਉਹ ਦਿੱਲੀ ਤੋਂ ਗਾਜ਼ੀਆਬਾਦ ਹਰੀਜਨ ਬਸਤੀ ਦੇ ਨੇੜ ਰਹਿਣ ਲੱਗੀ। ਇਥੇ ਉਸ ਨੇ ਹਰੀਜਨ ਬੱਚਿਆਂ ਨੂੰ ਪੜ੍ਹਾਉਣ ਅਤੇ ਸਿਹਤ ਸਹੂਲਤ ਹਾਸਲ ਕਰਵਾਉਣ ਵਿਚ ਮਦਦ ਕੀਤੀ। ਇਸ ਵਿਚ ਉਸ ਦਾ ਜੀਵਨ ਸਾਥੀ ਸਾਈਰਲ ਉਸ ਨੂੰ ਪੂਰੀ ਤਰ੍ਹਾਂ ਸਹਿਯੋਗ ਦਿੰਦਾ ਅਤੇ ਨਾਲ ਹੀ ਉਸਾਰੂ ਆਲੋਚਨਾ ਵੀ ਕਰਦਾ। ਇਥੇ ਹੀ ਉਹ ਦੋਵੇਂ ਸਿੱਖਦੇ ਹਨ ਕਿ ਇਨਕਲਾਬ ਵੱਲ ਕੋਈ ਸਿੱਧਾ ਰਾਹ ਨਹੀਂ ਅਤੇ ਨਾ ਹੀ ਕੋਈ ਇਕੋ ਇਕ ਟੀਚਾ ਹੈ ਸਗੋਂ ਹਰ ਰੋਜ਼ ਜ਼ਿੰਦਗੀ ਦੇ ਹਰ ਖੇਤਰ ਵਿਚ ਹਾਸਲ ਕਰਨ ਯੋਗ ਲੱਖਾਂ ਟੀਚੇ ਦਾ ਜਮ੍ਹਾਂ ਜੋੜ ਹੀ ਇਨਕਲਾਬ ਹੈ।

1980 ਵਿਚ ਉਹ ਹੈਦਰਾਬਾਦ ਮੁੜ ਆਉਂਦੇ ਹਨ। ਇਥੇ ਆ ਕੇ ਇਕ ਹੈਦਰਾਬਾਦ ਬੁੱਕ ਟਰੱਸਟ ਖੜ੍ਹਾ ਕਰਦਾ ਹਨ। ਵੱਖ ਵੱਖ ਸਾਹਿਤ ਪ੍ਰਕਾਸ਼ਤ ਕਰਨਾ ਅਤੇ ਵੰਡਣਾ। ਪਰ ਗੀਤਾ ਦੇ ਮਨ ਨੂੰ ਇਹ ਬਹੁਤਾ ਸਮਾਂ ਸਕੂਨ ਨਹੀਂ ਦਿੰਦਾ। ਸਾਈਰਲ ਲਾਅ ਕਰਕੇ ਸਲਾਹਾ ਨਾਂ ਦੀ ਕਮੇਟੀ ਬਣਾ ਕੇ ਗਰੀਬਾਂ ਦੇ ਕੇਸ ਲੜਨ ਅਤੇ ਮੁਫ਼ਤ ਸਲਾਹ ਦੇਣ ਦਾ ਕੰਮ ਕਰਦਾ ਹੈ। ਗੀਤਾ ਦੇ ਜ਼ਮੀਨੀ ਝਗੜਿਆਂ ਸਬੰਧੀ ਲਗਭਗ ਸਾਰੇ ਕੇਸਾਂ ਨੂੰ ਉਹੀ ਤਿਆਰ ਕਰਦਾ ਸੀ।

ਖੱਬੀਆਂ ਧਿਰਾਂ ਤੋਂ ਬਦਜਨ ਹੋ ਕੇ ਗੀਤਾ ਘਰ ਨਹੀਂ ਬੈਠਦੀ ਸਗੋਂ ਦੱਬੇ ਕੁਚਲੇ ਲੋਕਾਂ ਲਈ ਕੁਝ ਕਰਨ ਦੀ ਚਾਅ ਲੈ ਕੇ ਪਿੰਡਾਂ ਦੇ ਦਲਿਤਾਂ ਵੱਲ ਰੁਖ ਕਰਦੀ ਹੈ ਜਿਥੇ ਉਹ ਉਨ੍ਹਾਂ ਨਾਲ ਬੇਹੱਦ ਗਰੀਬੀ ਦੀਆਂ ਹਾਲਤਾਂ ਵਿਚ ਰਹਿੰਦੀ ਹੈ। ਉਨ੍ਹਾਂ ਨੂੰ ਜਥੇਬੰਦ ਕਰਦੀ ਹੈ। ਵਗ੍ਹਾ 1984 ਤੋਂ 1992 ਤੱਕ ਗੀਤਾ ਦੇ ਸਾਥ ਅਤੇ ਅਗਵਾਈ ਵਿਚ ਵੱਖ ਵੱਖ ਪਿੰਡਾਂ ਦੀਆਂ ਦਲਿਤ ਔਰਤਾਂ 'ਤੇ ਮਰਦਾਂ ਵਲੋਂ ਲੜੇ ਗਏ ਅਹਿੰਸਕ ਘੋਲ ਬਾਰੇ ਪੁਸਤਕ ਵਿਚ ਜਾਣਕਾਰੀ ਹੈ। ਇਥੇ ਹੀ ਜਾਤ ਅਤੇ ਜਮਾਤ ਤੇ ਬੰਦੂਕਾਂ ਦੀ ਕਹਾਣੀ ਉਭਰਕੇ ਸਾਹਮਣੇ ਆਉਂਦੀ ਹੈ। ਗੀਤਾ ਦੱਸਦੀ ਹੈ ਕਿ 1946 ਤੋਂ 1948 ਤੱਕ ਚੱਲੇ ਤਿਲਗਾਨਾ ਘੋਲ ਵੇਲੇ ਹੈਦਰਬਾਦ ਦਾ ਨਜ਼ਾਮ ਅਤੇ ਉਸ ਦੇ ਵੱਡੇ ਮੁਸਲਮਾਨ ਅਫ਼ਸਰ ਆਪਣੀਆਂ ਵੱਡੀਆਂ ਜ਼ਮੀਨਾਂ ਛੱਡ ਕੇ ਭੱਜ ਗਏ ਹਨ ਪਰ ਉਹ ਜ਼ਮੀਨਾਂ ਅਲਾਟ ਕਰਵਾਉਣ ਵਿਚ ਦਲਿਤਾਂ, ਬੇਜ਼ਮੀਨਿਆਂ ਅਤੇ ਕਾਸ਼ਤਕਾਰਾਂ ਨੂੰ ਨਹੀਂ ਸਨ ਮਿਲੀਆਂ। ਇਹ ਨਿਜ਼ਾਮ ਦੇ ਕਰਿੰਦੇ ਜੋ ਉਚ ਜਾਤੀ ਦੇ ਰੈਡੀ ਸਨ ਅਤੇ ਜ਼ਮੀਨ ਹਿਸਾਬ ਕਿਤਾਬ ਉਨ੍ਹਾਂ ਦੇ ਹੱਥ ਹੁੰਦਾ ਸੀ ਅਤੇ ਆਪਣੇ ਅਸਰ ਰਸੂਖ ਅਤੇ ਧੋਖੇ ਨਾਲ ਜ਼ਮੀਨਾਂ ਦਾ ਇੰਤਕਾਲ ਆਪਣੇ ਨਾਂ ਕਰਵਾ ਲੈਂਦੇ। ਬੇਨਾਮੀਆਂ ਤੇ ਮੰਦਿਰਾਂ ਦੇ ਨਾਂ ਵਾਲੀਆਂ ਜ਼ਮੀਨਾਂ ਵੀ ਧੱਕੇ ਨਾਲ ਹੜੱਪ ਲੈਂਦੇ। ਬੰਦੂਕ ਅਤੇ ਸੱਤਾ ਦੇ ਜ਼ੋਰ ਦਲਿਤਾਂ ਨੂੰ ਬੰਧੂਆ ਜ਼ਮਦੂਰ ਬਣਾ ਲੈਂਦੇ।

1984 ਤੋਂ ਲੈ ਕੇ 1992 ਤੱਕ ਗੀਤਾ ਰਾਮਾਸਵਾਮੀ ਦੇ ਸਾਥ ਅਤੇ ਅਗਵਾਈ ਵਿਚ ਵੱਖ ਵੱਖ ਪਿੰਡਾਂ ਦੀਆਂ ਦਲਿਤਾਂ ਔਰਤਾਂ ਅਤੇ ਮਰਦਾਂ ਨੇ ਸ਼ਾਨਦਾਰ ਅਹਿੰਸਕ ਘੋਲ ਲੜੇ ਜਿਸ ਵਿਚ ਹਜ਼ਾਰਾਂ ਬੰਧੂਆ ਮਜ਼ਦੂਰਾਂ ਨੂੰ ਰਿਹਾਈ ਦਿਵਾਈ ਗਈ। ਤਕਰੀਬਨ 14 ਹਜ਼ਾਰ ਏਕੜ ਜ਼ਮੀਨ ਭੂਮੀਪਤੀਆਂ ਦੇ ਕਬਜ਼ੇ ਵਿਚ ਹਟਵਾ ਕੇ ਗਰੀਬ ਦਲਿਤਾਂ ਵਿਚ ਵੰਡੀ ਗਈ। ਹਜ਼ਾਰਾਂ ਬੱਚਿਆਂ ਨੂੰ ਸਕੂਲਾਂ ਵਿਚ ਦਾਖਲਾ ਦਿਵਾਇਆ ਅਤੇ ਸਿਹਤ ਸਹੂਲਤਾਂ ਲਈ ਕੰਮ ਕੀਤਾ। ਇਸ ਦੌਰਾਨ ਹੀ ਅੰਬੇਡਕਰਵਾਦੀਆਂ ਨਾਲ ਮਿਲ ਕੇ ਵੀ ਕੰਮ ਹੋਇਆ ਅਤੇ ਚੋਣਾਂ 'ਚ ਵੀ ਪਿੰਡ ਪੱਧਰ 'ਤੇ ਹਿੱਸਾ ਲੈਣ ਦੀ ਪ੍ਰਕਿਰਿਆ ਸ਼ੁਰੂ ਹੋਈ। ਕੁੱਲ ਮਿਲਾ ਕੇ ਇਹ ਰਾਹ ਗੀਤਾ ਲਈ ਬਹੁਤ ਮੁਸ਼ਕਿਲਾਂ ਭਰਿਆ ਅਤੇ ਥਕਾ ਦੇਣ ਵਾਲਾ ਸੀ ਪ੍ਰੰਤੂ ਇਸ ਰਾਹ 'ਤੇ ਚੱਲਦਿਆਂ ਗੀਤਾ ਆਪਣੇ ਸਾਥੀਆਂ ਨਾਲ ਬੜੇ ਸਿਰੜ ਅਤੇ ਸਾਬਤਕਰਮੀ ਤੁਰੀ ਰਹੀ। ਉਨ੍ਹਾਂ ਨੇ ਕਰਮਚੇਤੂ ਵਰਗਾ ਦੁਖਦਾਈ ਕਾਂਡ ਵੀ ਦੇਖਿਆ ਅਤੇ ਕਈ ਜਾਨਲੇਵਾ ਹਮਲੇ ਵੀ ਝੱਲੇ। ਖ਼ੁਦ ਵੀ ਆਪਣੇ ਸਾਥੀਆਂ ਦੀ ਥਾਣੇ ਤੇ ਕਚਹਿਰੀਆਂ ਵਿਚ ਹੁੰਦੀ ਨਿੱਤ ਦੀ ਖੱਜਲ ਖੁਆਰੀ ਨਾਲ ਜੂਝਦੀ ਰਹੀ। ਉਹ ਕਹਿੰਦੀ ਹੈ ਕਿ ਮੈਂ ਹੌਲੀ ਹੌਲੀ ਸਿੱਖਿਆ ਕਿ ਪ੍ਰਬੰਧਕ ਵਿਵਹਾਰ ਅਤੇ ਕਾਰਜ ਪ੍ਰਣਾਲੀ, ਦੀਵਾਨੀ, ਫੌਜਦਾਰੀ ਕਾਨੂੰਨ, ਨਿਆਂਪ੍ਰਕਿਰਿਆ ਅਤੇ ਨਿਰਣਿਆਂ ਦਾ ਅਤੇ ਇਨ੍ਹਾਂ ਸਾਰੇ ਤਾਕਤਵਰ ਅਦਾਰਿਆਂ ਦਾ ਬੁਨਿਆਦੀ ਮਕਸਦ ਮੌਜੂਦਾ ਜਾਇਦਾਦ ਸਬੰਧਾਂ ਨੂੰ ਕਾਇਮ ਰੱਖਣਾ ਅਤੇ ਉਨ੍ਹਾਂ ਦੀ ਰਾਖੀ ਕਰਨਾ ਹੈ। ਅਸੀਂ ਜਦੋਂ ਵੀ ਕਿਸੇ ਤਕੜੇ ਬੰਦੇ ਖਿਲਾਫ਼ ਫੌਜਦਾਰੀ ਅਦਾਲਤ ਵਿਚ ਸ਼ਿਕਾਇਤ ਲੈ ਕੇ ਗਏ ਅਸੀਂ ਅਸਫ਼ਲ ਹੀ ਹੋਏ।

ਗੀਤਾ ਪੂਰੀ ਇਮਾਨਦਾਰੀ ਨਾਲ ਇਹ ਗੱਲ ਤਸਲੀਮ ਕਰਦੀ ਹੈ ਕਿ ਪਿੰਡਾਂ ਵਿਚ ਬੇਜ਼ਮੀਨਿਆਂ ਨੂੰ ਜ਼ਮੀਨ ਦਿਵਾਉਂਦਾ ਅਤੇ ਉਨ੍ਹਾਂ ਦੇ ਪੁਰਅਮਨ ਕੰਮਾਂ ਨੂੰ ਨਕਸਲੀਆਂ ਦੇ ਇਕ ਹਥਿਆਰਬੰਦ ਗਰੁੱਪ ਦੀ ਹੋਂਦ ਵੀ ਸਥਾਈ ਹੋਈ। ਇਲਾਕੇ ਵਿਚ ਉਨ੍ਹਾਂ ਦੇ ਦਬਦਬਾ ਕਰਕੇ ਵੀ ਜਗੀਰਦਾਰ ਸਿੱਧੀ ਟੱਕਰ ਲੈਣ ਤੋਂ ਟਲਦੇ ਸਨ ਪਰ ਦੂਜੇ ਪਾਸੇ ਇਹ ਵੀ ਦੱਸਦੀ ਹੈ ਕਿ ਇਸ ਕਿਸਮ ਦੇ ਗਰੁੱਪਾਂ ਵਲੋਂ ਬਿਨਾਂ ਕਿਸੇ ਲਿਖਤ ਪੜ੍ਹਤ ਦੇ ਜੋ ਜ਼ਮੀਨ ਗਰੀਬ ਲੋਕਾਂ ਵਿਚ ਵੰਡੀਆਂ ਗਈਆਂ ਉਹ ਲਹਿਰ ਦੇ ਕਮਜ਼ੋਰ ਪੈਣ ਵਾਲੇ ਮੁੜ ਮਾਲਕਾਂ ਨੇ ਆਪਣੇ ਕਬਜ਼ੇ ਵਿਚ ਲੈ ਲਈਆਂ। ਇਹ ਕੁਝ ਹੀ ਵਿਨੋਭਾ ਵਾਲੀ ਭੂ-ਦਾਨ ਵਾਲੀ ਜ਼ਮੀਨ ਨਾਲ ਹੋਇਆ ਸੀ।

ਇਹ ਇਕ ਬਹੁਤ ਵਧੀਆ ਅਤੇ ਦਿਲਚਸਪ ਪੁਸਤਕ ਹੈ। ਜੋ ਸਾਨੂੰ 1970 ਤੋਂ 1992 ਤੱਕ ਦੇ ਸਮੇਂ ਦੇ ਸਮਾਜ ਅਤੇ ਉਸ ਦੀ ਗਤੀਸ਼ੀਲਤਾ ਅਤੇ ਵੱਖ ਵੱਖ ਸਿਆਸੀ ਧਿਰਾਂ ਵਲੋਂ ਨਿਭਾਏ ਰੋਲ ਬਾਰੇ ਜਾਣਕਾਰੀ ਦਿੰਦੀ ਹੈ। ਅਨੁਵਾਦਕਾਂ ਨੇ ਵੀ ਪੰਜਾਬੀ ਭਾਸ਼ਾ ਵਿਚ ਉਲੱਥਾ ਕਰਦਿਆਂ ਇਸ ਨੂੰ ਪੰਜਾਬੀ ਮੁਹਾਵਰੇ ਵਿਚ ਢਾਲਿਆ ਅਤੇ ਰੌਚਕ ਢੰਗ ਨਾਲ ਪੜ੍ਹਨਯੋਗ ਬਣਾਇਆ ਹੈ। ਲੇਖਿਕਾ ਦਾ ਇਹ ਸਾਰਥਿਕ ਉਪਰਾਲਾ ਅਤੇ ਇਸ ਦੇ ਅਨੁਵਾਦਕਾਰਾਂ ਦਾ ਸ਼ਲਾਘਾਯੋਗ ਕਾਰਜ ਹੈ।

# ਕੈਨੇਡਾ ਪੜ੍ਹਦੇ ਵਿਦਿਆਰਥੀਆਂ ਨੂੰ ਦਰਪੇਸ਼ ਚੁਣੌਤੀਆਂ

(ਸਫ਼ਾ 27 ਦੀ ਬਾਕੀ)

ਹੈ ਜਦੋਂਕਿ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲਿਆਂ ਵਿੱਚ 342 ਫੀਸਦੀ ਵਾਧਾ ਹੋਇਆ ਹੈ। ਇਨ੍ਹਾਂ 'ਚੋਂ 62 ਫੀਸਦੀ ਭਾਰਤ ਤੋਂ ਆਉਂਦੇ ਹਨ। ਕੌਮਾਂਤਰੀ ਵਿਦਿਆਰਥੀਆਂ ਨੂੰ ਔਸਤਨ 14306 ਡਾਲਰ ਸਲਾਨਾ ਟਿਊਸ਼ਨ ਦੇਣੀ ਪੈਂਦੀ ਹੈ ਜਦੋਂ ਕਿ ਘਰੇਲੂ ਵਿਦਿਆਰਥੀ ਔਸਤਨ 3228 ਡਾਲਰ ਫੀਸ ਦਿੰਦੇ ਹਨ।

ਕੈਨੇਡਾ ਪੜ੍ਹਦੇ ਵਿਦਿਆਰਥੀਆਂ ਰਾਹੀਂ ਓਥੋਂ ਦੀ ਸਰਕਾਰ ਮੋਟੀ ਕਮਾਈ ਕਰਦੀ ਹੈ। ਪਰ ਸਹੂਲਤ ਦੇ ਨਾਮ ਉੱਤੇ ਧੱਕੇ ਹੀ ਹਨ। ਜਿਸ ਕੈਨੇਡਾ ਦੀ ਧਰਤੀ ਨੂੰ ਸਵਰਗ ਦੇ ਰੂਪ ਵਿੱਚ ਦਿਖਾਇਆ ਜਾ ਰਿਹਾ ਹੈ, ਉੱਥੇ ਸਾਡੇ ਭੈਣ ਭਰਾਵਾਂ ਦੀ ਆਰਥਿਕ, ਸਮਾਜਿਕ ਲੁੱਟ ਹੁੰਦੀ ਹੈ। ਉੱਥੇ ਵੀ ਲੋਟੂ ਮਾਲਕ ਬੈਠੇ ਹਨ। ਮਹਿੰਗਾ ਸਿੱਖਿਆ ਢਾਂਚਾ ਹੈ, ਪੜ੍ਹਾਈ ਦੇ ਨਾਮ ਤੇ ਦੁਕਾਨਾਂ ਖੁੱਲ੍ਹੀਆਂ ਹਨ। ਕੈਨੇਡਾ ਦੀ ਧਰਤੀ 'ਤੇ ਵੀ ਨਸ਼ੇ ਆਮ ਵਿਕਦੇ ਹਨ, ਇਕਲਾਪੇ ਦੇ ਸ਼ਿਕਾਰ, ਘਰਾਂ ਤੋਂ ਦੂਰ, ਦੋਸਤਾਂ ਮਿੱਤਰਾਂ ਤੋਂ ਦੂਰ ਔਖੇ ਸਮੇਂ ਵਿੱਚੋਂ ਲੰਘਦੇ ਹੋਏ ਪੰਜਾਬ ਦੇ ਨੌਜਵਾਨ, ਹੋਰ ਕੌਮਾਂਤਰੀ ਵਿਦਿਆਰਥੀ ਨਸ਼ਿਆਂ ਵੱਲ ਵੀ ਲੱਗ ਜਾਂਦੇ ਹਨ। ਅੱਜ ਜੋ ਵਿਦਿਆਰਥੀ ਉੱਥੇ ਬੈਠੇ ਹਨ, ਓਹਨਾਂ ਨੂੰ ਬੇਕਰੀ ਕਾਮਿਆਂ ਦੇ ਜੇਤੂ ਸੰਘਰਸ਼ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਜਥੇਬੰਦ ਹੋ ਕੇ ਸੰਘਰਸ਼ ਕਰਨਾ ਚਾਹੀਦੀ ਹੈ। ਮਾਂ-ਪਿਓ ਨੂੰ ਵੀ ਚਾਹੀਦਾ ਹੈ ਕਿ ਪੂਰੀ ਜਾਂਚ ਪੜਤਾਲ ਕਰ ਕੇ ਹੀ ਵਿਦੇਸ਼ੀ ਧਰਤੀ 'ਤੇ ਆਪਣੇ ਧੀਆਂ ਪੁੱਤਾਂ ਨੂੰ ਭੇਜਣ ਤਾਂ ਜੋ ਧੋਖੇਬਾਜ ਏਜੰਟਾਂ, ਧੋਖਾਧੜੀ ਤੋਂ ਬਚਾਅ ਹੋ ਸਕੇ।

## ਰਣ-ਭੂਮੀ

ਜ਼ਰਾ ਦੇਖਣਾ ਸੰਜੈ
ਰਣ-ਭੂਮੀ ਅੰਦਰ
ਕੀ ਕਰ ਰਹੀਆਂ ਨੇ
ਸਾਡੀਆਂ ਫੌਜਾਂ ?

ਮੁਆਫ਼ ਕਰਨਾ ਮਹਾਰਾਜ !

ਰਣ-ਭੂਮੀ ਅੰਦਰ ਤਾਂ
ਨਜ਼ਰ ਆ ਰਹੇ ਨੇ ਮੈਨੂੰ
ਸਿਰਫ਼ ਲਾਸ਼ਾਂ ਦੇ ਹੀ ਢੇਰ

ਲਾਸ਼ਾਂ ਬੁੱਢਿਆਂ ਦੀਆਂ
ਲਾਸ਼ਾਂ ਬੱਚਿਆਂ ਦੀਆਂ
ਜਵਾਨਾਂ ਦੀਆਂ
ਬੇਜ਼ੁਬਾਨਾਂ ਦੀਆਂ

ਪਰ ਇਨ੍ਹਾਂ 'ਚ
ਫੌਜੀ ਤਾਂ ਇੱਕ ਵੀ ਨਹੀਂ
ਨਾ ਹੀ ਹਥਿਆਰਬੰਦ
ਨਾ ਲੜਾਕੂ ਯੋਧਾ

ਇਹ ਤਾਂ ਨਿਰੋਲ ਸਾਰੇ
ਨਗਰ-ਪਿੰਡ ਵਾਸੀ ਹਨ
ਮਹਾਰਾਜ !

ਰਣ-ਭੂਮੀ ਜਿਹੀ ਤਾਂ
ਕੋਈ ਜਗ੍ਹਾ ਨਹੀਂ ਬਚੀ
ਨਾ ਖੇਤ ਬਚੇ ਨਾ ਖਲਿਹਾਣ
ਨਾ ਘਰ ਨਾ ਹਸਪਤਾਲ

ਅਭਿਮੰਨਿਯੂ ਤਾਂ
ਨਹੀਂ ਬਚਿਆ ਪ੍ਰੀਕਸ਼ਿਤ ਵੀ
ਉੱਤਰਾ ਦੀ ਕੁੱਖ ਅੰਦਰ
ਝੁਲਸ ਕੇ ਮਰ ਗਿਆ
ਆਰੀਆ-ਸ੍ਰੇਸ਼ਠ !

ਨਦੀਆਂ ਭਰੀਆਂ ਪਈਆਂ ਨੇ
ਲਹੂ-ਮਾਸ ਦੇ
ਲੋਥੜਿਆਂ ਨਾਲ
ਤੇ ਔਹ ਜਿਹੜਾ
ਟਿੱਬਾ ਦਿਸਦਾ ਹੈ
ਦਰਅਸਲ ਹੱਡੀਆਂ ਦਾ ਢੇਰ ਹੈ

ਗਿਰਝਾਂ ਤੇ ਭੇੜੀਆਂ ਦੇ
ਦਿਨ ਫਿਰ ਗਏ ਨੇ

ਧਰਤੀ ਦੇ ਜਿਸ ਟੁਕੜੇ ਖਾਤਿਰ
ਫੌਜਾਂ ਉੱਤਰੀਆਂ ਸਨ
ਰਣ-ਭੂਮੀ ਅੰਦਰ

ਉਹ ਤਾਂ ਉੱਥੇ ਹੀ ਪਈ ਹੈ
ਲਹੂ-ਲੁਹਾਣ

ਫੌਜਾਂ ਵੀ ਹਨ ਸਲਾਮਤ
ਖੰਦਕਾਂ-ਬੰਕਰਾਂ 'ਚ

ਪਰ ਰਾਖ਼ ਹੁੰਦੀ ਜਾ ਰਹੀ ਹੈ
ਪਰਜਾ ਕੁਰੂ-ਸ੍ਰੇਸ਼ਠ !

ਇਉਂ ਜਾਪਦਾ ਹੈ
ਕਿ ਦੋਹਾਂ ਪਾਸਿਆਂ ਨੂੰ
ਮੋਹ ਹੈ ਮਨੁੱਖ-ਹੀਣ ਭੂਮੀ ਨਾਲ
ਪਰ ਮਨੁੱਖ ਨਾਲ ਨਹੀਂ

ਪ੍ਰਭੂ ਇਸ ਰਣ-ਭੂਮੀ ਅੰਦਰ
ਨਾ ਕਿਤੇ ਧਰਮ ਹੈ
ਨਾ ਹੀ ਕਿਤੇ ਸੱਚ

ਸਿਰਫ਼ ਤੇ ਸਿਰਫ਼ ਹੰਕਾਰ ਹੀ ਹੈ
ਦੋਵੇਂ ਪਾਸੇ
ਅੰਨ੍ਹਾ ਹੰਕਾਰ
ਮੂੜ੍ਹ-ਮੱਤਾ ਹੰਕਾਰ
ਨਿਰਦਈ
ਤੇ ਹਿੰਸਕ ਹੰਕਾਰ

ਤੇ ਵੱਡਾ ਦੁਰਭਾਗ ਇਹ
ਕਿ ਇਸ ਵਾਰ
ਨਹੀਂ ਉੱਤਰਿਆ
ਕੋਈ ਈਸ਼ਵਰ
ਇਸ ਰਣ-ਭੂਮੀ 'ਚ

ਕਿਉਂਕਿ ਛਿੜ ਸਕਦਾ ਸੀ
ਇਹੋ ਜਿਹਾ ਯੁੱਧ ਤਾਂ
ਈਸ਼ਵਰ ਦੀ ਹੱਤਿਆ ਤੋਂ
ਬਾਅਦ ਹੀ।

**ਹਿੰਦੀ ਕਵੀ : ਹੂਬ ਨਾਥ**
**ਅਨੁਵਾਦ: ਯਸ਼ ਪਾਲ ਵਰਗ ਚੇਤਨਾ**

## ਪਰਵਾਸੀ ਨੂੰ

ਲਿਖਣ ਲੱਗਿਆਂ ਕੁਝ ਤਾਂ ਲ਼ਿਖਿਆ ਕਰ
ਲਿਖਣ ਲੱਗਿਆ ਝੱਟ ਲਿਖ ਦੇਨਾ
ਕੰਮ ਅਜੇ ਬਣਿਆ ਨਹੀਂ
ਮੈਂ ਰਾਜੀ ਖ਼ੁਸ਼ੀ ਹਾਂ

ਲਿਖਿਆ ਕਰ ਉਹਨਾਂ ਪਲਾਂ ਬਾਰੇ
ਜਿੰਨਾਂ ਨੂੰ ਫੜਣ ਨੂੰ ਜੀ ਕਰਦਾ ਹੈ
ਪਰ ਉਂਗਲਾਂ 'ਚੋਂ ਕਿਰ ਜਾਂਦੇ ਨੇ
ਰੇਤੇ ਵਾਂਗ ਅਛੋਪਲੇ

ਲਿਖਿਆ ਕਰ ਉਹਨਾਂ ਪਲਾਂ ਬਾਰੇ
ਜਦ ਰਾਤ ਨੂੰ ਨੀਂਦ ਟੁੱਟ ਜਾਂਦੀ ਹੈ
ਤੇ ਰੂਹ ਬਿਨਾਂ ਪਾਸਪੋਰਟ ਬਣਾਏ
ਵਾਪਸ ਵਤਨ ਪਰਤ ਆਉਂਦੀ ਹੈ

ਲਿਖਿਆ ਕਰ ਉਹਨਾਂ ਸੁਪਨਿਆਂ ਬਾਰੇ
ਜਿੰਨ੍ਹਾਂ ਚ ਰੰਗ ਭਰਨ ਨੂੰ
ਮਨ ਹਰ ਵਕਤ ਲੋਚਦਾ ਰਹਿੰਦਾ ਹੈ

ਲਿਖਿਆ ਕਰ ਉਹਨਾਂ ਮਛਲੀਆਂ ਬਾਰੇ
ਜੋ ਤੇਰੇ ਨੈਣਾਂ ਦੇ ਪਾਣੀਆਂ ਵਿੱਚ
ਤਰਦੀਆਂ ਰਹਿੰਦੀਆਂ ਨੇ

ਲਿਖਿਆ ਕਰ ਉਹਨਾਂ ਪਲਾਂ ਬਾਰੇ
ਜਦ ਤੇਰਾ ਕਿਸੇ ਨਾਲ
ਘੁਲ- ਮਿਲਣ ਨੂੰ ਜੀ ਕਰਦਾ ਹੈ
ਤੂੰ ਪਰਚ ਜਾਂਦਾ ਹੈਂ ਪਰ
ਆਪਣੇ ਹੀ ਨਾਲ

ਲਿਖਿਆ ਕਰ ਉਹਨਾਂ ਕਾਰਨਾਂ ਬਾਰੇ
ਜਿਸ ਕਰਕੇ ਤੂੰ ਚੁੱਪ ਰਹਿੰਦ ਹੈਂ
ਤੇ ਜ਼ਮੀਰ ਨੂੰ ਸੁਆ ਦੇਨਾਂ ਏ
ਦੇ ਕੇ ਟਕਿਆਂ ਦੀ ਲੋਰੀ

ਲਿਖਿਆ ਕਰ ਉਹਨਾਂ ਬਾਰੇ ਵੀ
ਜੋ ਲੈ ਬੱਤੀ ਆਸ ਦੀ
ਭਟਕ ਰਹੇ ਹਨ ਤੇਰੇ ਹੀ ਵਾਂਗ
ਤੇਰੇ ਹੀ ਸ਼ਹਿਰ ਵਿੱਚ

ਲਿਖਣ ਲੱਗਿਆ ਕੁਝ ਤਾਂ ਲਿਖਿਆ
ਲਿਖਣ ਲੱਗਿਆ ਝੱਟ ਲਿਖ ਦੇਨਾਂ
ਕੰਮ ਅਜੇ ਬਣਿਆ ਨਹੀਂ
ਮੈਂ ਰਾਜੀ ਖ਼ੁਸ਼ੀ ਹਾਂ ।

**ਜਰਨੈਲ ਸਿੰਘ ਅੱਚਰਵਾਲ**

## ਫਲਸਤੀਨੀ ਮਾਂਵਾਂ ਦੇ ਨਾਮ

ਬਾਰੂਦ ਦੇ ਪਹਾੜ ਤੇ ਬੈਠੀਆਂ
ਬੇਘਰ, ਬੇਵਤਨ ਮਾਵਾਂ
ਕਿਉਂ ਜੰਮਦੀਆਂ ਹਨ ਬਾਲ
ਜਿੱਥੇ ਹਰ ਸਾਹ ਤੇ ਹੈ
ਮੌਤ ਮੰਡਰਾ ਰਹੀ,
ਹਰ ਪਾਸੇ ਬਾਰੂਦ ਦੀ ਗੰਧ ਹੈ
ਅਗ ਉਗਲਦੀਆਂ
ਸੰਗੀਨਾਂ ਦਾ ਪਹਿਰਾ ਹੈ
ਕਬਰਗਾਹਾਂ ਹੀ ਕਬਰਗਾਹਾਂ ਹਨ।

ਕਿਉਂ ਪਾਲਦੀਆਂ ਹਨ
ਇਹ ਮਾਂਵਾਂ
ਕੁੱਖਾਂ 'ਚ ਮਮਤਾ ਦੇ ਰੰਗੀਨ ਸਪਨੇ ?
ਅਨਾਥ, ਲਹੂ ਲੁਹਾਣ
ਦਹਿਸ਼ਤਜਦਾ
ਭੁੱਖੇ-ਪਿਆਸੇ,
ਮਾਂ ਬਾਪ ਨੂੰ ਤਲਾਸ਼ਦੇ,
ਮ੍ਰਿਤ ਅੱਬਾਆਂ, ਅੱਬਾਵਾਂ
ਦੀਆਂ ਦੇਹਾਂ ਨੂੰ ਚਿੰਬੜੇ,
ਉਹਨਾਂ ਦੇ ਚਿਹਰਿਆਂ ਤੇ
ਵਾਰ ਵਾਰ
ਅੰਤਿਮ ਚੁੰਬਣ ਕਰਦੇ
ਵਿਲਕਦੇ ਬੱਚੇ,
ਧਾੜਵੀਆਂ ਨੂੰ
ਕਰ ਰਹੇ ਹਨ ਸੁਆਲ
ਸਾਡਾ ਕਸੂਰ ਕੀ ਹੈ ?
ਅਸੀਂ ਤਾਂ ਕਿਸੇ ਦੀ
ਜਮੀਨ ਨਹੀਂ ਨੱਪੀ
ਨਾ ਹੀ ਕੀਤਾ ਹੈ
ਕਿਸੇ ਤੇ ਹਮਲਾ।
ਕਿਉਂ ਮਾਰਿਆ ਜਾ ਰਿਹਾ ਸਾਨੂੰ ?

ਕਸੂਰ ਥੌਡਾ ਨਹੀਂ ਪਿਆਰੇ ਬੱਚਿਓ
ਥੋਡੀਆਂ ਮਾਵਾਂ ਦਾ ਹੈ
ਨਾਬਰ ਹਨ ਜੋ
ਨਹੀਂ ਛੱਡ ਰਹੀਆਂ
ਅਪਣਾ ਵਤਨ, ਅਪਣੀ ਜਮੀਨ
ਤੇ ਜਿੰਦਾ ਰਹਿਣ ਦਾ ਜਜਬਾ।
ਚੱਟਾਨ ਵਾਂਗ ਖੜ੍ਹੀਆਂ ਹਨ
ਅਪਣੇ ਖਾਵੰਦਾਂ ਨਾਲ
ਇਹ ਹੀ ਕਸੂਰ ਹੈ ਥੌਡਾ।
ਇਹ ਹਰ ਥਾਂ ਹੁੰਦਾ ਹੈ
ਚਾਹੇ ਉਹ ਫਲਸਤੀਨ ਹੋਵੇ
ਜਾ ਜਲ, ਜੰਗਲ ਅਤੇ ਜਮੀਨ
ਦੀ ਰਾਖੀ ਲਈ ਲੜਦੇ ਲੋਕ।
ਪਿਆਰੇ ਬੱਚਿਓ !



**ਜੋਗਿੰਦਰ ਆਜ਼ਾਦ**
**9646335309**

## ਜਦੋਂ ਕਾਮਰੇਡ ਕਹਿੰਦੇ ਸੀ



ਜਦੋਂ ਕਾਮਰੇਡ ਕਹਿੰਦੇ ਸੀ
ਦੇਸ਼ ਦੇ ਲੀਡਰਾਂ ਨੇ
ਗੈਟ ਸਮਝੌਤੇ ਤੇ
ਦਸਤਖ਼ਤ ਕਰਕੇ
ਆਪਣੇ ਹੱਥ ਵਢਾ ਲਏ,
ਡੰਕਲ ਤਜਵੀਜਾਂ,
ਨਿੱਜੀਕਰਨ,
ਵਪਾਰੀਕਰਨ ਦੇ
ਬੜੇ ਮਾਰੂ ਪ੍ਰਭਾਵ ਪੈਣਗੇ
ਸਾਨੂੰ ਉਹ ਗੱਲਾਂ
ਫਜ਼ੂਲ ਲਗਦੀਆਂ।

ਜਦੋਂ ਤਸਲੀਮਾ ਨਸਰੀਨ ਨੂੰ
ਜਲਾਵਤਨੀ ਕੱਟਣੀ ਪਈ
ਅਰੁੰਧਤੀ ਰਾਏ ਨੂੰ
ਤਸ਼ੱਦਦ ਸਹਿਣਾ ਪਿਆ
ਅਸੀਂ ਚੁੱਪ ਚਾਪ
ਤਮਾਸ਼ਾ ਦੇਖਦੇ ਰਹੇ।

ਜਦੋਂ ਜੰਮੂ ਕਸ਼ਮੀਰ ਦੇ
ਹਰ ਘਰ ਨੂੰ
ਜੇਲ੍ਹ ਵਿੱਚ ਬਦਲ ਦਿੱਤਾ ਗਿਆ
ਅਸੀਂ ਅਜ਼ਾਦੀ ਦਿਵਸ ਮਨਾਉਂਦੇ ਰਹੇ।

ਜਦੋਂ ਨਿੱਜੀਕਰਨ ਦੀ ਆੜ ਵਿੱਚ
ਸਾਡੇ ਬੱਚਿਆਂ ਦਾ
ਸਿਰਫ ਰੋਟੀ ਬਦਲੇ
ਸ਼ੋਸ਼ਣ ਸ਼ੁਰੂ ਹੋਇਆ
ਅਸੀਂ ਬਾਹਰ ਵੱਲ
ਵਹੀਰਾਂ ਘੱਤ ਲਈਆਂ।

ਜਦੋਂ ਰੇਲਾਂ ਵੇਚੀਆਂ ਗਈਆਂ
ਸੜਕਾਂ ਵੇਚੀਆਂ ਗਈਆਂ
ਹਵਾਈ ਅੱਡੇ ਵੇਚੇ ਗਏ
ਬੈਂਕ ਵੇਚੇ ਗਏ
ਪਹਾੜ ਵੇਚੇ ਗਏ
ਦਰਿਆ ਵੇਚੇ ਗਏ
ਜੰਗਲ ਵੇਚੇ ਗਏ

ਸਾਨੂੰ ਇਹ ਵਿਸ਼ੇ
ਆਪਣੇ ਹੀ ਨਹੀਂ ਲੱਗੇ।

ਜਦੋਂ ਜਾਗਰੂਕ ਲੋਕ
ਸ਼ਹਿਰ ਦੀਆਂ ਸੜਕਾਂ ਉੱਤੇ
ਥੋੜੀ ਜਿਹੀ ਗਿਣਤੀ ਵਿੱਚ
ਰੋਸ ਮੁਜ਼ਾਹਰੇ ਕੱਢਦੇ
ਸਾਨੂੰ ਉਹ ਵਿਹਲੜ ਜਾਪਦੇ।

ਆਖਰ ਓਹੀ ਹੱਥ
ਸਾਡੇ ਗਲਮਿਆਂ ਤੱਕ
ਪੁੱਜ ਚੁੱਕੇ ਹਨ।

ਆਓ ਹੁਣ ਆਪਾਂ
ਲੜਦੇ ਹਾਂ
ਇੱਕਜੁੱਟ ਹੋ ਕੇ
ਆਪਣੇ ਹਿੱਸੇ ਦੀ ਲੜਾਈ
ਇਤਿਹਾਸ ਗਵਾਹ ਹੈ
ਲੜਨ ਵਾਲਿਆਂ ਦੀ ਜਿੱਤ
ਯਕੀਨਨ ਹੁੰਦੀ ਹੈ।

**ਜਗਜੀਤ ਗੁਰਮ**
**9915264836**

## ਬਹੁਤ ਗਰਮੀ ਹੁੰਦੀ ਜਾਂਦੀ ਹੈ

ਪੰਜਾਬ ਵਿੱਚ ਬਹੁਤ ਗਰਮੀ ਹੁੰਦੀ ਜਾਂਦੀ ਹੈ
"ਸੰਨੀ ਡੇਅ" ਸਾਡਾ ਜੀਣਾ ਹਰਾਮ ਕਰੀਂ ਜਾਂਦੇ ਹਨ
ਪਤਲੇ ਪਤਲੇ ਚਿੱਟਿਆਂ 'ਤੇ
ਭਗਵਿਆਂ ਵਿੱਚ ਵੀ
ਮੁੜ੍ਹਕੇ ਨਾਲ ਬੁਰਾ ਹਾਲ ਹੋਈਂ ਜਾਂਦਾ ਹੈ
ਏਅਰਕੰਨਡੀਸ਼ਨਡ ਹਾਲ ਕਮਰਿਆਂ ਵਿੱਚ ਵੀ
ਦੀਵਾਨ ਸਜਾਉਣੇ ਔਖੇ ਲੱਗਦੇ ਹਨ
ਏਅਰਕੰਨਡੀਸ਼ਨ ਕਾਰਾਂ ਵਿੱਚ ਸਫਰ ਕਰਨਾ ਵੀ
ਮਾਊਂਟਐਵਰਿਸਟ ਤੇ ਚੜ੍ਹਨ ਤੋਂ ਘੱਟ ਨਹੀਂ ਲੱਗਦਾ
ਠੰਡੇ ਦੇਸ਼ਾਂ ਵਿੱਚ ਬੈਠੇ ਚੇਲੇ ਚੇਲੀਆਂ ਨੂੰ
ਮਿਲਣ ਦਾ ਪ੍ਰੋਗਰਾਮ ਬਣਾਵਾਂਗੇ

ਆਪਾਂ ਹੁਣ ਪਾਸਪੋਰਟ ਨੂੰ ਲੌਕਰ ਵਿੱਚੋਂ ਕੱਢਾਗੇ
ਕਨੇਡਾ, ਅਮਰੀਕਾ 'ਤੇ ਇੰਗਲੈਂਡ ਦੇ
ਵੀਜ਼ੇ ਲਗਵਾਵਾਂਗੇ
ਗਰਮੀਆਂ ਉੱਥੇ ਕੱਢ ਆਵਾਂਗੇ
ਵੱਡੇ ਵੱਡੇ ਦੀਵਾਨ ਲਾਵਾਂਗੇ
ਹਾਈਵੇ ਬੰਦ ਕਰਵਾਵਾਂਗੇ
ਮਨਘੜ੍ਹਤ ਸਾਖੀਆਂ ਸੁਣਾ ਕੇ
ਆਪਣੇ ਚਰਨ ਛੁਹਾਵਾਂਗੇ
ਲੋਕਾਂ ਨੂੰ ਮਦਹੋਸ਼ ਕਰ ਆਵਾਂਗੇ
ਦੋ ਇੱਧਰ ਦੀਆਂ, ਚਾਰ ਉੱਧਰ ਦੀਆਂ ਸੁਣਾਵਾਂਗੇ
ਧਾਰਮਿਕ ਗ੍ਰੰਥਾਂ ਦੀ ਪੁੱਠੀ ਸਿੱਧੀ
ਵਿਆਖਿਆ ਕਰ ਕੇ
ਪੜ੍ਹੇ ਲਿਖਿਆਂ ਦਾ ਉੱਲੂ ਬਣਾਵਾਂਗੇ
ਭਗਤਾਂ ਵੱਲੋਂ ਦਾਨ ਕੀਤੇ ਰੁਮਾਲਿਆਂ ਨੂੰ
ਗਰੀਬਾਂ ਨੂੰ ਦੇਣ ਦੀ ਬਜਾਏ
ਅੱਗ ਵਿੱਚ ਸੜਵਾਵਾਂਗੇ
ਗਰਮੀਆਂ ਠੰਡੇ ਦੇਸ਼ਾਂ ਵਿੱਚ ਕੱਢ ਆਵਾਂਗੇ

ਆਪਣੀਆਂ ਜੁਗਤਾਂ ਤੇ ਕਰਾਮਾਤਾਂ ਨਾਲ
ਵਧੀਆ ਦੇਸ਼ਾਂ ਵਿੱਚ ਰਹਿੰਦੇ ਲੋਕਾਂ ਦੇ
ਦਿਮਾਗ਼ਾਂ ਵਿੱਚ ਤੂੜੀ ਭਰ ਆਵਾਂਗੇ
ਲੋਕਾਂ ਨੂੰ ਤੱਪੜਾਂ ਤੇ ਕੁਰਸੀਆਂ ਪਿੱਛੇ
ਛਿੱਤਰੋਂ ਛਿੱਤਰੀ ਕਰਵਾਵਾਂਗੇ
'ਨਾਨਕਸ਼ਾਹੀ ਕਲੰਡਰ' ਨੂੰ ਮੰਨਣ ਵਾਲਿਆਂ
ਦੀ ਚਿੱਟੇ ਦਿਨ ਬੇਇੱਜ਼ਤੀ ਕਰਵਾਵਾਂਗੇ
ਪੁੱਠੇ ਸਿੱਧੇ ਨਾਹਰੇ ਲਵਾਵਾਂਗੇ
ਜਾਤ-ਪਾਤ ਦੇ ਨਾਂ ਤੇ ਗੁਰੂ ਘਰ
ਬਣਾਉਣ ਵਿੱਚ ਪੂਰਾ ਯੋਗਦਾਨ ਪਾਵਾਂਗੇ
ਲੋਕਾਂ ਨੂੰ ਬਿਜ਼ਨਿਸ ਵਧਾਉਣ ਦੀਆਂ
ਲਕਸ਼ਮੀ ਘਰ ਆਉਣ ਦੀਆਂ
ਪੁੜੀਆਂ ਵੰਡ ਆਵਾਂਗੇ
ਗਰਮੀਆਂ ਠੰਡੇ ਦੇਸ਼ਾਂ ਵਿੱਚ ਕੱਢ ਆਵਾਂਗੇ

ਉੱਚੀ ਉੱਚੀ ਵਾਜੇ ਵਜਾ ਕੇ
ਛੈਣੇ ਖੜਕਾ ਕੇ
ਸੰਘ ਪਾੜ ਪਾੜ ਕੇ
ਰੱਬ ਰੱਬ ਰੱਬ ਰੱਬ ਗਾ ਕੇ
ਲੋਕਾਂ ਨੂੰ ਝੂਮਣ ਲਾਵਾਂਗੇ
ਸਾਰੀ ਰਾਤ ਜਗਰਾਤੇ ਕਰਾਵਾਂਗੇ
ਗੋਰਿਆਂ ਦੀ ਨੀਂਦ ਦੀਆਂ ਧੱਜੀਆਂ ਉੜਾਵਾਂਗੇ
ਉਨ੍ਹਾਂ ਨੂੰ ਗੁੱਸਾ ਚੜ੍ਹਾਵਾਂਗੇ
ਕੋਲਿਆਂ ਵਾਂਗ ਭਖਾਂਵਾਗੇ
ਬੁੱਢੇ ਸਰੀਰ ਨੂੰ ਠੰਡ ਲੱਗੀ ਤੋਂ
ਅੱਧ ਸੁੱਤੀਆਂ ਚੇਲੀਆਂ ਨੂੰ ਬੁੱਕਲ ਵਿੱਚ ਬਠਾਵਾਂਗੇ
ਗਰਮੀਆਂ ਠੰਡੇ ਦੇਸ਼ਾਂ ਵਿੱਚ ਕੱਢ ਆਵਾਂਗੇ

ਵਧੀਆ ਖਾਂਦਿਆਂ ਦੇ ਤੇ ਵਧੀਆ ਪਹਿਨਦਿਆਂ ਦੇ
ਘਰਾਂ ਵਿੱਚ ਦਰਸ਼ਨ ਦਿਆਂਗੇ
ਮੁੱਠੀਆਂ ਭਰ ਭਰ ਬਦਾਮ ਤੇ ਕਾਜੂ ਖਾਵਾਂਗੇ
ਵਧੀਆ ਤੋਂ ਵਧੀਆ ਸੋਮਰਸ ਪੀਵਾਂਗੇ
ਲੂਤੀਆਂ ਲਾ ਕੇ ਧੜੇ ਬਣਾਵਾਂਗੇ
ਟੂਣੇ ਕਰਨੇ ਸਿਖਾਵਾਂਗੇ
ਰਿਸ਼ਤੇਦਾਰੀਆਂ, ਦੋਸਤੀਆਂ ਵਿੱਚ ਪਾੜੇ ਵਧਾ ਕੇ
ਛਿੱਤਰੋਂ ਛਿੱਤਰੀ ਕਰਵਾਵਾਂਗੇ
ਇਨ੍ਹਾਂ ਦੇਸ਼ਾਂ ਨੂੰ ਵੀ ਦੂਜਾ 'ਪੰਜਾਬ' ਬਣਾਵਾਂਗੇ
ਆਪਣਾ ਬਿਜਨਿਸ ਵਧਾਵਾਂਗੇ
ਗਰਮੀਆਂ ਠੰਡੇ ਦੇਸ਼ਾਂ ਵਿੱਚ ਕੱਢ ਆਵਾਂਗੇ

ਜਦੋਂ ਪੱਤਿਆਂ ਨੇ ਰੰਗ ਬਦਲਣਾ ਸ਼ੁਰੂ ਕੀਤਾ
ਆਪਣਾ ਬਿਸਤਰਾਂ ਬੰਨ੍ਹਣਾ ਸ਼ੁਰੂ ਕਰ ਦੇਵਾਂਗੇ
ਪੱਤੇ ਡਿੱਗਣ ਤੋਂ ਪਹਿਲਾਂ ਪਹਿਲਾਂ
ਡਾਲਰਾਂ ਦੀਆਂ, ਤੋਹਫ਼ ?ਆਂ ਦੀਆਂ
ਪੰਡਾਂ ਬੰਨ੍ਹ ਕੇ ਲੈ ਆਵਾਂਗੇ
ਆਪਣੇ ਡੇਰਿਆਂ ਵਿੱਚ ਆਕੇ
ਡੇਰਿਆਂ ਦੀ ਸ਼ਾਨ ਵਧਾਵਾਂਗੇ
ਗਰਮੀਆਂ ਠੰਡੇ ਦੇਸ਼ਾਂ ਵਿੱਚ ਕੱਢ ਆਵਾਂਗੇ

ਮੌਜ ਨਾਲ ਸਰਦੀਆਂ ਦੇ ਹਰ 'ਸੰਨੀ ਡੇਅ' ਵਿੱਚ
ਧੁੱਪੇ ਬੈਠ ਕੇ, ਚੇਲੇ ਚੇਲੀਆਂ ਤੋਂ
ਕਨੇਡਾ ਤੋਂ ਲਿਆਂਦਾ ਤੇਲ ਤੇ ਲੋਸ਼ਨ ਲੁਆ ਕੇ
ਮਾਲਸ਼ ਕਰਵਾਵਾਂਗੇ
ਆਪਣੇ ਪੈਰ ਧੁਆ ਕੇ ਪਾਣੀ ਚੇਲੀਆਂ ਨੂੰ ਪਲਾਵਾਂਗੇ
ਰੱਬ ਵੱਲੋਂ ਲਾਈਆਂ ਡਿਊਟੀਆਂ
"ਸੰਨੀ ਡੇਅ"ਹੋਵੇ ਜਾਂ ਬੱਦਲਵਾਈ
ਨੂੰ ਤੋੜ ਨਿਭਾਵਾਂਗੇ
ਰੱਬ ਦਾ ਸ਼ੁਕਰ ਮਨਾਵਾਂਗੇ
ਰੱਬ ਦਾ ਸ਼ੁਕਰ ਮਨਾਵਾਂਗੇ।



**ਸੰਨੀ ਧਾਲੀਵਾਲ**

## .ਗ਼ਜ਼ਲ

ਰੁਕਨ ISSS. ISSS. ISSS. ISSSI
ਬਹਿਰ ਹਜ਼ਜ ਮੁਸੰਮਨ ਮਸਬਗ

ਰਿਹਾ ਕਰਦਾ ਜ਼ਮਾਨਾ ਕਿਉਂ ਜ਼ਫ਼ਾਵਾਂ ਢਾਰਿਆਂ ਦੇ ਨਾਲ।
ਨਿਓਂਦਾ ਮੋੜਨਾ ਹੈ ਲਾਜ਼ਮੀ ਲਲਕਾਰਿਆਂ ਦੇ ਨਾਲ।

ਨਿਭੀ ਸਾਡੀ ਕਦੇ ਵੀ ਨਾ ਦਵੈਤੀ ਸੂਰਜਾਂ ਦੇ ਸੰਗ,
ਸ਼ੁਆਵਾਂ ਦੇਣ ਰਾਤਾਂ ਨੂੰ ਨਿਭਾਂਗੇ ਤਾਰਿਆਂ ਦੇ ਨਾਲ।

ਵਿਕਾਂਗੇ ਨਾ ਕਦੇ ਵੀ, ਨਾ ਬਣਾਂਗੇ ਡਾਢਿਆਂ ਦੇ ਯਾਰ,
ਰਿਹਾ ਵਾਅਦਾ, ਨਿਭਾਵਾਂਗੇ ਵਫ਼ਾਵਾਂ ਢਾਰਿਆਂ ਦੇ ਨਾਲ।

ਤਿਰੀ ਭਾਜੀ ਅਸੀਂ ਮੋੜੀ ਤਿਰਾ ਢਾਹ ਕੇ ਚੁਬਾਰਾ ਕੱਲ੍ਹ,
ਰਿਹਾ ਕਰਦਾ ਜਫ਼ਾਵਾਂ ਨਿੱਤ ਕੱਲੇ ਕਾਰਿਆਂ ਦੇ ਨਾਲ।

ਅਛੂਤਾਂ ਦਾ ਲਕਬ ਸਾਨੂੰ ਚੁਭੇ ਨਿਤ ਕੰਡਿਆਂ ਦੇ ਵਾਂਗ,
ਪਤਾ ਹੀ ਨ੍ਹੀ ਕਦੋਂ ਹੋਣਾ ਨਿਆਂ ਦੁਰਕਾਰਿਆਂ ਦੇ ਨਾਲ।

ਦਗਾ ਕੀਤਾ ਤਿਰੀ ਫਿਤਰਤ ਕਰੇਂ ਛਲ ਅਪਣਿਆਂ ਦੇ ਸੰਗ,
ਤੂੰ ਭਰਮਾਇਆ ਬੜਾ ਸਾਨੂੰ ਸਦਾ ਹੀ ਲਾਰਿਆਂ ਦੇ ਨਾਲ।

ਕਹੋ ਸ਼ੂਦਰ ਕਿਸੇ ਨੂੰ ਕਿਉਂ ਵਰੁਣ ਧਾਰਾ ਨਹੀਂ ਮਨਜ਼ੂਰ ,
ਨਿਆਂ ਖਾਤਰ ਪਊ ਖੜ੍ਹਨਾ ਨਸੀਬਾਂ ਮਾਰਿਆਂ ਦੇ ਨਾਲ।

ਅਨੂਠੇ ਸੀਸ ਸਿਰਜੇ ਜੋ ਗੜ੍ਹੀ ਚਮਕੌਰ ਵਿਚ ਗਰਜੇ ਸੀ,
ਝੁਕੇ ਨਾ ਸੀਸ ਭਾਵੇਂ ਚੀਰ 'ਤੇ ਨੇ ਆਰਿਆਂ ਦੇ ਨਾਲ।

**ਹਰਵਿੰਦਰ ਸਿੰਘ ਸਿੱਧੂ**

ਇਨਕਲਾਬੀ, ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ, ਤਰਕਸ਼ੀਲ, ਵਿਗਿਆਨਕ, ਉਸਾਰੂ ਸਾਹਿਤ,
ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਪਰਵਾਜ਼ ਥੀਏਟਰ ਬਰਨਾਲਾ ਵੱਲੋਂ ਨਾਟਕ 'ਬੇਬੀ ਸੋਨਾ' ਖੇਡਿਆ





ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਸਮਾਗਮ ਵਿੱਚ ਫਿਲਸਤੀਨ ਦੇ ਲੋਕਾਂ ਹੋ ਰਹੇ ਜੁਲਮ ਵਿਰੁੱਧ ਹਾਅ ਦਾ ਨਾਅਰਾ ਮਾਰਿਆ। ਇਸ ਸਮਾਗਮ ਦਾ ਉਦਘਾਟਨ ਰੈੱਡ.ਐਫ.ਐਮ.ਰੇਡੀਓ ਕੈਲਗਰੀ ਦੇ ਹੋਸਟ ਰਿਸ਼ੀ ਨਾਗਰ, ਇੰਦਰਜੀਤ ਸਿੰਘ, ਅਮਰੀਕ ਤਲਵੰਡੀ, ਮਾਸਟਰ ਲਖਿੰਦਰ ਸਿੰਘ, ਮਾਸਟਰ ਉਜਾਗਰ ਸਿੰਘ, ਬਲਦੇਵ ਸਿੰਘ ਔਲਖ, ਹਰਕੇਸ਼ ਚੌਧਰੀ, ਅੰਜੂ ਚੌਧਰੀ, ਪ੍ਰਗਟ ਸਿੰਘ ਜੀ ਨੇ ਸਾਂਝੇ ਰੂਪ ਵਿੱਚ ਕੀਤਾ। ਰਿਸ਼ੀ ਨਾਗਰ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਲੋਕ ਕਲਾ ਮੰਚ ਦੇ ਕੰਮਾਂ ਦੀ ਪ੍ਰਸ਼ੰਸ਼ਾ ਕੀਤੀ। ਇਸ ਤੋਂ ਬਾਆਦ ਪਰਵਾਜ਼ ਥੀਏਟਰ ਬਰਨਾਲਾ ਵੱਲੋਂ ਨਾਟਕ 'ਬੇਬੀ ਸੋਨਾ' ਲੇਖਕ ਤੇ ਨਿਰਦੇਸ਼ਕ ਦਿਲਪ੍ਰੀਤ ਚੌਹਾਨ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਨਾਟਕ ਰਾਹੀਂ ਦੱਸਿਆ ਗਿਆ ਕਿ ਬਜ਼ੁਰਗਾਂ ਨੂੰ ਘਰਾਂ ਵਿੱਚ ਉਹਨਾਂ ਦਾ ਬਣਦਾ ਸਤਿਕਾਰ ਜ਼ਰੂਰ ਦੇਣਾ ਚਾਹੀਦਾ ਹੈ। ਨਾਟਕ ਟੀਮ ਦਾ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਸਨਮਾਨ ਕੀਤਾ ਗਿਆ। ਜਿਸ ਵਿੱਚ ਅੰਜੂ ਚੋਧਰੀ, ਕਮਲਜੀਤ ਮੋਹੀ, ਦੀਪਕ ਰਾਏ, ਅਨਿਲ ਸੇਠੀ, ਪਰਦੀਪ ਕੌਰ, ਭਾਗ ਸਿੰਘ, ਜੁਝਾਰ ਸਿੰਘ, ਗੁਰੀ ਮਾਣਕਵਾਲ, ਕਰਨਵੀਰ ਸਿੰਘ ਨੇ ਭਾਗ ਲਿਆ ਇਸ ਮੌਕੇ 'ਤੇ ਰਿਸ਼ੀ ਨਾਗਰ ਜੀ ਦਾ ਸਨਮਾਨ ਕੀਤਾ ਗਿਆ। ਬਲਦੇਵ ਸਿੰਘ ਔਲਖ ਜੀ ਦਾ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਬਲਦੇਵ ਸਿੰਘ ਔਲਖ ਨੇ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਨੂੰ 10 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਨੇ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ।



ਰਿਸ਼ੀ ਨਾਗਰ ਅਤੇ ਬਲਦੇਵ ਸਿੰਘ ਔਲਖ ਨੂੰ ਕੀਤਾ ਗਿਆ ਸਨਮਾਨਤ

# ਸਿਰਮੌਰ ਪੱਤਰਕਾਰ ਤੇ ਪੰਜਾਬੀ ਲੇਖਕ ਸੁਰਜਨ ਸਿੰਘ ਜ਼ੀਰਵੀ ਦਾ ਕੈਨੇਡਾ ਵਿੱਚ ਦੇਹਾਂਤ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਇਸਪਾਤੀ ਇਰਾਦੇ ਵਾਲੇ ਪਰ ਹਸਮੁਖ ਪੱਤਰਕਾਰ ਸੁਰਜਨ ਸਿੰਘ ਜ਼ੀਰਵੀ ਜੀ ਦਾ ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ ਟੋਰੰਟੋ ਇਲਾਕੇ ਵਿੱਚ ਦੇਹਾਤ ਹੋ ਗਿਆ ਹੈ। ਪੰਜਾਬ ਰਹਿੰਦਿਆਂ ਉਹ ਰੋਜ਼ਾਨਾ ਅਖ਼ਬਾਰ ਨਵਾਂ ਜ਼ਮਾਨਾ ਦੇ ਸੰਪਾਦਕ ਸਨ। ਉਨ੍ਹਾਂ ਨੂੰ ਬਾਬਾ ਗੁਰਬਖ਼ਸ਼ ਸਿੰਘ ਬੰਨੂਆਣਾ ਵਾਂਗ ਹੀ ਪੱਤਰਕਾਰਾਂ ਦੇ ਪੱਤਰਕਾਰ ਉਸਤਾਦ ਹੋਣ ਦਾ ਸ਼ਰਫ਼ ਹਾਸਲ ਸੀ। ਇਹ ਜਾਣਕਾਰੀ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਤੇ ਜ਼ੀਰਵੀ ਜੀ ਨਾਲ ਨਵਾਂ ਜ਼ਮਾਨਾ 'ਚ ਲਗਪਗ ਸਾਢੇ ਸੱਤ ਸਾਲ ਕੰਮ ਕਰ ਚੁਕੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਨੇ ਜ਼ੀਰਵੀ ਪਰਿਵਾਰ ਦੇ ਹਵਾਲੇ ਨਾਲ ਦਿੱਤੀ ਹੈ।

ਪਿਛਲੇ ਲੰਮੇ ਸਮੇਂ ਤੋਂ ਸੁਰਜਨ ਜ਼ੀਰਵੀ ਜੀ ਕੈਨੇਡਾ ਵੱਸਦੇ ਸਨ ਅਤੇ ਉਥੇ ਵੱਸਦੇ ਲੇਖਕਾਂ ਤੇ ਨਵ ਸਿਰਜਕਾਂ ਵਿੱਚ ਹਰਮਨ ਪਿਆਰੇ ਸਨ। ਇਕਬਾਲ ਮਾਹਲ ਤੇ ਜੋਗਿੰਦਰ ਕਲਸੀ ਨੇ ਵਿਯਨਜ਼ ਆਫ਼ ਪੰਜਾਬ ਵੱਸੋਂ ਕੁਝ ਸਾਲ ਪਹਿਲਾਂ ਉਨ੍ਹਾਂ ਦੇ 85ਵੇਂ ਜਨਮ ਦਿਨ ਤੇ ਦਸਤਾਵੇਜ਼ੀ ਫ਼ ?ਲਮ ਵੀ ਤਿਆਰ ਕੀਤੀ ਸੀ।

ਸੁਰੀਲੇ ਪੰਜਾਬੀ ਗਾਇਕ ਸਵਰਗੀ ਜਗਜੀਤ ਸਿੰਘ ਜ਼ੀਰਵੀ ਦੇ ਉਹ ਵੱਡੇ ਵੀਰ ਸਨ ਅਤੇ ਪੰਜਾਬੀ ਕਵੀ ਸਵਰਗੀ ਡਾ. ਜਸਵੰਤ ਸਿੰਘ ਨੇਕੀ (ਸਾਬਕਾ ਡਾਇਰੈਕਟਰ, ਪੀ ਜੀ ਆਈ, ਚੰਡੀਗੜ੍ਹ) ਦੇ ਉਹ ਬਹਿਨੋਈ ਸਨ। ਉਨ੍ਹਾਂ ਦੀ ਬਹੁਚਰਚਿਤ ਕਿਤਾਬ "ਇਹ ਹੈ ਬਾਰਬੀ ਸੰਸਾਰ "ਵਾਰਤਕ ਦੇ ਉੱਚਤਮ ਨਮੂਨੇ ਵਜੋਂ ਜਾਣੀ ਜਾਂਦੀ ਹੈ।




ਸ. ਸੁਰਜਨ ਸਿੰਘ ਜ਼ੀਰਵੀ ਦੇ ਦੇਹਾਂਤ ਤੇ ਅਫ਼ਸੋਸ ਪ੍ਰਗਟ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ? ਗੁਰਭਜਨ ਸਿੰਘ ਗਿੱਲ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਜ਼ੀਰਵੀ ਜੀ ਲਿਆਕਤ, ਸਾਹਿੱਤ ਸੂਝ ਅਤੇ ਵਿਅੰਗ ਨਸ਼ਤਰ ਨੂੰ ਇੱਕੋ ਜਹੀ ਮੁਹਾਰਤ ਨਾਲ ਵਾਰਤਕ ਲਿਖਣ ਵਾਲੇ ਸਿਰਜਕਾਂ ਚੋਂ ਸਿਰਮੌਰ ਸਨ। ਪਿਛਲੇ ਦਿਨੀਂ ਹੀ ਉਨ੍ਹਾਂ ਨੂੰ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਜਗਜੀਤ ਸਿੰਘ ਅਨੰਦ ਯਾਦਗਾਰੀ ਪੁਰਸਕਾਰ ਦੇਣ ਦਾ ਫ਼ੈਸਲਾ ਸਰਬ ਸੰਮਤੀ ਨਾਲ ਕਰ ਕੇ ਐਲਾਨ ਕੀਤਾ ਗਿਆ ਸੀ। ਉਨ੍ਹਾ ਜ਼ੀਰਵੀ ਜੀ ਨਾਲ ਨਵਾਂ ਜ਼ਮਾਨਾ ਦੇ ਸੰਪਾਦਕ ਹੋਣ ਸਮੇਂ ਦੀਆਂ ਮੁਲਾਕਾਤਾਂ ਅਤੇ ਬਾਦ ਵਿੱਚ ਕੈਨੇਡਾ ਵਿਖੇ ਇਕਬਾਲ ਮਾਹਲ ਤੇ ਜੋਗਿੰਦਰ ਕਲਸੀ ਜੀ ਨਾਲ ਜ਼ੀਰਵੀ ਨਿਵਾਸ ਤੇ ਪਹੁੰਚ ਕੇ ਬਿਤਾਈ ਸ਼ਾਮ ਨੂੰ ਚੇਤੇ ਕੀਤਾ।


KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4


Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Paul Dosanjh
Sales Representative
Dri: 416-254-7573, Off.: 905-793-5777
Email : pdosanjh2005@yahoo.com

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555

# ਫਲਸਤੀਨੀ ਲੋਕਾਂ ’ਤੇ ਬੰਬਾਰੀ ਬੰਦ ਕਰਨ ਦੀ ਮੰਗ

ਅਦਾਰਾ ਸਰੋਕਾਰਾਂ ਦੀ ਆਵਾਜ਼

ਈਸਟ ਇੰਡੀਅਨ ਡਿਫੈਂਸ ਕਮੇਟੀ ਸਰੀ ਅਤੇ ਹੋਰ ਅਦਾਰਿਆਂ ਨੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਮੈਂਟਰੀਅਲ, ਵਿੱਨੀਪੈਗ, ਕੈਲਗਰੀ, ਟੋਰਾਂਟੋ ਅਤੇ ਵੈਨਕੂਵਰ ਵਿਚ ਫਲਸਤੀਨੀ ਲੋਕਾਂ ਦੇ ਹੱਕ ਵਿਚ ਪ੍ਰਦਰਸ਼ਨ ਕੀਤੇ। ਜਿਨ੍ਹਾਂ ਵਿਚ ਔਰਤਾਂ, ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਹਿੱਸਾ ਲਿਆ। ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਦਬਾਅ ਪਾ ਕੇ ਫਲਸਤੀਨੀ ਵਿਚੋਂ ਇਜ਼ਰਾਇਲੀ ਫੌਜਾਂ ਕੱਢਣ ਲਈ ਕੌਮਾਂਤਰੀ ਅਦਾਰਿਆਂ ਵਿਚ ਆਪਣੀ ਆਵਾਜ਼ ਉਠਾਵੇ ਅਤੇ ਅਸੀਂ ਵੀ ਤੁਰੰਤ ਮੰਗ ਕਰਦੇ ਹਾਂ ਕਿ ਇਜ਼ਰਾਇਲ ਜੰਗਬੰਦੀ ਕਰੇ ਨਿਹੱਕੇ ਫਲਸਤੀਨੀਆਂ ’ਤੇ ਬੰਬਾਰੀ ਕਰਨੀ ਬੰਦ ਕਰਕੇ ਅਤੇ ਫਲਸਤੀਨ ਫਲਸਤੀਨੀ ਲੋਕਾਂ ਦਾ ਹੈ।


















# ਪੰਜਾਬੀ ਕਲਚਰਲ ਸੁਸਾਇਟੀ ਆਫ ਟੋਰਾਂਟੋ : ਸ਼ਿਵ ਕੁਮਾਰ ਨਾਈਟ ਦਾ ਆਯੋਜਨ

ਮਾਰਖਮ, ਓਂਟਾਰੀਓ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਕਲਚਰਲ ਸੁਸਾਇਟੀ ਆਫ ਟੋਰਾਂਟੋ ਵਲੋਂ 'ਐਤਵਾਰ ਦੀ ਸ਼ਾਮ, ਸ਼ਿਵ ਕੁਮਾਰ ਦੇ ਨਾਮ' ਨਾਈਟ ਦਾ ਆਯੋਜਨ ਕੀਤਾ ਗਿਆ ਜਿਸ ਦੀ ਪਰਧਾਨਗੀ ਸ੍ਰ. ਸੁਰਿੰਦਰ ਸਿੰਘ ਭੁੱਲਰ ਵੱਲੋਂ ਕੀਤੀ ਗਈ। ਸਟੇਜ ਦੀ ਸੇਵਾ ਸ. ਅਮਰਜੀਤ ਸਿੰਘ ਚਾਹਲ ਨੇ ਨਿਭਾਈ ਅਤੇ ਸ਼ਿਵ ਕੁਮਾਰ ਦੇ ਜੀਵਨ ਬਾਰੇ ਸੰਖੇਪ ਖੁਲਾਸੇ ਕੀਤੇ। ਸਮਾਗਮ ਦਾ ਪ੍ਰਬੰਧ ਅਤੇ ਲੰਗਰ ਪਾਣੀ ਦੀ ਸੇਵਾ ਸਮੂਹ ਬੰਬਰ੍ਹਾ ਪਰਿਵਾਰ ਨੇ ਆਪਣੇ ਜੁੰਮੇ ਲਈ। ਸ਼ੁਰੂਆਤ ਕਰਦਿਆਂ ਭੁੱਲਰ ਸਾਹਿਬ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸ਼ਿਵ ਕੁਮਾਰ ਬਟਾਲਵੀ ਦੀ ਕਾਵਿ ਰਚਨਾ ਬਾਰੇ ਪਰਚਾ ਪੜ੍ਹਿਆ। ਪਰੇਮ ਸਿੰਘ/ ਪਵਿੱਤਰ ਸਿੰਘ ਦੀ ਜੋੜੀ ਨੇ ਕਵਿਤਾ ਗਾਇਨ ਰਾਹੀਂ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ। ਪ੍ਰੋਫੈਸਰ ਦਵਿੰਦਰ ਸਿੰਘ ਅਤੇ ਹਰਦੇਵ ਸਿੰਘ ਮੁੱਲਾਂਪੁਰ ਜੋ ਸਮਾਰੋਹ ਵਿੱਚ ਖਾਸ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ, ਨੇ ਸ਼ਿਵ ਕੁਮਾਰ ਦੀ ਰਚਨਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਨ੍ਹਾਂ ਤੋਂ ਇਲਾਵਾ ਅਮਨਦੀਪ ਸ਼ੇਰਪੁਰੀ, ਗੁਰਜੀਤ ਸਿੰਘ ਧੀਂਗੜਾ, ਰਾਜ ਕੁਮਾਰ, ਅਮਰ ਅਕਬਰਪੁਰੀ, ਹਰਪਰੀਤ ਨਾਗਰਾ ਅਤੇ ਧਰਮਪਾਲ ਜੌਹਲ ਨੇ ਵੀ ਸੋਹਣੀਆਂ ਗਜ਼ਲਾਂ ਅਤੇ ਗੀਤ ਗਾਏ। ਪ੍ਰਿੰਸੀਪਲ ਮੁਰਾਰੀ ਲਾਲ ਸ਼ਰਮਾ ਨੇ ਸ਼ਿਵ ਦੀ ਕਾਵਿ ਕਲਾ ਵਿਚ ਪੰਜਾਬ ਅਤੇ ਪੰਜਾਬੀਅਤ ਬਾਰੇ ਵਿਆਖਿਆ ਕੀਤੀ। ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕਿ ਬਹੁਤ ਸਾਰੇ ਸਿਖਿਆਰਥੀ ਕਲਾਕਾਰਾਂ ਨੇ ਕਵਿਤਾ ਅਤੇ ਗੀਤਾਂ ਦੀ ਪੇਸ਼ਕਾਰੀ ਕੀਤੀ। ਅੰਤਲੇ ਪੜਾਅ ਵਿਚ ਸੰਗੀਤ ਦੇ ਉਸਤਾਦ ਗੁਰਮੀਤ ਸਿੰਘ ਮੀਤ ਨੇ ਸ਼ਿਵ ਕੁਮਾਰ ਬਾਰੇ ਗੀਤ ਅਤੇ ਗ਼ਜ਼ਲ ਪੇਸ਼ ਕੀਤੇ। ਜਗਤਾਰ ਤਾਰੀ ਅਤੇ ਪਾਲ ਰੰਧਾਵਾ ਫੋਟੋਗ੍ਰਾਫੀ ਦੇ ਨਾਲ ਨਾਲ ਹਾਜ਼ਰੀਨ ਦੀ ਸੇਵਾ ਵਿਚ ਹਾਜ਼ਰ ਰਹੇ। ਅਖੀਰ ਵਿਚ ਸੋਹਣ ਸਿੰਘ ਢੀਂਡਸਾ ਨੇ ਮਹਿਮਾਨਾਂ ਅਤੇ ਮੇਜ਼ਬਾਨ ਸੈਮ ਬੰਬਰ੍ਹਾ ਅਤੇ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਅਗਲੇ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਪ੍ਰੇਰਨਾ ਕਰਦਿਆਂ ਪ੍ਰੋਗਰਾਮ ਨੂੰ ਸਮਾਪਤ ਕੀਤਾ।







THE HARP GREWAL ਹਰਪ ਗਰੇਵਾਲ REAL ESTATE TEAM

416.722.3500 (Direct)

905.913.8500 (Office) 905.913.8585 (Fax)

Email: harpgrewals@gmail.com

www.HarpGrewal.ca

HOMELIFE SILVERCITY REALTY INC., BROKERAGE

HIGHER STANDARDS



Baljinder Singh

Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com



Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals

Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

Special Packages Available For All Occasions in Calgary





Punjabi Rang Radio

CHLO AM530
(TORONTO)
11PM-12AM
(SATURDAY)

Producer/Host

Chamkaur Singh Phulewala

Email punjabirang13@hotmail.com

Cell : 416 662 1313



ZOLO

Mandeep Dhaliwal

Sales Representative

416-648-9053

416-898-8932

dhaliwal.mandeep137@gmail.com



202-895 Lawrence Ave E, North York, ON M3C 3L2



Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive. Professional Attitude

For:
* GTA
* ON-QC
* ON-MB-AB-BC
* USA

Balraj Singh Manager

647-701-6991

FAX: 416-644-8882

EMAIL: dispatch@galaxyfreightline.com

www.galaxyfreightline.com

*1580 Britannia Road East *Mississauga *ON *L4W 1J2

# ਕਲੀਵਵਿਊ ਸੀਨੀਅਰਜ਼ ਕਲੱਬ : ਮਾਨਸਿਕ ਸਿਹਤ ਤੇ ਸੈਮੀਨਾਰ








ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਐਤਵਾਰ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਕਲੋਨੀ ਵਿਚਲੇ ਡੇਅਰੀਮੇਡ ਪਾਰਕ ਵਿੱਚ ਵੱਡੀ ਉਮਰ ਵਿੱਚ ਇਕੱਲੇਪਣ ਦੀ ਸਮੱਸਿਆ ਅਤੇ ਇਸ ਦੇ ਮਾਨਸਿੱਕ ਪ੍ਰਭਾਵ ਤੇ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਮੁੱਖ ਵਕਤਾ ਪੰਜਾਬੀ ਕਮਿਉਨਿਟੀ ਹੈਲਥ ਸਰਵਿਸ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੀ ਮਾਹਿਰ ਸਹਿਜਪ੍ਰੀਤ ਚਹਿਲ ਸਨ ਜਿਨ੍ਹਾਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਇੱਸ ਸਮੱਸਿਆ ਬਾਰੇ ਚਾਨਣਾ ਪਾਇਆ।

ਕਲੀਵਿਊ ਕਲੋਨੀ ਵਿੱਚਲਾ ਇਹ ਸੀਨੀਅਰ ਕਲੱਬ ਬੀਤੇ ਤਿੰਨ ਸਾਲ ਤੋਂ ਬੜਾ ਸਰਗਰਮ ਹੈ। ਪਹਿਲ ਪਲੇਠੀ ਕਮੇਟੀ, ਜਿਸ ਵਿੱਚ ਤਰਲੋਚਨ ਬਡਵਾਲ ਦੀ ਮੁੱਖ ਭੂਮਿਕਾ ਰਹੀ, ਨੇ ਦੋ ਸਾਲ ਇਸ ਨੂੰ ਬਹੁਤ ਵਧੀਆ ਢੰਗ ਨਾਲ ਚਲਾਇਆ ਅਤੇ ਉਸ ਤੋਂ ਬਾਅਦ ਚੁਣੀ ਨਵੀਂ ਕਮੇਟੀ, ਜਿਸ ਵਿੱਚ ਗੁਰਸੇਵਕ ਸਿੱਧੂ, ਲਾਲ ਸਿੰਘ ਚਹਿਲ, ਦਰਸ਼ਨ ਸਿੰਘ ਰੰਧਾਵਾ ਤੇ ਬੇਅੰਤ ਸਰਾ ਬੜੀ ਮਿਹਨਤ ਕਰ ਰਹੇ ਹਨ, ਵਲੋਂ ਵੀ ਬਜ਼ੁਰਗਾਂ ਦੇ ਮੰਨੋਰੰਜਣ ਅਤੇ ਸਿਹਤ ਸਬੰਧੀ ਸਿਖਿਆ ਬਾਰੇ ਚੰਗੇ ਪ੍ਰੋਗਰਾਮ ਕੀਤੇ ਜਾ ਰਹੇ ਹਨ। ਇਸ ਪ੍ਰੋਗਰਾਮ ਦਾ ਮਕਸਦ ਵੀ ਵੱਡੀ ਉਮਰ ਵਿੱਚ ਕੁਝ ਬਜ਼ੁਰਗਾਂ ਵਿੱਚ ਇਕੱਲੇਪਣ ਦੀ ਸਮੱਸਿਆ ਅਤੇ ਇਸ ਨਾਲ ਹੁੰਦੇ ਮਾਨਸਿਕ ਤਣਾਓ ਤੋਂ ਬਚਣ ਬਾਰੇ ਸੀ। ਸਹਿਜਪ੍ਰੀਤ ਨੇ ਇਕੱਲੇਪਣ ਦੇ ਕਾਰਨ ਅਤੇ ਇਸ ਨਾਲ ਸਿਹਤ ਨੂੰ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ। ਉਸ ਦਾ ਕਹਿਣਾ ਸੀ ਕਿ ਇਕੱਲੇਪਣ ਕਾਰਨ ਸਿਹਤ ਤੇ ਹਰ ਰੋਜ਼ 15 ਸਿਗਰਟਾਂ ਪੀਣ ਨਾਲੋਂ ਵੀ ਜਿਆਦਾ ਨੁਕਸਾਨ ਹੁੰਦਾ ਹੈ ਅਤੇ ਬਜ਼ੁਰਗਾਂ ਦੀ ਉਮਰ ਘਟਦੀ ਹੈ। ਇਸ ਦਾ ਸੌਖਾ ਤੇ ਸਹੀ ਇਲਾਜ਼ ਤਾਂ ਪ੍ਰੀਵਾਰ ਅਤੇ ਦੋਸਤਾਂ ਮਿਤਰਾਂ ਵਲੋਂ ਮੇਲ ਮਿਲਾਪ ਕਰਨਾ ਹੀ ਹੁੰਦਾ ਹੈ, ਪਰ ਜੇਕਰ ਇਹ ਸੰਭਵ ਨਹੀਂ ਤਾਂ ਘਰ ਵਿੱਚ ਕੁੱਤਾਂ ਜਾਂ ਬਿੱਲੀ ਆਦਿ ਪਾਲ ਕੇ ਵੀ ਇਕੱਲੇਪਣ ਦੀ ਸਮੱਸਿਆ ਕੁਝ ਹੱਦ ਤੱਕ ਦੂਰ ਕੀਤੀ ਜਾ ਸਕਦੀ ਹੈ। ਇਸ ਤੇ ਕਈ ਮੈਂਬਰਾਂ ਨੇ ਪਾਲਤੂ ਜਾਨਵਰਾਂ ਦੇ ਰੱਖ ਰਖਾਵ ਵਿੱਚ ਆਉਂਦੀਆਂ ਮੁਸ਼ਕਿਲਾਂ ਦੀ ਗੱਲ ਵੀ ਕੀਤੀ। ਸੀਨੀਅਰ ਕਲੱਬ ਵੀ ਇਸ ਸਮੱਸਿਆ ਨੂੰ ਕਾਫੀ ਹੱਦ ਤੱਕ ਘਟਾਉਣ ਦਾ ਚੰਗਾ ਕੰਮ ਕਰ ਰਹੇ ਹਨ, ਜਿੱਥੇ ਸਾਰੇ ਰੱਲ ਮਿੱਲ ਕੇ ਹਾਸੇ ਠੱਠੇ ਨਾਲ ਖੁਸ਼ ਹੋ ਘਰਾਂ ਨੂੰ ਪਰਤਦੇ ਹਨ।

ਗੁਰਸੇਵਕ ਸਿੱਧੂ ਨੇ ਕਲੱਬ ਵਲੋਂ ਕਲੋਨੀ ਵਿੱਚ ਹੋਰ ਸਹੂਲਤਾਂ ਲਿਆਉਣ ਜਿਨ੍ਹਾਂ ਵਿੱਚ ਸਕੂਲ ਬੱਸ ਦੇ ਹੋਰ ਅੱਡੇ ਵੀ ਬਣਾਏ ਗਏ ਹਨ, ਬਾਰੇ ਦੱਸਿਆ। ਦਰਸ਼ਨ ਰੰਧਵਾ ਨੇ ਕਲੱਬ ਦਾ ਹਿਸਾਬ ਕਿਤਾਬ ਮੈਂਬਰਾਂ ਨਾਲ ਸਾਂਝਾ ਕੀਤਾ। ਪ੍ਰੋਗਰਾਮ ਵਿੱਚ ਖਾਣ ਪੀਣ ਦਾ ਖੁਲ੍ਹਾ ਪਰਬੰਧ ਸੀ। ਕਲੱਬ ਬਾਰੇ ਹੋਰ ਜਾਣਕਾਰੀ ਲਈ ਗੁਰਸੇਵਕ ਸਿੱਧੂ (647 510 1616) ਨਾਲ ਕੀਤਾ ਜਾ ਸਕਦਾ ਹੈ।













# ਪ੍ਰੋ. ਬਲਵਿੰਦਰ ਕੌਰ ਇਕ ਤਰਾਸਦੀ : ਬੇਰੁਜ਼ਗਾਰੀ ਦੀ ਇੰਤਹਾ

ਨਵਕਿਰਨ ਸਿੰਘ ਪੱਤੀ
n4navkiran@gmail.com

ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ (35) ਨੇ ਸਰਹੰਦ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਖੁਦਕੁਸ਼ੀ ਤੋਂ ਪਹਿਲਾਂ ਮ੍ਰਿਤਕਾ ਵੱਲੋਂ ਲਿਖਿਆ ਇੱਕ ਖੁਦਕੁਸ਼ੀ ਨੋਟ ਅਤੇ ਛੱਡਿਆ ਵਾਇਸ ਮੈਸੇਜ ਉਸਦੇ ਮਰਨ ਸਮੇਂ ਦੀ ਸਥਿਤੀ ਬਿਆਨ ਕਰਦਾ ਹੈ ਕਿ ਉਹ ਉਸ ਸਮੇਂ ਕਿਸ ਕਦਰ ਬੇਰੁਜ਼ਗਾਰੀ ਦੀ ਪੀੜਾ ਦਾ ਸਾਹਮਣਾ ਕਰ ਰਹੀ ਸੀ। ਸਾਡੇ ਸਮਾਜ ਵਿੱਚ ਬੇਰੁਜ਼ਗਾਰੀ ਇੱਕ ਬਹੁਤ ਹੀ ਗੰਭੀਰ ਵਿਸ਼ਾ ਹੈ, ਇਸ ਵਿਸ਼ੇ ਦੀ ਬੁਨਿਆਦ ਤੱਕ ਜਾਵਾਂਗੇ ਤਾਂ ਸਾਨੂੰ ਸਮਝ ਪੈਂਦਾ ਹੈ ਕਿ ਨਸ਼ੇ, ਬੇਲੋੜੇ ਪ੍ਰਵਾਸ, ਮਾਨਸਿਕ ਸਮੱਸਿਆਵਾਂ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।

ਕਿਸੇ ਵੀ ਸੱਭਿਅਕ ਸਮਾਜ ਵਿੱਚ 'ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ' ਹਰ ਨੌਜਵਾਨ ਦਾ ਹੱਕ ਹੈ, ਸਰਕਾਰ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਜਦ ਤੱਕ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾਉਂਦੀ ਤਦ ਤੱਕ ਬੇਰੁਜ਼ਗਾਰੀ ਭੱਤਾ ਮੁਹੱਈਆ ਕਰੇ। ਪੰਜਾਬ ਵਿੱਚ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਕਾਰਨ ਨੌਜਵਾਨਾਂ ਵਿੱਚ ਅਨਿਸ਼ਚਤਤਾ ਪੈਦਾ ਹੋ ਚੁੱਕੀ ਹੈ ਜਿਸਦਾ ਸਿੱਟਾ ਬੇਲੋੜੇ ਪ੍ਰਵਾਸ ਦੇ ਰੂਪ ਵਿੱਚ ਵੀ ਨਜ਼ਰ ਆ ਰਿਹਾ ਹੈ। ਸਾਡੀਆਂ ਸਰਕਾਰਾਂ ਨੇ ਚੋਣਾਂ ਦੌਰਾਨ ਬੇਰੁਜ਼ਗਾਰੀ ਦੇ ਸੰਵੇਨਦਨਸ਼ੀਲ ਮਸਲੇ 'ਤੇ ਝੂਠੇ ਲਾਰੇ ਲਾ ਕੇ ਵੋਟਾਂ ਜਰੂਰ ਹਾਸਲ ਕੀਤੀਆਂ ਹਨ ਪਰ ਇਸਨੂੰ ਹੱਲ ਕਰਨ ਦਾ ਯਤਨ ਨਹੀਂ ਕੀਤਾ ਹੈ।ਪਹਿਲਾਂ ਬਾਦਲਾਂ ਨੇ ਰੁਜ਼ਗਾਰ ਦੇਣ ਦਾ ਝੂਠਾ ਵਾਅਦਾ ਕਰਕੇ ਵੋਟਾਂ ਲਈਆਂ, ਫਿਰ ਕੈਪਟਨ ਅਮਰਿੰਦਰ ਸਿੰਘ ਨੇ 'ਘਰ-ਘਰ ਰੁਜ਼ਗਾਰ' ਦੇਣ ਦਾ ਫੋਕਾ ਲਾਰਾ ਲਾ ਕੇ ਸਰਕਾਰ ਬਣਾ ਲਈ ਤੇ ਹੁਣ ਆਮ ਆਦਮੀ ਪਾਰਟੀ ਨੇ ਰੁਜ਼ਗਾਰ ਦੇਣ ਦਾ ਜਜਬਾਤੀ ਮਹੌਲ ਪੈਦਾ ਕਰਕੇ ਸਰਕਾਰ ਬਣਾਈ ਲੇਕਿਨ ਸਥਿਤੀ ਸਾਡੇ ਸਾਹਮਣੇ ਹੈ। "ਇੱਥੇ ਅੰਗਰੇਜ ਨੌਕਰੀ ਮੰਗਣ ਆਇਆ ਕਰਨਗੇ" ਜਿਹੇ ਫੁਕਰੇ ਬਿਆਨ ਜਾਰੀ ਕਰਨ ਵਾਲੇ ਸਾਡੇ ਮੁੱਖ ਮੰਤਰੀ ਜੀ ਨੂੰ ਸਥਾਈ ਰੁਜ਼ਗਾਰ ਖਾਤਰ ਖੁਦਕੁਸ਼ੀਆਂ ਕਰ ਰਹੇ, ਟੈਂਕੀਆਂ 'ਤੇ ਚੜ੍ਹ ਰਹੇ, ਪੱਕੇ ਧਰਨੇ ਲਾ ਰਹੇ ਬੇਰੁਜ਼ਗਾਰ ਅਧਿਆਪਕ ਵਿਖਾਈ ਨਹੀਂ ਦੇ ਰਹੇ ਹਨ।

ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਦਾ ਖੁਦਕੁਸ਼ੀ ਨੋਟ ਵੀ ਇਹੋ ਬਿਆਨ ਕਰਦਾ ਹੈ ਕਿ ਉਹ ਬੇਰੁਜ਼ਗਾਰੀ ਕਾਰਨ ਮਾਨਸਿਕ ਤੌਰ 'ਤੇ ਬਹੁਤ ਜਿਆਦਾ ਦਰਦ ਸਹਿ ਰਹੀ ਸੀ। ਉਸਦੇ ਗਰਭਪਾਤ, ਮਾਨਸਿਕ ਤਣਾਅ, ਘਰੇਲੂ ਮਹੌਲ ਦਾ ਮੁੱਖ ਕਾਰਨ ਵੀ ਬੇਰੁਜ਼ਗਾਰੀ ਦਾ ਦਰਦ ਹੈ। ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਉਹਨਾਂ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦਾ ਹਿੱਸਾ ਸੀ ਜਿਨ੍ਹਾਂ ਦੀ ਭਰਤੀ ਪ੍ਰਕਿਰਿਆ ਪਿਛਲੇ ਦੋ ਸਾਲਾਂ ਤੋਂ ਲਟਕ ਰਹੀ ਹੈ। ਪਿਛਲੀ ਸਰਕਾਰ ਵੱਲੋਂ ਅਕਤੂਬਰ 2021 ਵਿੱਚ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਕਾਂਗਰਸ ਸਰਕਾਰ ਵੱਲੋਂ 2-3 ਦਸੰਬਰ 2021 ਨੂੰ ਇਨ੍ਹਾਂ ਵਿੱਚੋਂ 607 ਮੁਲਾਜਮਾਂ ਨੂੰ ਬਗੈਰ ਸਟੇਸ਼ਨ ਅਲਾਟਮੈਂਟ ਕੀਤੇ ਹੈੱਡ ਕੁਆਟਰ 'ਤੇ ਨੋਸ਼ਨਲ ਨਿਯੁਕਤੀ ਪੱਤਰ ਦੇ ਦਿੱਤੇ ਗਏ ਸਨ। ਬਾਅਦ ਵਿੱਚ 124 ਨੂੰ ਤਾਂ ਸਟੇਸ਼ਨ ਜਾਰੀ ਕਰਕੇ ਡਿਊਟੀ ਜੁਆਇਨ ਕਰਵਾ ਲਈ ਸੀ ਲੇਕਿਨ ਉਸੇ ਸਮੇਂ ਅਦਾਲਤ ਵਿੱਚ ਪਟੀਸ਼ਨ ਦਾਇਰ ਹੋਣ ਕਾਰਨ 483 ਨੂੰ ਅੱਜ ਤੱਕ ਸਟੇਸ਼ਨ ਨਹੀਂ ਦਿੱਤੇ ਗਏ ਅਤੇ ਉਹ ਹੈੱਡਕੁਆਰਟਰ ਵਿਖੇ ਹੀ ਬਗੈਰ ਕੋਈ ਤਣਖਾਹ ਦਿੱਤੇ ਜੁਆਇਨ ਕਰਵਾਏ ਹੋਏ ਹਨ।



ਸਰਕਾਰਾਂ ਦੀਆਂ ਨੀਤੀਆਂ ਕਾਰਨ ਇਹਨਾਂ 483 ਸਹਾਇਕ ਪ੍ਰੋਫੈਸਰਾਂ ਦੀ ਹਾਲਤ ਐਨੀ ਮਾੜੀ ਬਣਾ ਦਿੱਤੀ ਗਈ ਹੈ ਕਿ ਉਹ ਬਗੈਰ ਤਣਖਾਹ ਦੇ ਹਵਾ ਵਿੱਚ ਲਟਕਦੇ ਹੋਏ ਉਹ ਸਿਰਫ ਨਾਮ ਦੇ ਪ੍ਰੋਫੈਸਰ ਹਨ ਜੋ ਅਸਲ ਵਿੱਚ ਬੇਰੁਜ਼ਗਾਰ ਹਨ। ਨਿਯੁਕਤੀ ਪੱਤਰ ਲੈਣ ਤੋਂ ਪਹਿਲਾਂ ਇਹਨਾਂ ਵਿੱਚੋਂ ਬਹੁਤੇ ਪ੍ਰਾਈਵੇਟ ਕਾਲਜਾਂ ਵਿੱਚ ਪੜ੍ਹਾਉਂਦੇ ਸਨ ਪਰ ਸਰਕਾਰੀ ਕਾਲਜ ਦਾ ਨਿਯੁਕਤੀ ਪੱਤਰ ਮਿਲਣ 'ਤੇ ਉਹਨਾਂ ਆਪਣੀ ਪ੍ਰਾਈਵੇਟ ਨੌਕਰੀ ਤੋਂ ਅਸਤੀਫਾ ਦੇ ਦਿੱਤਾ, ਹੈੱਡਕੁਆਟਰ ਵਿਖੇ ਜੁਆਇਨ ਕਰਵਾਉਣ ਸਮੇਂ ਵੀ ਉਹਨਾਂ ਤੋਂ ਹਲਫੀਆ ਬਿਆਨ ਲਿਆ ਗਿਆ ਕਿ 'ਮੈਂ ਹੋਰ ਕਿਤੇ ਕੋਈ ਨੌਕਰੀ ਨਹੀਂ ਕਰਦਾ ਹਾਂ'। ਮਤਲਬ ਉਹ ਜੋ ਕਮਾਉਂਦੇ ਸਨ ਉਸਤੋਂ ਵੀ ਸੱਖਣੇ ਕਰ ਦਿੱਤੇ ਗਏ।

ਅਸਲ ਵਿੱਚ ਬਹੁਤੀਆਂ ਭਰਤੀ ਪ੍ਰਕਿਰਿਆਵਾਂ ਅਦਾਲਤੀ ਗੇੜ ਵਿੱਚ ਉਲਝਣ ਦਾ ਕਾਰਨ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹੀ ਹਨ ਕਿਉਂਕਿ ਇਹ ਭਰਤੀ ਪ੍ਰਕਿਰਿਆ ਸਮੇਂ ਜਾਣ-ਬੁੱਝ ਕੇ ਬਹੁਤ ਸਾਰੀਆਂ ਊਣਤਾਈਆਂ ਛੱਡਦੇ ਹਨ, ਦੂਜਾ ਹਰ ਵਿਭਾਗ ਦੇ ਕੱਚੇ ਮੁਲਾਜਮਾਂ ਦਾ ਮਸਲਾ ਅੱਧ ਵਿੱਚਕਾਰ ਲਟਕਾ ਰੱਖਿਆ ਹੈ। ਅਦਾਲਤਾਂ ਵਿੱਚ ਅਜਿਹੇ ਕੇਸਾਂ ਦੀ ਢੁੱਕਵੀਂ ਪੈਰਵਾਈ ਨਹੀਂ ਕੀਤੀ ਜਾਂਦੀ ਹੈ ਜਿਸ ਕਾਰਨ ਉਹ ਸਾਲਾਂ ਬੱਧੀ ਲਟਕਦੇ ਰਹਿੰਦੇ ਹਨ। ਵੈਸੇ ਜੇਕਰ ਪਿਛਲੀ ਜਾਂ ਨਵੀਂ ਸਰਕਾਰ ਦੀ ਨੀਅਤ ਸਾਫ ਹੁੰਦੀ ਤਾਂ ਅਦਾਲਤ ਦੀ ਮਨਜੂਰੀ ਨਾਲ ਅਧੂਰੇ ਨਿਯੁਕਤੀ ਪੱਤਰਾਂ ਵਿੱਚ ਸਟੇਸ਼ਨ ਮੁਹੱਈਆ ਕਰਵਾਏ ਜਾ ਸਕਦੇ ਸਨ।ਅਗਲੀ ਗੱਲ ਇਹ ਹੈ ਕਿ ਸਰਕਾਰ ਦੀ ਇਹ ਜਿੰਮੇਬਾਰੀ ਬਣਦੀ ਸੀ ਕਿ ਜਦ ਕਿਸੇ ਨੂੰ ਨਿਯੁਕਤੀ ਪੱਤਰ ਹੀ ਦੇ ਦਿੱਤਾ ਤਾਂ ਉਸਨੂੰ ਬਣਦੀ ਤਣਖਾਹ ਵੀ ਦੇਣੀ ਚਾਹੀਦੀ ਹੈ।ਤਣਖਾਹ ਦੇਣ 'ਤੇ ਤਾਂ ਅਦਾਲਤ ਨੇ ਕੋਈ ਬੰਦਸ਼ ਨਹੀਂ ਲਾਈ ਹੈ।

ਸਰਕਾਰ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਕਿਸੇ ਦੀ ਪ੍ਰਾਈਵੇਟ ਨੌਕਰੀ ਛੁਡਵਾ ਕੇ ਸਰਕਾਰੀ ਨਿਯੁਕਤੀ ਪੱਤਰ ਦੇ ਕੇ ਉਸਨੂੰ ਲੱਗਭੱਗ ਦੋ ਸਾਲ ਬਗੈਰ ਕੰਮ ਕਰਵਾਏ ਤੇ ਬਗੈਰ ਤਣਖਾਹ ਦਿੱਤੇ ਲਟਕਾ ਕੇ ਰੱਖਣਾ ਉਸਨੂੰ ਮੌਤ ਦੇ ਮੂੰਹ ਵਿੱਚ ਧੱਕਣਾ ਨਹੀਂ ਹੈ?

ਪਿਛਲੇ ਸਮੇਂ ਅਦਾਲਤ ਵੱਲੋਂ ਸੁਣਾਏ ਇੱਕ ਫੈਸਲੇ ਵਿੱਚ ਸੂਬਾ ਸਰਕਾਰ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਮੁਲਾਜਮਾਂ 'ਤੇ 'ਬਰਾਬਰ ਕੰਮ ਬਰਾਬਰ ਤਣਖਾਹ' ਦੀ ਨੀਤੀ ਲਾਗੂ ਕੀਤੀ ਜਾਵੇ ਲੇਕਿਨ ਸਰਕਾਰ ਨੇ ਕੱਚੇ ਮੁਲਾਜਮਾਂ ਦਾ ਆਰਥਿਕ ਸ਼ੋਸ਼ਨ ਜਾਰੀ ਰੱਖਣ ਲਈ ਅਦਾਲਤ ਦਾ ਇਹ ਫੈਸਲਾ ਅਜੇ ਤੱਕ ਲਾਗੂ ਹੀ ਨਹੀਂ ਕੀਤਾ ਹੈ।

ਅੱਜ ਅਕਾਲੀ, ਕਾਂਗਰਸੀ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਤੱਥ ਇਹ ਹਨ ਕਿ ਇਹਨਾਂ ਦੇ ਕਾਰਜਕਾਲ ਵਿੱਚ ਵੀ ਅਨੇਕਾਂ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗਦਿਆਂ ਖੁਦਕੁਸ਼ੀਆਂ ਕਰ ਗਏ ਹਨ। ਹਕੀਕਤ ਇਹ ਹੈ ਕਿ ਸੂਬੇ ਦੀ ਸੱਤਾ 'ਤੇ ਕਾਬਜ ਰਹੀਆਂ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਕਦੇ ਵੀ ਸੂਬੇ ਦੇ ਸਰਕਾਰੀ ਕਾਲਜਾਂ ਵੱਲ ਧਿਆਨ ਨਹੀਂ ਦਿੱਤਾ ਹੈ। ਸੂਬੇ ਦੇ ਸਰਕਾਰੀ ਕਾਲਜਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਪਿਛਲੇ ਕਈ ਸਾਲਾਂ ਤੋਂ ਖਾਲੀ ਪਈਆਂ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਪਿਛਲੀਆਂ ਸਰਕਾਰਾਂ ਨੇ ਸਰਕਾਰੀ ਕਾਲਜਾਂ ਵਿੱਚ ਨਿਗੂਣੀਆਂ ਤਣਖਾਹਾਂ 'ਤੇ ਗੈਸਟ ਫੈਕਲਟੀ ਲੈਕਚਰਾਰ ਭਰਤੀ ਕਰਕੇ ਉਹਨਾਂ ਦਾ ਆਰਥਿਕ, ਮਾਨਸਿਕ ਸ਼ੋਸ਼ਣ ਕੀਤਾ ਹੈ।

1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀਆਂ ਅਸਾਮੀਆਂ ਵਿੱਚ ਸਰਕਾਰੀ ਧੱਕੇਸ਼ਾਹੀ ਦਾ ਸ਼ਿਕਾਰ ਇਹਨਾਂ ਮੁਲਾਜ਼ਮਾਂ ਵੱਲੋਂ ਕੁੱਝ ਮਹੀਨੇ ਪਹਿਲਾਂ ਉਸ ਸਮੇਂ ਦੇ ਉੱਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਬਰਨਾਲਾ ਰਹਾਇਸ਼ ਅੱਗੇ ਧਰਨਾ ਦਿੱਤਾ ਗਿਆ ਸੀ ਤਾਂ ਉਸ ਸਮੇਂ ਸਰਕਾਰ ਦੇ ਇਸ਼ਾਰੇ ਤਹਿਤ ਪੁਲਿਸ ਨੇ ਇਹਨਾਂ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਸੀ।

ਹੁਣ ਪਿਛਲੇ ਦੋ ਮਹੀਨੇ ਤੋਂ ਇਹ ਸਹਾਇਕ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਮੰਤਰੀ ਦੀ ਰਿਹਾਇਸ਼ ਨੇੜੇ ਪੱਕਾ ਧਰਨਾ ਦੇ ਰਹੇ ਹਨ। ਇਹਨਾਂ ਦੀ ਮੰਗ ਹੈ ਕਿ ਅਦਾਲਤ ਦੀ ਮਨਜੂਰੀ ਲੈ ਕੇ ਸਰਕਾਰ ਇਹਨਾਂ ਨੂੰ ਸ਼ਟੇਸ਼ਨ ਮੁਹੱਈਆ ਕਰਵਾਏ ਤੇ ਭਰਤੀ ਪ੍ਰਕਿਰਿਆ ਪੂਰੀ ਕਰੇ।

ਪੀੜਤ ਬਲਵਿੰਦਰ ਕੌਰ ਉਹਨਾਂ 483 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਵਿੱਚ ਸ਼ਾਮਲ ਸੀ ਜਿਨ੍ਹਾਂ ਨੂੰ ਦਸੰਬਰ 2021 ਨੂੰ ਨਿਯੁਕਤੀ ਪੱਤਰ ਵੰਡੇ ਗਏ ਸਨ।ਆਪਣਾ ਹੱਕ ਹਾਸਲ ਕਰਨ ਲਈ ਮ੍ਰਿਤਕਾ ਆਪਣੇ ਸਾਥੀਆਂ ਨਾਲ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੀ ਸੀ ਪਰ ਸਿੱਖਿਆ ਮੰਤਰੀ ਦਾ ਇਹਨਾਂ ਪ੍ਰਤੀ ਰਵੱਈਆ ਠੀਕ ਨਹੀਂ ਰਿਹਾ ਹੈ। ਸਰਕਾਰ ਦੀ ਇਹ ਜਿੰਮੇਬਾਰੀ ਬਣਦੀ ਸੀ ਕਿ ਉਹ ਇਹਨਾਂ ਦਾ ਮਸਲਾ ਹੱਲ ਕਰਦੀ ਪਰ ਸਰਕਾਰ ਨੇ ਅਜਿਹਾ ਕਰਨ ਦੀ ਥਾਂ ਬੇਰੁਖੀ ਵਿਖਾਈ ਹੈ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੇਰੁਜ਼ਗਾਰ ਅਧਿਆਪਕਾਂ/ਸਹਾਇਕ ਪ੍ਰੋਫੈਸਰਾਂ ਨਾਲ ਮੀਟਿੰਗ ਤੋਂ ਪਹਿਲਾਂ ਕਈ ਵਾਰ ਇਹ ਕਿਹਾ ਹੈ ਕਿ ਮੀਟਿੰਗ ਤੋਂ ਪਹਿਲਾਂ ਧਰਨਾ ਚੁੱਕੋ, ਹੈਰਾਨੀਜਨਕ ਹੈ ਕਿ ਧਰਨਿਆਂ ਵਿੱਚੋਂ ਨਿੱਕਲੀ ਇੱਕ ਪਾਰਟੀ ਸੱਤਾ ਹਾਸਲ ਕਰਨ ਬਾਅਦ ਹੰਕਾਰੀ ਢੰਗ ਨਾਲ ਧਰਨੇ ਚੁਕਵਾਉਣ ਲੱਗੀ ਹੋਈ ਹੈ। ਖ਼ੁਦਕੁਸ਼ੀ ਪੱਤਰ ਵਿੱਚ ਸਿੱਖਿਆ ਮੰਤਰੀ ਦਾ ਨਾਂ ਸਪਸ਼ਟ ਤੌਰ 'ਤੇ ਲਿਖਿਆ ਹੋਇਆ ਹੈ। ਇਸ ਖੁਦਕੁਸ਼ੀ ਨੋਟ ਤੋਂ ਬਾਅਦ ਸਿੱਖਿਆ ਮੰਤਰੀ ਨੂੰ ਨੈਤਿਕ ਅਧਾਰ 'ਤੇ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਕਈ ਲੋਕ ਖੁਦਕੁਸ਼ੀਆਂ ਦੇ ਮਾਮਲਿਆਂ ਨੂੰ ਸੰਵੇਦਨਸ਼ੀਲਤਾ ਨਾਲ ਨਹੀਂ ਵੇਖਦੇ ਹਨ। ਉਹ ਇੱਕੋ ਧਾਰਨਾ ਕਿ 'ਖੁਦਕੁਸ਼ੀ ਕਰਨਾ ਕਮਜੋਰੀ ਹੈ' 'ਤੇ ਚੱਲਦਿਆਂ ਮਸਲੇ ਦੀ ਜੜ੍ਹ ਨੂੰ ਫਰੋਲਣ ਦਾ ਯਤਨ ਨਹੀਂ ਕਰਦੇ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ, ਮਸਲਿਆਂ ਦੇ ਹੱਲ ਲਈ ਖੁਦਕੁਸ਼ੀ ਦੀ ਬਜਾਏ ਸੰਘਰਸ਼ ਕਰਨਾ ਚਾਹੀਦਾ ਹੈ ਪਰ ਖੁਦਕੁਸ਼ੀ ਕਰਨ ਦੀ ਨੌਬਤ ਕਿਉਂ ਆਉਂਦੀ ਹੈ ਜਦ ਤੱਕ ਅਸੀਂ ਇਸ ਪ੍ਰਸ਼ਨ ਨੂੰ ਸੰਬੋਧਨ ਨਹੀਂ ਹੋਵਾਂਗੇ ਤਦ ਤੱਕ ਅਸੀਂ ਇਕਪਾਸੜ ਢੰਗ ਨਾਲ 'ਸੱਤਾ' ਦੇ ਪੱਖ ਵਿੱਚ ਭੁਗਤ ਰਹੇ ਹੋਵਾਂਗੇ।

ਅਜਿਹੀ ਮੰਦਭਾਗੀ ਸਥਿਤੀ ਵਿੱਚ ਸਰਕਾਰ ਵੱਲੋਂ ਪੀੜਤ ਪਰਿਵਾਰ ਨਾਲ ਹਮਦਰਦੀ ਨਾਲ ਪੇਸ਼ ਆਉਣ ਦੀ ਬਜਾਏ ਮ੍ਰਿਤਕਾ ਦੇ ਪਤੀ ਅਤੇ ਸਹੁਰੇ ਨੂੰ ਗ੍ਰਿਫਤਾਰ ਕਰਨਾ ਸਰਕਾਰ ਦੀ ਨੀਅਤ 'ਤੇ ਸਵਾਲ ਖੜ੍ਹੇ ਕਰਦਾ ਹੈ। ਇਹ ਸੰਭਾਵਨਾ ਹੋ ਸਕਦੀ ਹੈ ਕਿ ਮ੍ਰਿਤਕਾ ਦਾ ਪਤੀ ਵੀ ਉਸ ਨਾਲ ਹਮਦਰਦੀ ਨਾਲ ਪੇਸ਼ ਨਾ ਆਉਂਦਾ ਹੋਵੇ ਤਾਂ ਫਿਰ ਵੀ ਅਜਿਹੀ ਸਥਿਤੀ ਵਿੱਚ ਪੁਲਿਸ ਵੱਲੋਂ ਖੁਦਕੁਸ਼ੀ ਨੋਟ ਨੂੰ ਬੁਨਿਆਦ ਬਣਾ ਕੇ ਐਫਆਈਆਰ ਦਰਜ਼ ਕਰਕੇ ਸਹੁਰਾ ਪਰਿਵਾਰ ਨੂੰ ਜਾਂਚ ਦੇ ਘੇਰੇ ਵਿੱਚ ਲੈਣਾ ਚਾਹੀਦਾ ਸੀ।

ਕੁੜੀਆਂ ਦੇ ਸਵੈ-ਮਾਣ ਨਾਲ ਜਿਉਣ ਅਤੇ ਆਤਮ ਨਿਰਭਰਤਾ ਲਈ ਸਭ ਤੋਂ ਜਰੂਰੀ ਹੈ ਕਿ ਉਹਨਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਮਿਲੇ। ਜਿਹੜੇ ਲੋਕਾਂ ਨੇ ਬੇਰੁਜ਼ਗਾਰੀ/ਅਰਧ-ਬੇਰੁਜ਼ਗਾਰੀ ਦਾ ਦਰਦ ਹੰਢਾਇਆ ਜਾਂ ਮਹਿਸੂਸ ਕੀਤਾ ਹੈ ਉਹ ਇਹ ਗੱਲ ਭਲੀਭਾਂਤ ਸਮਝ ਸਕਦੇ ਹਨ ਕਿ ਬੇਰੁਜ਼ਗਾਰੀ ਕਾਰਨ ਬਹੁਤ ਸਾਰੇ ਪਰਿਵਾਰਾਂ ਤਣਾਅ ਦਾ ਮਹੌਲ ਬਣਿਆ ਰਹਿੰਦਾ ਹੈ, ਆਰਥਿਕ ਤੰਗੀ ਕਾਰਨ ਕਈ ਪਰਿਵਾਰ ਟੁੱਟ ਜਾਂਦੇ ਹਨ। ਕੁੜੀਆਂ ਨੂੰ ਕਈ ਤਰ੍ਹਾਂ ਦੇ ਸਮਝੌਤੇ ਕਰਕੇ ਜਿੰਦਗੀ ਗੁਜਾਰਨੀ ਪੈਂਦੀ ਹੈ।

ਸੋ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਪ੍ਰੋ ਬਲਵਿੰਦਰ ਕੌਰ ਦੀ ਮੌਤ ਲਈ ਇਹ ਪ੍ਰਬੰਧ ਜਿੰਮੇਬਾਰ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਇਸ ਪ੍ਰਬੰਧ ਦੇ ਸਤਾਏ ਨੌਜਵਾਨ ਤਿਲ ਤਿਲ ਨਾ ਮਰਨ ਤਾਂ ਸਾਨੂੰ ਇਸ ਪ੍ਰਬੰਧ ਨੂੰ ਚਲਾ ਰਹੀ ਧਿਰ ਦਾ ਚਿਹਰਾ ਬੇਪਰਦ ਕਰਨਾ ਚਾਹੀਦਾ ਹੈ।






# ਪੈਪਸੂ ਦਾ ਇਤਿਹਾਸਕ ਮੁਜ਼ਾਰਾ ਘੋਲ਼

ਹਰਦੇਵ ਸਿੰਘ ਅਰਸ਼ੀ
98143-03738





ਕੱਲ੍ਹ ਬੱਪੀਆਣਾ ਤੋਂ ਖਿਆਲੇ ਨੂੰ ਜਾਂਦਿਆਂ ਰਾਹ ਵਿੱਚ ਇਕ ਗੇਟ ਦਿਸਿਆਂ 'ਮੁਜਾਰਾ ਲਹਿਰ ਦੇ ਮੋਢੀ ਸਵ. ਕਾਮਰੇਡ ਧਰਮ ਸਿੰਘ ਫੱਕਰ ਯਾਦਗਾਰੀ ਗੇਟ' ਦਲੇਲ ਸਿੰਘ ਵਾਲਾ। ਗੇਟ ਉਪਰ ਕੁੜਤਾ ਪਜਾਮਾ, ਜੈਕਟ ਪਾ, ਲਾਲ ਪੱਗ ਬੰਨੀ ਬੈਠੇ ਬਾਬੇ ਦਾ ਬੁੱਤ ਹੈ। ਬਾਬੇ ਦੇ ਕੀਤੇ ਇਤਿਹਾਸਿਕ, ਯੁੱਗ ਪਲਟਾਊ ਕਰਮਾਂ ਅੱਗੇ ਸੀਸ ਨਮਨ ਹੋ ਗਿਆ। ਲੋਕਾਈ ਦੇ ਹੜ੍ਹ ਨੂੰ ਸਹੀ ਦਿਸ਼ਾ ਵੱਲ ਮੋੜਨ ਦਾ ਵਲ ਇਹਨਾਂ ਬਾਬਿਆਂ ਤੋਂ ਸਿੱਖੀਏ...

Jatinder Mauhar ਦੀ ਫ਼ਿਲਮ ਦੇ ਹਵਾਲੇ ਨਾਲ ਮੁਜ਼ਾਰਾ ਸ਼ਬਦ ਅੱਜ ਕੱਲ ਚਰਚਾ ਵਿੱਚ ਹੈ। ਹੇਠਾਂ ਹਰਦੇਵ ਅਰਸ਼ੀ ਦਾ ਕਿਸਾਨ ਅੰਦੋਲਨ ਮੌਕੇ ਪੰਜਾਬੀ ਟ੍ਰਿਬਿਊਨ ਵਿੱਚ ਲਿਖਿਆ ਲੇਖ ਮੁਜਾਰਿਆਂ ਦੇ ਲਹੂ ਭਰੇ ਸੰਘਰਸ਼ ਨੂੰ ਫ਼ਿਲਮ ਵਾਂਗ ਪੇਸ਼ ਕਰਦਾ ਹੈ। ਗੰਨੇ ਦੇ ਵੱਡੇ ਖੇਤਾਂ ਨੂੰ ਅੱਗ ਲਾਉਂਦੇ ਲੋਕਾਂ ਨੂੰ ਪ੍ਰੇਰਤ ਕਰਕੇ ਪਿੰਡਾਂ ਵਿਚੋਂ ਵੇਲਣੇ ਲਿਆ ਲਾਏ ਅਤੇ ਗੁੜ ਬਣਾ ਮੁਜਾਰਿਆਂ ਚ ਵੰਡਿਆ। ਸਾਰਾ ਲੇਖ ਹੀ ਸਾਂਝੇ ਸੰਘਰਸ਼ਾਂ ਦੀ ਬਾਤ ਪਾਉਂਦਾ ਹੈ। ਸਾਡੀ ਇਸ ਵਿਰਾਸਤ ਨੂੰ ਸਾਂਭਣ, ਪਰਚਾਰਨ ਦੀ ਲੋੜ ਹੈ। ਸਲਾਮ ਇਹਨਾਂ ਸਾਰੇ ਮਹਾਨ ਆਗੂਆਂ ਨੂੰ ਜੋ ਲੋਕਾਂ ਨੂੰ ਸਹੀ ਦਿਸ਼ਾ ਵਿੱਚ ਤੋਰਦੇ ਸੰਘਰਸ਼ ਕਰਦੇ ਰਹੇ।

ਕਲਾਕਾਰਾਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਇਹਨਾਂ ਸਾਂਝਾ, ਨਾਬਰੀ, ਮੁਹੱਬਤਾਂ ਨੂੰ ਆਪਣੇ ਖ਼ੂਨ ਨਾਲ ਸਿੰਜਣ ਵਾਲੇ ਨਾਇਕਾਂ ਨੂੰ ਯਾਦ ਕਰੀਏ। ਗੀਤਾਂ, ਫ਼ਿਲਮਾਂ, ਨਾਟਕਾਂ ਰਾਹੀਂ ਆਪਣਾ ਅਮੀਰ ਇਤਿਹਾਸ, ਵਿਰਾਸਤ ਅੱਗੇ ਲੈ ਕੇ ਜਾਈਏ।

**ਪੈਪਸੂ ਦਾ ਇਤਿਹਾਸਕ ਮੁਜਾਰਾ ਘੋਲ** : ਪੈਪਸੂ ਦੀ ਇਤਿਹਾਸਕ ਮੁਜਾਰਾ ਲਹਿਰ ਦੇ ਸ਼ਹੀਦ ਹੋਏ ਸਾਥੀਆਂ ਦੀ ਯਾਦ ਵਿਚ 19 ਮਾਰਚ ਨੂੰ ਹਰ ਸਾਲ ਸ਼ਹੀਦੀ ਕਾਨਫ਼ਰੰਸ ਮੁਜਾਰਾ ਘੋਲ ਦੇ ਕੇਂਦਰ ਰਹੇ ਪਿੰਡ ਕਿਸ਼ਨਗੜ੍ਹ ਵਿਖੇ ਕੀਤੀ ਜਾਂਦੀ ਹੈ। ਇਸ ਵਾਰ ਇਨ੍ਹਾਂ ਸ਼ਹੀਦਾਂ ਦਾ 72ਵਾਂ ਸ਼ਹੀਦੀ ਦਿਵਸ ਦਿੱਲੀ ਦੇ ਬਾਰਡਰਾਂ 'ਤੇ ਇਨਕਲਾਬੀ ਜੋਸ਼ ਤੇ ਉਤਸ਼ਾਹ ਨਾਲ ਮਨਾਏ ਜਾਣ ਦਾ ਫ਼ੈਸਲਾ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤਾ ਗਿਆ ਹੈ। ਇਹ ਹਥਿਆਰਬੰਦ ਘੋਲ ਤੇਜਾ ਸਿੰਘ ਸੁਤੰਤਰ, ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ ਤੇ ਛੱਜੂਮਲ ਵੈਦ ਆਦਿ ਦਲੇਰ ਤੇ ਸੂਝਵਾਨ ਆਗੂਆਂ ਦੀ ਸੁਚੱਜੀ ਅਗਵਾਈ ਥੱਲੇ ਲੜਿਆ ਗਿਆ। ਹੁਣ ਤੱਕ ਕਿਸਾਨੀ ਘੋਲਾਂ ਵਿਚੋਂ ਇਹ ਅੰਦੋਲਨ ਵਿਲੱਖਣ ਹੈ, ਜਿਸਨੇ ਸਭ ਤੋਂ ਘੱਟ ਜਾਨੀ ਨੁਕਸਾਨ ਕਰਕੇ ਤੇ ਕਰਵਾ ਕੇ ਸਭ ਤੋਂ ਵੱਡੀ ਪ੍ਰਾਪਤੀ ਨਾਲ 16 ਲੱਖ ਕਿਲੇ ਤੋਂ ਵਧ ਦੀ ਜ਼ਮੀਨ ਦੇ ਮੁਜਾਰਿਆਂ ਨੂੰ ਮਾਲਕ ਬਣਾਇਆ।

ਕਾਮਰੇਡ ਛੱਜੂ ਮੱਲ ਵੈਦ ਨੇ 1988 ਵਿਚ ਲਹਿਰ ਦੀ 40ਵੀਂ ਵਰ੍ਹੇਗੰਢ ਨੂੰ ਸਮਰਪਿਤ ਮੁਜਾਰਾ ਘੋਲ ਬਾਰੇ ਇਕ ਕਿਤਾਬਚਾ ਲਿਖਿਆ।

**ਰਾਜਾਸ਼ਾਹੀ ਰਿਆਸਤਾਂ ਤੇ ਜਗੀਰੂ ਢਾਂਚੇ ਦੀ ਸਥਾਪਨਾ:** ਮੁਗਲ ਰਾਜ ਦੀਆਂ ਆਖ਼ਰੀ ਘੜੀਆਂ ਦੌਰਾਨ ਇਕ ਤੇਜੱਸਵੀ ਤੇ ਹਰਮਨ ਪਿਆਰਾ ਨੌਜਵਾਨ ਆਲਾ ਸਿੰਘ ਅੱਗੇ ਆਇਆ ਜਿਸਨੇ 1730 ਵਿਚ ਬਰਨਾਲੇ ਦੇ ਆਲੇ-ਦੁਆਲੇ ਦੇ ਕਈ ਪਿੰਡਾਂ 'ਤੇ ਕਬਜ਼ਾ ਕਰ ਲਿਆ। 1742 ਵਿਚ ਉਸਨੇ ਭਵਾਨੀਗੜ੍ਹ ਦੇ ਕਿਲੇ 'ਤੇ ਵੀ ਕਬਜ਼ਾ ਜਾ ਕਰਿਆ। ਉਹ ਬਾਅਦ 'ਚ ਬਾਬਾ ਆਲਾ ਸਿੰਘ ਵਜੋਂ ਜਾਣਿਆ ਗਿਆ ਅਤੇ ਪਟਿਆਲਾ ਰਿਆਸਤ ਦਾ ਬਾਨੀ ਬਣਿਆ।

ਉਸਦੇ ਭਰਾਵਾਂ ਸੁਖਚੈਨ ਸਿੰਘ ਤੇ ਹਮੀਰ ਸਿੰਘ ਨੇ ਕਬਜ਼ੇ ਕਰਕੇ ਜੀਂਦ ਤੇ ਨਾਭਾ ਰਿਆਸਤਾਂ ਦੀ ਨੀਂਹ ਰੱਖੀ।

ਭੁਲਣ ਬਰਾੜ ਨੇ ਫਰੀਦਕੋਟ ਤੇ ਮਾਤਾ ਸੁੰਦਰੀ ਦੇ ਅਪਣਾਏ ਪੁੱਤਰ ਜੱਸਾ ਸਿੰਘ ਆਹਲੂਵਾਲੀਆ ਨੇ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ।

ਸਦਰ-ਉਦੀਨ ਨੂੰ ਲੋਧੀ ਖਾਨਦਾਨ ਵਲੋਂ 58 ਪਿੰਡ ਦਾਜ ਵਿਚ ਮਿਲੇ ਜਿਨ੍ਹਾਂ ਦੇ ਆਧਾਰਿਤ ਰਿਆਸਤ ਮਲੇਰਕੋਟਲਾ ਹੋਂਦ ਵਿਚ ਆਈ।

ਨਾਲਾਗੜ੍ਹ ਤੇ ਕਲਸੀਆ ਰਿਆਸਤਾਂ ਵੀ ਦਾਜ ਵਿਚ ਮਿਲੇ ਪਿੰਡਾਂ ਉੱਪਰ ਆਧਾਰਿਤ ਸਨ। ਇਨ੍ਹਾਂ ਰਿਆਸਤਾਂ ਦੇ ਰਾਜਿਆਂ ਨੇ ਅੰਗਰੇਜ਼ਾਂ ਨਾਲ ਯਾਰੀਆਂ ਗੰਢ ਕੇ ਕੀਮਤੀ ਨਜ਼ਰਾਨੇ ਭੇਟ ਕਰਨ ਤੋਂ ਇਲਾਵਾ ਅੰਗਰੇਜ਼ਾਂ ਵਿਰੁੱਧ ਉੱਠੀਆਂ ਬਗ਼ਾਵਤਾਂ ਜਿਵੇਂ 1857 ਦੀ ਬਗ਼ਾਵਤ ਆਦਿ ਦਬਾਉਣ ਲਈ ਉਨ੍ਹਾਂ ਦੀ ਮਦਦ ਕੀਤੀ।

ਅੰਗਰੇਜ਼ਾਂ ਨੇ 1860 ਦੇ ਬੰਦੋਬਸਤ ਰਾਹੀਂ 12 ਸਾਲਾ ਹਲਵਾਹਕ ਕਿਸਾਨਾਂ ਨੂੰ ਪੱਕੇ ਮਾਲਕੀ ਹੱਕ ਦਿਤੇ।

ਆਪਣੇ ਮਦਦਗਾਰ, ਟੋਡੀ ਅੰਸ਼ਾਂ ਨੂੰ ਵੱਡੀਆਂ ਜਗੀਰਾਂ ਨਾਲ ਨਿਵਾਜਿਆ ਗਿਆ ਤੇ ਜੀ ਹਜ਼ੂਰੀਏ ਤਿਆਰ ਕੀਤੇ ਗਏ। ਰਿਆਸਤਾਂ ਦੇ ਰਾਜੇ ਸਮੁੱਚੀਆਂ ਜ਼ਮੀਨਾਂ ਦੇ ਮਾਲਕ ਬਣ ਬੈਠੇ ਤੇ ਆਪਣੇ ਪਿੱਠੂ ਅੰਸ਼ਾਂ ਨੂੰ ਖੁੱਲ੍ਹੀਆਂ ਜਗੀਰਾਂ ਵੰਡੀਆਂ। ਇੰਝ ਜਗੀਰਦਾਰੀ ਹੋਂਦ ਵਿਚ ਲਿਆਂਦੀ, ਜੋ ਆਮ ਬੋਲਚਾਲ ਦੀ ਭਾਸ਼ਾ ਵਿਚ 'ਬਿਸਵੇਦਾਰ' ਕਹਾਉਂਦੀ।

1870-80 ਦੇ ਜ਼ਮੀਨੀ ਬੰਦੋਬਸਤ ਪਟਿਆਲਾ ਰਿਆਸਤ ਦੌਰਾਨ ਹਜ਼ਾਰਾਂ ਪਿੰਡ ਮਹਾਰਾਜੇ ਦੇ ਸਕੇ-ਸਬੰਧੀਆਂ ਅਤੇ ਉੱਚ-ਅਧਿਕਾਰੀਆਂ ਦੇ ਨਾਮ ਦਰਜ ਕਰਕੇ ਮਾਲਕ ਬਣਾ ਦਿਤਾ ਗਿਆ।

**ਬਖਸ਼ੀਆਂ ਜਗੀਰਾਂ ਦੀਆਂ ਕੁਝ ਵੰਨਗੀਆਂ ਇੰਝ ਹਨ:** ਆਪਣੇ ਰਿਸ਼ਤੇਦਾਰਾਂ ਕਿਹਰ ਸਿੰਘ, ਹਰਚੰਦ ਸਿੰਘ ਤੇ ਕਿਰਪਾਲ ਸਿੰਘ ਜੋ ਮਗਰੋਂ ਭਦੌੜ ਦੇ ਰਾਜੇ ਕਹਾਉਣ ਲੱਗੇ ਲਗਭਗ 80 ਪਿੰਡਾਂ ਉੱਪਰ ਜਾਗੀਰਦਾਰੀ ਹੱਕ ਰੱਖਦੇ ਸਨ।

ਰਾਜੇ ਦਾ ਰਿਸ਼ਤੇਦਾਰ ਦਵਿੰਦਰ ਸਿੰਘ ਜੋ ਮਹਿਕਮਾ ਚੂੰਗੀ ਦਾ ਡਾਇਰੈਕਟਰ ਸੀ ਨੂੰ 8 ਪਿੰਡਾਂ ਦੀ ਜਗੀਰ ਮਾਨਸਾ ਇਲਾਕੇ ਵਿਚ ਦਿੱਤੀ ਗਈ।

ਜਗੀਰਦਾਰੀ ਸਥਾਪਨਾ ਦੀ ਇਕ ਮਿਸਾਲ ਪਿੰਡ ਕਿਸ਼ਨਗੜ੍ਹ (ਮਾਨਸਾ) ਦੀ ਹੈ।

ਰਾਜ ਘਰਾਣੇ ਨਾਲ ਜੁੜੇ ਸੱਦਾ ਸਿੰਘ ਦੇ ਪੁੱਤਰ ਚੜ੍ਹਤ ਸਿੰਘ ਨੇ ਕਿਸਾਨਾਂ ਵੱਲੋਂ ਸਖ਼ਤ ਮਿਹਨਤ ਨਾਲ ਵਾਹੀਯੋਗ ਬਣਾਈ ਬੰਜਰ ਤੇ ਬੇਆਬਾਦ ਜ਼ਮੀਨ, ਸ਼ਾਹੀ ਦਰਬਾਰ ਦੇ ਅਫ਼ਸਰਾਂ ਨਾਲ ਮਿਲ ਕੇ ਆਪਣੇ ਨਾਂ ਕਰਵਾ ਲਈ ਤੇ ਬਟਾਈ ਲੈਣ ਲੱਗਾ। ਅੱਗੇ ਚੱਲ ਕੇ ਸਾਰੀ ਜ਼ਮੀਨ ਉਸ ਦੇ ਪੁੱਤਰ ਧਿਆਨ ਸਿੰਘ ਦੇ ਨਾਮ ਦਰਜ ਕੀਤੀ ਗਈ। ਧੋਖੇ ਨਾਲ ਜ਼ਮੀਨ ਤੋਂ ਬਾਹਰ ਕੀਤੇ ਗਏ ਕਿਸਾਨ ਅੰਗਰੇਜ਼ ਅਫ਼ਸਰ ਪੋਪਹਿਮ ਜੰਗ ਜੋ ਕਿਸ਼ਨਗੜ੍ਹ ਦਾ ਇੰਚਾਰਜ ਸੀ, ਨੂੰ ਮਿਲੇ। ਉਸਨੇ ਵਿਚਕਾਰਲਾ ਰਾਹ ਕੱਢਦੇ ਹੋਏ ਜਗੀਰਦਾਰ ਨੂੰ ਮਾਲਕੀ ਹੱਕ ਦਿੱਤੇ ਤੇ ਕਿਸਾਨਾਂ ਨੂੰ ਮੌਰੂਸੀ ਕਾਨੂੰਨੀ ਦੀ ਦਫ਼ਾ 5 ਹੇਠ ਉਨ੍ਹਾਂ ਦੇ ਹਲ ਹੇਠ ਜ਼ਮੀਨ ਦੇ ਮੌਰੂਸੀ ਹੱਕ ਦਿੱਤੇ ਤਾਂ ਕਿ ਜਗੀਰਦਾਰ ਉਨ੍ਹਾਂ ਨੂੰ ਬੇਦਖ਼ਲ ਨਾ ਕਰ ਸਕੇ। ਬਟਾਈ ਦੇਣੀ ਲਾਜ਼ਮੀ ਕੀਤੀ ਗਈ। ਗ਼ੈਰ-ਮੌਰੂਸੀ ਜਾਂ ਕੱਚੇ ਮਾਲਕ (ਮੁਜਾਰੇ) ਉਹ ਸਨ ਜੋ ਜਗੀਰਦਾਰ ਤੋਂ ਜ਼ਮੀਨ ਲੈ ਕੇ ਖੇਤੀ ਤਾਂ ਕਰ ਸਕਦੇ ਸਨ, ਪਰ ਮਾਲਕ ਨਹੀਂ, ਕਦੇ ਵੀ ਬੇਦਖ਼ਲ ਕੀਤੇ ਜਾ ਸਕਦੇ ਸਨ। ਕਾਨੂੰਨੀ ਤੌਰ 'ਤੇ ਵਟਾਈ ਕੁੱਲ ਪੈਦਾਵਾਰ ਦਾ ਅੱਧ ਸੀ। ਪਰ ਅਮਲੀ ਤੌਰ 'ਤੇ ਮਜਾਰਿਆਂ ਪੱਲੇ ਇਕ ਮਣ ਵਿਚੋਂ 10 ਸੇਰ ਭਾਵ ਚੌਥਾ ਹਿੱਸਾ ਹੀ ਰਹਿੰਦਾ ਸੀ।

ਮੁਜਾਰਿਆਂ ਦੇ ਬੱਚਿਆਂ ਨੂੰ ਸਿੱਖਿਆ ਤੋਂ ਵੀ ਦੂਰ ਰੱਖਿਆ ਜਾਂਦਾ ਸੀ।

ਪਟਿਆਲਾ ਰਿਆਸਤ ਦੇ 784 ਮੁਜਾਰੇ ਪਿੰਡਾਂ ਵਿਚੋਂ ਕੇਵਲ 4 ਪ੍ਰਾਇਮਰੀ ਸਕੂਲ ਭਦੌੜ, ਭਵਾਨੀਗੜ੍ਹ, ਡਸਕਾ ਤੇ ਤਲਵੰਡੀ ਸਾਬੋ ਵਿਖੇ ਸਨ, ਜਿੱਥੇ ਮੁੱਖ ਤੌਰ 'ਤੇ ਬਿਸਵੇਦਾਰਾਂ ਦੇ ਬੱਚੇ ਹੀ ਪੜ੍ਹਦੇ ਸਨ।

ਬਾਹਰੋਂ ਆਏ ਕਿਸੇ ਸਾਧ, ਸੰਤ ਨੂੰ ਵੀ ਪੜ੍ਹਾਉਣ ਨਹੀਂ ਦਿੱਤਾ ਜਾਂਦਾ ਸੀ।

ਜਨਤਾ ਨੂੰ ਪਛੜੇ ਰੱਖਣ ਦੇ ਯਤਨ ਇੱਥੋਂ ਤੱਕ ਸਨ ਕਿ ਪਿੰਡਾਂ ਖ਼ਾਸ ਕਰਕੇ ਮੁਜਾਰਾ ਪਿੰਡਾਂ ਵਿਚ ਗੁਰਦੁਆਰੇ ਉਸਾਰਨ ਦੀ ਵੀ ਆਗਿਆ ਨਹੀਂ ਸੀ।

**ਮੁਜਾਰਾ ਘੋਲ ਦਾ ਅਰੰਭ:** ਜ਼ਮੀਨੀ ਮਾਲਕੀ ਦੇ ਹੱਕ ਲਈ ਸੰਘਰਸ਼ ਤਾਂ 1870-80 ਦੇ ਜ਼ਮੀਨੀ ਬੰਦੋਬਸਤ ਦੌਰਾਨ ਹੀ ਅਰੰਭ ਹੋ ਗਿਆ ਸੀ। ਜਦੋਂ 1902-04 ਦਾ ਪੱਕਾ ਜ਼ਮੀਨੀ ਬੰਦੋਬਸਤ ਹੋਇਆ ਤਾਂ ਘੋਲ ਨੇ ਹੋਰ ਤੇਜ਼ੀ ਫੜੀ। ਮੁਜਾਰਾ ਆਗੂਆਂ ਦੀ ਅਗਵਾਈ ਵਿਚ ਇੱਕ ਪ੍ਰਤੀਨਿਧ ਮੰਡਲ ਸ਼ਿਮਲਾ ਜਾ ਕੇ ਵਾਇਸਰਾਏ ਨੂੰ ਵੀ ਮਿਲਿਆ। ਪਰ ਮਾੜੀ-ਮੋਟੀ ਰਾਹਤ ਤੋਂ ਬਿਨਾਂ ਕਿਤੇ ਕੋਈ ਢੋਈ ਨਹੀਂ ਮਿਲੀ।

ਜਦੋਂ ਗੁੱਸਾ ਉਬਾਲੇ ਖਾਂਦਾ ਤਾਂ ਮੁਜਾਰੇ ਵਟਾਈ ਦੇਣ ਤੋਂ ਇਨਕਾਰ ਕਰਦੇ। ਫੇਰ ਖ਼ੂਨੀ ਝੜਪਾਂ ਹੁੰਦੀਆਂ। ਹੱਥ ਹਮੇਸ਼ਾ ਬਿਸਵੇਦਾਰਾਂ ਤੇ ਉਸਦੇ ਗੁੰਡਿਆਂ ਦਾ ਹੀ ਉੱਪਰ ਰਿਹਾ ਕਿਉਂਕਿ ਅਫ਼ਸਰਸ਼ਾਹੀ ਤੇ ਪੁਲੀਸ ਉਨ੍ਹਾਂ ਦੀ ਮਦਦਗਾਰ ਬਣ ਕੇ ਖੜ੍ਹਦੀ। ਖ਼ੂਨੀ ਝੜਪਾਂ ਵਿਚ ਘੱਟੋ-ਘੱਟ ਤਿੰਨ ਦਰਜਨ ਤੋਂ ਵੱਧ ਮੁਜਾਰੇ ਕਤਲ ਹੋਏ, ਜਿਨ੍ਹਾਂ ਵਿਚ ਕੁਝ ਬੱਚੇ ਤੇ ਔਰਤਾਂ ਵੀ ਸਨ।

ਜਦੋਂ ਕਿਸੇ ਕਾਰਨ ਫ਼ਸਲ ਦੀ ਪੈਦਾਵਾਰ ਘੱਟ ਹੁੰਦੀ ਤਾਂ ਬਿਸਵੇਦਾਰ ਸ਼ੱਕ ਕਰਦਾ ਕਿ ਮੁਜਾਰਿਆਂ ਨੇ ਪਹਿਲਾਂ ਹੀ ਕੁਝ ਹਿੱਸਾ ਚੁਰਾ ਲਿਆ ਹੈ। ਸਿੱਟੇ ਵਜੋਂ 'ਠੱਪਾ ਰਸਮ' ਚਾਲੂ ਕੀਤੀ ਗਈ।

ਜਦੋਂ ਫ਼ਸਲ ਵੱਢ, ਗਾਹ ਕੇ ਢੇਰ ਦਾ ਰੂਪ ਧਾਰਦੀ ਤਾਂ ਬਿਸਵੇਦਾਰ ਜਾਂ ਉਸਦਾ ਮੁਖਤਿਆਰ ਆ ਕੇ ਥਾਂ-ਥਾਂ ਉਸ 'ਤੇ ਠੱਪੇ ਲਾ ਦਿੰਦੇ। ਚੁਕਣ ਤਕ ਢੇਰ ਦੀ ਰਾਖੀ ਮੁਜਾਰਾ ਕਰਦਾ। ਮੁਜਾਰੇ ਆਪਣੀ ਨੀਯਤ 'ਤੇ ਸ਼ੱਕ ਕੀਤੇ ਜਾਣ ਲਈ ਬੇਇਜ਼ਤੀ ਮਹਿਸੂਸ ਕਰਦੇ।

7 ਜੁਲਾਈ 1927 ਨੂੰ ਮਾਨਸਾ (ਬਠਿੰਡਾ) ਵਿਖੇ ਰਿਆਸਤੀ ਪਰਜਾ ਮੰਡਲ ਦੀ ਨੀਂਹ ਰੱਖੀ ਗਈ। ਸੇਵਾ ਸਿੰਘ ਠੀਕਰੀਵਾਲਾ ਪ੍ਰਧਾਨ ਤੇ ਭਗਵਾਨ ਸਿੰਘ ਲੌਂਗੋਵਾਲੀਆ ਇਸਦੇ ਮੁੱਖ ਸਕੱਤਰ ਚੁਣੇ ਗਏ, ਜੋ ਖ਼ੁਦ ਗੁਪਤਵਾਸ ਕਰਕੇ ਸ਼ਾਮਲ ਨਹੀਂ ਹੋ ਸਕੇ। ਬਾਬਾ ਹਰਨਾਮ ਸਿੰਘ ਧਰਮਗੜ੍ਹ, ਧਰਮ ਸਿੰਘ ਫੱਕਰ ਅਤੇ ਅਜਮੇਰ ਸਿੰਘ ਤਾਮਕੋਟ ਵੀ ਅਹੁਦੇਦਾਰਾਂ ਵਿਚ ਸ਼ਾਮਲ ਹੋਏ। ਪਰਜਾ ਮੰਡਲ ਨੇ ਦੋ ਨੁਕਤਿਆਂ 'ਤੇ ਲੜਾਈ ਕੇਂਦਰਤ ਕੀਤੀ।

(ੳ) ਰਾਜਾਸ਼ਾਹੀ ਦਾ ਖਾਤਮਾ, ਜਮਹੂਰੀ ਪ੍ਰਬੰਧ ਦੀ ਬਹਾਲੀ

(ਅ) ਵਟਾਈ ਪ੍ਰਥਾ ਖਤਮ ਤੇ ਮੁਜਾਰਿਆਂ ਨੂੰ ਪੱਕੇ ਮਾਲਕੀ ਹੱਕ।

1933-34 ਵਿਚ ਲੰਮੀ ਲੜਾਈ ਮਗਰੋਂ ਰਾਜੇ ਨੇ ਸ਼ਾਹੀ ਫਰਮਾਨ ਜਾਰੀ ਕਰਕੇ 'ਠਪਾ ਰਸਮ' ਖਤਮ ਕਰਨ ਦਾ ਐਲਾਨ ਕੀਤਾ, ਬਦਲ ਵਜੋਂ 'ਕਨਕੂਤ' ਰਸਮ ਅਰੰਭ ਕੀਤੀ। ਜਗੀਰਦਾਰ, ਸਰਕਾਰੀ ਅਧਿਕਾਰੀ ਤੇ ਮੁਜਾਰੇ ਦਾ ਪ੍ਰਤੀਨਿਧ ਤਿੰਨੇ ਮਿਲ ਕੇ ਖੜ੍ਹੀ ਫ਼ਸਲ ਦੀ ਪੈਦਾਵਾਰ ਦੀ ਕੁੱਲ ਮਾਤਰਾ ਤੈਅ ਕਰ ਕੇ ਵਟਾਈ ਹਿੱਸਾ ਤੈਅ ਕਰਦੇ। ਇਸਦਾ ਕੋਈ ਲਾਭ ਨਾ ਹੋਇਆ।

1936 ਵਿਚ ਲਖਨਊ ਵਿਖੇ ਕੁਲ ਕਿਸਾਨ ਸਭਾ ਦੀ ਸਥਾਪਨਾ ਹੋਈ। ਗ਼ਦਰੀ ਬਾਬਾ ਜਵਾਲਾ ਸਿੰਘ ਇਸਦੀ ਪੰਜਾਬ ਇਕਾਈ ਦੇ ਪਹਿਲੇ ਪ੍ਰਧਾਨ ਤੇ ਬਾਬਾ ਅਰੂੜ ਸਿੰਘ ਚੂਹੜਚੱਕ ਇਸਦੇ ਮੀਤ ਪ੍ਰਧਾਨ ਬਣੇ। ਕਿਸਾਨ ਸਭਾ ਨੇ ਪਿੰਡਾਂ ਵਿਚ ਕਿਸਾਨ ਕਮੇਟੀਆਂ ਬਣਾ ਕੇ ਮੁਜਾਰਾ ਅੰਦੋਲਨ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ।

1947 ਦੀ ਆਜ਼ਾਦੀ ਉਪਰੰਤ ਦੇਸੀ ਰਿਆਸਤਾਂ ਨੂੰ ਮਿਲਾ ਕੇ ਪਟਿਆਲਾ ਤੇ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਸੂਬਾ ਬਣਾਇਆ। ਰਾਜ ਗਵਰਨਰ ਦੀਆਂ ਸ਼ਕਤੀਆਂ ਦੇ ਕੇ ਪਟਿਆਲਾ ਰਾਜੇ ਨੂੰ ਇਸਦਾ 'ਰਾਜ ਪ੍ਰਮੁੱਖ' ਬਣਾਇਆ ਗਿਆ।

**ਹਥਿਆਰਬੰਦ ਸੰਘਰਸ਼ ਦੀ ਰੂਪ-ਰੇਖਾ:** ਕਾਮਰੇਡ ਸੁਤੰਤਰ, ਫੱਕਰ, ਜੋਗਾ ਤੇ ਵੈਦ ਦੀ ਰਹਿਨੁਮਾਈ ਥੱਲੇ ਮੁਜਾਰਾ ਆਗੂਆਂ ਦੀ ਅਹਿਮ ਮੀਟਿੰਗ ਪਿੰਡ ਜਵਾਹਰ ਸਿੰਘ ਵਾਲਾ ਵਿਖੇ ਕਰਕੇ ਹੇਠ ਲਿਖੀ ਯੁੱਧਨੀਤੀ ਤੈਅ ਕੀਤੀ ਗਈ।

(1) ਬਿਸਵੇਦਾਰਾਂ ਤੇ ਉਨ੍ਹਾਂ ਦੇ ਗੁੰਡਿਆਂ ਦਾ ਟਾਕਰਾ ਖੇਤਾਂ ਵਿਚ ਕੀਤਾ ਜਾਏ। ਖੇਤਾਂ ਤੋਂ ਬਾਹਰ ਕੋਈ ਟੱਕਰ ਨਹੀਂ।

(2) ਨੌਕਰਸ਼ਾਹਾਂ, ਮਹਿਕਮਾ ਮਾਲ ਤੇ ਪੁਲੀਸ ਅਧਿਕਾਰੀਆਂ ਨਾਲ ਟੱਕਰ ਲੈਣ ਤੋਂ ਬਚਿਆ ਜਾਏ। ਉਨ੍ਹਾਂ ਵਿਰੁੱਧ ਕੋਈ ਹਥਿਆਰਾਂ ਦੀ ਵਰਤੋਂ ਨਹੀਂ। ਹਾਂ ਸਮਾਜੀ ਬਾਈਕਾਟ, ਨਾ ਚਾਹ ਨਾ ਰੋਟੀ, ਪੂਰਾ ਨਾ ਮਿਲਵਰਤਣ। ਉਨ੍ਹਾਂ ਦਾ ਸਾਹਮਣਾ ਨਾ ਕਰੋ ਸਗੋਂ ਅੱਗੇ-ਪਿੱਛੇ ਹੋ ਕੇ, ਆਂਬੇ-ਲਾਂਬੇ ਆਸਰਾ ਲਵੋ ਸਮਾਂ ਬਤਾਓ।

(3) ਦੁਸ਼ਮਣ ਨੂੰ ਹਮਲਾ ਕਰਨ ਦਾ ਮੌਕਾ ਦੇ ਕੇ ਆਪ ਬਚਾਓ ਲਈ ਲੜਨਾ ਗ਼ਲਤ ਹੈ। ਪਹਿਲ ਸਦਾ ਆਪਣੇ ਹੱਥ ਰੱਖੋ। ਪਹਿਲਕਦਮੀ, ਪਹਿਲਾਂ ਹਮਲਾ ਬਚਾਓ ਦੀ ਪੱਕੀ ਗਰੰਟੀ ਹੈ।

ਬਿਸਵੇਦਾਰਾਂ ਦੀਆਂ ਜ਼ਮੀਨਾਂ ਉਪਰ ਕਬਜ਼ੇ ਕਰਨ ਤੇ ਮੁਜਾਰਿਆਂ ਵਿਚ ਵੰਡਣ ਦੀ ਮੁਹਿੰਮ ਤੇਜ਼ ਹੋਈ। ਦੋ ਸੌ ਤੋਂ ਵੱਧ ਪਿੰਡਾਂ ਦੇ ਮੁਜਾਰਿਆਂ ਨੇ ਜ਼ਮੀਨਾਂ 'ਤੇ ਕਬਜ਼ੇ ਕਰ ਲਏ।



ਤੇਜਾ ਸਿੰਘ ਸੁਤੰਤਰ (ਜਵਾਨੀ ਵੇਲੇ) | ਜੰਗੀਰ ਸਿੰਘ ਜੋਗਾ | ਧਰਮ ਸਿੰਘ ਫੱਕਰ | ਸੇਵਾ ਸਿੰਘ ਠੀਕਰੀਵਾਲਾ
ਵਧਾਵਾ ਰਾਮ | ਡਾ. ਭਾਗ ਸਿੰਘ | ਹਰਨਾਮ ਸਿੰਘ ਚਮਕ | ਕਾਮਰੇਡ ਛੱਜੂ ਮੱਲ ਵੈਦ

ਬਾਬਾ ਹਰਨਾਮ ਸਿੰਘ ਧਰਮਗੜ੍ਹ ਕਬਜ਼ਾਕਰੂ ਜਥਿਆਂ ਦੀ ਅਗਵਾਈ ਕਰਦੇ ਹੋਏ ਜ਼ਮੀਨਾਂ 'ਤੇ ਕਬਜ਼ੇ ਕਰਕੇ ਮੁਜਾਰਿਆਂ ਵਿਚ ਵੰਡ ਦਿੰਦੇ। ਬਾਬਾ ਜੀ ਗਲੀਆਂ ਵਿਚ ਇਹ ਵੀ ਗਾਉਂਦੇ ਸਨ ਕਿ:

**ਤੇਰੀ ਜਾਊਗੀ ਗਰੀਬੀ ਸ਼ੇਰਾ,**
**ਰਾਜਿਆਂ ਦੇ ਰਾਜ ਜਾਣਗੇ।**
**ਉਠ ਕਰ ਲੈ ਜ਼ਮੀਨ ਉਤੇ ਕਬਜ਼ਾ,**
**ਬਿਸਵੇਦਾਰ ਭੱਜ ਜਾਣਗੇ।**

**ਪਿੰਡ ਕਿਸ਼ਨਗੜ੍ਹ ਦੀ ਘਟਨਾ:** ਪਿੰਡ ਕਿਸ਼ਨਗੜ੍ਹ ਦੇ ਦੋ ਬਿਸਵੇਦਾਰ ਭਗਵਾਨ ਸਿੰਘ ਤੇ ਸਿਆਸਤ ਸਿੰਘ ਮਹਾਰਾਜਾ ਦੇ ਸਮੇਂ ਉਸਦੇ ਸੁਪਰਡੈਂਟ ਪੁਲਿਸ ਸਨ। ਸਿਆਸਤ ਸਿੰਘ ਆਪਣੇ ਘਰੇਲੂ ਜ਼ਿਲ੍ਹੇ ਬਠਿੰਡਾ ਵਿਖੇ ਹੀ ਤਾਇਨਾਤ ਸੀ। ਉਸਨੇ ਅਕਤੂਬਰ 1948 ਵਿਚ ਤਹਿਸੀਲਦਾਰ ਦੀ ਅਗਵਾਈ ਵਿਚ ਸਟਾਫ ਤੇ ਪੁਲੀਸ ਭੇਜੀ ਤਾਂ ਕਿ ਸ਼ਾਹੀ ਫ਼ੁਰਮਾਨ ਅਨੁਸਾਰ ਜ਼ਮੀਨ ਦੀ ਵੰਡ ਕੀਤੀ ਜਾਏ। ਮੁਜਾਰਿਆਂ ਨੂੰ ਉਨ੍ਹਾਂ ਦੀ ਆਮਦ ਬਾਰੇ ਪਹਿਲਾਂ ਪਤਾ ਲੱਗ ਗਿਆ ਸੀ। ਮੁਜਾਰੇ ਬਰੇਟਾ ਤੋਂ ਆਉਂਦੇ ਰਾਹ 'ਤੇ ਇਕੱਠੇ ਹੋਏ। ਸਟਾਫ਼ ਨੂੰ ਆਉਂਦੇ ਵੇਖ ਕੇ ਨਾਹਰੇ ਗੂੰਜ ਉਠੇ: "ਚਾਲੂ ਰਹੇ ਮੁਜਾਰਿਆ ਲੜਾਈ-ਨਾ ਖੁੱਡ ਜ਼ਮੀਨ ਨਾ ਦਾਣਾ ਬਟਾਈ"।

'ਬਿਸਵੇਦਾਰੀ ਬਿਨਾਂ ਮੁਆਵਜ਼ਾ ਖਤਮ ਕਰੋ।' ਇਕੱਠ ਦਾ ਜੋਸ਼, ਗੁੱਸਾ ਤੇ ਹੱਥਾਂ ਵਿਚ ਰਵਾਇਤੀ ਹਥਿਆਰ ਵੇਖ ਕੇ ਸਟਾਫ਼ ਦੀ ਅੱਗੇ ਵਧਣ ਦੀ ਹਿੰਮਤ ਨਹੀਂ ਪਈ। ਉਥੋਂ ਵਾਪਸ ਬਰੇਟਾ ਥਾਣੇ ਨੂੰ ਮੁੜ ਗਏ।

ਸਟਾਫ ਦੀ ਅਸਫਲਤਾ ਕਾਰਨ ਬਿਸਵੇਦਾਰ ਤੇ ਪੁਲੀਸ ਅਫ਼ਸਰ ਬਹੁਤ ਬੁਖਲਾਏ। ਉਨ੍ਹਾਂ ਨੇ ਕਾਨੂੰਨ ਹੱਥ ਵਿਚ ਲੈਣ ਦਾ ਫ਼ੈਸਲਾ ਕੀਤਾ। ਭਾੜੇ ਉੱਪਰ ਭਗੌੜੇ ਗੁੰਡੇ ਇਕੱਠੇ ਕੀਤੇ। ਦਸੰਬਰ 1948 ਨੂੰ ਇੱਕ ਥਾਂ ਇਕੱਠੇ ਕਰਕੇ ਮਾਸ, ਸ਼ਰਾਬ ਨਾਲ ਰਜਾਇਆ, ਕਿਸ਼ਨਗੜ੍ਹ ਪਿੰਡ ਭਿਜਵਾਇਆ ਤਾਂ ਕਿ ਉਹ ਜ਼ਮੀਨ ਉਪਰ ਕਬਜ਼ਾ ਕਰਨ। ਚੋਖੀ ਗਿਣਤੀ ਵਿਚ ਪੁਲੀਸ ਵੀ ਨਾਲ ਸੀ। ਉਕਤ ਟੋਲੇ ਨੇ ਪਿੰਡ ਦੀ ਬਜਾਏ ਸਿੱਧਾ ਖੇਤਾਂ ਵਿਚ ਜਾ ਕੇ, ਕੈਂਪ ਲਗਾਇਆ। ਛੱਜੂਮਲ ਵੈਦ ਤੇ ਫੱਕਰ ਨੇ ਕੁਝ ਪਿੰਡਾਂ ਦਾ ਦੌਰਾ ਕਰਕੇ ਤੇ ਕੁੱਝ ਨੂੰ ਰੁੱਕੇ ਭੇਜ ਕੇ ਕਿਸ਼ਨਗੜ੍ਹ ਪੁੱਜਣ ਦੇ ਸੁਨੇਹੇ ਭੇਜੇ, ਦੋ ਦਿਨਾਂ ਵਿਚ ਗੁਆਂਢੀ ਪਿੰਡਾਂ ਵਿਚੋਂ 5000 ਮੁਜਾਰੇ ਕਿਸਾਨ ਪਿੰਡ ਇਕੱਠੇ ਹੋਏ। ਰਵਾਇਤੀ ਤੇ ਕੁਝ ਪੱਕੇ ਹਥਿਆਰਾਂ ਨਾਲ ਗੁੰਡਿਆਂ ਦੇ ਕੈਂਪ ਵੱਲ ਚਾਲੇ ਪਾ ਦਿੱਤੇ, ਦੋਹਾਂ ਪਾਸਿਆਂ ਤੋਂ ਗੋਲੀਆਂ ਵੀ ਚਲੀਆਂ। ਪੁਲੀਸ ਭੱਜ ਗਈ, ਗੁੰਡੇ ਘੇਰਾ ਪੈਣ ਤੇ ਡਰਦੇ ਗੰਨੇ ਦੇ ਖੇਤ ਵਿੱਚ ਜਾ ਛੁੱਪੇ। ਗੁੱਸੇ ਵਿੱਚ ਆਏ ਲੋਕਾਂ ਨੇ ਗੰਨੇ ਦੇ ਖੇਤ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ, ਸਿਆਣੇ ਆਗੂਆਂ ਨੇ ਅਜਿਹਾ ਕਰਨ ਤੋਂ ਰੋਕਿਆ ਤੇ ਗੰਨਾਂ ਵੱਢ ਕੇ ਗੁੜ ਬਣਾਉਣ ਦੀ ਸਲਾਹ ਦਿੱਤੀ।

ਇਕੱਠ ਨੂੰ ਗਰੁੱਪਾਂ ਵਿਚ ਵੰਡ ਕੇ ਗੰਨਾ ਕੱਟਣ-ਵੱਢਣ, ਢੋਆ-ਢੁਆਈ ਕਰਨ ਤੇ ਗੁੜ ਬਣਾਉਣ ਦੀ ਡਿਊਟੀ ਲਾਈ। ਗੁਆਂਢੀ ਪਿੰਡਾਂ ਵਿਚੋਂ ਵੇਲਣੇ ਮੰਗਵਾਏ। 84 ਕਿਲੇ ਗੰਨੇ ਦੀ ਫ਼ਸਲ ਕੱਟ-ਵੱਢ ਕੇ ਗੁੜ ਬਣਾ ਕੇ ਸਬੰਧਤ ਮੁਜਾਰਿਆਂ ਦੇ ਘਰਾਂ ਵਿਚ ਪੁੱਜਦਾ ਕਰ ਦਿੱਤਾ। ਉਕਤ ਘਟਨਾ ਸਬੰਧੀ 36 ਨੌਜਵਾਨ ਮੁਜਾਰੇ ਦੋਸ਼ੀ ਨਾਮਜ਼ਦ ਕਰਕੇ ਸਿਆਸਤ ਸਿੰਘ ਨੇ ਵਰੰਟ ਗ੍ਰਿਫ਼ਤਾਰੀ ਜਾਰੀ ਕਰ ਦਿੱਤੇ। ਲਗਭਗ 100 ਪੁਲੀਸ ਅਫ਼ਸਰ ਤੇ ਸਿਪਾਹੀਆਂ ਨੇ ਗ੍ਰਿਫ਼ਤਾਰੀਆਂ ਲਈ 16 ਮਾਰਚ, 1949 ਨੂੰ ਸਵੇਰੇ ਹੀ ਪਿੰਡ ਨੂੰ ਘੇਰ ਲਿਆ। ਹਥਿਆਰਬੰਦ ਵਲੰਟੀਅਰਾਂ ਨਾਲ ਟੱਕਰ ਵਿਚ ਪੁਲੀਸ ਦੇ ਕਈ ਘੋੜੇ ਜ਼ਖਮੀ ਹੋਏ, ਜ਼ਖਮੀ ਘੋੜੇ ਤੋਂ ਡਿੱਗ ਕੇ ਇਕ ਪੁਲੀਸ ਇੰਸਪੈਕਟਰ ਮਰ ਗਿਆ। ਘਬਰਾਈ ਪੁਲੀਸ ਮੁੜਦੇ ਪੈਰੀਂ ਨੱਠ ਗਈ।

ਵੱਡੀ ਲੀਡਰਸ਼ਿਪ ਗੁਆਂਢੀ ਪਿੰਡ ਗੋਬਿੰਦਗੜ੍ਹ ਵਿਖੇ ਇਕੱਠੀ ਹੋਈ। ਅਹਿਸਾਸ ਹੋ ਗਿਆ ਸੀ ਕਿ ਹੁਣ ਵੱਡਾ ਹਮਲਾ ਹੋਵੇਗਾ, ਫ਼ੌਜ ਵੀ ਆ ਸਕਦੀ ਹੈ। ਛੱਜੂ ਮੱਲ ਵੈਦ ਨੇ ਇਕ ਰੁੱਕਾ ਭੇਜ ਕੇ ਧਰਮ ਸਿੰਘ ਫੱਕਰ ਨੂੰ ਉੱਥੇ ਆਉਣ ਲਈ ਕਿਹਾ, ਉਨ੍ਹਾਂ ਵਾਪਸੀ ਰੁਕੇ ਰਾਹੀਂ ਆਉਣ ਤੋਂ ਇਨਕਾਰ ਕਰਦੇ ਹੋਏ ਕਿਹਾ ਲੋਕਾਂ 'ਤੇ ਅਕਿਹ ਤੇ ਅਸਿਹ ਜਬਰ-ਜ਼ੁਲਮ ਦੀ ਸੰਭਾਵਨਾ ਹੈ। ਸੋ ਧਰਮ ਸਿੰਘ ਫੱਕਰ ਹਥਿਆਰਬੰਦ ਦਸਤਿਆਂ ਦੇ ਲੀਡਰ ਰਾਮ ਸਿੰਘ ਬਾਗੀ ਪਿੰਡ ਕਿਸ਼ਨਗੜ੍ਹ ਹੀ ਰਹੇ।

18 ਮਾਰਚ ਨੂੰ 400 ਫੌਜੀ, 11 ਟੈਂਕ, 5 ਹਥਿਆਰਬੰਦ ਕਾਰਾਂ ਤੇ ਟਰੱਕ, ਸੌ ਦੇ ਕਰੀਬ ਪੁਲਸੀਆਂ ਨੇ ਸਵੇਰ ਨੂੰ ਹੀ ਪਿੰਡ ਘੇਰ ਲਿਆ। ਮਾਰਸ਼ਲ ਲਾਅ ਲਾਗੂ ਕਰ ਦਿੱਤਾ। ਲਾਊਡ ਸਪੀਕਰ ਰਾਹੀਂ ਲੋਕਾਂ ਨੂੰ ਬਿਸਵੇਦਾਰ ਦੀ

ਹਵੇਲੀ/ਕੋਠੀ ਇਕੱਠੇ ਹੋਣ ਨੂੰ ਕਿਹਾ ਗਿਆ। ਘਰ-ਘਰ ਦੀ ਤਲਾਸ਼ੀ ਲਈ ਗਈ। ਹਜ਼ਾਰਾਂ ਦੀ ਜਾਇਦਾਦ ਦੀ ਲੁੱਟ ਕੀਤੀ। ਰਾਮ ਸਿੰਘ ਬਾਗੀ ਤੇ ਸਮੇਤ ਦੋ ਹੋਰ ਸਾਥੀ ਇਕ ਘਰ ਵਿਚ ਸਨ ਬਾਹਰ ਨਹੀਂ ਆਏ। ਪੁਲੀਸ ਨੇ ਵੇਖਦੇ ਹੀ ਗੋਲੀ ਚਲਾ ਕੇ ਉਨ੍ਹਾਂ ਨੂੰ ਮਾਰ ਦਿੱਤਾ। ਮੇਜਰ ਗੁਰਦਿਆਲ ਸਿੰਘ ਫ਼ੌਜ ਦੀ ਅਗਵਾਈ ਕਰ ਰਿਹਾ ਸੀ।

ਲਾਈਨ ਵਿਚ ਖੜ੍ਹਾ ਕਰ ਕੇ ਲੋਕਾਂ ਦੀ ਸੂਚੀ ਬਣਾਈ ਗਈ। ਜਦੋਂ ਫੱਕਰ ਨੇ ਆਪਣਾ ਨਾਂ ਦੱਸਿਆ ਤਾਂ ਨਾਲ ਖੜ੍ਹੇ ਡੀਸੀ ਨੇ ਗੋਲੀ ਮਾਰਨ ਲਈ ਕਿਹਾ। ਫੌਜੀ ਕਮਾਂਡਰ ਨੇ ਦਖ਼ਲ ਦਿੰਦਿਆਂ ਕਿਹਾ ਕਿ 10 ਸਾਲਾਂ ਵਿਚ ਤਾਂ ਫੜ ਕੇ ਮਾਰ ਨਹੀਂ ਸਕੇ, ਹੁਣ ਕਿਉਂ? ਚੰਗੇ ਫ਼ੌਜੀ ਅਫ਼ਸਰ ਕਰਕੇ ਫੱਕਰ ਦੀ ਜਾਨ ਬਚ ਗਈ। ਪਰ ਅੰਨ੍ਹਾ ਤਸ਼ੱਦਦ ਕੀਤਾ ਗਿਆ, ਜਿਸਨੂੰ ਸ਼ਬਦਾਂ ਰਾਹੀਂ ਬਿਆਨ ਕਰਨਾ ਅਸੰਭਵ ਹੈ। ਧਰਮ ਸਿੰਘ ਫੱਕਰ ਸਮੇਤ 85 ਕਿਸਾਨ ਮੁਜਾਰੇ ਗ੍ਰਿਫ਼ਤਾਰ ਕਰ ਕੇ ਫਰੀਦਕੋਟ ਜੇਲ੍ਹ ਭੇਜੇ ਗਏ। ਜੰਗੀਰ ਸਿੰਘ ਜੋਗਾ ਜੀ ਦੀ ਅਗਵਾਈ ਹੇਠ 'ਡਿਫੈਂਸ ਕਮੇਟੀ' ਬਣਾ ਕੇ ਕੇਸ ਲੜਿਆ ਗਿਆ। ਲਹਿਰ ਦੇ ਦਬਾਅ ਸਦਕਾ ਕੋਈ ਗਵਾਹ ਸਾਹਮਣੇ ਨਹੀਂ ਆਇਆ। ਮਾਨਸਾ ਦੇ ਨਾਮੀ ਵਕੀਲ ਤੇ ਪਰਜਾ ਮੰਡਲੀਏ ਬਾਬੂ ਦੇਸ ਰਾਜ ਨੇ ਮੁਫ਼ਤ ਮੁਕੱਦਮਾ ਲੜਿਆ। ਦਸੰਬਰ 1950 ਵਿਚ ਸਾਰੇ ਮੁਲਜ਼ਮ ਬਾਇੱਜ਼ਤ ਬਰੀ ਹੋ ਗਏ।

ਅਕਤੂਬਰ 1948 ਤੋਂ 1951 ਦੇ ਢਾਈ ਸਾਲਾਂ ਦੇ ਅਰਸੇ ਦੌਰਾਨ ਪੈਪਸੂ ਦੀਆਂ ਚਾਰ ਵਜ਼ਾਰਤਾਂ ਬਣੀਆਂ। ਪਾਸਕੂ ਤਿੰਨ ਕਮਿਊਨਿਸਟਾਂ ਕੋਲ ਸੀ। ਨਾਂਮਾਤਰ ਮੁਆਵਜ਼ੇ ਨਾਲ ਬਿਸਵੇਦਾਰੀ ਖਾਤਮੇ ਦਾ ਕਮੀਆਂ-ਕਮਜ਼ੋਰੀਆਂ ਵਾਲਾ ਕਾਨੂੰਨ ਬਣਾਉਣ ਵਿਚ ਸਫ਼ਲਤਾ ਜ਼ਰੂਰ ਮਿਲੀ।

29 ਮਈ 1952 ਨੂੰ ਮਾਨਸਾ ਮੰਡੀ (ਬਠਿੰਡਾ) ਵਿਖੇ ਜੰਗੀਰ ਸਿੰਘ ਜੋਗਾ ਦੀ ਪ੍ਰਧਾਨਗੀ ਥੱਲੇ ਕਿਸਾਨ ਮੁਜਾਰਾ ਕਾਨਫ਼ਰੰਸ ਹੋਈ। ਪੈਪਸੂ ਸਰਕਾਰ ਦੇ ਮੰਤਰੀ ਦਾਰਾ ਸਿੰਘ ਤੇ ਇੰਦਰ ਸਿੰਘ ਵੀ ਸ਼ਾਮਲ ਹੋਏ। ਡੀਸੀ ਪ੍ਰੇਮ ਕੁਮਾਰ ਵੀ ਮੌਜੂਦ ਸੀ। 24 ਪਿੰਡਾਂ ਦੇ ਬਿਸਵੇਦਾਰ ਆਪਣੇ ਹਲਕੇ ਦੇ ਪਟਵਾਰੀਆਂ ਸਮੇਤ ਸਟੇਜ 'ਤੇ ਹਾਜ਼ਰ ਹੋਏ। ਆਪਣੀ ਜ਼ਮੀਨ ਦੀ ਮਾਲਕੀ ਛੱਡ ਕੇ ਇੰਤਕਾਲ ਆਪਣੇ ਮੁਜਾਰਿਆਂ ਦੇ ਨਾਂ ਦਰਜ ਕਰਵਾ ਦਿੱਤੇ। ਗੋਬਿੰਦਪੁਰਾ ਦੇ ਬਿਸਵੇਦਾਰ ਨੇ 500 ਕਿਲੇ, ਤਲਵੰਡੀ ਸਾਬੋ ਦੇ 7 ਬਿਸਵੇਦਾਰਾਂ ਨੂੰ 2456 ਕਿਲੇ, ਇਕ ਹੋਰ ਵਿਸਵੇਦਾਰ ਸਮਸ਼ੇਰ ਸਿੰਘ 3000 ਕਿਲੇ, ਪਟਿਆਲਾ ਸ਼ਹਿਰ ਵਸਦੇ ਇਕ ਬਿਸਵੇਦਾਰ ਨੇ 24000 ਕਿਲੇ, ਰਾਜਾ ਨਿਰਪਾਲ ਸਿੰਘ ਨੇ 5000 ਕਿਲੇ ਮੁਜਾਰਿਆਂ ਦੇ ਨਾਮ ਕੀਤੇ। ਇਹ ਲੜੀ ਬਹੁਤ ਲੰਮੀ ਹੈ।

ਹਥਿਆਰਬੰਦ ਸੰਘਰਸ਼ ਦੌਰਾਨ ਹੀ ਲਹਿਰ ਦੇ ਮੁੱਖ ਆਗੂ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਇਕ ਲੱਖ ਦੇ ਇਨਾਮ ਵਾਲੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਚੁੱਕੇ ਸਨ। ਉਹ ਲਗਭਗ 16 ਸਾਲ ਗੁਪਤਵਾਸ ਰਹੇ ਪਰ ਪੁਲੀਸ ਉਨ੍ਹਾਂ ਨੂੰ ਗ੍ਰਿਫਤਾਰ ਨਾ ਕਰ ਸਕੀ।

1963 ਦੇ ਆਰੰਭ ਵਿਚ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਗਦਰੀ ਬਾਬਿਆਂ ਦਾ ਇਕ ਪ੍ਰਤੀਨਿਧ ਮੰਡਲ ਤਤਕਲੀਨ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੂੰ ਮਿਲਿਆ ਤੇ ਸੁਤੰਤਰ ਜੀ ਦੇ ਵਾਰੰਟ ਮਨਸੂੱਖ ਕਰਨ ਲਈ ਜ਼ੋਰ ਦਿੱਤਾ। ਨਹਿਰੂ ਨੇ ਬਾਬਿਆਂ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਦੀ ਬੇਨਤੀ ਪ੍ਰਵਾਨ ਕੀਤੀ ਅਤੇ ਤਤਕਲੀਨ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਵਾਰੰਟ/ਮੁਕੱਦਮਾ ਵਾਪਿਸ ਲੈਣ ਦੀ ਹਦਾਇਤ ਕੀਤੀ ਤਾਂ ਜਾ ਕੇ ਉਹ ਖੁੱਲ੍ਹੇ ਜੀਵਨ ਵਿਚ ਪਰਤੇ।

ਇਸ ਲਹਿਰ ਦਾ ਸਾਰ-ਤੱਤ ਇਹ ਹੈ ਕਿ ਬਹੁਤ ਘੱਟ ਜਾਨੀ ਨੁਕਸਾਨ ਨਾਲ 16 ਲੱਖ ਤੋਂ ਉਪਰ ਕਿਲੇ ਬਿਸਵੇਦਾਰਾਂ ਤੋਂ ਖੋਹ ਕੇ, ਮੁਜਾਰਿਆਂ ਵਿਚ ਵੰਡ ਕੇ ਉਨ੍ਹਾਂ ਨੂੰ ਮਾਲਕ ਬਣਾਇਆ। ਪਹਿਲਾਂ ਬੰਦਾ ਸਿੰਘ ਬਹਾਦਰ ਨੇ ਹਲਵਾਹਕਾਂ ਵਿਚ ਜ਼ਮੀਨ ਵੰਡੀ ਸੀ, ਦੂਸਰਾ ਉਕਤ ਲਹਿਰ ਨੇ। ਅੱਜ ਫਿਰ ਕਿਸਾਨਾਂ ਦੀ ਜ਼ਮੀਨ ਖੋਹਣ, ਕਾਰਪੋਰੇਟਾਂ ਨੂੰ ਦੇਣ ਲਈ ਖੇਤੀ ਕਾਨੂੰਨ ਬਣਾਏ ਗਏ ਹਨ। ਮੁਜਾਰਾ ਲਹਿਰ ਦਾ ਸ਼ਾਨਾਂਮੱਤੀ ਵਿਰਸਾ ਮੌਜੂਦਾ ਕਿਸਾਨ ਅੰਦੋਲਨ ਨੂੰ ਹੋਰ ਉਤਸ਼ਾਹ ਨਾਲ ਲੜਨ ਦਾ ਹੌਸਲਾ ਤੇ ਸ਼ਕਤੀ ਦੇਵੇਗਾ। ਮੌਜੂਦਾ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨਾ ਤੇ ਜਿੱਤ ਤੱਕ ਅੱਗੇ ਵਧਣਾ 19 ਮਾਰਚ ਦੇ ਪੈਪਸੂ ਮੁਜਾਰਾ ਲਹਿਰ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਸਿਹਤ ਸਹੂਲਤਾਂ ਦੀ ਘਾਟ ਨਾਲ ਜੂਝ ਰਿਹਾ ਪੇਂਡੂ ਖੇਤਰ

**ਡਾ. ਗੁਰਤੇਜ ਸਿੰਘ**
**95173-96001**

ਸਿਹਤ ਪ੍ਰਬੰਧਾਂ ਦੀ ਗੱਲ ਕਰੀਏ ਤਾਂ ਮੁਲਕ ਅੰਦਰ ਸਰਕਾਰੀ ਸਿਹਤ ਸੰਸਥਾਵਾਂ ਦਾ ਤਹਿਦਾਰ ਤਾਣਾ-ਬਾਣਾ ਹੈ। ਪਹਿਲੇ ਪੜਾਅ 'ਤੇ ਉਪ ਕੇਂਦਰ (ਸਬ ਸੈਂਟਰ) ਹਨ ਜਿਨ੍ਹਾਂ ਨੂੰ ਹੁਣ ਹੈਲਥ ਐਂਡ ਵੈੱਲਨੈੱਸ ਸੈਂਟਰ (ਸਿਹਤ ਤੇ ਤੰਦਰੁਸਤੀ ਕੇਂਦਰ) ਕਿਹਾ ਜਾਂਦਾ ਹੈ। ਇਹ 5000 ਦੀ ਆਬਾਦੀ ਪਿੱਛੇ ਇੱਕ ਬਣਾਇਆ ਜਾਂਦਾ ਹੈ। ਉਪ ਕੇਂਦਰ ਤੋਂ ਬਾਅਦ ਸਬਸਿਡਰੀ ਸਿਹਤ ਕੇਂਦਰ ਹੁੰਦੇ ਹਨ ਜਿਸ ਵਿਚ ਇੱਕ ਡਾਕਟਰ ਨਾਲ ਹੋਰ ਸਿਹਤ ਅਮਲਾ ਵੀ ਤਾਇਨਾਤ ਹੁੰਦਾ ਹੈ। ਇਨ੍ਹਾਂ ਦੀ ਸੰਖਿਆ 1336 ਹੈ। ਸਬਸਿਡੀ ਸਿਹਤ ਕੇਂਦਰ ਤੋਂ ਬਾਅਦ 30 ਹਜ਼ਾਰ ਦੀ ਆਬਾਦੀ ਲਈ ਇੱਕ ਮੁੱਢਲਾ ਸਿਹਤ ਕੇਂਦਰ ਹੁੰਦਾ ਹੈ ਜਿਸ ਵਿਚ ਸੀਨੀਅਰ ਮੈਡੀਕਲ ਅਫਸਰ, ਦੋ ਹੋਰ ਡਾਕਟਰ, ਨਰਸਿੰਗ ਸਟਾਫ ਅਤੇ ਬਾਕੀ ਅਮਲਾ ਹੁੰਦਾ ਹੈ। ਇਸ ਮੁੱਢਲੇ ਸਿਹਤ ਕੇਂਦਰ ਦੇ ਅੰਤਰਗਤ ਛੇ ਉੱਪ ਕੇਂਦਰ (ਹੈਲਥ ਐਂਡ ਵੈੱਲਨੈੱਸ ਸੈਂਟਰ) ਆਉਂਦੇ ਹਨ। ਇਨ੍ਹਾਂ ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ 432 ਹੈ। ਮੁੱਢਲੇ ਸਿਹਤ ਕੇਂਦਰ ਤੋਂ ਬਾਅਦ 80000 ਤੋਂ 120000 ਆਬਾਦੀ ਪਿੱਛੇ ਇੱਕ ਸਮੁਦਾਇਕ ਸਿਹਤ ਕੇਂਦਰ ਹੁੰਦਾ ਹੈ ਜਿਸ ਵਿਚ ਚਾਰ ਮਾਹਿਰ ਡਾਕਟਰ, ਤਿੰਨ ਮੈਡੀਕਲ ਅਫ਼ਸਰ, ਨਰਸਿੰਗ ਸਟਾਫ ਹੁੰਦਾ ਹੈ। ਇੱਥੇ 25 ਬਿਸਤਰਿਆਂ ਦਾ ਇੰਤਜ਼ਾਮ ਹੋਣ ਦੇ ਨਾਲ ਨਾਲ ਲੈਬਾਰਟਰੀ, ਆਪ੍ਰੇਸ਼ਨ ਥੀਏਟਰ ਹੁੰਦਾ ਹੈ। ਇਨ੍ਹਾਂ ਸਿਹਤ ਸੰਸਥਾਵਾਂ ਤੋਂ ਉੱਪਰਲੇ ਪੜਾਅ 'ਤੇ ਜ਼ਿਲ੍ਹਾ ਹਸਪਤਾਲ ਅਤੇ ਮੈਡੀਕਲ ਕਾਲਜ ਆਉਂਦੇ ਹਨ।

ਆਯੂਸ਼ਮਾਨ ਭਾਰਤ ਸਕੀਮ ਅਧੀਨ ਪੰਜਾਬ ਵਿਚ 3034 ਪੇਂਡੂ ਉਪ ਕੇਂਦਰ (ਸਿਹਤ ਤੇ ਤੰਦਰੁਸਤੀ ਕੇਂਦਰ) ਹਨ ਅਤੇ ਉੱਥੇ ਕੁੱਲ 2664 ਕਮਿਊਨਟੀ ਹੈਲਥ ਅਫਸਰ ਤਾਇਨਾਤ ਹਨ। ਇਨ੍ਹਾਂ ਵਿਚ ਬੀਏਐੱਮਐੱਸ ਯੋਗਤਾ ਵਾਲੇ 469 ਅਤੇ ਬਾਕੀ ਬੀਐੱਸਸੀ ਨਰਸਿੰਗ ਯੋਗਤਾ ਵਾਲੇ ਹਨ ਜੋ ਦੂਰ ਦੁਰਾਡੇ ਪੇਂਡੂ ਖੇਤਰਾਂ ਵਿਚ ਗਰਭਵਤੀ ਔਰਤਾਂ, ਨਵਜੰਮੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਵਰਗ ਦੇ ਲੋਕਾਂ ਨੂੰ ਪਿਛਲੇ ਕਿੰਨੇ ਸਾਲਾਂ ਤੋਂ ਮਿਆਰੀ ਸਿਹਤ ਸਹੂਲਤਾਂ ਦੇ ਰਹੇ ਹਨ। ਕਰੋਨਾ ਕਾਲ ਵਿਚ ਵੀ ਕਮਿਊਨਟੀ ਹੈਲਥ ਅਫਸਰਾਂ ਦਾ ਕਰੋਨਾ ਪੀੜਤ ਮਰੀਜ਼ਾਂ ਦੀ ਭਾਲ, ਕਰੋਨਾ ਦੀ ਜਾਂਚ ਲਈ ਸੈਂਪਲਿੰਗ ਅਤੇ ਕਰੋਨਾ ਟੀਕਾਕਰਨ ਵਿਚ ਵੀ ਵੱਡਾ ਯੋਗਦਾਨ ਰਿਹਾ ਹੈ। ਇਸੇ ਕਰ ਕੇ ਸਮੁੱਚੇ ਦੇਸ਼ ਵਾਸੀਆਂ ਨੂੰ ਕਰੋਨਾ ਵੈਕਸੀਨ ਦੀਆਂ ਤਿੰਨ ਖੁਰਾਕਾਂ ਦੇਣ ਦਾ ਅਮਲ ਸੰਭਵ ਹੋ ਸਕਿਆ ਹੈ। ਐੱਮਬੀਬੀਐੱਸ ਡਾਕਟਰਾਂ ਦਾ ਪੇਂਡੂ ਖੇਤਰ ਤੋਂ ਮੋਹ ਭੰਗ ਹੈ ਜੋ ਜੱਗ-ਜ਼ਾਹਿਰ ਹੈ। ਦੇਸ਼ ਦੀ 70 ਫ਼ੀਸਦੀ ਆਬਾਦੀ ਪਿੰਡਾਂ ਵਿਚ ਵਸਦੀ ਹੈ। ਸਾਫ ਹੈ ਕਿ ਇਹ ਸਿਹਤ ਤੇ ਤੰਦਰੁਸਤੀ ਕੇਂਦਰ ਅਤੇ ਇੱਥੇ ਤਾਇਨਾਤ ਕਮਿਊਨਟੀ ਹੈਲਥ ਅਫਸਰ ਸਿਹਤ ਵਿਭਾਗ ਦੀ ਰੀੜ੍ਹ ਦੀ ਹੱਡੀ ਹਨ ਜਿਨ੍ਹਾਂ ਤੋਂ ਬਗ਼ੈਰ ਪੇਂਡੂ ਸਿਹਤ ਸਹੂਲਤਾਂ ਬਾਰੇ ਸੋਚਿਆ ਨਹੀਂ ਜਾ ਸਕਦਾ। ਵੈਸੇ ਵੀ ਇਸ ਮਹੱਤਵਪੂਰਨ ਅਸਾਮੀ ਨੂੰ ਹੁਣ ਪੱਕੇ ਤੌਰ 'ਤੇ ਸਰਕਾਰ ਦੇ ਸਿਹਤ ਵਿਭਾਗ ਵਿਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

ਵਧਦੀ ਮਹਿੰਗਾਈ ਅਤੇ ਸਰਕਾਰਾਂ ਦੀ ਕਮਜ਼ੋਰ ਇੱਛਾ ਸ਼ਕਤੀ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਲਾਜ਼ਮੀ ਅਤੇ ਮਿਆਰੀ ਸਹੂਲਤਾਂ ਦੂਰ ਹੋ ਰਹੀਆਂ ਹਨ। ਦੇਸ਼ ਦੀ ਵੱਡੀ ਆਬਾਦੀ ਦਾ ਜੀਵਨ ਨਿਰਬਾਹ ਔਖਾ ਹੋ ਗਿਆ ਹੈ। ਜ਼ਿੰਦਗੀ ਜਿਊਣ ਦੇ ਬਦਲਦੇ ਢੰਗ ਅਤੇ ਨਾਮੁਰਾਦ ਬਿਮਾਰੀਆਂ ਲੋਕਾਂ ਲਈ ਚੁਣੌਤੀ ਬਣ ਗਈਆਂ ਹਨ। ਸਾਡੇ ਦੇਸ਼ ਅੰਦਰ ਪ੍ਰਤੀ ਵਿਅਕਤੀ ਸਿਹਤ ਖਰਚ ਦੂਜੇ ਦੇਸ਼ਾਂ ਦੇ ਮੁਕਾਬਲੇ ਮਾਮੂਲੀ ਹੈ। ਦੇਸ਼ ਦੀ ਦੋ ਤਿਹਾਈ ਆਬਾਦੀ ਪੀਣ ਵਾਲੇ ਸਾਫ ਪਾਣੀ ਤੋਂ ਵਾਂਝੀ ਹੈ। ਪੰਜਾਬ ਵਿਚ ਵੀ ਲੋਕ ਗੰਦਾ ਪਾਣੀ ਪੀਣ ਲਈ ਮਜਬੂਰ ਹਨ ਜਿਸ ਕਰ ਕੇ ਕੈਂਸਰ, ਕਾਲਾ ਪੀਲੀਆ ਅਤੇ ਹੋਰ ਖ਼ਤਰਨਾਕ ਬਿਮਾਰੀਆਂ ਨੇ ਲੋਕਾਂ ਨੂੰ ਜਕੜ ਵਿਚ ਲੈ ਲਿਆ ਹੈ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਨਾਗਵਲ ਪਾਇਆ ਹੋਇਆ ਹੈ। ਮਾਲਵਾ ਖੇਤਰ ਜੋ ਕਪਾਹ ਪੱਟੀ ਨਾਲ ਮਸ਼ਹੂਰ ਸੀ, ਹੁਣ ਕੈਂਸਰ ਪੱਟੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਕੈਂਸਰ ਅਤੇ ਕਾਲੇ ਪੀਲੀਏ ਦਾ ਕਹਿਰ ਹੈ। ਸੂਬੇ ਅੰਦਰ ਮਹਿੰਗੇ ਇਲਾਜ ਕਰ ਕੇ ਲੋਕ ਕੈਂਸਰ ਦੇ ਇਲਾਜ ਲਈ ਦੂਜੇ ਸੂਬਿਆਂ ਵਿਚ ਜਾਣ ਲਈ ਬੇਵੱਸ ਹਨ। ਬਠਿੰਡਾ ਤੋਂ ਬੀਕਾਨੇਰ ਜਾਂਦੀ ਰੇਲਗੱਡੀ ਕੈਂਸਰ ਟਰੇਨ ਦੇ



ਨਾਮ ਨਾਲ ਮਸ਼ਹੂਰ ਹੈ। 2014 ਵਿਚ ਸੂਬੇ ਦੇ ਸਿਹਤ ਵਿਭਾਗ ਦੇ ਸਰਵੇਖਣ ਵਿਚ 265000 ਲੋਕਾਂ ਦੀ ਜਾਂਚ ਕੀਤੀ ਗਈ ਸੀ ਜਨਿ ?ਹਾਂ ਵਿਚੋਂ 24000 ਲੋਕ ਕੈਂਸਰ ਪੀੜਤ ਸਨ ਅਤੇ 84453 ਨੂੰ ਕੈਂਸਰ ਦੇ ਸ਼ੱਕੀ ਮਰੀਜ਼ਾਂ ਵਜੋਂ ਰੱਖਿਆ ਗਿਆ ਸੀ। ਇਹ ਖੇਤਰ ਕੈਂਸਰ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ ਜਿੱਥੇ ਕੈਂਸਰ ਮਰੀਜ਼ਾਂ ਦਾ ਅਨੁਪਾਤ 107:100000 ਹੈ; ਕੌਮੀ ਪੱਧਰ 'ਤੇ ਇਹ ਅਨੁਪਾਤ 80:100000 ਹੈ।

ਦੇਸ਼ ਦੀ ਸਰਵੋਤਮ ਚਿਕਿਤਸਾ ਸੰਸਥਾ ਏਮਸ (ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ, ਨਵੀਂ ਦਿੱਲੀ) ਅਤੇ ਮੁਲਕ ਦੇ ਉਤਰੀ ਖਿੱਤੇ ਦੀ ਮੁੱਖ ਸੰਸਥਾ ਪੀਜੀਆਈ ਚੰਡੀਗੜ੍ਹ ਵਿਚ ਮਰੀਜ਼ ਦੇ ਦਾਖ਼ਲੇ ਲਈ ਨੇਤਾਵਾਂ ਦੀ ਸਿਫ਼ਾਰਸ਼ ਚੱਲਦੀ ਹੈ। ਆਮ ਲੋਕਾਂ ਦੀ ਖੱਜਲ ਖੁਆਰੀ ਦੀਆਂ ਘਟਨਾਵਾਂ ਆਮ ਸਾਹਮਣੇ ਆਉਂਦੀਆਂ ਹਨ। ਸਰਕਾਰਾਂ ਅਤੇ ਸਿਹਤ ਵਿਭਾਗ ਚਾਹੇ ਤਕਨਾਲੋਜੀ ਦੇ ਸਮੇਂ ਵਿਚ ਆਨਲਾਈਨ ਰਜਿਸਟ੍ਰੇਸ਼ਨ ਤੇ ਹੋਰ ਪ੍ਰਬੰਧਾਂ ਦਾ ਢੰਡੋਰਾ ਪਿੱਟਦੇ ਹਨ ਪਰ ਇਹ ਦਾਅਵੇ ਜ਼ਮੀਨੀ ਹਕੀਕਤ ਤੋਂ ਦੂਰ ਹੀ ਹੁੰਦੇ ਹਨ। ਏਮਸ ਵਿਚ ਮਰੀਜ਼ਾਂ ਨੂੰ ਲੰਮੇ ਸਮੇਂ ਤੱਕ ਤਰੀਕ ਹੀ ਨਹੀਂ ਮਿਲਦੀ। ਗ਼ਰੀਬੀ ਤੇ ਗੰਭੀਰ ਬਿਮਾਰੀ ਕਾਰਨ ਮਰੀਜ਼ ਅਤੇ ਉਸ ਦੇ ਰਿਸ਼ਤੇਦਾਰ ਰੇਲਵੇ ਸਟੇਸ਼ਨਾਂ 'ਤੇ ਦਿਨ ਕੱਟਦੇ ਹਨ। ਦੇਸ਼ ਦੀਆਂ ਸਾਰੀਆਂ ਮੁੱਖ ਸਰਕਾਰੀ ਸਿਹਤ ਸੰਸਥਾਵਾਂ ਦਾ ਇਹੀ ਕੌੜਾ ਸੱਚ ਹੈ।

ਮੁਲਕ ਦੀ 60 ਫ਼ੀਸਦੀ ਆਬਾਦੀ ਦਿਹਾਤੀ ਇਲਾਕਿਆਂ ਵਿਚ ਵਸਦੀ ਹੈ ਜੋ ਮਿਆਰੀ ਸਿਹਤ ਸਹੂਲਤਾਂ ਦੀ ਘਾਟ ਕਰ ਕੇ ਬਿਮਾਰੀਆਂ ਦੀ ਮਾਰ ਹੇਠ ਹੈ। ਇਹ ਵੀ ਕੌੜਾ ਸੱਚ ਹੈ ਕਿ ਪਿੰਡਾਂ ਵਿਚ ਲੋਕ ਅਜੇ ਵੀ ਨੀਮ ਹਕੀਮਾਂ ਦੇ ਚੱਕਰਾਂ ਵਿਚ ਉਲਝੇ ਹੋਏ ਹਨ ਜਿਸ ਕਾਰਨ ਸਹੀ ਦਿਸ਼ਾ ਵਿਚ ਇਲਾਜ ਨਹੀਂ ਹੁੰਦਾ। ਪੇਂਡੂ ਬੱਚਿਆਂ ਦੇ ਇਲਾਜ ਵਿਚ ਨੀਮ ਹਕੀਮ ਕੁਤਾਹੀ ਵਰਤਦੇ ਹਨ ਜਿਸ ਕਾਰਨ ਬੱਚਿਆਂ ਦੀ ਮੌਤ ਦਰ ਕਾਫ਼ੀ ਜਿ ?ਆਦਾ ਹੈ। ਇਸ ਵਿਚ ਪ੍ਰਵਾਨਿਤ ਡਾਕਟਰਾਂ ਦੀ ਅਣਗਹਿਲੀ ਵੀ ਸ਼ਾਮਿਲ ਹੈ। ਇਸ ਬਾਰੇ ਅਮਰੀਕਾ ਦੀ ਡਿਊਕ ਯੂਨੀਵਰਸਿਟੀ (ਸੈਨਫਰੋਡ) ਨੇ ਬਿਹਾਰ ਵਿਚ ਅਧਿਐਨ ਕੀਤਾ ਜਿਸ ਵਿਚ ਇਹ ਹਕੀਕਤ ਸਾਹਮਣੇ ਆਈ ਕਿ ਦਿਹਾਤੀ ਬੱਚਿਆਂ ਦਾ ਗ਼ਲਤ ਇਲਾਜ ਹੋ ਰਿਹਾ ਹੈ। ਹੈਜ਼ੇ ਅਤੇ ਨਮੂਨੀਏ ਕਾਰਨ ਉਹ ਕੀਮਤੀ ਜਾਨਾਂ ਗੁਆ ਰਹੇ ਹਨ। ਹੈਰਾਨੀ ਅਤੇ ਦੁੱਖ ਦੀ ਗੱਲ ਇਹ ਹੈ ਕਿ ਹੈਜ਼ੇ ਦੇ ਇਲਾਜ ਲਈ ਓਆਰਐੱਸ ਵਰਗੀ ਸਾਧਾਰਨ ਇਲਾਜ ਪ੍ਰਣਾਲੀ ਨੂੰ ਵੀ ਮੈਡੀਕਲ ਪ੍ਰੈਕਟੀਸ਼ਨਰ ਨਜ਼ਰ ਅੰਦਾਜ਼ ਕਰ ਰਹੇ ਹਨ ਅਤੇ ਗ਼ੈਰ-ਲੋੜੀਦੀਆਂ ਨੁਕਸਾਨਦੇਹ ਦਵਾਈਆਂ (ਐਂਟੀਬਾਇਟਿਕ ਜਾਂ ਹੋਰ) ਦਿੱਤੀਆਂ ਜਾ ਰਹੀਆਂ ਹਨ। ਸਿਰਫ 17 ਫ਼ੀਸਦੀ ਡਾਕਟਰਾਂ ਨੇ ਹੀ ਓਆਰਐੱਸ ਦਿੱਤਾ ਪਰ ਨਾਲ ਬੇਲੋੜੀਆਂ ਦਵਾਈਆਂ ਵੀ ਦਿੱਤੀਆਂ ਹਨ। ਇਸ ਅਧਿਐਨ ਨੇ ਹੋਰ ਵੀ ਹੈਰਾਨੀਜਨਕ ਤੱਥ ਉਜਾਗਰ ਕੀਤੇ ਹਨ। ਪਿੰਡਾਂ ਵਿਚ ਸਿਹਤ ਸੇਵਾਵਾਂ ਦੇਣ ਵਾਲਿਆਂ ਕੋਲ ਹੈਜ਼ੇ ਅਤੇ ਨਮੂਨੀਏ ਦੇ ਇਲਾਜ ਦੀ ਪੂਰੀ ਤੇ ਸਹੀ ਜਾਣਕਾਰੀ ਨਹੀਂ ਸੀ। ਇਨ੍ਹਾਂ ਵਿਚੋਂ 80 ਫ਼ੀਸਦੀ ਅਜਿਹੇ ਹਨ ਜਿਨ੍ਹਾਂ ਕੋਲ ਕੋਈ ਮੈਡੀਕਲ ਡਿਗਰੀ ਨਹੀਂ ਹੈ।

ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਸਮੇਤ ਭਾਰਤ ਦੇ ਸਾਰੇ ਪੇਂਡੂ ਖੇਤਰਾਂ ਵਿਚ ਮਾਹਿਰ ਡਾਕਟਰਾਂ ਦੀ ਵੱਡੀ ਘਾਟ ਕਾਰਨ ਉੱਥੋਂ ਦੀਆਂ ਸਿਹਤ ਸੇਵਾਵਾਂ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਕੇਂਦਰ ਸਰਕਾਰ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਪਿੰਡਾਂ ਵਿਚ 21920 ਮਾਹਿਰ ਡਾਕਟਰਾਂ ਦੀ ਜ਼ਰੂਰਤ ਹੈ ਪਰ ਇਸ ਵੇਲੇ 4485 ਡਾਕਟਰ ਹੀ ਤਾਇਨਾਤ ਹਨ। ਸਾਡੇ ਸੂਬੇ ਪੰਜਾਬ ਦੇ ਪਿੰਡਾਂ ਵਿਚ 600 ਮਾਹਿਰ ਡਾਕਟਰਾਂ ਦੀ ਲੋੜ ਹੈ ਜਦਕਿ ਇੱਥੇ ਮਾਤਰ 151 ਡਾਕਟਰ ਹੀ ਸੇਵਾਵਾਂ ਦੇ ਰਹੇ ਹਨ। ਸਾਡੇ ਗੁਆਂਢੀ ਸੂਬੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ ਹਾਲਾਤ ਸਾਡੇ ਤੋਂ ਵੀ ਮਾੜੇ ਹਨ। ਹਰਿਆਣਾ ਦੇ ਪਿੰਡਾਂ ਵਿਚ 516 ਮਾਹਿਰ ਡਾਕਟਰਾਂ ਦੀ ਜ਼ਰੂਰਤ ਹੈ ਪਰ ਉੱਥੇ 33 ਡਾਕਟਰ ਹੀ ਮੌਜੂਦ ਹਨ। ਹਿਮਾਚਲ ਪ੍ਰਦੇਸ਼ ਦੇ ਪੇਂਡੂ ਖੇਤਰ ਵਿਚ ਲੋੜ 372 ਮਾਹਿਰ ਡਾਕਟਰਾਂ ਦੀ ਹੈ ਪਰ ਮੌਜੂਦ 18 ਹੀ ਹਨ। ਇਸੇ ਤਰ੍ਹਾਂ ਭਾਰਤ ਦੇ ਦਿਹਾਤੀ ਖੇਤਰ ਦੇ ਸਮੁਦਾਇਕ ਸਿਹਤ ਕੇਂਦਰਾਂ ਵਿਚ 80 ਫ਼ੀਸਦ ਤੱਕ ਮਾਹਿਰ ਡਾਕਟਰਾਂ ਦੀ ਕਮੀ ਦੇਖੀ ਗਈ ਹੈ। ਸਰਜਨ 83 ਫ਼ੀਸਦੀ, ਜਣੇਪਾ ਤੇ ਔਰਤ ਰੋਗਾਂ ਦੇ ਮਾਹਿਰ 74.2 ਫੀਸਦ, ਬੱਚਿਆਂ ਦੇ ਮਾਹਿਰ 81.6 ਫ਼ੀਸਦ ਤੇ ਦਵਾਈਆਂ (ਮੈਡੀਸਨ) ਦੇ ਮਾਹਿਰ 79.1 ਫੀਸਦੀ ਘੱਟ ਹਨ। ਇੱਕ ਅਨੁਮਾਨ ਅਨੁਸਾਰ ਦੇਸ਼ ਅੰਦਰ 4 ਲੱਖ ਡਾਕਟਰ ਹੋਰ ਚਾਹੀਦੇ ਹਨ ਅਤੇ 10 ਲੱਖ ਨਰਸਾਂ ਦੀ ਘਾਟ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਡਾਕਟਰ ਤੇ ਜਨਸੰਖਿਆ ਅਨੁਪਾਤ 1:1000 ਹੋਣਾ ਲਾਜ਼ਮੀ ਹੈ। ਭਾਰਤ ਵਿਚ ਇਹ ਅਨੁਪਾਤ 1:2000 ਹੈ ਅਤੇ ਸੱਠ ਸਾਲ ਪਹਿਲਾਂ ਇਹ ਅਨੁਪਾਤ 1:6300 ਸੀ। ਇੱਕ ਹਜ਼ਾਰ ਲੋਕਾਂ ਪਿੱਛੇ ਇੱਕ ਪ੍ਰਵਾਨਿਤ ਡਾਕਟਰ ਦਾ ਟੀਚਾ 2028 ਤੱਕ ਪੂਰਾ ਹੋਣ ਦੀ ਆਸ ਹੈ। ਜਨਤਕ ਸਿਹਤ ਕੇਦਰਾਂ ਵਿਚ ਡਾਕਟਰਾਂ ਦੀ ਘਾਟ ਬਹੁਤ ਜ਼ਿਆਦਾ ਹੈ ਤੇ ਸਰਕਾਰਾਂ ਵੀ ਡਾਕਟਰਾਂ ਨਾਲ ਮਾਮੂਲੀ ਵੇਤਨ ਦੇ ਕੇ ਮਜ਼ਾਕ ਕਰਦੀਆਂ ਹਨ। ਅਜੋਕੇ ਸਮੇ ਅੰਦਰ ਆਪਣੀ ਪੜ੍ਹਾਈ 'ਤੇ 50 ਲੱਖ ਰੁਪਏ ਖਰਚ ਕੇ ਗ੍ਰੈਜੂਏਸ਼ਨ (ਐੱਮਬੀਬੀਐੱਸ) ਕਰਨ ਵਾਲਾ ਅਤੇ ਇੱਕ ਕਰੋੜ ਵਿਚ ਪੋਸਟਗ੍ਰੈਜੂਏਸ਼ਨ (ਐੱਮਡੀ ਜਾਂ ਐੱਮਐੱਸ) ਕਰਨ ਵਾਲਾ ਡਾਕਟਰ ਮਾਮੂਲੀ ਤਨਖਾਹ 'ਤੇ ਕਿਵੇਂ ਕੰਮ ਕਰ ਸਕਦਾ ਹੈ? ਜਿੰਨੀ ਦੇਰ ਡਾਕਟਰੀ ਪੜ੍ਹਾਈ ਸਸਤੀ ਨਹੀਂ ਹੁੰਦੀ, ਚੰਗੇ ਡਾਕਟਰਾਂ ਦੀ ਘਾਟ ਰਹੇਗੀ ਤੇ ਜਨਤਕ ਸਿਹਤ ਸਹੂਲਤਾਂ ਵਿਚ ਨਿਘਾਰ ਹੁੰਦਾ ਰਹੇਗਾ।

ਸਿਹਤ ਸਹੂਲਤਾਂ ਲਈ ਪੇਂਡੂ ਲੋਕਾਈ ਪਿੰਡਾਂ ਵਿਚ ਪ੍ਰੈਕਟਿਸ ਕਰਦੇ ਯੂਆਰਐੱਮਪੀ ਡਾਕਟਰਾਂ (ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ) 'ਤੇ ਨਿਰਭਰ ਹੈ। ਇਨ੍ਹਾਂ ਖੇਤਰਾਂ ਵਿਚ ਸਿਹਤ ਸਹੂਲਤਾਂ ਇਨ੍ਹਾਂ ਡਾਕਟਰਾਂ ਦੇ ਸਿਰ 'ਤੇ ਹੀ ਚੱਲ ਰਹੀਆਂ ਹਨ ਪਰ ਇਨ੍ਹਾਂ ਡਾਕਟਰਾਂ ਦੇ ਉਜਾੜੇ ਲਈ ਸਿਹਤ ਵਿਭਾਗ ਅਤੇ ਸਰਕਾਰਾਂ ਪੱਬਾਂ ਭਾਰ ਹਨ। ਹਕੀਕਤ ਵਿਚ ਇਹ ਲੋਕਾਂ ਨੂੰ ਦਿਨ ਰਾਤ ਸਿਹਤ ਸੇਵਾਵਾਂ ਦੇਣ ਲਈ ਤਤਪਰ ਹਨ। ਸਿੱਕੇ ਦੇ ਪਹਿਲੂਆਂ ਵਾਂਗ ਕਈ ਜਗ ?ਹਾ ਇਨ੍ਹਾਂ ਡਾਕਟਰਾਂ ਦੇ ਨਾਕਾਰਤਮਿਕ ਪੱਖ ਵੀ ਉਜਾਗਰ ਹੋਏ ਹਨ, ਫਿਰ ਵੀ ਸਿਹਤ ਸੇਵਾਵਾਂ ਵਿਚ ਬਣਦੇ ਇਨ੍ਹਾਂ ਦੇ ਯੋਗਦਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜੇ ਸਰਕਾਰਾਂ ਚਾਹੁਣ ਤਾਂ ਇਨ੍ਹਾਂ ਪੇਂਡੂ ਡਾਕਟਰਾਂ ਲਈ ਕਿਸੇ ਟਰੇਨਿੰਗ ਆਦਿ ਦਾ ਪ੍ਰਬੰਧ ਕਰ ਕੇ ਇਨ੍ਹਾਂ ਨੂੰ ਰਜਿਸਟਰਡ ਕਰਨ ਦੀ ਤਜਵੀਜ਼ 'ਤੇ ਗੌਰ ਕੀਤਾ ਜਾ ਸਕਦਾ ਹੈ। ਇਸ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤ ਸਹੂਲਤਾਂ ਵਿਚ ਵੀ ਵਾਧਾ ਹੋਵੇਗਾ। ਜੇ ਸਿਹਤ ਵਿਭਾਗ ਇਨ੍ਹਾਂ ਨੂੰ ਆਪਣੇ ਨਾਲ ਮਿਲ ਕੇ ਕੰਮ ਕਰਨ ਦਾ ਸੱਦਾ ਦਿੰਦਾ ਹੈ ਤਾਂ ਲਾਜ਼ਮੀ ਹੀ ਜਨਤਕ ਸਿਹਤ ਸਹੂਲਤਾਂ ਵਿਚ ਕ੍ਰਾਂਤੀ ਆ ਸਕਦੀ ਹੈ।

ਪੰਜਾਬ ਦੀ ਹਕੀਕਤ ਇਹ ਹੈ ਕਿ ਜਨਤਕ ਸਿਹਤ ਕੇਂਦਰ ਸਿਹਤ ਕਾਮਿਆਂ, ਦਵਾਈਆਂ ਅਤੇ ਸਾਜ਼ੋ-ਸਮਾਨ ਦੀ ਥੁੜ੍ਹ ਨਾਲ ਜੂਝ ਰਹੇ ਹਨ। ਬਹੁਤ ਜਗ੍ਹਾ ਇਨ੍ਹਾਂ ਸਿਹਤ ਕੇਂਦਰਾਂ ਦੀਆਂ ਇਮਾਰਤਾਂ ਦਾ ਬੁਰਾ ਹਾਲ ਹੈ। ਸਟਾਫ ਲਈ ਪਖਾਨੇ ਤੱਕ ਨਹੀਂ। ਬਰਸਾਤ ਦੇ ਦਿਨਾਂ ਵਿਚ ਜ਼ਹਿਰੀਲੇ ਕੀੜੇ-ਮਕੌੜੇ ਮੁਲਾਜ਼ਮਾਂ ਦੀ ਸਿਹਤ ਲਈ ਖ਼ਤਰਾ ਬਣਦੇ ਹਨ। ਦਵਾਈਆਂ ਦੀ ਪੂਰਤੀ ਮੰਗ ਅਨੁਸਾਰ ਨਹੀਂ ਹੈ। ਡਾਕਟਰਾਂ ਨੂੰ ਦਵਾਈ ਬਾਹਰੋਂ ਲਿਖ ਕੇ ਦੇਣੀ ਪੈਂਦੀ ਹੈ ਜਿਸ ਕਾਰਨ ਬਹੁਤੇ ਮਰੀਜ਼ ਇਲਾਜ ਖੁਣੋਂ ਮਰ ਵੀ ਜਾਂਦੇ ਹਨ। ਅਜਿਹੀ ਹਾਲਤ ਵਿਚ ਲੋਕ ਮਜਬੂਰੀਵਸ ਪ੍ਰਾਈਵੇਟ ਸਿਹਤ ਕੇਂਦਰਾਂ ਵੱਲ ਰੁਖ਼ ਕਰਦੇ ਹਨ। ਜਨਤਕ ਸਿਹਤ ਕੇਂਦਰਾਂ ਵਿਚ ਲੋਕਾਂ ਦੀ ਖੱਜਲ ਖੁਆਰੀ ਘਟਾਉਣ ਲਈ ਪੁਰਾਣੇ ਸਿਹਤ ਪ੍ਰਬੰਧ ਨੂੰ ਚੁਸਤ ਦਰੁਸਤ ਕਰਨ ਦੀ ਜਿ ?ਆਦਾ ਲੋੜ ਹੈ। ਪਹਿਲਾਂ ਤੋਂ ਚੱਲ ਰਹੇ ਸਿਹਤ ਕੇਂਦਰਾਂ ਦੀ ਸਾਰ ਲੈਣੀ ਬਹੁਤ ਜ਼ਰੂਰੀ ਹੈ, ਉੱਥੇ ਸਾਰੇ ਪ੍ਰਬੰਧ ਦਰੁਸਤ ਕੀਤੇ ਜਾਣੇ ਚਾਹੀਦੇ ਹਨ। ਆਯੂਸ਼ ਡਾਕਟਰ (ਬੀਏਐੱਮਐੱਸ) ਵੱਡੀ ਸੰਖਿਆ ਵਿਚ ਇਸ ਵਿਭਾਗ ਦੀ ਸੇਵਾ ਕਰ ਰਹੇ ਹਨ, ਉਨ੍ਹਾਂ ਤੋਂ ਹੋਰ ਵੀ ਵਧੀਆ ਸੇਵਾਵਾਂ ਲਈਆਂ ਜਾ ਸਕਦੀਆਂ ਹਨ ਕਿਉਂਕਿ ਉਹ ਦੋਵਾਂ ਵਿਧਾਵਾਂ (ਐਲੋਪੈਥੀ ਤੇ ਆਯੁਰਵੈਦਿਕ) ਵਿਚ ਟਰੇਨਿੰਗ ਲੈ ਕੇ ਆਏ ਹੁੰਦੇ ਹਨ। ਆਯੂਸ਼ ਡਾਕਟਰ ਕਾਰਪੋਰੇਟ ਹਸਪਤਾਲਾਂ ਵਿਚ ਮੈਡੀਕਲ ਅਸਿਸਟੈਂਟ, ਹਸਪਤਾਲ ਪ੍ਰਬੰਧਨ, ਕੌਂਸਲਿੰਗ ਆਦਿ ਵੱਖ ਵੱਖ ਖੇਤਰਾਂ ਵਿਚ ਚੰਗੀਆਂ ਸੇਵਾਵਾਂ ਦੇ ਰਹੇ ਹਨ।

ਜ਼ਾਹਿਰ ਹੈ ਕਿ ਆਮ ਲੋਕਾਂ ਤੋਂ ਜਨਤਕ ਸਿਹਤ ਸਹੂਲਤਾਂ ਦੂਰ ਜਾ ਰਹੀਆਂ ਹਨ ਤੇ ਲੋਕ ਪ੍ਰਾਈਵੇਟ ਖੇਤਰ ਦੀਆਂ ਮਹਿੰਗੀਆਂ ਸਿਹਤ ਸਹੂਲਤਾਂ ਲੈਣ ਲਈ ਮਜਬੂਰ ਹਨ ਜਿਸ ਕਾਰਨ ਕਰਜ਼ਿਆਂ ਦਾ ਬੋਝ ਵਧਣਾ ਲਾਜ਼ਮੀ ਹੈ। ਅਸਲ ਵਿਚ, ਅਜੋਕੀ ਸਿਹਤ ਨੀਤੀ ਬਾਰੇ ਸਰਕਾਰਾਂ ਨੂੰ ਤਬਦੀਲੀ ਦੀ ਦਿਸ਼ਾ ਵੱਲ ਕਦਮ ਵਧਾਉਣਾ ਚਾਹੀਦਾ ਹੈ। ਦਵਾਈਆਂ ਦੀ ਉੱਪਲਬਧਤਾ ਵਾਜਬਿ ਭਾਅ 'ਤੇ ਕਰਾਉਣਾ ਸਮੇਂ ਦੀ ਮੁੱਖ ਲੋੜ ਹੈ। ਦਵਾਈਆਂ ਬਹੁਤ ਮਹਿੰਗੀਆਂ ਹੋਣ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹਨ। ਇਸ ਦੇ ਹੱਲ ਲਈ ਜੈਨੇਰਿਕ ਅਤੇ ਸਸਤੀ ਕੀਮਤ ਵਾਲੀਆਂ ਦਵਾਈਆਂ ਦਾ ਪ੍ਰਚਾਰ ਪ੍ਰਸਾਰ ਕੀਤਾ ਜਾਵੇ। ਡਾਕਟਰਾਂ ਨੂੰ ਇਸ ਬਾਰੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਕਿ ਉਹ ਸਸਤੀਆਂ ਦਵਾਈਆਂ ਲਿਖਣ ਤਾਂ ਜੋ ਗ਼ਰੀਬ ਲੋਕ ਆਪਣਾ ਇਲਾਜ ਕਰਵਾ ਸਕਣ। ਸਭ ਤੋਂ ਵੱਡੀ ਗੱਲ, ਦਵਾਈ ਦਾ ਨਾਮ ਵੱਡੇ ਅੱਖਰਾਂ ਵਿਚ ਲਿਖਿਆ ਜਾਵੇ ਤੇ ਮਰੀਜ਼ਾਂ ਨੂੰ ਖਾਸ ਕੰਪਨੀਆਂ ਦੀ ਹੀ ਦਵਾਈ ਲੈਣ ਲਈ ਮਜਬੂਰ ਨਾ ਕੀਤਾ ਜਾਵੇ। ਪ੍ਰਾਈਵੇਟ ਸਿਹਤ ਖੇਤਰ 'ਤੇ ਨਜ਼ਰਸਾਨੀ ਜ਼ਰੂਰੀ ਹੈ। ਲੋਕਾਂ ਦਾ ਨਾਜਾਇਜ਼ ਸ਼ੋਸ਼ਣ ਕਰਨ ਵਾਲਿਆਂ ਖਿਲਾਫ ਕਮੇਟੀਆਂ ਕਾਇਮ ਹੋਣ। ਜਨਤਕ ਸਿਹਤ ਕੇਦਰਾਂ ਨੂੰ ਚੁਸਤ ਦਰੁਸਤ ਕੀਤਾ ਜਾਵੇ ਅਤੇ ਮੈਡੀਕਲ ਕਾਮਿਆਂ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਇਆ ਜਾਣਾ ਜ਼ਰੂਰੀ ਹੈ। ਜਨਤਕ ਸਿਹਤ ਖੇਤਰ ਵਿਚ ਹੋਰ ਨਿਵੇਸ਼ ਦੀ ਲੋੜ ਹੈ ਤਾਂ ਜੋ ਜਨਤਕ ਸਿਹਤ ਸਹੂਲਤਾਂ ਨੂੰ ਸਿਹਤਯਾਬ ਬਣਾ ਕੇ ਇਸ ਵਿਚ ਆ ਰਹੇ ਨਿਘਾਰ ਨੂੰ ਠੱਲ੍ਹ ਪਾਈ ਜਾ ਸਕੇ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# HOMELIFE SILVERCITY

REALTY INC., BROKERAGE

(Independently Owned and Operated)

HOMELIFE HIGHER STANDARDS

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

## New Head Office

## 905-913-8500

50 COTTRELLE BLVD., UNIT 29, BRAMPTON

## TEAM OF OVER 450 REALTORS

# HOMELIFE SILVERCITY

REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton




Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX REALTY INNOVATIONS


DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator
Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at
BOB@DMTRANSPORT.CA or call me Bob 416-318-5032


HARCHARAN PARHAR
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For more Info.
403-681-8689
Email: hp8689@gmail.com
Submit quote info online at: www.harcharanparhar.com